**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST

Call Sukhi Gill:510-207-9067

CA DRE Lic.#01180969



*Jassi Gill*

CA DRE# 00966763

ਓਬਾਮਾ ਕੇਅਰ

ਦੀ ਐਪਲੀਕੇਸ਼ਨ ਖੁਲ੍ਹ ਗਈ ਹੈ

COVERED CALIFORNIA

15 ਨਵੰਬਰ ਤੋਂ 15 ਫਰਵਰੀ ਤੱਕ

ਐਪਲੀਕੇਸ਼ਨ ਭਰਨ ਲਈ ਮਿਲੋ

ਗੁਰਚਰਨ ਸਿੰਘ ਮਾਨ


ਫੋਨ: 510-797-7989

Email: duabba1@gmail.com



License# OC70672
Certified Agent

ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

$25 2500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ

Limited Time Offer. Restrictions & Additional Fees Apply.

800-914-1013 408-659-9400



Fifteenth Year of Publication | ਕੈਲੀਫੋਰਨੀਆ ਐਡੀਸ਼ਨ | Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼


Punjab Times, Vol 15, Issue 47, November 22, 2014 | 20451 N Plum Grove Rd., Palatine, IL 60074 | Ph:847-359-0746, Fax:847-705-9388


# ਪੰਜਾਬ 'ਚ ਨਸ਼ਿਆਂ ਦੀ ਗੂੰਜ ਫੌਜ ਤੱਕ ਪੁੱਜੀ

## ਭਰਤੀ ਮੌਕੇ ਪੰਜਾਬੀ ਨੌਜਵਾਨਾਂ ਲਈ ਡਰੱਗ ਟੈਸਟ ਲਾਜ਼ਮੀ ਕਰਾਰ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਨਸ਼ਿਆਂ ਦੀ ਅੰਨ੍ਹੇਵਾਹ ਵਰਤੋਂ ਹੁਣ ਨੌਜਵਾਨਾਂ ਦੇ ਰੁਜ਼ਗਾਰ ਦੇ ਰਾਹ ਵਿਚ ਵੀ ਰੋੜਾ ਬਣਨ ਲੱਗੀ ਹੈ। ਫੌਜ ਵਿਚ ਭਰਤੀ ਸਮੇਂ ਪੰਜਾਬੀ ਨੌਜਵਾਨਾਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਵੇਖਿਆ ਜਾਣ ਲੱਗਾ ਹੈ। ਫੌਜ ਵੱਲੋਂ ਪੰਜਾਬ ਵਿਚ ਕੀਤੀਆਂ ਜਾਂਦੀਆਂ ਭਰਤੀ ਰੈਲੀਆਂ ਵਿਚ ਨੌਜਵਾਨਾਂ ਲਈ ਡਰੱਗ ਟੈਸਟ ਸ਼ੁਰੂ ਕਰ ਦਿੱਤਾ ਹੈ। ਹਾਲੇ ਤੱਕ ਇਹ ਟੈਸਟ ਸਿਰਫ ਪੰਜਾਬ ਵਿਚ ਹੋ ਰਹੀਆਂ ਭਰਤੀ ਰੈਲੀਆਂ ਤੱਕ ਸੀਮਤ ਹਨ। ਅਸਲ ਵਿਚ ਇਸ ਸਾਲ ਜੁਲਾਈ ਵਿਚ ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ (ਐਨ.ਸੀ.ਆਰ.ਬੀ.) ਵੱਲੋਂ ਦੇਸ਼ ਭਰ ਦੇ ਡਰੱਗਜ਼ ਨਾਲ ਸਬੰਧਤ ਜਿਹੜੇ ਅੰਕੜੇ ਨਸ਼ਰ ਕੀਤੇ ਹਨ, ਉਨ੍ਹਾਂ ਵਿਚ ਪੰਜਾਬ ਪਹਿਲੇ ਨੰਬਰ 'ਤੇ ਰਹਿਣ ਕਰ ਕੇ ਸੂਬੇ ਦੇ ਨੌਜਵਾਨਾਂ ਉਤੇ ਸ਼ੱਕ ਦੀ ਸੂਈ ਆਈ ਹੈ।

ਐਨ.ਸੀ.ਆਰ.ਬੀ. ਦੀ ਇਸ ਰਿਪੋਰਟ ਵਿਚ ਦੱਸਿਆ ਗਿਆ ਸੀ ਕਿ 2012 ਵਿਚ ਪੰਜਾਬ ਵਿਚ ਡਰੱਗਜ਼ ਦੇ 10,220 ਕੇਸ ਦਰਜ ਹੋਏ। ਸੈਨਾ ਨੂੰ ਨਸ਼ੀਲੇ ਪਦਾਰਥਾਂ ਨਾਲ ਕਾਰਗੁਜ਼ਾਰੀ ਵਧਾਉਣ ਦਾ ਸ਼ੱਕ ਪਹਿਲੀ ਵਾਰ ਉਦੋਂ ਪਿਆ ਸੀ ਜਦੋਂ 2012 ਵਿਚ ਪੰਜਾਬ ਅਤੇ ਰਾਜਸਥਾਨ ਵਿਚ ਭਰਤੀ ਰੈਲੀਆਂ ਦੇ ਸਥਾਨ ਦੇ ਬਾਹਰੋਂ ਵੱਡੀ ਗਿਣਤੀ ਸਰਿੰਜਾਂ ਤੇ ਨਸ਼ੀਲੇ ਪਦਾਰਥਾਂ ਦੀਆਂ ਖਾਲੀ ਸ਼ੀਸ਼ੀਆਂ ਮਿਲੀਆਂ ਸਨ। ਫੌਜ ਵਿਚ ਭਰਤੀ ਲਈ ਫਿਜ਼ੀਕਲ ਟੈਸਟ ਇਸ ਤਰ੍ਹਾਂ ਡਿਜ਼ਾਈਨ ਕੀਤੇ ਹੁੰਦੇ ਹਨ ਕਿ ਬਿਹਤਰ ਕਾਰਗੁਜ਼ਾਰੀ ਵਾਲੇ ਨੂੰ ਵੱਧ ਅੰਕ ਮਿਲਦੇ ਹਨ। ਵੱਡੀ ਗਿਣਤੀ ਵਿਚ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੀ ਪੰਜਾਬ ਦੀ ਨੌਜਵਾਨ ਪੀੜ੍ਹੀ ਸਭ ਤੋਂ ਵੱਧ ਫੌਜ ਵਿਚ ਭਰਤੀ ਨੂੰ ਤਰਜੀਹ ਦਿੰਦੀ ਹੈ ਪਰ ਨਸ਼ਿਆਂ ਦੀ ਬਦਨਾਮੀ ਦੇ ਛਿੱਟੇ ਹੁਣ ਉਨ੍ਹਾਂ ਦੇ ਭਵਿੱਖ 'ਤੇ ਵੀ ਪੈਣ ਲੱਗੇ ਹਨ।



ਦੱਸਣਯੋਗ ਹੈ ਕਿ ਪੰਜਾਬ ਵਿਚ ਨਸ਼ਿਆਂ ਦਾ ਮੁੱਦਾ ਪਿਛਲੇ ਕੁਝ ਸਾਲਾਂ ਤੋਂ ਗੰਭੀਰ ਰੂਪ ਧਾਰ ਗਿਆ ਹੈ ਤੇ ਇਸ ਵਰ੍ਹੇ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਨੂੰ ਲੋਕਾਂ ਦੇ ਗੁੱਸੇ ਦਾ ਸਾਹਮਣਾ ਵੀ ਕਰਨਾ ਪਿਆ ਸੀ। ਇਸ ਪਿੱਛੋਂ ਅਕਾਲੀ-ਭਾਜਪਾ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਵਿਆਪਕ ਮੁਹਿੰਮ ਵਿੱਢੀ ਸੀ ਤੇ ਪੁਲਿਸ ਨੇ ਵੱਡੀ ਗਿਣਤੀ ਨਸ਼ੇ ਦੇ ਕਾਰੋਬਾਰ ਨਾਲ ਜੁੜੇ ਲੋਕਾਂ ਨੂੰ ਕਾਬੂ ਕੀਤਾ, ਪਰ ਆਰਥਿਕ ਤੰਗੀ ਤੇ ਤਸਕਰੀ ਵਿਚ ਸਰਕਾਰ ਦੇ ਕੁਝ ਮੰਤਰੀਆਂ ਤੇ ਆਗੂਆਂ ਦੇ ਨਾਂ ਬੋਲਣ ਪਿੱਛੋਂ ਅਕਾਲੀ ਦਲ ਕਾਰਵਾਈ ਤੋਂ ਝਿਜਕ ਗਿਆ। ਅਕਾਲੀ ਦਲ ਵੱਲੋਂ ਸੂਬੇ ਵਿਚ ਵੱਡੀ ਗਿਣਤੀ ਖੋਲ੍ਹੇ ਨਸ਼ਾ ਛੁਡਾਊ ਕੇਂਦਰ ਵੀ ਬੰਦ ਹੋਣ ਕੰਢੇ ਆ ਗਏ ਹਨ। ਸਰਕਾਰ ਇਨ੍ਹਾਂ ਕੇਂਦਰ ਵਿਚ ਲੋੜੀਂਦੀ ਦਵਾਈ ਤੇ ਸਟਾਫ ਦਾ ਪ੍ਰਬੰਧ ਕਰਨ ਵਿਚ ਨਾਕਾਮ ਰਹੀ ਹੈ। ਸਰਕਾਰ ਨੇ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਦੌਰਾਨ ਮਰੀਜ਼ਾਂ ਨੂੰ ਮੁਫ਼ਤ ਦਵਾਈ ਦੇਣ ਦਾ ਫ਼ੈਸਲਾ ਕੀਤਾ ਸੀ ਪਰ ਵਿਭਾਗ ਵੱਲੋਂ ਅਜੇ ਤੱਕ ਬੁਪਰੋ ਨੌਰਫਿਨ ਐਂਡ ਨੋਲੋਕਸਨ ਦਵਾਈ ਨਹੀਂ ਖ਼ਰੀਦੀ ਗਈ। ਮਹਿੰਗੀ ਹੋਣ ਕਾਰਨ ਸਰਕਾਰੀ ਹਸਪਤਾਲਾਂ ਵਿਚ ਮੁਹੱਈਆ ਕਰਵਾਈਆਂ ਜਾਣ ਵਾਲੀਆਂ 228 ਦਵਾਈਆਂ ਦੀ ਸੂਚੀ ਵਿਚ ਇਸ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ।

ਪੰਜਾਬ ਸਰਕਾਰ ਦੋਸ਼ ਲਾਉਂਦੀ ਆ ਰਹੀ ਹੈ ਕਿ ਕੇਂਦਰ ਸਰਕਾਰ ਦੀ ਅਣਦੇਖੀ ਕਾਰਨ ਸੂਬੇ ਵਿਚ ਨਸ਼ਿਆਂ ਦੀ ਸਪਲਾਈ ਵਧੀ ਹੈ ਤੇ ਕਾਂਗਰਸ ਦੀ ਅਗਵਾਈ ਵਾਲੀ ਪਿਛਲੀ ਯੂ.ਪੀ.ਏ. ਸਰਕਾਰ ਨੇ ਸੂਬੇ ਨੂੰ ਅਣਗੌਲਿਆ ਕੀਤਾ ਹੈ। ਪਿਛਲੀ ਯੂ.ਪੀ.ਏ. ਸਰਕਾਰ ਸਮੇਂ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਵੀ ਪੰਜਾਬ ਫੇਰੀ ਦੌਰਾਨ ਸੂਬੇ ਦੇ 10 ਵਿਚੋਂ ਸੱਤ ਨੌਜਵਾਨ ਨਸ਼ੇ

*(ਬਾਕੀ ਸਫਾ 6 'ਤੇ)*

### ਆਖਰਕਾਰ ਮੁੱਖ ਮੰਤਰੀ ਬਾਦਲ ਵੀ ਮੰਨ ਗਏ

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹੁਣ ਨਸ਼ਿਆਂ ਦੇ ਰੁਝਾਨ ਨੂੰ ਠੱਲ੍ਹਣ ਲਈ ਕੇਂਦਰ ਸਰਕਾਰ ਤੋਂ ਸਹਿਯੋਗ ਮੰਗਿਆ ਹੈ। ਉਨ੍ਹਾਂ ਮੰਨਿਆ ਹੈ ਕਿ ਪੰਜਾਬ ਨੂੰ ਨਸ਼ਿਆਂ ਦੀ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਸ ਦੇ ਖ਼ਾਤਮੇ ਦਾ ਇਕੋ-ਇਕ ਰਾਹ ਦੇਸ਼ ਤੇ ਵਿਦੇਸ਼ ਦੋਵੇਂ ਪਾਸਿਓਂ ਸਪਲਾਈ ਲਾਈਨ ਨੂੰ ਬਿਲਕੁਲ ਕੱਟ ਦੇਣਾ ਹੈ। ਮੁੱਖ ਮੰਤਰੀ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ, ਪਰ ਸਰਹੱਦੀ ਸੂਬਾ ਹੋਣ ਕਾਰਨ ਨਸ਼ਿਆਂ ਦੀ ਤਸਕਰੀ 'ਤੇ ਪੂਰੀ ਤਰ੍ਹਾਂ ਕਾਬੂ ਪਾਉਣ ਸੂਬਾ ਸਰਕਾਰ ਦੇ ਵੱਸੋਂ ਬਾਹਰ ਹੈ।

# ਭਾਜਪਾ ਦੀਆਂ ਹੁੱਝਾਂ ਤੋਂ ਡਰ ਗਏ ਅਕਾਲੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਕਾਲੀਆਂ ਲਈ ਹੁਣ ਗੱਠਜੋੜ ਧਰਮ ਨਿਭਾਉਣਾ ਅਣਸਰਦੀ ਵਾਲਾ ਸੌਦਾ ਬਣ ਗਿਆ ਹੈ। ਭਾਜਪਾਈਆਂ ਦੇ ਹਮਲਾਵਰ ਰੁਖ਼ ਪਿੱਛੋਂ ਅਕਾਲੀ ਦਲ ਹੁਣ ਦੜ ਵੱਟਣ ਵਿਚ ਹੀ ਆਪਣੀ ਭਲਾਈ ਸਮਝ ਰਿਹਾ ਹੈ। ਖਾਸਕਰ ਸਿੱਧੂ ਜੋੜੇ ਵੱਲੋਂ ਕੱਢੀ ਭੜਾਸ ਨੇ ਅਕਾਲੀ ਦਲ ਪੱਲੇ ਨਾਮੋਸ਼ੀ ਪਾਈ ਹੈ। ਅਕਾਲੀ ਦਲ ਨੇ ਭਾਜਪਾ ਦੀਆਂ ਇਨ੍ਹਾਂ ਵਧੀਕੀਆਂ ਬਾਰੇ ਰਣਨੀਤੀ ਤੈਅ ਕਰਨ ਲਈ ਕੋਰ ਕਮੇਟੀ ਦੀ ਮੀਟਿੰਗ ਵੀ ਸੱਦੀ ਸੀ, ਪਰ ਇਸ ਵਿਚ ਵੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਆਗੂਆਂ ਨੂੰ ਚੁੱਪ ਰਹਿਣ ਵਿਚ ਹੀ ਭਲਾਈ ਵਾਲਾ ਪਾਠ ਪੜ੍ਹਾ ਦਿੱਤਾ। ਦਰਅਸਲ ਵਿਚ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਜਿੱਤ ਪਿੱਛੋਂ ਪੰਜਾਬ ਭਾਜਪਾ ਆਗੂ ਅਕਾਲੀ ਦਲ ਨਾਲੋਂ ਵੱਖ ਹੋਣ ਲਈ ਕਾਹਲੇ ਪੈ ਗਏ ਹਨ। ਮਿਊਂਸਪਲ ਚੋਣਾਂ ਦੌਰਾਨ ਗੱਠਜੋੜ ਨਿਭਾਉਣਾ ਅਕਾਲੀਆਂ ਲਈ ਬਹੁਤ ਵੱਡੀ ਚੁਣੌਤੀ ਬਣ ਗਿਆ ਹੈ।

ਮੁੱਖ ਪਾਰਲੀਮਾਨੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਅਤੇ ਉਨ੍ਹਾਂ ਦੇ ਪਤੀ ਤੇ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਅਕਾਲੀਆਂ ਨੂੰ ਲਗਾਤਾਰ ਨਿਸ਼ਾਨਾ ਬਣਾ ਰਹੇ ਹਨ। ਬੀਬੀ ਸਿੱਧੂ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਭਾਜਪਾ ਲਈ ਅਕਾਲੀਆਂ ਨਾਲ ਸਾਂਝ ਤੋੜਨ ਦਾ ਇਹੀ ਢੁਕਵਾਂ ਵੇਲਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਜਪਾ ਆਗੂਆਂ ਦੀ ਸ਼ਿਕਾਇਤ ਹਾਈਕਮਾਨ ਕੋਲ ਵੀ ਕਰ ਚੁੱਕੇ ਹਨ, ਪਰ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਵੀ ਪਾਸੇ ਰਹਿ ਕੇ ਤਮਾਸ਼ਾ ਵੇਖਣ ਦੇ ਮੂਡ ਵਿਚ ਹੈ। ਭਾਜਪਾ ਦੀ

*(ਬਾਕੀ ਸਫਾ 6 'ਤੇ)*


**REAL ESTATE & HOME LOANS**



Low Interest Rate
3.5% Down Payment
Free Credit Report
Free Pre-Approval

ਸਾਡੀ ਆਪਣੀ ਮਾਰਗੇਜ ਕੰਪਨੀ ਹੈ!


Successful Shortsale ਲਈ ਅੱਜ ਹੀ ਕਾਲ ਕਰੋ!

AMAN HUNDAL
Broker / Associate

209.918.6464

ahundal@c21mm.com

Century 21 M&M and Associates



Raja SWEETS & CATERING

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloeda Kulfi

Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que

Additional Services: Warmers, Chaffing Dishes, China & Silverware, Linen Rental, Waiters & Bartenders

Raja Sweets & Indian Cuisine | Raja Indian Cuisine & Bar

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of**
**Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)



Manpreet S. Gahra
*Attorny At Law*

**Berkeley Office**
2161 Shattuck Ave., 304, Berkeley
Ph:510-841-4582 Fax:510-217-6847

**Sacramento Office**
Call For Appointment
Ph:916-924-1617
Email: manpreet@gahralaw.com


TRAVELOPOD.COM
Happy Diwali
Lowest fares to INDIA 'GUARANTEED'
SUBSCRIBE TO WIN
FREE AIR TICKET
BOOK BY PHONE
& SAVE UPTO
$100
WE BEAT ANY QUOTE
(T&C APPLY)
CALL FOR THE BEST UNPUBLISHED DEALS 1-855-436-0728
Fly to INDIA with fares starting from :
FROM NYC : $690
FROM LAX : $720
FROM SFO : $720
FROM CHICAGO : $690
Domestic & International Special Deals available from ALL CITIES.
WHY BOOK WITH TRAVELOPOD?
Customer Satisfaction
BEST PRICE GUARANTEED
Best Fare Guarantee on Dom & Inl Flights
Excellent Service
24/7
24x7 Live Support
LUXURY HOLIDAY TOURS
Golden Triangle with Rajasthan : $500
Enchanting Kerala from : $650
African Tours with Safari from : $750
Europe Tours from : $790
Travelopod- Where Service Matters
CST # 2112418-40


GILL EXPRESS
NEW LOCATION
MEMPHIS
ਤਜ਼ਰਬੇਕਾਰ ਮਕੈਨਿਕ ਦੀ ਲੋੜ ਹੈ
ਚੰਗੀ ਤਨਖਾਹ ਤੇ ਰਿਹਾਇਸ਼ ਫਰੀ
Hwy I-40 Exit 280, Hwy I-55 Exit 4
Next To Pilot TRAVEL CENTERS LLC
REPAIR
TIRES
WASH
ਪੰਜਾਬੀ ਢਾਬਾ
@ 3657 Southland Dr. W. Memphis, AR-72301 Tel : 661-203-0433

# ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਨੂੰ ਅੱਗ, ਪ੍ਰਾਪਰਟੀ ਸੀਲ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਗੁਰਜੋਤਿ ਪ੍ਰਕਾਸ਼, ਆਈਲੈਂਡ ਲੇਕ ਨੂੰ ਲੰਘੀ 11 ਨਵੰਬਰ ਨੂੰ ਅਚਾਨਕ ਲੱਗੀ ਅੱਗ ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਬਹੁਤਾ ਹਿੱਸਾ ਤਬਾਹ ਹੋ ਗਿਆ। ਅੱਗ ਸ਼ਾਮੀ ਕਰੀਬ 8 ਵਜੇ ਲੱਗੀ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤਕ ਪਤਾ ਨਹੀਂ ਲੱਗ ਸਕਿਆ। ਉਂਜ ਵਖ ਵਖ ਸੁਰੱਖਿਆ ਏਜੰਸੀਆਂ ਵਲੋਂ ਵਖ ਵਖ ਨੁਕਤਿਆਂ ਤੋਂ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰ ਸੂਤਰਾਂ ਅਨੁਸਾਰ ਅਧਿਕਾਰੀਆਂ ਨੇ ਮੌਕੇ ਦੀ ਜਾਂਚ ਮੁਕੰਮਲ ਕਰ ਲਈ ਹੈ। ਗੁਰਦੁਆਰਾ ਓਕ ਕਰੀਕ ਵਿਚ ਵਾਪਰੀ ਮੰਦਭਾਗੀ ਘਟਨਾ ਦੀ ਰੋਸ਼ਨੀ ਵਿਚ ਨਸਲੀ ਹਿੰਸਾ ਦੀ ਸੰਭਾਵਨਾ ਦੇ ਡਰ ਕਰਕੇ ਸਥਾਨਕ ਟੀ ਵੀ ਮੀਡੀਏ ਵਲੋਂ ਇਸ ਵਾਰਦਾਤ ਨੂੰ ਵਡੇ ਪੱਧਰ ਉਤੇ ਨਸ਼ਰ ਕੀਤਾ ਗਿਆ।

ਇਸ ਘਟਨਾ ਸਮੇਂ ਗੁਰੂਘਰ ਦੀ ਇਮਾਰਤ ਦੇ ਅੰਦਰ ਕੋਈ ਵੀ ਨਹੀਂ ਸੀ। ਗੁਰਦੁਆਰੇ ਦੇ ਮੁਖੀ ਬਾਬਾ ਦਲਜੀਤ ਸਿੰਘ ਵੀ ਗੁਰੂ ਮਹਾਰਾਜ ਦਾ ਸੁਖਆਸਨ ਕਰਨ ਪਿਛੋਂ ਕਿਤੇ ਗਏ ਹੋਏ ਸਨ। ਉਨ੍ਹਾਂ ਦਸਿਆ ਅੱਗ ਲੱਗਣ ਬਾਰੇ ਉਨ੍ਹਾਂ ਨੂੰ ਪਤਾ ਗੁਰਦੁਆਰੇ ਦੇ ਆਲੇ-ਦੁਆਲੇ ਦੀਆਂ ਸਭ ਸੜਕਾਂ ਬੰਦ ਹੋਣ ਕਾਰਨ ਪੁਲਿਸ ਪਾਸੋਂ ਲੱਗਿਆ। ਉਨ੍ਹਾਂ ਅਨੁਸਾਰ ਇਮਾਰਤ ਵਿਚ ਪਏ ਗੁਰੂ ਗ੍ਰੰਥ ਸਾਹਿਬ ਦੇ ਤਿੰਨੇ ਸਰੂਪ ਅਤੇ ਹੋਰ ਧਾਰਮਕ ਗੁਟਕੇ ਵਗੈਰਾ ਫਾਇਰ ਬ੍ਰਿਗੇਡ ਦੀ ਮਦਦ ਨਾਲ ਸੁਰੱਖਿਅਤ ਕੱਢ ਲਏ ਗਏ ਸਨ।



ਵੋਕਾਂਡਾ ਫਾਇਰ ਡਿਸਟ੍ਰਿਕਟ ਅਨੁਸਾਰ ਉਨ੍ਹਾਂ ਦੇ ਜਾਂਚ ਅਧਿਕਾਰੀ ਜਾਣਕਾਰੀ ਇਕੱਤਰ ਕਰਨ ਲਈ ਫੈਡਰਲ ਅਲਕੋਹਲ, ਟੋਬੈਕੋ, ਫਾਇਰ ਆਰਮਜ਼ ਐਂਡ ਐਕਸਪਲੋਸਿਵਜ਼ ਬਿਊਰੋ ਅਤੇ ਇਲੀਨਾਏ ਸਟੇਟ ਫਾਇਰ ਮਾਰਸ਼ਲ ਨਾਲ ਸਹਿਯੋਗ ਕਰਦੇ ਰਹਿਣਗੇ।

ਗੁਰਦੁਆਰੇ ਦੀ ਇੰਸ਼ੋਰੈਂਸ ਹੈ ਸੀ ਜਾਂ ਨਹੀਂ, ਇਸ ਬਾਰੇ ਸਹੀ ਪਤਾ ਨਹੀਂ ਲੱਗ ਸਕਿਆ। ਪੁਛੇ ਜਾਣ 'ਤੇ ਬਾਬਾ ਦਲਜੀਤ ਸਿੰਘ ਨੇ ਕਿਹਾ ਕਿ ਪ੍ਰਾਪਰਟੀ ਹੋਰ ਵਿਅਕਤੀਆਂ ਦੇ ਨਾਂ ਹੈ, ਇਸ ਬਾਰੇ ਉਹ ਹੀ ਦੱਸ ਸਕਦੇ ਹਨ। ਕੁਝ ਸੂਤਰਾਂ ਦਾ ਕਹਿਣਾ ਹੈ ਕਿ ਪ੍ਰਾਪਰਟੀ ਦੀ ਇੰਸ਼ੋਰੈਂਸ ਰੱਦ ਹੋ ਚੁਕੀ ਸੀ।

ਇਸ ਗੁਰਦੁਆਰੇ ਦੀ ਸਥਾਪਨਾ ਗੁਰੂ ਨਾਨਕ ਸਿੱਖ ਮਿਸ਼ਨ ਦੇ ਪ੍ਰਬੰਧ ਹੇਠ 1990ਵਿਆਂ ਦੇ ਅਖੀਰ ਵਿਚ ਕੀਤੀ ਗਈ ਸੀ। ਉਸ ਤੋਂ ਪਹਿਲਾਂ ਇਸ ਥਾਂ ਚਰਚ ਹੁੰਦਾ ਸੀ। ਜ਼ਿਕਰਯੋਗ ਹੈ ਕਿ ਇਸ ਗੁਰੂ ਘਰ ਦੇ ਪ੍ਰਬੰਧ ਨੂੰ ਲੈ ਕੇ ਦੋ ਧਿਰਾਂ-ਬਾਬਾ ਦਲਜੀਤ ਸਿੰਘ ਅਤੇ ਜਗਦੀਸ਼ ਸਿੰਘ ਸੰਧੂ, ਕੁਲਵਿੰਦਰ ਸਿੰਘ ਸੰਧੂ, ਰਸ਼ਮਿੰਦਰ ਕੌਰ, ਮੱਖਣ



ਸਿੰਘ ਕਲੇਰ ਅਤੇ ਹਰਜੀਤ ਸਿੰਘ ਗਿੱਲ ਵਿਚਾਲੇ ਪਿਛਲੇ ਚਾਰ-ਪੰਜ ਸਾਲ ਤੋਂ ਮੁਕੱਦਮੇਬਾਜ਼ੀ ਚਲ ਰਹੀ ਹੈ। ਗੁਰਦੁਆਰੇ ਦੀ ਰੀਅਲ ਐਸਟੇਟ ਪਿਛਲੇ ਸਮੇਂ ਅੰਦਰ ਕੁਝ ਵਿਅਕਤੀਆਂ ਕੋਲ ਗਹਿਣੇ ਪਈ ਦਸੀ ਜਾਂਦੀ ਹੈ। ਅਦਾਲਤ ਨੇ ਜਾਇਦਾਦ ਦੇ ਪ੍ਰਬੰਧ ਲਈ ਰਿਸੀਵਰ ਨਿਯੁਕਤ ਕੀਤਾ ਹੋਇਆ ਹੈ।

ਬੁਧਵਾਰ 12 ਨਵੰਬਰ ਨੂੰ ਗੁਰਦੁਆਰੇ ਦੇ ਮਾਮਲੇ ਬਾਰੇ ਮਕੈਨਰੀ ਸਰਕਟ ਕੋਰਟ ਵਿਚ ਤਾਰੀਖ ਸੀ। ਅਦਾਲਤ ਨੇ ਗੁਰਦੁਆਰੇ ਦੀ ਰੀਅਲ ਐਸਟੇਟ (ਜ਼ਮੀਨ-ਜਾਇਦਾਦ) 211 ਵੈਸਟ ਸਟੇਟ ਸਟਰੀਟ, ਆਈਲੈਂਡ ਲੇਕ, ਇਲੀਨਾਏ (ਗੁਰੂਘਰ ਦਾ ਰੈਸਟ ਹਾਊਸ ਜਿਥੇ ਬਾਬਾ ਦਲਜੀਤ ਸਿੰਘ ਦੀ ਰਿਹਾਇਸ਼ ਹੈ) ਅਤੇ 217 ਵੈਸਟ ਸਟੇਟ ਸਟਰੀਟ, ਆਈਲੈਂਡ ਲੇਕ, ਇਲੀਨਾਏ (ਗੁਰਦੁਆਰਾ ਸਾਹਿਬ ਦੀ ਇਮਾਰਤ ਵਾਲੀ ਥਾਂ) ਸੀਲ ਕਰਕੇ ਇਸ ਜਾਇਦਾਦ ਵਿਚ ਅਦਾਲਤ ਦੇ ਅਗਲੇ ਹੁਕਮਾਂ ਤਕ ਕਿਸੇ ਦੇ ਵੀ ਦਖਲ ਹੋਣ 'ਤੇ ਰੋਕ ਲਾ ਦਿਤੀ ਹੈ।

ਅਦਾਲਤ ਨੇ ਆਪਣੇ ਹੁਕਮ ਵਿਚ ਕਿਹਾ ਹੈ ਕਿ ਜਿਸ ਕਿਸੇ ਕੋਲ ਵੀ ਇਸ ਜਾਇਦਾਦ ਅੰਦਰ ਦਾਖਲ ਹੋਣ ਜਾਂ ਇਸ ਤੋਂ ਬਾਹਰ ਜਾਣ ਲਈ ਲੋੜੀਂਦੀਆਂ ਚਾਬੀਆਂ ਤੇ ਹੋਰ ਯੰਤਰ ਵਗੈਰਾ ਹੋਣ, ਉਹ 13 ਨਵੰਬਰ 2014 ਦੀ ਸ਼ਾਮ 6 ਵਜੇ ਤਕ ਰਿਸੀਵਰ ਪਾਸ ਜਮਾਂ ਕਰਵਾ ਦੇਵੇ। ਪਤਾ ਲੱਗਾ ਹੈ ਕਿ ਬਾਬਾ ਦਲਜੀਤ ਸਿੰਘ ਜੋ ਗੁਰਦੁਆਰੇ ਦੇ ਨਾਲ ਲਗਦੇ ਘਰ (211 ਵੈਸਟ ਸਟੇਟ ਸਟਰੀਟ, ਆਈਲੈਂਡ ਲੇਕ, ਇਲੀਨਾਏ) ਰਹਿੰਦੇ ਸਨ, ਨੇ ਘਰ ਖਾਲੀ ਕਰ ਕੇ ਚਾਬੀਆਂ ਸੌਂਪ ਦਿਤੀਆਂ ਹਨ।

## 'ਗੁਰਦੁਆਰਾ ਨਿਲਾਮ ਕਰਾਉਣ' ਬਾਰੇ ਮੁਕੱਦਮੇ ਦਾ ਗੰਭੀਰ ਨੋਟਿਸ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਗੁਰਜੋਤਿ ਪ੍ਰਕਾਸ਼, ਆਈਲੈਂਡ ਲੇਕ ਨੂੰ ਲੈ ਕੇ ਚਲ ਰਹੀ ਮੁਕੱਦਮੇਬਾਜ਼ੀ ਦੇ ਸਿਲੇਸਿਲੇ ਵਿਚ ਇਕ ਧਿਰ-ਜਗਦੀਸ਼ ਸਿੰਘ ਸੰਧੂ, ਕੁਲਵਿੰਦਰ ਸਿੰਘ ਸੰਧੂ, ਰਸ਼ਮਿੰਦਰ ਕੌਰ, ਮੱਖਣ ਸਿੰਘ ਕਲੇਰ ਅਤੇ ਹਰਜੀਤ ਸਿੰਘ ਗਿੱਲ ਵਲੋਂ ਇਸ ਗੁਰਦੁਆਰੇ ਦੀ ਜਗ੍ਹਾ ਨਿਲਾਮ ਕਰਾਉਣ ਬਾਰੇ ਕੀਤੇ ਗਏ ਮੁਕੱਦਮੇ ਦਾ ਅਕਾਲ ਤਖਤ ਸਕੱਤਰੇਤ ਨੇ ਗੰਭੀਰ ਨੋਟਿਸ ਲਿਆ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਲੋਂ ਜਥੇਦਾਰ ਅਕਾਲ ਤਖਤ ਦੇ ਨਿਜੀ ਸਹਾਇਕ ਸ. ਜਸਵਿੰਦਰਪਾਲ ਸਿੰਘ ਦੇ ਦਸਤਖਤਾਂ ਹੇਠ 5 ਨਵੰਬਰ 2014 ਨੂੰ ਜਾਰੀ ਕੀਤੇ ਗਏ ਪੱਤਰ ਵਿਚ ਕਿਹਾ ਗਿਆ ਹੈ, "ਗੁਰਦੁਆਰਾ ਸਾਹਿਬ ਦੀ ਧਾਰਮਕ ਸਾਮਗਰੀ (ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ, ਨਿਸ਼ਾਨ ਸਾਹਿਬ) ਜਨਤਕ ਤੌਰ 'ਤੇ ਨਿਲਾਮ ਕਰਾਉਣ ਲਈ ਕੋਰਟ ਦੇ ਵਿਚ ਦਾਇਰ ਕੀਤੀ ਗਈ ਅਰਜੀ" ਦਾ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੇ ਗੰਭੀਰ ਨੋਟਿਸ ਲਿਆ ਹੈ ਅਤੇ ਇਸ ਨੂੰ 'ਬਹੁਤ ਹੀ ਨਿੰਦਣਯੋਗ ਕਾਰਵਾਈ' ਤੇ 'ਮਾੜੀ ਸੋਚ' ਕਰਾਰ ਦਿਤਾ ਹੈ।

ਪੱਤਰ ਵਿਚ ਹੋਰ ਕਿਹਾ ਗਿਆ ਹੈ, "ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਸਿੱਖਾਂ ਨੂੰ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਕਰਨ ਵਾਸਤੇ ਆਦੇਸ਼ ਦਿੰਦੇ ਹਨ ਪਰ ਕੁਝ ਲੋਕ ਆਪਣੇ ਨਿੱਜੀ ਸਵਾਰਥ ਲਈ ਗੁਰਮਤਿ ਪ੍ਰਚਾਰ ਦੇ ਕੇਂਦਰ ਵੀ ਬੰਦ ਕਰਵਾਉਣ ਲਈ ਕੋਰਟਾਂ ਦਾ ਸਹਾਰਾ ਲੈ ਰਹੇ ਹਨ, ਇਹ ਆਪਣੇ ਆਪ ਵਿਚ ਬੜੀ ਸ਼ਰਮਨਾਕ ਗੱਲ ਹੈ।"

ਜਾਰੀ ਕੀਤੇ ਗਏ ਪੱਤਰ ਵਿਚ ਲਿਖਿਆ ਗਿਆ ਹੈ ਕਿ 'ਮਾਣਯੋਗ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਪਾਸੋਂ ਹੋਏ ਆਦੇਸ਼ ਅਨੁਸਾਰ ਕੋਰਟ ਵਿਚ ਅਰਜੀ ਦਾਇਰ ਕਰਨ ਵਾਲੇ ਉਪਰੋਕਤ ਵਿਅਕਤੀਆਂ ਨੂੰ ਤਾੜਨਾ ਕੀਤੀ ਜਾਂਦੀ ਹੈ ਕਿ ਅਜਿਹੀਆਂ ਕਾਰਵਾਈਆਂ ਤੋਂ ਬਾਜ ਆਉਣ ਅਤੇ ਆਪਣਾ ਫਰਜ਼ ਸਮਝਦੇ ਹੋਏ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਯੋਗ ਉਪਰਾਲੇ ਕਰਨ। ਸੰਗਤਾਂ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਨੂੰ ਆਬਾਦ ਰਖਣ ਲਈ ਹਰ ਸੰਭਵ ਸਹਿਯੋਗ ਦੇਣ।'

ਜ਼ਿਕਰਯੋਗ ਹੈ ਕਿ ਉਪਰੋਕਤ ਵਿਅਕਤੀਆਂ ਨੇ ਕੁਝ ਸਾਲ ਪਹਿਲਾਂ ਇਕਪਾਸੜ ਤੌਰ 'ਤੇ ਆਪਣੇ ਆਪ ਨੂੰ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਦੀ ਪ੍ਰਬੰਧਕ ਕਮੇਟੀ ਗੁਰੂ ਨਾਨਕ ਸਿੱਖ ਮਿਸ਼ਨ ਦੇ ਡਾਇਰੈਕਟਰ ਐਲਾਨ ਕਰ ਦਿਤਾ ਸੀ। ਉਦੋਂ ਤੋਂ ਹੀ ਇਸ ਧਿਰ ਅਤੇ ਬਾਬਾ ਦਲਜੀਤ ਸਿੰਘ ਵਿਚਾਲੇ ਮੁਕੱਦਮੇਬਾਜ਼ੀ ਚਲ ਰਹੀ ਹੈ। ਉਂਜ ਅਦਾਲਤ ਨੇ ਬਾਅਦ ਵਿਚ ਗੁਰੂ ਨਾਨਕ ਸਿੱਖ ਮਿਸ਼ਨ ਇਕ ਗੈਰਮੁਨਾਫਾ ਸੰਸਥਾ ਵਜੋਂ ਕੀਤੀਆਂ ਗਈਆਂ ਕਾਨੂੰਨੀ ਉਲੰਘਣਾਵਾਂ ਕਰਕੇ ਭੰਗ ਕਰ ਦਿਤਾ ਸੀ।

ਵਿਰੋਧੀ ਧਿਰ ਨੇ 2010 ਵਿਚ ਦਾਇਰ ਕੀਤੀ ਗਈ ਇਕ ਮੋਸ਼ਨ ਵਿਚ ਗੁਰਦੁਆਰੇ ਦੀ ਪ੍ਰਾਪਰਟੀ ਗੈਸਟ ਹਾਊਸ ਸਮੇਤ ਸੀਲ ਕਰਕੇ ਪ੍ਰਬੰਧ ਰਿਸੀਵਰ ਹਵਾਲੇ ਕਰਨ ਦੀ ਮੰਗ ਕੀਤੀ ਸੀ।

ਇਸੇ ਦੌਰਾਨ ਵਿਰੋਧੀ ਧਿਰ ਦੇ ਇਕ ਸਰਗਰਮ ਮੈਂਬਰ ਮੱਖਣ ਸਿੰਘ ਕਲੇਰ ਨੇ **ਇਕ ਬਿਆਨ** ਵਿਚ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਉਨ੍ਹਾਂ ਦੀ ਧਿਰ ਨੇ ਕਦੀ ਵੀ ਗੁਰੂ ਘਰ ਦੀ ਇਮਾਰਤ, ਨਿਸ਼ਾਨ ਸਾਹਿਬ ਜਾਂ ਧਾਰਮਕ ਸਾਮਗਰੀ ਨਿਲਾਮ ਕੀਤੇ ਜਾਣ ਦੀ ਅਦਾਲਤ ਪਾਸੋਂ ਮੰਗ ਨਹੀਂ ਕੀਤੀ ਅਤੇ ਇਸ ਸਬੰਧੀ ਲਾਏ ਜਾ ਰਹੇ ਦੋਸ਼ ਮੂਲੋਂ ਹੀ ਝੂਠੇ ਹਨ। ਸ. ਕਲੇਰ ਨੇ ਆਖਿਆ ਕਿ ਅਸੀਂ ਇਹ ਮੋਸ਼ਨ ਜਰੂਰ ਪਾਈ ਸੀ ਕਿ ਜੇ ਸਾਨੂੰ ਉਥੇ ਜਾਣ ਜਾਂ ਕੋਈ ਸਮਾਗਮ ਕਰਨ ਦੀ ਇਜ਼ਾਜਤ ਨਹੀਂ ਤਾਂ ਕੇਸ ਦਾ ਫੈਸਲਾ ਹੋਣ ਤਕ ਗੁਰਦੁਆਰੇ ਨੂੰ ਅਤੇ ਇਸ ਦੇ ਨਾਲ ਲਗਦੇ ਗੈਸਟ ਹਾਊਸ ਨੂੰ ਸੀਲ ਕੀਤਾ ਜਾਵੇ। ਬਾਅਦ ਵਿਚ ਜੱਜ ਨੇ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਗੁਰਦੁਆਰਾ ਸਵੇਰੇ 9 ਤੋਂ 5 ਵਜੇ ਤਕ ਸਭ ਧਿਰਾਂ ਲਈ ਖੁਲ੍ਹਾ ਰਖਣ ਲਈ ਹੁਕਮ ਕਰ ਦਿਤਾ ਸੀ। ਨਾਲ ਹੀ ਜੱਜ ਨੇ ਕਿਹਾ ਸੀ ਕਿ ਜੇ ਇਸ ਹੁਕਮ ਦੀ ਉਲਘੰਣਾ ਹੋਵੇਗੀ ਤਾਂ ਜਰੂਰ ਸੀਲ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਜੱਜ ਦੇ ਇਸ ਹੁਕਮ ਦੀ ਉਲੰਘਣਾ ਬਾਬਾ ਦਲਜੀਤ ਸਿੰਘ ਨੇ ਭਰਪੂਰ ਸਿੰਘ ਦੇ ਗੁਰੂਘਰ ਆਉਣ ਵਿਰੁਧ ਪੁਲਿਸ ਪਾਸ ਸ਼ਿਕਾਇਤ ਕਰਕੇ ਜਰੂਰ ਕੀਤੀ ਹੈ। 12 ਨਵੰਬਰ ਨੂੰ ਇਸੇ ਵਿਰੁਧ ਪਾਈ ਗਈ ਮੋਸ਼ਨ ਦੀ ਸੁਣਵਾਈ ਹੋਣੀ ਸੀ ਜੋ ਹੁਣ ਅਦਾਲਤ ਨੇ 19 ਨਵੰਬਰ 'ਤੇ ਪਾ ਦਿਤੀ ਹੈ।

## 'ਵੋਟਾਂ ਤਾਂ ਪਾਈਆਂ ਨਹੀਂ, ਵਧਾਈਆਂ ਕਾਹਦੀਆਂ'

**ਸੰਗਤ ਮੰਡੀ:** ਨੇੜਲੇ ਪਿੰਡ ਮਹਿਤਾ ਵਿਚ 66 ਕੇ.ਵੀ. ਗਰਿੱਡ ਦਾ ਨੀਂਹ ਪੱਥਰ ਰੱਖਣ ਪੁੱਜੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਸਵਾਗਤ ਕਰਦਿਆਂ ਜਦੋਂ ਅਕਾਲੀ ਆਗੂਆਂ ਨੇ ਉਨ੍ਹਾਂ ਨੂੰ ਜਿੱਤਣ ਤੋਂ ਬਾਅਦ ਮੰਤਰੀ ਬਣਨ ਦੀਆਂ ਵਧਾਈਆਂ ਦਿੱਤੀਆਂ ਤਾਂ ਉਨ੍ਹਾਂ ਰੋਸ ਜ਼ਾਹਿਰ ਕਰਦਿਆਂ ਅਤੇ ਪਿੰਡ ਦਾ ਨਾਮ ਪੁੱਛਦਿਆਂ ਕਿਹਾ, "ਵੋਟਾਂ ਤਾਂ ਤੁਸੀਂ ਮੈਨੂੰ ਪਾਈਆਂ ਨਹੀਂ, ਵਧਾਈਆਂ ਕਿਸ ਗੱਲ ਦੀਆਂ?" ਇਹ ਗੱਲ ਕਹਿੰਦਿਆਂ ਬੀਬੀ ਬਾਦਲ ਨੇ ਗਰਿੱਡ ਦੇ ਨੀਂਹ ਪੱਥਰ ਰੱਖਣ ਦੀ ਰਸਮ ਅਦਾ ਕੀਤੀ ਅਤੇ ਚਲੇ ਗਏ।

ਜ਼ਿਕਰਯੋਗ ਹੈ ਕਿ ਇਸ ਪਿੰਡ ਵਿਚੋਂ ਬੀਬੀ ਬਾਦਲ ਨੂੰ ਘੱਟ ਵੋਟਾਂ ਪਈਆਂ ਸਨ। ਬੀਬੀ ਬਾਦਲ ਵੱਲੋਂ ਪਹਿਲਾਂ ਵੀ ਕਈ ਪਿੰਡਾਂ ਅਤੇ ਸ਼ਹਿਰਾਂ ਵਿਚ ਵੋਟਾਂ ਘੱਟ ਪਾਉਣ ਸਬੰਧੀ ਨਾਰਾਜ਼ਗੀ ਜ਼ਾਹਿਰ ਕੀਤੀ ਜਾ ਚੁੱਕੀ ਹੈ। ਪਿੰਡ ਮਹਿਤਾ ਦੇ ਇਸ ਸਮਾਗਮ ਨੂੰ ਦੋ ਵਾਰ ਅੱਗੇ ਪਾਉਣ ਅਤੇ ਅਕਾਲੀ ਆਗੂਆਂ ਨੂੰ ਖਰੀਆਂ-ਖਰੀਆਂ ਸੁਣਾਉਣ ਕਾਰਨ ਕਾਫੀ ਨਮੋਸ਼ੀ ਝੱਲਣੀ ਪਈ। ਇਸ ਸਬੰਧੀ ਪਿੰਡ ਦੀ ਸਰਪੰਚ ਗੁਰਮੇਲ ਕੌਰ ਅਤੇ ਅਕਾਲੀ ਆਗੂ ਅਮਰਜੀਤ ਸਿੰਘ ਨੇ ਵੋਟਾਂ ਘੱਟ ਪਾਉਣ ਦਾ ਕਾਰਨ ਧੜੇਬੰਦੀ ਦੱਸਦਿਆਂ ਸਿਰਫ ਇੰਨਾ ਹੀ ਕਿਹਾ ਕਿ ਬੀਬੀ ਬਾਦਲ ਦਾ ਗੁੱਸਾ ਜਾਇਜ਼ ਹੈ।

COVERED CALIFORNIA™

ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ

ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ

ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ

ਓਪਨ ਇਨਰੋਲਮੈਂਟ 15 ਨਵੰਬਰ 2014 ਤੋਂ 15 ਫਰਵਰੀ 2015 ਤੱਕ ਹੈ

ਆਪਣੇ ਸਰਟੀਫਾਈਡ ਇੰਸ਼ਰੈਂਸ ਏਜੈਂਟ ਨਾਲ ਸੰਪਰਕ ਕਰੋ

Jarnail Singh Lallria (License # 0C19939)

Phone: (408) 728-0795

Fax: (209) 216-5502

E-mail: Jarnail_lallria@yahoo.com

## ਯੂਨੀਅਨ ਸਿਟੀ 'ਚ 'ਜਾਗੋ ਕਾਨਫਰੰਸ' 30 ਨੂੰ

**ਯੂਨੀਅਨ ਸਿਟੀ (ਬਿਊਰੋ):** 1984 ਦੇ ਸਿੱਖ ਨਸਲਘਾਤ ਦੀ ਯਾਦ ਵਿਚ ਉਤਰੀ ਅਮਰੀਕਾ ਵਿਚ ਸਿੱਖ ਨੌਜਵਾਨਾਂ ਵਲੋਂ ਆਉਂਦੀ 30 ਨਵੰਬਰ, ਐਤਵਾਰ ਨੂੰ ਸਥਾਨਕ ਜੇਮਜ਼ ਲੋਗਨ ਹਾਈ ਸਕੂਲ ਵਿਚ 'ਜਾਗੋ ਕਾਨਫਰੰਸ' ਸਵੇਰੇ 10 ਤੋਂ ਸ਼ਾਮ 6 ਵਜੇ ਤੱਕ ਕਰਵਾਈ ਜਾ ਰਹੀ ਹੈ।

ਇਸ ਕਾਨਫਰੰਸ ਵਿਚ ਨੌਜਵਾਨ ਵਿਦਿਆਰਥੀ/ਵਿਦਿਅਰਥਣਾਂ, ਕਲਾਕਾਰਾਂ ਤੇ ਪੰਥਕ ਜਥੇਬੰਦੀਆਂ ਵੱਲੋਂ ਪੰਜਾਬ ਅਤੇ ਸਿੱਖ ਕੌਮ ਦੇ ਮੌਜੂਦਾ ਸਮਾਜਿਕ ਤੇ ਰਾਜਨੀਤਕ ਮਸਲਿਆਂ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ। ਇਸ ਮੌਕੇ 'ਸਿੱਖ ਬੀਬੀਆਂ ਦਾ ਸਿੱਖ ਸੰਘਰਸ਼ ਵਿਚ ਪਾਇਆ ਹਿੱਸਾ' ਅਤੇ 'ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਸੰਕਟ' ਵਿਸ਼ੇ ਵੀ ਵਿਚਾਰੇ ਜਾਣਗੇ। ਕਾਨਫਰੰਸ ਦੌਰਾਨ ਰੂਪੀ ਕੌਰ, ਦਮਨਜੀਤ ਸਿੰਘ, ਨੀਨਾ ਕੌਰ, ਪੁਨੀਤ ਕੌਰ ਖਾਲਸਾ, ਜਾਸਮੀਨ ਕੌਰ ਅਤੇ ਕੰਵਲਰੂਪ ਕੌਰ ਵੱਖ ਵੱਖ ਵਿਸ਼ਿਆਂ 'ਤੇ ਵਿਚਾਰ ਪੇਸ਼ ਕਰਨਗੇ। ਚਾਹ-ਪਾਣੀ ਤੇ ਲੰਗਰ ਦਾ ਉਚੇਚਾ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ 510-648-0953 ਤੋਂ ਲਈ ਜਾ ਸਕਦੀ ਹੈ।

Upgrade your Security Cameras to High Definition at very reasonable prices




*For more Details, Contact:*

Balbir S Sidhu

209-495-3905 (Cell)

www.dvrunlimited.com

Toll Free (888) 233-4566

DVRunlimited Inc. Fax: 209-665-7067

# ਫੌਜੀ ਬੂਟਾਂ ਹੇਠ...



## ਕਸ਼ਮੀਰ ਬਣਿਆ ਕਬਰਿਸਤਾਨ

*ਜੰਮੂ ਕਸ਼ਮੀਰ ਵਿਚ ਫੌਜ ਦੇ ਰੋਲ ਉਤੇ ਸਦਾ ਵੱਡਾ ਸਵਾਲੀਆ ਨਿਸ਼ਾਨ ਲਗਦਾ ਰਿਹਾ ਹੈ। ਹਾਲ ਹੀ ਵਿਚ ਹੋਈਆਂ ਘਟਨਾਵਾਂ ਨੇ ਫੌਜ ਦਾ ਕਰੂਪ ਚਿਹਰਾ ਤਾਂ ਸਾਹਮਣੇ ਲਿਆਂਦਾ ਹੀ ਹੈ; ਕਸ਼ਮੀਰੀਆਂ ਦੇ ਹਾਲਾਤ ਦਾ ਖੁਲਾਸਾ ਵੀ ਹੋਇਆ ਹੈ। ਪੇਸ਼ ਹੈ ਇਸ ਬਾਰੇ ਰਿਪੋਰਟ।*

## ਝੂਠੇ ਮੁਕਾਬਲੇ ਵਿਚ ਦੋ ਅਫਸਰਾਂ ਸਮੇਤ 5 ਫੌਜੀ ਦੋਸ਼ੀ ਕਰਾਰ

**ਸ੍ਰੀਨਗਰ:** ਸੈਨਾ ਨੇ 2010 ਮਛੀਲ ਫਰਜ਼ੀ ਮੁਕਾਬਲੇ ਦੇ ਕੇਸ ਵਿਚ ਆਪਣੇ ਦੋ ਅਫਸਰਾਂ ਸਮੇਤ 5 ਫੌਜੀਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਸ ਫਰਜ਼ੀ ਮੁਕਾਬਲੇ ਕਾਰਨ ਵਾਦੀ ਵਿਚ ਵੱਡੇ ਪੱਧਰ 'ਤੇ ਰੋਸ ਫੈਲ ਗਿਆ ਸੀ। ਸਾਰੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ ਤੇ ਉਨ੍ਹਾਂ ਦੇ ਸੇਵਾ ਲਾਭ ਮੁਅੱਤਲ ਕਰ ਦਿੱਤੇ ਗਏ ਹਨ। ਜਨਰਲ ਕੋਰਟ ਮਾਰਸ਼ਲ ਵਿਚ ਜਿਨ੍ਹਾਂ ਨੂੰ ਇਸ ਕੇਸ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਹੈ, ਉਨ੍ਹਾਂ ਵਿਚ ਉਸ ਵੇਲੇ ਦੇ ਚਾਰ ਰਾਜਪੂਤ ਰੈਜਮੈਂਟ (ਇਹ ਯੂਨਿਟ ਮੁਕਾਬਲੇ 'ਚ ਸ਼ਾਮਲ ਸੀ) ਦੇ ਕਮਾਂਡਿੰਗ ਅਫਸਰ ਕਰਨਲ ਦਿਨੇਸ਼ ਪਠਾਣੀਆਂ, ਕੈਪਟਨ ਭੁਪਿੰਦਰ ਸਿੰਘ, ਹੌਲਦਾਰ ਦਵਿੰਦਰ, ਲਾਂਸ ਨਾਇਕ ਅਰੁਣ ਕੁਮਾਰ ਤੇ ਲਖਮੀ ਸ਼ਾਮਲ ਹਨ। ਟੈਰੀਟੋਰੀਅਲ ਆਰਮੀ ਦੇ ਅੱਬਾਸ ਹੁਸੈਨ ਸ਼ਾਹ ਨੂੰ ਦੋਸ਼ਮੁਕਤ ਕਰਾਰ ਦਿੱਤਾ ਗਿਆ। ਜਨਰਲ ਕੋਰਟ ਮਾਰਸ਼ਲ ਵੱਲੋਂ ਇਸ ਸਾਲ ਜਨਵਰੀ 'ਚ ਕਾਰਵਾਈ ਸ਼ੁਰੂ ਕਰ ਕੇ ਸਤੰਬਰ



'ਚ ਸਮਾਪਤ ਕਰ ਦਿੱਤੀ ਗਈ ਸੀ। ਇਹ ਸੈਨਿਕ ਆਮ ਸਿਵਲੀਅਨਾਂ ਨੂੰ ਮਾਰਨ ਦੇ ਦੋਸ਼ੀ, ਸਾਜ਼ਿਸ਼ ਰਚਣ ਤੇ ਮਗਰੋਂ ਮ੍ਰਿਤਕਾਂ ਨੂੰ ਪਾਕਿਸਤਾਨੀ ਕਰਾਰ ਦੇਣ ਦੇ ਦੋਸ਼ੀ ਸਾਬਤ ਹੋਏ ਸਨ। 29 ਅਪਰੈਲ 2010 ਨੂੰ ਦੋ ਅਤਿਵਾਦ-ਵਿਰੋਧੀ ਸੈਨਿਕਾਂ ਨੇ ਟੈਰੀਟੋਰੀਅਲ ਆਰਮੀ ਦੇ ਰਾਈਫਲਮੈਨ ਅੱਬਾਸ ਹੁਸੈਨ ਨਾਲ ਰਲ ਕੇ ਉੱਤਰੀ ਕਸ਼ਮੀਰ ਦੇ ਨਡਿਹਾਲ ਪਿੰਡ ਦੇ ਤਿੰਨ ਨੌਜਵਾਨਾਂ ਸ਼ਹਿਜ਼ਾਦ ਅਹਿਮਦ, ਰਿਆਜ਼ ਅਹਿਮਦ ਤੇ ਮੁਹੰਮਦ ਸ਼ਫੀ ਨੂੰ ਵਰਗਲਾ ਲਿਆ ਅਤੇ ਉਨ੍ਹਾਂ ਨੂੰ ਨੌਕਰੀ ਤੇ ਪੈਸੇ ਦੇਣ ਦਾ ਵਾਅਦਾ ਕਰ ਕੇ ਕੰਟਰੋਲ ਰੇਖਾ ਨੇੜੇ ਕੁੱਪਵਾੜਾ ਜ਼ਿਲ੍ਹੇ ਵਿਚ ਕਾਲਾਰੂਸ ਵਿਖੇ ਲੈ ਗਏ। ਮਗਰੋਂ ਕੰਟਰੋਲ ਰੇਖਾ ਨੇੜੇ ਵਾਰੋ-ਵਾਰੀ ਇਨ੍ਹਾਂ ਨੌਜਵਾਨਾਂ ਨੂੰ ਮਾਰ ਦਿੱਤਾ ਗਿਆ ਤੇ ਮਗਰੋਂ ਕਹਿ ਦਿੱਤਾ ਗਿਆ ਕਿ ਇਹ ਪਾਕਿਸਤਾਨੀ ਅਤਿਵਾਦੀ ਸਨ ਤੇ ਭਾਰਤ 'ਚ ਘੁਸਪੈਠ ਕਰਨ ਦਾ ਯਤਨ ਕਰ ਰਹੇ ਸਨ। ਜਨਰਲ ਕੋਰਟ ਮਾਰਸ਼ਲ ਦੀ ਕਾਰਵਾਈ ਕੁਪਵਾੜਾ ਆਧਾਰਤ 68 ਮਾਊਂਟੇਨ ਬ੍ਰਿਗੇਡ ਦੇ ਬ੍ਰਿਗੇਡੀਅਰ ਦੀਪਕ ਮਹਿਰਾ ਦੀ ਨਿਗਰਾਨੀ ਤੇ ਅਗਵਾਈ ਵਿਚ ਚੱਲੀ। ਮਹਿਰਾ ਦੀ ਅਗਵਾਈ 'ਚ ਜਨਰਲ ਕੋਰਟ ਮਾਰਸ਼ਲ ਦੇ ਅੱਠ ਮੈਂਬਰ ਸਨ। ਇਸ ਤਹਿਤ ਪਹਿਲਾਂ ਸੈਨਾ ਵੱਲੋਂ 'ਕੋਰਟ ਆਫ ਇਨਕੁਆਰੀ' ਕਰਾਈ ਗਈ, ਫਿਰ 'ਗਵਾਹੀਆਂ ਕਲਮਬੱਧ ਕਰ ਕੇ ਉਨ੍ਹਾਂ ਦਾ ਸਾਰ ਤੱਤ' ਪੇਸ਼ ਕੀਤਾ ਗਿਆ। ਦੋ ਸਿਵਲੀਅਨ ਮੁਲਜ਼ਮਾਂ ਬਸ਼ੀਰ ਅਹਿਮਦ ਲੋਨ ਤੇ ਅਬਦੁਲ ਹਾਮਿਦ ਬੱਟ ਦੇ ਨਾਂ ਵੀ ਚਾਰਜਸ਼ੀਟ ਵਿਚ ਸ਼ਾਮਲ ਸਨ। ਇਨ੍ਹਾਂ ਵਿਰੁੱਧ ਬਾਰਾਮੂਲਾ ਦੀ ਸੈਸ਼ਨ ਕੋਰਟ ਵਿਚ ਮੁਕੱਦਮਾ ਚੱਲ ਰਿਹਾ ਹੈ। ਜੰਮੂ ਕਸ਼ਮੀਰ ਦੀ ਪੁਲਿਸ ਨੇ 15 ਜੁਲਾਈ 2010 ਨੂੰ ਅੱਠ ਸੈਨਿਕਾਂ, ਇਕ ਟੈਰੀਟੋਰੀਅਲ ਆਰਮੀ ਸੈਨਿਕ ਤੇ ਦੋ ਸਿਵਲੀਅਨਾਂ ਸਮੇਤ 11 ਵਿਰੁੱਧ ਸੈਕਸ਼ਨ 302 ਅਧੀਨ ਚੀਫ਼ ਜੁਡੀਸ਼ਲ ਮੈਜਿਸਟਰੇਟ ਸੋ-ਪੋਰ ਅੱਗੇ ਚਾਰਜਸ਼ੀਟ ਪੇਸ਼ ਕੀਤੀ ਸੀ। ਇਸ ਸਾਲ ਮਾਰਚ ਵਿਚ ਕਸ਼ਮੀਰ ਵਿਚ ਉਦੋਂ ਭਾਰੀ ਬੇਚੈਨੀ ਫੈਲ ਗਈ ਸੀ, ਜਦੋਂ ਸੈਨਾ ਨੇ 2000 ਦੇ ਪਥਰੀਬਲ ਮੁਕਾਬਲੇ 'ਚ ਪੰਜ ਵਿਅਕਤੀਆਂ ਨੂੰ ਮਾਰਨ ਦੇ ਕੇਸ 'ਚ ਆਪਣੇ ਪੰਜ ਅਫਸਰਾਂ ਨੂੰ ਦੋਸ਼ਮੁਕਤ ਕਰਾਰ ਦੇ ਕੇ ਕੇਸ ਬੰਦ ਕਰ ਦਿੱਤਾ ਸੀ।

### ਮਛੀਲ ਕੇਸ ਦਾ ਖੁਲਾਸਾ

29 ਅਪਰੈਲ 2010: ਪਿੰਡ ਨਡਿਹਾਲ ਦੇ ਲੋਕਾਂ ਨੇ ਤਿੰਨ ਨੌਜਵਾਨਾਂ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ।
30 ਅਪਰੈਲ: ਫੌਜ ਵੱਲੋਂ ਮਛੀਲ ਵਿਚ ਤਿੰਨ ਘੁਸਪੈਠੀਆਂ ਨੂੰ ਮਾਰਨ ਦਾ ਦਾਅਵਾ।
28 ਮਈ: ਤਿੰਨਾਂ ਨੌਜਵਾਨਾਂ ਦੀਆਂ ਦੇਹਾਂ ਜਾਂਚ ਲਈ ਕਬਰਾਂ ਵਿਚੋਂ ਬਾਹਰ ਕੱਢੀਆਂ।
ਜੂਨ 2010: ਮੈਜਿਸਟਰੇਟ ਵੱਲੋਂ ਸੀਨੀਅਰ ਪੁਲਿਸ ਅਫ਼ਸਰ ਅਤੇ ਤਿੰਨ ਸਿਪਾਹੀਆਂ ਦੇ ਬਿਆਨ ਦਰਜ। ਫੌਜ ਵੱਲੋਂ ਵੀ ਜਾਂਚ ਸ਼ੁਰੂ।
ਦਸੰਬਰ 2011: ਫੌਜ ਵੱਲੋਂ ਮਛੀਲ ਕੇਸ ਕਰੀਮੀਨਲ ਕੋਰਟ ਤੋਂ ਕੋਰਟ ਮਾਰਸ਼ਲ ਵਿਚ ਤਬਦੀਲ ਕਰਨ ਦੀ ਚਾਰਾਜੋਈ।
25 ਦਸੰਬਰ 2013: ਫੌਜ ਵੱਲੋਂ ਕੇਸ ਨਾਲ ਸਬੰਧਤ ਫੌਜੀਆਂ ਖਿਲਾਫ਼ ਕੋਰਟ ਮਾਰਸ਼ਲ ਦਾ ਐਲਾਨ।
ਸਤੰਬਰ 2014: ਕੋਰਟ ਮਾਰਸ਼ਲ ਦੀ ਕਾਰਵਾਈ ਮੁਕੰਮਲ।
ਨਵੰਬਰ 2014: ਕੋਰਟ ਮਾਰਸ਼ਲ ਵਿਚ ਕਰਨਨ ਦਿਨੇਸ਼ ਪਠਾਣੀਆਂ, ਕੈਪਟਨ ਭੁਪਿੰਦਰ ਸਿੰਘ, ਹੌਲਦਾਰ ਦਵਿੰਦਰ, ਲਾਂਸ ਨਾਇਕ, ਅਰੁਣ ਕੁਮਾਰ ਤੇ ਲਖਮੀ ਨੂੰ ਉਮਰ ਕੈਦ ਦੀ ਸਜ਼ਾ।

### ਭਾਜਪਾ ਨੇ 40% ਮੁਸਲਿਮ ਉਮੀਦਵਾਰ ਉਤਾਰੇ

**ਜੰਮੂ:** ਆਪਣਾ ਫਿਰਕੂ ਅਕਸ ਬਦਲਣ ਲਈ ਤਰਲੋਮੱਛੀ ਹੋ ਰਹੀ ਭਾਜਪਾ ਨੇ ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਵਿਚ 40 ਫੀਸਦੀ ਮੁਸਲਿਮ ਉਮੀਦਵਾਰ ਚੋਣ ਪਿੜ ਵਿਚ ਉਤਾਰੇ ਹਨ। ਭਾਜਪਾ ਸੂਬੇ ਵਿਚ ਸੱਤਾ ਵਿਚ ਆਉਣ ਲਈ 'ਮਿਸ਼ਨ 44 ਪਲੱਸ' ਹਰ ਹੀਲੇ ਹਾਸਲ ਕਰਨਾ ਚਾਹੁੰਦੀ ਹੈ।

ਵਿਧਾਨ ਸਭਾ ਦੀਆਂ ਕੁੱਲ 87 ਸੀਟਾਂ ਵਿਚੋਂ 70 ਤੋਂ ਵੱਧ ਸੀਟਾਂ ਤੋਂ ਭਾਜਪਾ ਚੋਣ ਲੜ ਰਹੀ ਹੈ ਤੇ ਇਸ ਨੇ 32 ਮੁਸਲਿਮ ਉਮੀਦਵਾਰ ਖੜ੍ਹੇ ਕੀਤੇ ਹਨ। ਇਸ ਨੇ ਕਸ਼ਮੀਰ ਵਾਦੀ ਵਿਚ 25, ਜੰਮੂ ਵਿਚੋਂ 6 ਤੇ ਲੱਦਾਖ ਵਿਚੋਂ ਇਕ ਮੁਸਲਿਮ ਉਮੀਦਵਾਰ ਖੜ੍ਹਾ ਕੀਤਾ ਹੈ। ਭਾਜਪਾ ਨੇ ਕਸ਼ਮੀਰ ਵਾਦੀ ਵਿਚਲੇ ਵਿਧਾਨ ਸਭਾ ਹਲਕਿਆਂ ਵਿਚ ਚਾਰ ਕਸ਼ਮੀਰੀ ਪੰਡਤ ਤੇ ਇਕ ਸਿੱਖ ਆਗੂ ਨੂੰ ਅਤੇ ਲੱਦਾਖ ਖੇਤਰ ਵਿਚ ਤਿੰਨ ਬੋਧੀ ਉਮੀਦਵਾਰ ਉਤਾਰੇ ਹਨ।

## ਝੂਠੇ ਮੁਕਾਬਲਿਆਂ ਦਾ ਸੱਚ


**ਸ੍ਰੀਨਗਰ:** ਕਸ਼ਮੀਰ ਵਾਦੀ ਵਿਚ ਹੀ ਨਹੀਂ, ਭਾਰਤ ਦੇ ਹੋਰ ਵੀ ਕਈ ਸੂਬਿਆਂ ਵਿਚ ਪੁਲਿਸ ਅਤੇ ਨੀਮ ਸੁਰੱਖਿਆ ਬਲਾਂ ਵੱਲੋਂ ਸੈਂਕੜੇ ਨੌਜਵਾਨਾਂ ਨੂੰ ਅਤਿਵਾਦੀ ਗਰਦਾਨ ਕੇ ਝੂਠੇ ਮੁਕਾਬਲਿਆਂ ਵਿਚ ਮਾਰੇ ਜਾਣ ਦਾ ਸਿਲਸਿਲਾ ਵੇਖਿਆ ਜਾ ਰਿਹਾ ਹੈ। ਭਾਰਤ ਦੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਨੁਸਾਰ ਇਹ ਵਰਤਾਰਾ ਘਟਣ ਦੀ ਥਾਂ ਵਧ ਰਿਹਾ ਹੈ। ਕਮਿਸ਼ਨ ਦੀ ਰਿਪੋਰਟ ਅਨੁਸਾਰ 2002 ਤੋਂ 2008 ਤਕ ਅਜਿਹੇ 440 ਕੇਸ ਸਾਹਮਣੇ ਆਏ ਸਨ ਅਤੇ 2009 ਤੋਂ 2013 ਦਰਮਿਆਨ ਇਹ ਗਿਣਤੀ ਵਧ ਕੇ 555 ਹੋ ਗਈ। ਇਹ ਗਿਣਤੀ ਕੇਵਲ ਕਮਿਸ਼ਨ ਦੇ ਰਿਕਾਰਡ ਅਨੁਸਾਰ ਹੈ ਜਦੋਂਕਿ ਮਨੁੱਖੀ ਅਧਿਕਾਰ ਸੰਸਥਾਵਾਂ ਅਨੁਸਾਰ ਇਹ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੈ। ਮੁੰਬਈ, ਚੇਨਈ ਅਤੇ ਕੋਲਕਾਤਾ ਵਰਗੇ ਮਹਾਂਨਗਰਾਂ ਵਿਚ ਪੁਲਿਸ ਵੱਲੋਂ ਲੋਕਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰੇ ਜਾਣ ਦੀ ਦਰ ਕਾਫ਼ੀ ਉੱਚੀ ਹੈ। ਪੰਜਾਬ ਵਿਚ 1968 ਤੋਂ ਲੈ ਕੇ 1978 ਤਕ ਦੇ ਇੱਕ ਦਹਾਕੇ ਵਿਚ ਲਗਪਗ 80 ਨਕਸਲਵਾਦੀ ਕਾਰਕੁਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਦਿੱਤਾ ਗਿਆ ਸੀ ਅਤੇ 1980 ਤੋਂ 1995 ਤਕ ਦੇ ਡੇਢ ਦਹਾਕੇ ਵਿਚ ਸੈਂਕੜੇ ਨੌਜਵਾਨਾਂ ਨੂੰ ਅਤਿਵਾਦੀ ਗਰਦਾਨ ਕੇ ਝੂਠੇ ਮੁਕਾਬਲਿਆਂ ਰਾਹੀਂ ਮਾਰਿਆ ਗਿਆ। ਹੋਰ ਤਾਂ ਹੋਰ, ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਨੂੰ ਵੀ 1995 ਵਿਚ ਘਰੋਂ ਲਿਜਾ ਕੇ ਮਾਰ ਦਿੱਤਾ ਗਿਆ ਸੀ। ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਨੇ 1995 ਤੋਂ 1997 ਦਰਮਿਆਨ ਮੁੰਬਈ ਪੁਲਿਸ ਵੱਲੋਂ ਕਥਿਤ ਤੌਰ 'ਤੇ ਕੀਤੇ ਗਏ 99 ਮੁਕਾਬਲਿਆਂ ਸਬੰਧੀ ਬੰਬਈ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ। ਇਹ ਤੱਥ ਹੁਣ ਜੱਗ-ਜ਼ਹਿਰ ਹੈ ਕਿ ਸਰਕਾਰਾਂ ਅਜਿਹੇ ਝੂਠੇ ਮੁਕਾਬਲਿਆਂ ਦੀ ਆਮ ਤੌਰ 'ਤੇ ਜਾਂਚ ਵੀ ਨਹੀਂ ਕਰਵਾਉਂਦੀਆਂ। ਜੇ ਲੋਕਾਂ ਦੇ ਦਬਾਅ ਹੇਠ ਜਾਂਚ ਕਰਵਾਈ ਵੀ ਜਾਂਦੀ ਹੈ ਤਾਂ ਇਸ ਕਦਰ ਪ੍ਰਭਾਵਿਤ ਕੀਤਾ ਜਾਂਦਾ ਹੈ ਕਿ ਦੋਸ਼ੀ ਨੂੰ ਸਜ਼ਾ ਨਹੀਂ ਹੁੰਦੀ।

### ਆਰ.ਐਸ.ਐਸ. ਦਾ ਸਿਆਸੀ ਦਾਈਆ

**ਸ੍ਰੀਨਗਰ:** ਸਿਆਸੀ ਮਾਹਿਰਾਂ ਨੇ ਫੌਜ ਵੱਲੋਂ ਦੋ ਨੌਜਵਾਨਾਂ ਦੀ ਮੌਤ ਦੇ ਕੇਸ ਵਿਚ ਮੁਆਫੀ ਮੰਗਣ ਅਤੇ ਮਛੀਲ ਮੁਕਾਬਲੇ ਵਾਲੇ ਕੇਸ ਵਿਚ ਪੰਜ ਫੌਜੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਣ ਨੂੰ ਸਿਆਸੀ ਚਾਲ ਕਰਾਰ ਦਿੱਤਾ ਗਿਆ ਹੈ। ਇਨ੍ਹਾਂ ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਆਰ.ਐਸ.ਐਸ. ਦਾ ਦਾਈਆ ਐਤਕੀਂ ਹਰ ਹਾਲ ਅਤੇ ਹਰ ਹੀਲੇ ਜੰਮੂ ਕਸ਼ਮੀਰ ਵਿਚ ਚੋਣਾਂ ਜਿੱਤਣ ਦਾ ਹੈ। ਆਰ.ਐਸ.ਐਸ. ਨੇ ਤਾਂ ਐਲਾਨ ਕੀਤਾ ਹੈ ਕਿ ਇਹ ਚੋਣਾਂ ਜੰਮੂ ਕਸ਼ਮੀਰ ਨੂੰ ਮੁੜ ਹਾਸਲ ਕਰਨ ਦਾ ਇਕ ਜ਼ਰੀਆ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ ਸੂਬੇ ਦੀਆਂ ਛੇ ਸੀਟਾਂ ਵਿਚੋਂ ਤਿੰਨ ਜਿੱਤ ਲਈਆਂ ਸਨ। ਇਸੇ ਆਧਾਰ ਉਤੇ ਇਹ ਸੂਬੇ ਵਿਚ ਸਰਕਾਰ ਬਣਾਉਣ ਜੋਗੀਆਂ ਸੀਟਾਂ ਜਿੱਤਣ ਲਈ ਯਤਨ ਕਰ ਰਹੀ ਹੈ।

### ਫੌਜ ਨਾਲ ਸਬੰਧਤ ਕੇਸ ਜੋ ਸਵਾਲਾਂ ਦੇ ਘੇਰੇ 'ਚ ਆਏ

ਅਕਤੂਬਰ 1999: ਰਾਜੌਰੀ ਵਿਚ ਫੌਜ ਦੀ ਹਿਰਾਸਤ ਵਿਚ ਤਿੰਨ ਜਣੇ ਲਾਪਤਾ।
ਮਾਰਚ 2000: ਪਥਰੀਬਲ ਵਿਚ ਫੌਜ ਉਤੇ ਪੰਜ ਨੌਜਵਾਨਾਂ ਦੇ ਮਾਰਨ ਦੇ ਦੋਸ਼।
ਜਨਵਰੀ 2000: ਬਡਗਾਮ ਵਿਚ ਫੌਜ ਦੀ ਹਿਰਾਸਤ ਵਿਚ ਇਕ ਮੌਤ।
ਸਤੰਬਰ 2003: ਫੌਜ ਨੇ ਸੋਪੋਰ ਤੋਂ ਤਾਹਿਰ ਹੁਸੈਨ ਮਖਦੂਮੀ ਨੂੰ ਚੁੱਕਿਆ ਅਤੇ ਮਾਰ ਦਿੱਤਾ।
ਅਪਰੈਲ 2004: ਫੌਜੀ ਅਫ਼ਸਰ ਦੀ ਚਿੱਠੀ ਤੋਂ ਇਹ ਖੁਲਾਸਾ ਹੋਇਆ ਕਿ ਲੋਲਾਬ ਵਿਚ ਚਾਰ ਨੌਜਵਾਨਾਂ ਨੂੰ ਝੂਠੇ ਮੁਕਾਬਲੇ ਵਿਚ ਮਾਰ ਦਿੱਤਾ ਗਿਆ।
ਫ਼ਰਵਰੀ 2006: ਕੁਪਵਾੜਾ ਵਿਚ ਚਾਰ ਜਣਿਆਂ ਦੀ ਹੱਤਿਆ।
ਫ਼ਰਵਰੀ 2009: ਸੋਪੋਰ ਵਿਚ ਦੋ ਨੌਜਵਾਨਾਂ ਦੀ ਹੱਤਿਆ।
ਮਈ 2010: ਫੌਜ ਉਤੇ ਤਿੰਨ ਜਣਿਆਂ ਨੂੰ ਝੂਠੇ ਮੁਕਾਬਲੇ ਵਿਚ ਮਾਰਨ ਦੇ ਦੋਸ਼।
ਸਤੰਬਰ 2010: ਬਾਂਦੀਪੁਰਾ ਜ਼ਿਲ੍ਹੇ ਵਿਚ ਇਕ ਸਿਵਲੀਅਨ ਦੀ ਹੱਤਿਆ।
ਜੂਨ 2013: ਬਾਂਦੀਪੁਰਾ ਜ਼ਿਲ੍ਹੇ ਵਿਚ ਦੋ ਜਣਿਆਂ ਦੀ ਹੱਤਿਆ।



## ਮਨੀਪੁਰ ਦੀ ਮਨੋਰਮਾ ਦੀ ਮੌਤ ਫੌਜ ਦੇ ਤਸ਼ੱਦਦ ਕਾਰਨ ਹੋਈ

**ਇੰਫਾਲ:** ਪੂਰੇ ਇਕ ਦਹਾਕੇ ਬਾਅਦ ਇਹ ਗੱਲ ਸਾਹਮਣੇ ਆਈ ਹੈ ਕਿ ਮਨੀਪੁਰ ਦੀ ਮੁਟਿਆਰ ਮਨੋਰਮਾ ਦੀ ਮੌਤ ਫੌਜ ਵੱਲੋਂ ਕੀਤੇ ਭਿਅੰਕਰ ਤਸ਼ੱਦਦ ਕਾਰਨ ਹੋਈ। ਯਾਦ ਰਹੇ ਕਿ ਇਸ ਕੇਸ ਤੋਂ ਬਾਅਦ ਹਥਿਆਰਬੰਦ ਬੱਲਾਂ ਨੂੰ ਵਿਸ਼ੇਸ਼ ਅਧਿਕਾਰ ਦੇਣ ਵਾਲੇ ਐਕਟ (ਅਫ਼ਸਪਾ) ਰੱਦ ਕਰਨ ਖਿਲਾਫ਼ ਵੱਡੇ ਪੱਧਰ ਉਤੇ ਰੋਸ ਫੈਲ ਗਿਆ ਗਿਆ ਸੀ।

### ਜਾਂਚ ਰਿਪੋਰਟ ਦਾ ਖੁਲਾਸਾ

ਜਸਟਿਸ ਜੇ. ਐਸ. ਵਰਮਾ ਕਮੇਟੀ ਨੇ ਵੀ 2013 ਵਿਚ ਇਸ ਐਕਟ ਉਤੇ ਨਜ਼ਰਸਾਨੀ ਲਈ ਕਿਹਾ ਸੀ। ਮਨਹੋਰਮਾ ਕੇਸਦੀ ਜਾਂਚ ਜੂਡੀਅਸ਼ਲ ਕਮਿਸ਼ਨ ਨੇ ਦਸੰਬਰ 2004 ਵਿਚ ਸੌਂਪ ਦਿੱਤੀ ਸੀ ਪਰ ਇਸ ਜਾਂਚ ਰਿਪੋਰਟ ਦੀ ਭਾਫ਼ ਤੱਕ ਨਹੀਂ ਕੱਢੀ ਗਈ। ਹੁਣ ਸੁਪਰੀਮ ਕੋਰਟ ਦੇ ਕਹਿਣ ਉਤੇ ਸੂਬਾ ਸਰਕਾਰ ਨੇ ਇਹ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪੀ ਹੈ। ਇਹ ਰਿਪੋਰਟ ਤਿਆਰ ਕਰਨ ਵਾਲੇ ਸਾਬਕਾ ਸੈਸ਼ਨ ਜੱਜ ਸੀ ਉਪਿੰਦਰ ਸਿੰਘ ਦਾ ਕਹਿਣਾ ਹੈ ਕਿ ਇਹ ਸਭ ਤੋਂ ਭਿਆਨਕ ਹਿਰਾਸਤੀ ਮੌਤ ਸੀ। ਉਸ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ 10-11 ਜੁਲਾਈ 2004 ਦੀ ਰਾਤ ਨੂੰ 17ਵੀਂ ਅਸਾਮ ਰਾਈਫ਼ਲਜ਼ ਦੇ ਫੌਜੀਆਂ ਨੇ ਮਨੋਰਮਾ ਨੂੰ ਉਸ ਦੇ ਘਰੋਂ ਚੁੱਕਿਆ ਤੇ ਮਾਰ ਕੇ ਸੜਕ ਉਤੇ ਸੁਟ ਦਿੱਤਾ। ਰਿਪੋਰਟ ਮੁਤਾਬਕ ਮਨੋਰਮਾ ਪਹਿਲਾਂ ਉਸ ਦੇ ਪਰਿਵਾਰ ਦੇ ਸਾਹਮਣੇ ਘਰੇ ਹੀ ਜਲੀਲ ਕੀਤਾ ਗਿਆ। ਸਾਰਾ ਟੱਬਰ ਬੇਵਸ ਹੋਇਆ ਮਨੋਰਮਾ ਨਾਲ ਕੀਤੀ ਜਾ ਰਹੀ ਵਧੀਕੀ ਵੇਖਦਾ ਰਿਹਾ। ਰਿਪੋਰਟ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਫੌਜ ਨੇ ਮਗਰੋਂ ਦੋ ਕੇਸ ਦਰਜ ਕਰਵਾਏ। ਜਿਨ੍ਹਾਂ ਵਿਚ ਲਿਖਿਆ ਗਿਆ ਸੀ



ਕਿ ਮਨੋਰਮਾ ਕੋਲੋਂ ਏ.ਕੇ 47 ਰਾਈਫ਼ਿਲ ਚੀਨੀ ਗ੍ਰਨੇਡ ਅਤੇ ਹੋਰ ਅਸਲਾ ਬਰਾਮਦ ਕੀਤਾ ਗਿਆ ਹੈ। ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦੀਆਂ ਲੱਤਾਂ ਵਿਚ ਗੋਲੀ ਮਾਰੀ ਗਈ। ਦਰਜ ਰਿਪੋਰਟਾਂ ਮੁਤਾਬਕ ਜ਼ਿਆਦਾ ਖੂਨ ਵਹਿਣ ਕਰਕੇ ਉਸ ਦੀ ਮੌਤ ਹੋ ਗਈ।

ਜਾਂਚ ਕਮਿਸ਼ਨ ਨੇ ਇਹ ਨੁਕਤਾ ਨੋਟ ਕੀਤਾ ਹੈ ਕਿ ਪੁਲਿਸ ਨੇ ਜਾਂਚ ਦਾ ਸਾਰਾ ਕੰਮ ਫੌਜ ਉਤੇ ਛੱਡ ਦਿੱਤਾ। ਖੁਦ ਕੋਈ ਵੀ ਜਾਂਚ ਨਹੀਂ ਕੀਤੀ। ਜੱਜ ਉਪਿੰਦਰ ਸਿੰਘ ਮੁਤਾਬਕ ਮਨੋਰਮਾ ਦੇ 16 ਗੋਲੀਆਂ ਮਾਰੀਆਂ ਗਈਆਂ ਪਰ ਇਨ੍ਹਾਂ ਵਿਚੋਂ ਇਕ ਵੀ ਲੱਤ ਵਿਚ ਨਹੀਂ ਸੀ ਲੱਗੀ। ਉਪਿੰਦਰ ਸਿੰਘ ਨੇ ਮਨੋਰਮਾ ਦੇ ਬਚ ਨਿਕਲਣ ਦੀ ਕੋਸ਼ਿਸ਼ ਨੂੰ ਵੀ ਸਰਾਸਰ ਝੂਠੀ ਕਹਾਣੀ ਕਰਾਰ ਦਿੱਤਾ। ਜਾਂਚ ਰਿਪੋਰਟ ਮੁਤਾਬਕ ਜਦੋਂ ਮਨੋਰਮਾ ਦੇ ਗੋਲੀਆਂ ਮਾਰੀਆਂ ਗਈਆਂ ਤਾਂ ਉਹ ਹਿਲ ਤੱਕ ਨਹੀਂ ਸੀ ਸਕਦੀ। ਉਸ ਦੀ ਦੇਹ ਉਤੇ ਪਈਆਂ ਝਰੀਟਾਂ ਤੋਂ ਸਾਫ਼ ਪਤਾ ਚਲਦਾ ਸੀ ਕਿ ਉਸ ਨਾਲ ਜਿਨਸੀ ਛੇੜਖਾਨੀ ਵੀ ਕੀਤੀ ਗਈ ਹੈ। ਇਨ੍ਹਾਂ ਦੋਸ਼ੀ ਫੌਜੀਆਂ ਨੂੰ ਅਫ਼ਸਪਾ ਐਕਟ ਤਹਿਤ ਬਰੀ ਹੀ ਕਰ ਦਿੱਤਾ ਗਿਆ।

# ਗੁਰਦੁਆਰੇ ਅੰਦਰ ਲੜਾਈ ਦੇ ਕੇਸ ਵਿਚ ਮੰਗਲ ਸੰਘੇੜਾ ਦੋਸ਼ੀ ਕਰਾਰ


**ਯੂਬਾ ਸਿਟੀ (ਬਿਊਰੋ):** ਇਕ ਸਟਰ ਕਾਉਂਟੀ ਅਦਾਲਤ ਨੇ ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਦੀ ਹਦੂਦ ਅੰਦਰ 10 ਨਵੰਬਰ 2012 ਨੂੰ ਦੋ ਧਿਰਾਂ ਵਿਚਾਲੇ ਹੋਈ ਲੜਾਈ ਦੌਰਾਨ ਮੰਗਲ ਸਿੰਘ ਸੰਘੇੜਾ ਨੂੰ ਇਕ ਖਤਰਨਾਕ ਹਥਿਆਰ ਨਾਲ ਹਮਲਾ ਕਰਕੇ ਬਲਬੀਰ ਬੈਂਸ ਨੂੰ ਸਖਤ ਜ਼ਖਮੀ ਕਰਨ ਦਾ ਦੋਸ਼ੀ ਠਹਿਰਾਇਆ ਹੈ। ਬਲਬੀਰ ਸਿੰਘ ਬੈਂਸ (46) ਸਥਾਨਕ ਸਿਖ ਆਗੂ ਤੇ ਇਸ ਗੁਰੂ ਘਰ ਦੇ ਮੋਢੀ ਦੀਦਾਰ ਸਿੰਘ ਬੈਂਸ ਦਾ ਭਤੀਜਾ ਤੇ ਦਿਲਬਾਗ ਸਿੰਘ ਬੈਂਸ ਦਾ ਛੋਟਾ ਪੁੱਤਰ ਹੈ। ਇਸ ਲੜਾਈ ਵਿਚ 30 ਸਾਲਾ ਅਜੈਬ ਮਲ੍ਹੀ ਵੀ ਜ਼ਖਮੀ ਹੋ ਗਿਆ ਸੀ।

ਅਦਾਲਤ ਵਲੋਂ ਸਜਾ ਆਉਂਦੀ 9 ਜਨਵਰੀ ਨੂੰ ਸੁਣਾਈ ਜਾਵੇਗੀ ਅਤੇ ਦੋਸ਼ੀ ਨੂੰ 7 ਸਾਲ ਤਕ ਦੀ ਕੈਦ ਹੋ ਸਕਦੀ ਹੈ।

ਜਿਊਰੀ ਇਸੇ ਹੀ ਕੇਸ ਵਿਚ ਪਰਮਿੰਦਰ ਸਿੰਘ ਕੂਨਰ ਨੂੰ ਅਜੈਬ ਮਲ੍ਹੀ ਉਪਰ ਹਮਲਾ ਕਰਨ ਦੇ ਸਮਾਨ ਦੋਸ਼ ਦੇ ਮਾਮਲੇ ਵਿਚ ਕਿਸੇ ਫੈਸਲੇ ਉਤੇ ਨਹੀਂ ਪਹੁੰਚ ਸਕੀ। ਕੂਨਰ ਦੀ ਅਦਾਲਤ 'ਚ ਅਗਲੀ ਪੇਸ਼ੀ 17 ਦਸੰਬਰ ਨੂੰ 1:30 ਵਜੇ ਹੈ। ਇਸ ਪੇਸ਼ੀ ਸਮੇਂ ਟਰਾਇਲ ਦੀ ਤਾਰੀਖ ਮਿਥੀ ਜਾਏਗੀ ਜਾਂ ਕੇਸ ਰੱਦ ਕਰ ਦਿਤਾ ਜਾਏਗਾ।

ਜਿਊਰੀ ਨੇ 12 ਨਵੰਬਰ ਨੂੰ ਬਾਅਦ ਦੁਪਹਿਰ 2:45 ਅੰਤਿਮ ਬਹਿਸ ਦੀ ਸੁਣਵਾਈ ਉਪਰੰਤ ਵਿਚਾਰ-ਵਟਾਂਦਰੇ ਪਿਛੋਂ 4:45 'ਤੇ ਫੈਸਲੇ ਦਾ ਐਲਾਨ ਕੀਤਾ।

ਜ਼ਿਕਰਯੋਗ ਹੈ ਕਿ 10 ਨਵੰਬਰ 2012 ਨੂੰ ਹੋਈ ਇਸ ਲੜਾਈ ਦੌਰਾਨ ਡਾਂਗਾਂ-ਸੋਟਿਆਂ, ਬੇਲਚਿਆਂ, ਖੁਰਚਣਿਆਂ ਅਤੇ ਚਾਕੂਆਂ ਦੀ ਖੁੱਲ੍ਹ ਕੇ ਵਰਤੋਂ ਹੋਈ ਸੀ। ਝਗੜਾ ਪ੍ਰਬੰਧਕੀ ਬੋਰਡ ਦੇ ਦੋ ਧੜਿਆਂ ਵਿਚਾਲੇ ਨਿਰੰਤਰ ਵਧ ਰਹੀ ਕਸ਼ੀਦਗੀ ਦਾ ਨਤੀਜਾ ਸੀ। ਅਦਾਲਤੀ ਹੁਕਮਾਂ 'ਤੇ 2008 ਵਿਚ ਹੋਈਆਂ ਚੋਣਾਂ ਵਿਚ ਦੀਦਾਰ ਸਿੰਘ ਬੈਂਸ ਵਾਲਾ ਧੜਾ 47 ਸਾਲ ਪ੍ਰਬੰਧਕੀ ਬੋਰਡ ਉਪਰ ਕਾਬਜ਼ ਰਹਿਣ ਪਿਛੋਂ ਚੋਣਾਂ ਹਾਰ ਗਿਆ ਸੀ। ਮੌਜੂਦਾ ਬਹੁਗਿਣਤੀ ਧੜੇ ਨੇ ਆਪਣੀ ਮਿਆਦ 2 ਸਾਲ ਤੋਂ ਵਧਾ ਕੇ 6 ਸਾਲ ਕਰ ਲਈ ਸੀ।



*ਮੰਗਲ ਸਿੰਘ ਸੰਘੇੜਾ*

ਵਿਰੋਧੀ ਧਿਰ ਦੀ ਮੰਗ ਸੀ ਕਿ ਗੁਰੂ ਘਰ ਦੇ ਮੈਂਬਰਾਂ ਦੀ ਮੀਟਿੰਗ ਹੋਵੇ ਜਿਸ ਵਿਚ ਵੋਟਾਂ ਪਾ ਕੇ ਇਹ ਫੈਸਲਾ ਕੀਤਾ ਜਾਵੇ ਕਿ ਚੋਣਾਂ ਅੱਗੇ ਪਾਈਆਂ ਜਾਣ ਜਾਂ ਨਾ। 10 ਨਵੰਬਰ 2010 ਦੀ ਮੀਟਿੰਗ ਇਕ ਮੈਂਬਰਸ਼ਿਪ ਮੀਟਿੰਗ ਬੁਲਾਏ ਜਾਣ ਦੀ ਮੰਗ 'ਤੇ ਵਿਚਾਰ ਕਰਨ ਲਈ ਬੁਲਾਈ ਗਈ ਸੀ। ਸੰਘੇੜਾ ਇਸ ਮੀਟਿੰਗ ਵਿਚ ਇਕ ਡਾਇਰੈਕਟਰ ਵਜੋਂ ਸ਼ਾਮਲ ਹੋਇਆ ਸੀ।

ਇਹ ਵੀ ਜ਼ਿਕਰਯੋਗ ਹੈ ਕਿ ਘੱਟਗਿਣਤੀ ਬੋਰਡ ਮੈਂਬਰਾਂ ਨੇ ਸਟਰ ਕਾਉਂਟੀ ਸੁਪੀਰੀਅਰ ਕੋਰਟ ਵਿਚ ਇਕ ਦੀਵਾਨੀ ਕੇਸ ਵੀ ਦਾਇਰ ਕੀਤਾ ਹੈ ਜਿਸ ਵਿਚ ਅਦਾਲਤ ਤੋਂ ਆਮ ਮੈਂਬਰਸ਼ਿਪ ਰਾਹੀਂ ਚੋਣ ਕਰਵਾਏ ਜਾਣ ਦਾ ਹੁਕਮ ਜਾਰੀ ਕੀਤੇ ਜਾਣ ਦੀ ਮੰਗ ਕੀਤੀ ਹੈ। ਜੱਜ ਬਰਾਇਨ ਐਰਨਸਨ, ਜਿਸ ਨੇ ਫੌਜਦਾਰੀ ਕੇਸ ਦੀ ਸੁਣਵਾਈ ਦੀ ਨਿਗਰਾਨੀ ਕੀਤੀ, ਵਲੋਂ ਹੀ ਆਉਂਦੀ 4 ਦਸੰਬਰ ਨੂੰ ਦੀਵਾਨੀ ਕੇਸ ਦੀ ਅੰਤਿਮ ਸੁਣਵਾਈ ਕੀਤੀ ਜਾਏਗੀ।

## ਗੁਜਰਾਤ ਦੰਗਿਆਂ ਬਾਰੇ ਰਿਪੋਰਟ ਪੇਸ਼

**ਗਾਂਧੀਨਗਰ:** 12 ਸਾਲਾਂ ਮਗਰੋਂ ਜਸਟਿਸ ਨਾਨਾਵਟੀ ਕਮਿਸ਼ਨ ਨੇ 2002 ਵਿਚ ਹੋਏ ਗੁਜਰਾਤ ਦੰਗਿਆਂ ਬਾਰੇ ਆਪਣੀ ਜਾਂਚ ਰਿਪੋਰਟ ਮੁੱਖ ਮੰਤਰੀ ਅਨੰਦੀਬੇਨ ਪਟੇਲ ਨੂੰ ਸੌਂਪ ਦਿੱਤੀ ਹੈ। ਜਸਟਿਸ ਨਾਨਾਵਟੀ ਨੇ ਦੱਸਿਆ ਕਿ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਗਈ ਹੈ ਜੋ 2000 ਤੋਂ ਵੱਧ ਸਫਿਆਂ ਦੀ ਹੈ। ਉਂਜ ਉਨ੍ਹਾਂ ਇਸ ਬਾਰੇ ਹੋਰ ਵੇਰਵੇ ਦੇਣ ਤੋਂ ਮਨ੍ਹਾ ਕਰ ਦਿੱਤਾ। ਮੁੱਖ ਮੰਤਰੀ ਦੇ ਦਫਤਰ ਦੇ ਅਧਿਕਾਰੀਆਂ ਨੇ ਦੱਸਿਆ ਕਿ ਕਮਿਸ਼ਨ ਦੇ ਮੈਂਬਰ ਜਸਟਿਸ ਜੀ.ਟੀ. ਨਾਨਾਵਟੀ ਅਤੇ ਹਾਈ ਕੋਰਟ ਦੇ ਸੇਵਾ ਮੁਕਤ ਜਸਟਿਸ ਅਕਸ਼ੈ ਮਹਿਤਾ ਮੁੱਖ ਮੰਤਰੀ ਅਨੰਦੀਬੇਨ ਪਟੇਲ ਦੇ ਨਿਵਾਸ ਸਥਾਨ 'ਤੇ ਪੁੱਜੇ ਅਤੇ ਉਨ੍ਹਾਂ ਨੂੰ ਰਿਪੋਰਟ ਸੌਂਪੀ।

## ਭਾਰਤ 'ਚ ਈਬੋਲਾ ਦਾ ਪਹਿਲਾ ਕੇਸ ਸਾਹਮਣੇ ਆਇਆ

**ਨਵੀਂ ਦਿੱਲੀ:** ਭਾਰਤ ਵਿਚ ਈਬੋਲਾ ਦੇ ਪਹਿਲੇ ਮਰੀਜ਼ ਦੀ ਸ਼ਨਾਖ਼ਤ ਹੋਈ ਹੈ। 26 ਸਾਲ ਦਾ ਇਹ ਨੌਜਵਾਨ 10 ਨਵੰਬਰ ਨੂੰ ਲਾਇਬੇਰੀਆ ਤੋਂ ਪਰਤਿਆ ਹੈ। ਹੁਣ ਉਸ ਨੂੰ ਹੋਰ ਮਰੀਜ਼ਾਂ ਨਾਲੋਂ ਵੱਖ ਰੱਖ ਕੇ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ।

## 'ਉਮਰਾਂ ਲੰਘੀਆਂ ਪੱਬਾਂ ਭਾਰ' ਦਾ ਮੰਚਨ 20 ਦਸੰਬਰ ਨੂੰ

**ਸੈਨ ਹੋਜ਼ੇ (ਅਸ਼ੋਕ ਭੌਰਾ):** ਪੰਜਾਬ ਲੋਕ ਰੰਗ ਵਲੋਂ ਨਾਟਕ 'ਉਮਰਾਂ ਲੰਘੀਆਂ ਪੱਬਾਂ ਭਾਰ' ਦਾ ਮੰਚਨ 20 ਦਸੰਬਰ, ਸਨਿਚਰਵਾਰ ਨੂੰ ਸੈਨ ਹੋਜ਼ੇ ਦੇ ਐਵਰ ਗ੍ਰੀਨ ਪਬਲਿਕ ਸਕੂਲ (1138 ਕੁੰਭੀ ਰੋਡ) ਦੇ ਪਰਫਾਰਮਿੰਗ ਥੀਏਟਰ ਵਿਚ ਕੀਤਾ ਜਾਵੇਗਾ। ਪਿਛਲੇ ਦਿਨੀਂ ਯੂਨੀਅਨ ਸਿਟੀ ਵਿਚ ਖੇਡੇ ਨਾਟਕ ਦਾ ਸ਼ੋਅ ਸੋਲਡ ਆਊਟ ਹੋ ਜਾਣ ਕਾਰਨ ਬਹੁਤ ਸਾਰੇ ਪਰਿਵਾਰ ਨਾਟਕ ਦੇਖੇ ਬਿਨਾਂ ਨਿਰਾਸ਼ ਪਰਤੇ ਸਨ।

ਨਾਟਕ ਦੇ ਮੁੱਖ ਪ੍ਰਬੰਧਕ ਪਾਲੀ ਧਨੌਲਾ ਨੇ ਕਿਹਾ ਕਿ ਸੁਰਿੰਦਰ ਧਨੋਆ ਦਾ ਆਪਣਾ ਲਿਖਿਆ, ਨਿਰਦੇਸ਼ਤ ਕੀਤਾ ਇਹ ਨਾਟਕ ਘਰ ਘਰ ਦੀ ਕਹਾਣੀ ਪੇਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਨਾਟਕ ਵੇਖਣ ਦੇ ਚਾਹਵਾਨ ਪਹਿਲਾਂ ਹੀ ਟਿਕਟਾਂ ਦਾ ਪ੍ਰਬੰਧ ਕਰ ਲੈਣ। ਹੋਰ ਜਾਣਕਾਰੀ ਲਈ ਫੋਨ 408-661-5879 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਕੰਨਿਆ ਦੀ ਲੋੜ

ਜੱਟ ਸਿੱਖ, ਉਮਰ 24 ਸਾਲ, ਕੱਦ 5'-8", ਪ੍ਰਾਈਵੇਟ ਕੰਪਨੀ ਵਿਚ ਕੰਮ ਕਰਦੇ, ਗਰੀਨ ਕਾਰਡ ਹੋਲਡਰ ਲੜਕੇ ਲਈ ਅਮਰੀਕਾ ਜਾਂ ਕੈਨੇਡਾ ਰਹਿੰਦੇ ਜੱਟ ਸਿੱਖ ਵੈਸ਼ਨੂੰ ਪਰਿਵਾਰ ਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਪਰਿਵਾਰ (ਇਕ ਭਰਾ ਤੇ ਮਾਪੇ) ਅਮਰੀਕਾ ਵਿਚ ਹਨ। ਸੰਪਰਕ ਕਰੋ, ਫੋਨ: 917-200-2534

*45-48*

ਜੱਟ ਸਿੱਖ, ਉਮਰ 25 ਸਾਲ, ਕੱਦ 5'-6", ਇੰਗਲੈਂਡ ਤੋਂ ਸਿੱਖਿਆ ਪ੍ਰਾਪਤ, ਹਾਰਡਵੇਅਰ ਇੰਜੀਨੀਅਰਿੰਗ ਡਿਪਲੋਮਾ, ਪਰਿਵਾਰ ਨਾਲ ਰਹਿ ਰਹੇ ਅਤੇ ਆਪਣਾ ਗੈਸ ਸਟੇਸ਼ਨ ਚਲਾ ਰਹੇ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: 317-250-2428

*44-47*

### ਵਰ ਦੀ ਲੋੜ

ਪੰਜਾਬ (ਇੰਡੀਆ) ਤੋਂ ਟੂਰਿਸਟ ਵੀਜ਼ੇ 'ਤੇ ਆਈ ਐਮ.ਏ., ਬੀ ਐਡ ਪਾਸ, ਉਮਰ 38 ਸਾਲ, 5'-2", ਤਲਾਕਸ਼ੁਦਾ, ਬਿਨਾ ਬੱਚੇ ਤੋਂ, ਨਿਊ ਯਾਰਕ ਰਹਿੰਦੀ ਲੜਕੀ ਲਈ ਨਿਊ ਯਾਰਕ ਰਹਿੰਦੇ ਯੋਗ ਵਰ ਦੀ ਤਲਾਸ਼ ਹੈ। ਸੰਪਰਕ ਕਰੋ, ਫੋਨ: 347-545-8099

*44-47*

ਜੱਟ ਸਿੱਖ 24 ਸਾਲ, 5'-5", ਇੰਡੀਆ ਰਹਿੰਦੀ ਬੀ ਏ, ਐਮ.ਐਸ-ਸੀ ਅਤੇ ਐਮ ਸੀ ਏ ਲੜਕੀ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਕੁੜੀ ਦਾ ਇਕ ਮਾਮਾ ਤੇ ਦੋ ਮਾਸੀਆਂ ਅਮਰੀਕਾ ਵਿਚ ਹਨ ਜੋ ਮਦਦ ਕਰਨਗੇ। ਸੰਪਰਕ ਕਰੋ, ਫੋਨ: 219-671-3442


LAW OFFICE OF NIRWAN & ASSOCIATES



Jagdip S. Nirwan

SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION



TRI-VALLEY SIKH CENTER (TVSC)
GURDWARA LIVERMORE CA
Ph: 925-364-4125
trivalleysikhcenter@gmail.com

ਗ੍ਰੰਥੀ ਸਿੰਘ/ਕੀਰਤਨੀ ਜਥੇ ਦੀ ਲੋੜ ਹੈ

ਗੁਰਦੁਆਰਾ ਟਰਾਈ ਵੈਲੀ ਸਿੱਖ ਸੈਂਟਰ ਲਿਵਰਮੋਰ, ਕੈਲੀਫੋਰਨੀਆ ਲਈ ਗ੍ਰੰਥੀ ਸਿੰਘ/ਕੀਰਤਨੀ ਜਥੇ ਦੀ ਲੋੜ ਹੈ ਜੋ ਨਵੀਂ ਅਤੇ ਪੁਰਾਣੀ ਪੀੜੀ ਲਈ ਗੁਰਮਤਿ ਅਤੇ ਗੁਰਸਿੱਖੀ ਦਾ ਰੋਲ ਮਾਡਲ ਬਣੇ।

ਆਪਣੀਆਂ ਦਰਖਾਸਤਾਂ ਹੇਠ ਲਿਖੇ ਪਤੇ 'ਤੇ ਭੇਜੋ:
Jarnail Singh Ghumman
3059 Montevideo Dr., San Ramon, CA 94583
Ph. (925)-895-2671
ghumman5000@yahoo.com



ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



Gas Stations For Sale or Lease
*in Oshkosh, WI*

ਗੈਸ ਸਟੇਸ਼ਨ ਵਿਕਾਊ ਹਨ

ਤਿੰਨ ਨੇਮ-ਬਰਾਂਡ ਗੈਸ ਸਟੇਸ਼ਨ ਵਿਸਕਾਨਸਿਨ ਦੇ ਓਸ਼ਕੋਸ਼ ਇਲਾਕੇ ਵਿਚ ਸੇਲ ਜਾਂ ਲੀਜ਼ ਲਈ ਉਪਲਬਧ ਹਨ।

ਚਾਹਵਾਨ ਸੱਜਣ ਸੰਪਰਕ ਕਰਨ
ਸੈਮ, ਫੋਨ: 920-427-9376
44-47



FARMERS INSURANCE GROUP
Symbol of Superior Service
FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com




Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਮੱਧ ਪ੍ਰਦੇਸ਼ ਵਿਚ ਗਦਰੀ ਕਰਤਾਰ ਸਿੰਘ ਸਰਾਭਾ ਦੀ ਯਾਦ ਵਿਚ ਸਮਾਗਮ

**ਦੇਵਾਸ (ਮੱਧ ਪ੍ਰਦੇਸ਼):** ਗਦਰੀ ਨੌਜਵਾਨ ਕਰਤਾਰ ਸਿੰਘ ਸਰਾਭਾ ਜਿਸ ਨੂੰ ਅੰਗਰੇਜ਼ ਹਾਕਮਾਂ ਨੇ 16 ਨਵੰਬਰ 1915 ਨੂੰ ਫਾਂਸੀ ਦੇ ਦਿੱਤੀ ਸੀ, ਨੂੰ ਪੰਜਾਬ ਸਰਕਾਰ ਨੇ ਭਾਵੇਂ ਭੁਲਾ ਦਿੱਤਾ ਹੈ, ਪਰ ਮੱਧ ਪ੍ਰਦੇਸ਼ ਵਿਚ ਇਸ ਨਾਇਕ ਦੀ ਯਾਦ ਵਿਚ ਵੱਡੇ ਪੱਧਰ ਉਤੇ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਮੱਧ ਪ੍ਰਦੇਸ਼ ਦੇ ਸ਼ਹਿਰ ਦੇਵਾਸ ਵਿਚ ਕੀਤਾ ਗਿਆ ਜਿਸ ਵਿਚ ਤਕਰੀਬਨ 20 ਸਕੂਲਾਂ-ਕਾਲਜਾਂ ਵੱਲੋਂ ਸ਼ਿਰਕਤ ਕੀਤੀ ਗਈ।

ਗੌਰਤਲਬ ਹੈ ਕਿ ਪੰਜਾਬ ਸਰਕਾਰ ਨੇ ਇਸ ਬਾਰ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ ਦਿਨ ਮਨਾਇਆ ਹੀ ਨਹੀਂ। ਜਿਸ ਵਕਤ ਸ਼ਹੀਦ ਸਰਾਭਾ ਨੂੰ ਫਾਂਸੀ ਦਿੱਤੀ ਗਈ, ਉਸ ਦੀ ਉਮਰ ਮਹਿਜ਼ 19 ਸਾਲ ਸੀ। ਸ਼ਹੀਦ ਭਗਤ ਸਿੰਘ ਉਸ ਨੂੰ ਆਪਣਾ ਸਿਆਸੀ ਗੁਰੂ ਮੰਨਦੇ ਸਨ। ਸਰਾਭਾ ਦਾ ਜਨਮ 1896 ਨੂੰ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ ਅਤੇ ਉਨ੍ਹਾਂ



ਅਮਰੀਕਾ ਵਿਚ ਗਦਰ ਲਹਿਰ ਦਾ ਮੁੱਢ ਬੰਨ੍ਹਣ ਵਿਚ ਅਹਿਮ ਭੂਮਿਕਾ ਨਿਭਾਈ ਸੀ।

ਦੇਵਾਸ ਵਿਚ ਜਿਹੜਾ ਪ੍ਰੋਗਰਾਮ ਕਰਵਾਇਆ ਗਿਆ, ਉਹ ਇੰਦੌਰ ਦੀ ਸੰਸਥਾ 'ਐਲਾਨ-ਏ-ਇਨਕਲਾਬ' ਦੀ ਅਗਵਾਈ ਵਿਚ ਕੀਤਾ ਗਿਆ ਅਤੇ ਇਸ ਸਮਾਗਮ ਲਈ ਪ੍ਰਾਈਵੇਟ ਸਕੂਲਾਂ ਨੇ ਭਰਵੀਂ ਮੱਦਦ ਕੀਤੀ। ਸਮਾਗਮ ਦੌਰਾਨ ਸ਼ਹੀਦ ਸਰਾਭਾ ਅਤੇ ਉਸ ਦੇ ਸਾਥੀ ਵਿਸ਼ਨੂ ਗਣੇਸ਼ ਪਿੰਗਲੇ ਨੂੰ ਯਾਦ ਕੀਤਾ ਗਿਆ।

ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾ ਇਕੱਠੀਆਂ ਕਰਨ ਵਾਲੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਜੋ ਜਮੂਹਰੀ ਅਧਿਕਾਰ ਸਭਾ ਦੇ ਪੰਜਾਬ ਦੇ ਜਨਰਲ ਸਕੱਤਰ ਵੀ ਹਨ, ਨੇ ਕਿਹਾ ਕਿ ਦੇਵਾਸ ਵਾਲਾ ਸਮਾਗਮ ਇਸ ਕਰ ਕੇ ਵੀ ਚੰਗਾ ਸੀ ਕਿਉਂਕਿ ਪ੍ਰਬੰਧਕਾਂ ਨੇ ਬੱਚਿਆਂ ਨੂੰ ਸ਼ਹੀਦਾਂ ਬਾਰੇ ਬਾਕਾਇਦਾ ਸੁਚੇਤ ਕੀਤਾ। ਬੱਚਿਆਂ ਨੂੰ ਪਹਿਲਾਂ ਸਵਾਲ ਭੇਜੇ ਗਏ ਅਤੇ ਇਨ੍ਹਾਂ ਵਿਚੋਂ 27 ਸਵਾਲਾਂ ਉਤੇ ਸਮਾਗਮ ਦੌਰਾਨ ਚਰਚਾ ਕੀਤੀ ਗਈ।

## ਆਈ.ਐਸ. ਅਤਿਵਾਦੀਆਂ ਨੇ ਸਿਗਰਟ ਪੀਣ ਵਾਲਿਆਂ ਦੀਆਂ ਉਂਗਲਾਂ ਕੱਟੀਆਂ

**ਵਾਸ਼ਿੰਗਟਨ:** ਇਸਲਾਮਿਕ ਸਟੇਟ (ਆਈ.ਐਸ.) ਦੇ ਅਤਿਵਾਦੀਆਂ ਵੱਲੋਂ ਸੀਰੀਆ ਵਿਚ ਆਪਣੇ ਪ੍ਰਭਾਵ ਵਾਲੇ ਇਲਾਕਿਆਂ ਵਿਚ ਸਿਗਰਟ ਪੀਣ ਵਾਲਿਆਂ ਦੀਆਂ ਉਂਗਲਾਂ ਕੱਟਣ ਤੇ ਟੈਟੂ ਬਣਾਉਣ ਵਾਲਿਆਂ 'ਤੇ ਸ਼ਰੇਆਮ ਕੋੜੇ ਵਰਸਾਉਣ ਦਾ ਇਕ ਨਵਾਂ ਅਪਰਾਧ ਸਾਹਮਣੇ ਆਇਆ ਹੈ।

ਸੰਯੁਕਤ ਰਾਸ਼ਟਰ ਦੇ ਸੀਰੀਆ ਬਾਰੇ ਜਾਂਚ ਕਰਨ ਵਾਲੇ ਸੁਤੰਤਰ ਅੰਤਰਰਾਸ਼ਟਰੀ ਕਮਿਸ਼ਨ ਨੇ 300 ਪੇਜਾਂ ਦੀ ਤਾਜ਼ਾ ਰਿਪੋਰਟ ਜਾਰੀ ਕੀਤੀ ਹੈ। ਰੀਪੋਰਟ ਵਿਚ ਸੀਰੀਆ ਦੇ ਪ੍ਰਭਾਵ ਵਾਲੇ ਇਲਾਕਿਆਂ ਵਿਚ ਆਈ.ਐਸ. ਦੇ ਬਲਾਤਕਾਰ, ਹੱਤਿਆ ਤੇ ਬੰਦੀ ਬਣਾ ਕੇ ਰੱਖੇ ਗਏ ਲੋਕਾਂ ਦੇ ਸਰੀਰਕ ਸ਼ੋਸ਼ਣ ਤੋਂ ਇਲਾਵਾ ਘੱਟ ਸਾਹਮਣੇ ਆਈਆਂ ਘਟਨਾਵਾਂ ਦਾ ਖੁਲਾਸਾ ਕੀਤਾ ਗਿਆ ਹੈ।

## ਵਿਦੇਸ਼ੀ ਹਥਿਆਰਾਂ ਦੇ ਕੇਸ 'ਚ ਭਾਜਪਾ ਆਗੂ ਦੀ ਜ਼ਮਾਨਤ ਅਰਜ਼ੀ ਰੱਦ

**ਫਰੀਦਕੋਟ:** ਵਧੀਕ ਸੈਸ਼ਨ ਜੱਜ ਕਰਨੈਲ ਸਿੰਘ ਨੇ ਭਾਜਪਾ ਆਗੂ ਗੁਰਤੇਜ ਸਿੰਘ ਪੰਨੂ ਅਤੇ ਅਮਰ ਗੰਨ ਹਾਊਸ ਅਬੋਹਰ ਦੇ ਮਾਲਕ ਅਮਰ ਲਾਲ ਸੇਤੀਆ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ। ਇਹ ਦੋਵੇਂ ਜਣੇ ਫ਼ਰੀਦਕੋਟ ਪੁਲਿਸ ਨੂੰ ਵਿਦੇਸ਼ੀ ਹਥਿਆਰਾਂ ਦੀ ਤਸਕਰੀ ਦੇ ਮਾਮਲੇ ਵਿਚ ਲੋੜੀਂਦੇ ਸਨ। ਦੱਸਣਯੋਗ ਹੈ ਕਿ ਫ਼ਰੀਦਕੋਟ ਪੁਲਿਸ ਨੇ 18 ਅਕਤੂਬਰ ਨੂੰ ਐਫ.ਆਈ.ਆਰ. ਨੰਬਰ 246 ਦਰਜ ਕੀਤੀ ਸੀ ਜਿਸ ਵਿਚ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਪੰਜਾਬ ਦੇ ਕੁਝ ਗੰਨ ਹਾਊਸ ਅਤੇ ਕੁਝ ਗੈਂਗਸਟਰ ਵਿਦੇਸ਼ਾਂ ਵਿਚੋਂ ਹਥਿਆਰ ਲਿਆ ਕੇ ਉਨ੍ਹਾਂ ਨੂੰ ਫਰਜ਼ੀ ਦਸਤਾਵੇਜ਼ਾਂ ਦੇ ਆਧਾਰ 'ਤੇ ਪੰਜਾਬ ਵਿਚ ਮਹਿੰਗੇ ਭਾਅ ਵੇਚਦੇ ਹਨ। ਪੁਲਿਸ ਨੇ ਇਸ ਮਾਮਲੇ ਵਿਚ ਪੰਜ ਕਰੋੜ ਦੀ ਕੀਮਤ ਦੇ ਦੋ ਦਰਜਨ ਵਿਦੇਸ਼ੀ ਹਥਿਆਰ ਵੱਖ-ਵੱਖ ਵਿਅਕਤੀਆਂ ਤੋਂ ਬਰਾਮਦ ਕਰਨ ਦਾ ਦਾਅਵਾ ਵੀ ਕੀਤਾ ਹੈ। ਪੁਲਿਸ ਅਨੁਸਾਰ ਗੁਰਤੇਜ ਸਿੰਘ ਪੰਨੂ ਕੋਲ ਵੀ ਵਿਦੇਸ਼ੀ ਹਥਿਆਰ ਹਨ ਅਤੇ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਚੰਡੀਗੜ੍ਹ ਵਿਚ ਛਾਪੇ ਮਾਰੇ ਸਨ, ਪਰ ਉਹਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਿਆ।

## ਪਾਕਿਸਤਾਨ ਵਿਚ ਵਿਸ਼ਵ ਸਿੱਖ ਕਨਵੈਨਸ਼ਨ ਹੋਰ ਅੱਗੇ ਪਈ


**ਅੰਮ੍ਰਿਤਸਰ:** ਪਾਕਿਸਤਾਨ ਵਿਚ ਨਾਨਕਸ਼ਾਹੀ ਕੈਲੰਡਰ ਵਿਵਾਦ ਨੂੰ ਵਿਚਾਰਨ ਲਈ ਹੋਣ ਵਾਲੀ ਪ੍ਰਸਤਾਵਿਤ ਵਿਸ਼ਵ ਸਿੱਖ ਕਨਵੈਨਸ਼ਨ ਠੰਢੇ ਬਸਤੇ ਵਿਚ ਪੈ ਗਈ ਹੈ। ਪੀ.ਜੀ.ਪੀ.ਸੀ. ਵੱਲੋਂ ਵਿਦੇਸ਼ ਦੀਆਂ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਨਾਨਕਸ਼ਾਹੀ ਕੈਲੰਡਰ ਵਿਵਾਦ ਨੂੰ ਵਿਚਾਰਨ ਲਈ ਵਿਸ਼ਵ ਸਿੱਖ ਕਨਵੈਨਸ਼ਨ ਸੱਦਣ ਦਾ ਫ਼ੈਸਲਾ ਕੀਤਾ ਗਿਆ ਸੀ। ਪਹਿਲਾਂ ਇਹ ਕਨਵੈਨਸ਼ਨ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਸੱਦੀ ਗਈ ਸੀ, ਜਿਸ ਨੂੰ ਬਦਲ ਕੇ ਇਹ ਕਨਵੈਨਸ਼ਨ 11 ਜਾਂ 12 ਨਵੰਬਰ ਨੂੰ ਸੱਦਣ ਦਾ ਫ਼ੈਸਲਾ ਹੋਇਆ ਸੀ। ਹੁਣ ਇਸ ਕਨਵੈਨਸ਼ਨ ਨੂੰ ਹੋਰ ਅਗਾਂਹ ਪਾ ਦਿੱਤਾ ਗਿਆ ਹੈ।

ਪੀ.ਜੀ.ਪੀ.ਸੀ. ਦੇ ਮੈਂਬਰ ਗੋਪਾਲ ਸਿੰਘ ਨੇ ਆਖਿਆ ਕਿ ਪ੍ਰਧਾਨ ਦੀ ਚੋਣ ਤੋਂ ਬਾਅਦ ਹੀ ਵਿਸ਼ਵ ਸਿੱਖ ਕਨਵੈਨਸ਼ਨ ਬਾਰੇ ਫ਼ੈਸਲਾ ਹੋਵੇਗਾ। ਇਸ ਬਾਰੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਆਖਿਆ ਕਿ ਕਨਵੈਨਸ਼ਨ ਨੂੰ ਗੁਰਪੁਰਬ ਨੂੰ ਪਾਸੇ ਕਰਕੇ ਨਹੀਂ ਕੀਤਾ ਜਾ ਸਕਦਾ ਸੀ, ਇਸ ਲਈ ਇਸ ਦੀ ਤਰੀਕ ਬਾਅਦ ਵਿਚ ਤੈਅ ਹੋਵੇਗੀ। ਉਨ੍ਹਾਂ ਕਿਹਾ ਕਿ ਕਨਵੈਨਸ਼ਨ ਲਈ ਵਿਸ਼ਵ ਦੀਆਂ ਸਮੂਹ ਸਿੱਖ ਜਥੇਬੰਦੀਆਂ ਨੂੰ ਸੱਦਾ ਦਿੱਤਾ ਜਾਵੇਗਾ, ਜਿਨ੍ਹਾਂ ਵਿਚ ਪੰਜ ਜਥੇਦਾਰ, ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਵੀ ਸ਼ਾਮਲ ਹੋਵੇਗੀ। ਨਾਨਕਸ਼ਾਹੀ ਕੈਲੰਡਰ ਮਾਮਲੇ ਵਿਚ ਭਾਵੇਂ ਸ਼੍ਰੋਮਣੀ ਕਮੇਟੀ ਨਾਲ ਮਤਭੇਦ ਹਨ ਪਰ ਇਸ ਮਾਮਲੇ ਨੂੰ ਵਿਚਾਰਨ ਲਈ ਸ਼੍ਰੋਮਣੀ ਕਮੇਟੀ ਨੂੰ ਜ਼ਰੂਰ ਸੱਦਾ ਦਿੱਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਪੀ.ਜੀ.ਪੀ.ਸੀ. ਵੱਲੋਂ ਹੁਣ ਤੱਕ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ ਗੁਰਪੁਰਬ ਤੇ ਹੋਰ ਦਿਨ ਤਿਉਹਾਰ ਮਨਾਏ ਜਾ ਰਹੇ ਹਨ। ਉਸ ਨੇ ਜਨਵਰੀ 2010 ਵਿਚ ਸੋਧੇ ਗਏ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨਗੀ ਨਹੀਂ ਦਿੱਤੀ ਸੀ, ਜਿਸ ਕਾਰਨ ਕਈ ਗੁਰਪੁਰਬਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਤੇ ਪੀ.ਜੀ.ਪੀ.ਸੀ. ਵਿਚਾਲੇ ਮਤਭੇਦ ਹਨ, ਖਾਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਬਾਰੇ ਵਧੇਰੇ ਵਿਵਾਦ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਹ ਸ਼ਹੀਦੀ ਦਿਹਾੜਾ ਸੋਧੇ ਹੋਏ ਕੈਲੰਡਰ ਅਨੁਸਾਰ ਮਨਾਉਣ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣ ਵਾਸਤੇ ਤਿਆਰੀ ਕੀਤੀ ਜਾਂਦੀ ਹੈ ਪਰ ਪਾਕਿਸਤਾਨ ਸਰਕਾਰ ਵੱਲੋਂ ਇਸ ਮੌਕੇ ਵੀਜ਼ੇ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ।

## ਕਾਦਰੀ ਵੱਲੋਂ ਇਮਰਾਨ ਦੀ ਪਾਰਟੀ ਨਾਲੋਂ ਤੋੜ ਵਿਛੋੜਾ

**ਇਸਲਾਮਾਬਾਦ:** ਪਾਕਿਸਤਾਨ ਅਵਾਮੀ ਤਹਿਰੀਕ (ਪੀ.ਏ.ਟੀ.) ਨੇ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਨਾਲੋਂ ਆਪਣਾ ਰਾਹ ਵੱਖ ਕਰ ਲਿਆ ਹੈ। ਪੀ.ਏ.ਟੀ. ਦੇ ਮੁਖੀ ਤਾਹਿਰ-ਉਲ ਕਾਦਰੀ ਨੇ ਪਾਰਟੀ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਹੜੇ ਲੋਕ ਸਥਿਤੀ ਜਿਉਂ ਦੀ ਤਿਉਂ ਰੱਖਣ ਦੇ ਭਾਈਵਾਲ ਹਨ ਅਤੇ ਭ੍ਰਿਸ਼ਟਾਚਾਰ ਵਿਚ ਸ਼ਾਮਲ ਹਨ, ਉਹ ਉਨ੍ਹਾਂ ਦੇ ਭਾਈਵਾਲ ਨਹੀਂ ਹੋ ਸਕਦੇ। ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀਆਂ ਦੇ ਪ੍ਰੋਗਰਾਮ ਵੱਖੋ-ਵੱਖਰੇ ਹਨ।



ਉਨ੍ਹਾਂ ਦੋਸ਼ ਲਾਇਆ ਕਿ ਮਾਡਲ ਟਾਊਨ ਦੁਖਾਂਤ ਦੀ ਜਾਂਚ ਲਈ ਸਾਂਝੀ ਜਾਂਚ ਟੀਮ ਬਣਾਉਣ ਦੀ ਕਵਾਇਦ ਫਜ਼ੂਲ ਸੀ। ਪੰਜਾਬ ਸਰਕਾਰ ਨੇ ਇਸ ਘਟਨਾ ਬਾਰੇ ਇਕ ਵੀ ਬੰਦਾ ਹਿਰਾਸਤ 'ਚ ਨਹੀਂ ਲਿਆ। ਉਨ੍ਹਾਂ ਫਿਰਕੂ ਨਫ਼ਰਤ ਫੈਲਾਉਣ ਵਾਲਿਆਂ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਅਤੇ ਦਾਅਵਾ ਕੀਤਾ ਕਿ ਕੁਝ ਲੋਕਾਂ ਨੂੰ ਫਾਹੇ ਲਾਉਣ ਤੋਂ ਮਗਰੋਂ ਹੀ ਸਥਿਤੀ ਸੁਧਰ ਸਕਦੀ ਹੈ।

## ਭਾਜਪਾ ਦੀਆਂ ਹੁੱਝਾਂ ਤੋਂ ਡਰ ਗਏ ਅਕਾਲੀ

*(ਸਫਾ ਇਕ ਦੀ ਬਾਕੀ)*

ਇਸ ਰਣਨੀਤੀ ਕਾਰਨ ਅਕਾਲੀ ਦਲ ਪੰਜਾਬ ਵਿਚ 128 ਨਗਰ ਨਿਗਮਾਂ, ਨਗਰ ਪ੍ਰੀਸ਼ਦਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਵੀ ਹੋਰ ਅੱਗੇ ਸਰਕਾਉਣ ਬਾਰੇ ਸੋਚ ਰਿਹਾ ਹੈ। ਹਾਲਾਂਕਿ ਪੰਜਾਬ ਸਰਕਾਰ ਹਾਈਕੋਰਟ ਨੂੰ ਇਹ ਲਿਖਤੀ ਵਚਨ ਦੇ ਚੁੱਕੀ ਹੈ ਕਿ ਇਹ ਚੋਣਾਂ ਦੋ ਦਸੰਬਰ ਤੱਕ ਕਰਵਾ ਦਿੱਤੀਆਂ ਜਾਣਗੀਆਂ। ਅਕਾਲੀ ਦਲ ਨੂੰ ਖਦਸ਼ਾ ਹੈ ਕਿ ਭਾਜਪਾ ਆਗੂ ਇਨ੍ਹਾਂ ਚੋਣਾਂ ਵਿਚ ਵੱਧ ਸੀਟਾਂ ਜਾਂ ਵੱਖ ਚੋਣ ਲੜਨ ਦੀ ਮੰਗ ਕਰਨਗੇ।

ਅਕਾਲੀ ਦਲ ਦੇ ਪ੍ਰਭਾਵ ਤੋਂ ਨਵੇਂ-ਨਵੇਂ ਮੁਕਤ ਹੋਏ ਭਾਜਪਾ ਸਮਰਥਕ ਜਿਥੇ ਹਰਿਆਣਾ ਦੀ ਤਰਜ਼ 'ਤੇ 2017 ਵਿਚ ਨਿੱਜੀ ਸਰਕਾਰ ਦੇ ਸੁਪਨੇ ਵੇਖ ਰਹੇ ਹਨ, ਉਥੇ ਅਕਾਲੀ ਦਲ ਦੀ ਪੰਥਕ ਛਵੀ ਉਤੇ 'ਸੰਘ ਦਾ ਗ੍ਰਹਿਣ' ਸਹਿ ਰਹੇ ਆਮ ਅਕਾਲੀ ਵੀ ਭਾਜਪਾ ਤੋਂ ਖਹਿੜਾ ਛਡਾਉਣ ਦੇ ਰੌਂਅ ਵਿਚ ਹਨ। ਇਸ ਸੂਰਤ ਵਿਚ ਸਿੱਖ ਮੁੱਦਿਆਂ ਨੂੰ ਛੂਹਣ ਦੇ ਬਾਵਜੂਦ ਪੰਜਾਬ ਦੇ ਵੋਟਰ ਕਾਡਰ ਵਿਚ ਅਕਾਲੀਆਂ ਤੋਂ ਬਿਨਾਂ ਸੰਨ੍ਹ ਲਾਉਣਾ ਭਾਜਪਾ ਲਈ ਭਾਵੇਂ ਅਜੇ ਦੂਰ ਦੀ ਕੌਡੀ ਹੈ, ਪਰ ਸਿਆਸੀ ਤਮਾਸ਼ਬੀਨ 'ਅੱਜ ਟੁੱਟਦੀ-ਕੱਲ੍ਹ ਟੁੱਟਦੀ' ਦਾ ਨਜ਼ਾਰਾ ਵੇਖਣ ਲਈ ਉਤਾਵਲੇ ਨਜ਼ਰ ਆ ਰਹੇ ਹਨ। ਪੰਜਾਬ ਵਿਚ ਅਕਾਲੀ ਦਲ ਦਾ ਬਦਲ ਲੱਭਣ ਲਈ ਕੁਝ ਗਰਮਖਿਆਲ ਜਥੇਬੰਦੀਆਂ ਵੱਲੋਂ ਵੀ ਸਿਆਸੀ ਪਿੜ ਵਿਚ ਕੁੱਦਣ ਦੀ ਤਿਆਰੀ ਅਕਾਲੀ ਦਲ ਨੂੰ ਸਤਾ ਰਹੀ ਹੈ। ਅਕਾਲੀ ਦਲ 'ਤੇ ਲਗਾਤਾਰ ਪੰਥਕ ਮੁੱਦਿਆਂ ਤੋਂ ਭੱਜਣ ਦੇ ਦੋਸ਼ ਲੱਗਦੇ ਆ ਰਹੇ ਹਨ। ਭਾਜਪਾ ਇਸ ਮੁੱਦੇ 'ਤੇ ਵੀ ਲੌਂਗੋਵਾਲ ਸਮਝੌਤੇ ਦੀ ਗੱਲ ਕਰ ਕੇ ਅਕਾਲੀ ਦਲ ਨੂੰ ਖੋਖਲਾ ਕਰਨ ਦੀ ਕੋਸ਼ਿਸ਼ ਕਰ ਚੁੱਕੀ ਹੈ। ਭਾਜਪਾ ਦੇ ਆਗੂ ਸਰਕਾਰ ਡੇਗਣ ਦੀ ਗੱਲ ਵੀ ਆਖ ਚੁੱਕੇ ਹਨ। ਭਾਜਪਾ ਦੀਆਂ ਇਨ੍ਹਾਂ ਧਮਕੀਆਂ ਨੂੰ ਅਕਾਲੀ ਦਲ ਅੰਦਰੋਂ-ਅੰਦਰ ਕਾਫੀ ਗੰਭੀਰਤਾ ਨਾਲ ਲੈ ਰਿਹਾ ਹੈ ਤੇ ਸ. ਬਾਦਲ ਅਕਾਲੀ ਆਗੂਆਂ ਨੂੰ ਸਰਕਾਰ ਦੇ ਬਚੇ ਤਕਰੀਬਨ ਢਾਈ ਸਾਲ ਭਾਜਪਾ ਨਾਲ ਔਖੇ-ਸੌਖੇ ਨਿਭਾਉਣ ਦੀ ਨਸੀਹਤ ਦੇ ਰਹੇ ਹਨ। ਇਹੀ ਨਹੀਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਵੀ ਸ. ਬਾਦਲ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਪੁਰਾਣੀ ਪੀੜ੍ਹੀ ਦੀ ਸਾਂਝ ਤਾਂ ਖੂਬ ਨਿਭ ਗਈ ਹੈ, ਪਰ ਨਵੀਂ ਪੀੜ੍ਹੀ ਬਾਰੇ ਹੁਣ ਗੰਭੀਰਤਾ ਨਾਲ ਸੋਚਣਾ ਪੈਣਾ ਹੈ। ਇਨ੍ਹਾਂ ਦੋਹਾਂ ਆਗੂਆਂ ਦਾ ਇਹ ਸਪਸ਼ਟ ਇਸ਼ਾਰਾ ਹੈ ਕਿ ਹੁਣ ਭਾਜਪਾ ਪੰਜਾਬ ਵਿਚ ਅਕਾਲੀ ਦੇ ਹੇਠਾਂ ਲੱਗ ਕੇ ਨਹੀਂ ਚੱਲੇਗੀ।

## ਪੰਜਾਬ 'ਚ ਨਸ਼ਿਆਂ ਦੀ ਗੂੰਜ ਫੌਜ ਤੱਕ ਪੁੱਜੀ

*(ਸਫਾ ਇਕ ਦੀ ਬਾਕੀ)*

ਦੀ ਦਲਦਲ ਵਿਚ ਫਸੇ ਹੋਣ ਦੀ ਗੱਲ ਆਖ ਚੁੱਕੇ ਹਨ ਪਰ ਇਸ ਪਾਸੇ ਕੋਈ ਕਾਰਵਾਈ ਕਰਨ ਦੀ ਜ਼ਰੂਰਤ ਨਹੀਂ ਸਮਝੀ ਗਈ। ਹੁਣ ਕੇਂਦਰ ਵਿਚ ਅਕਾਲੀ ਦਲ ਦੀ ਭਾਈਵਾਲੀ ਵਾਲੀ ਸਰਕਾਰ ਆਉਣ 'ਤੇ ਵੀ ਇਸ ਮੁੱਦੇ ਨੂੰ ਅਣਗੌਲਿਆ ਜਾ ਰਿਹਾ ਹੈ। ਹਾਲਾਂਕਿ ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪੰਜਾਬ ਵਿਚ ਨਸ਼ਿਆਂ ਦੀ ਵੱਡੇ ਪੱਧਰ 'ਤੇ ਵਰਤੋਂ ਦੀ ਗੱਲ ਮੰਨ ਕੇ ਪੰਜਾਬ ਭਾਜਪਾ ਪ੍ਰਧਾਨ ਕਮਲ ਸ਼ਰਮਾ ਨੂੰ ਇਸ ਖ਼ਿਲਾਫ ਮੁਹਿੰਮ ਵਿੱਢਣ ਲਈ ਆਖ ਚੁੱਕੇ ਹਨ ਪਰ ਸਾਰੀ ਗੱਲ ਇਸ ਮੁਹਿੰਮ ਲਈ ਫੰਡਾਂ ਦੀ ਘਾਟ 'ਤੇ ਅੜ ਜਾਂਦੀ ਹੈ।

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

## ਸੰਤ ਹਰਖੋਵਾਲ ਵਾਲਿਆਂ ਦੀ ਬਰਸੀ 'ਤੇ ਸਮਾਗਮ 26 ਨੂੰ

**ਸੈਨ ਹੋਜ਼ੇ (ਬਿਊਰੋ):** ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੀ ਬਰਸੀ ਗੁਰਦੁਆਰਾ ਸੈਨ ਹੋਜ਼ੇ ਵਿਚ ਸਬੰਧਤ ਇਲਾਕੇ ਦੀ ਸੰਗਤ ਵੱਲੋਂ 26 ਨਵੰਬਰ ਨੂੰ ਮਨਾਈ ਜਾ ਰਹੀ ਹੈ।



ਇਸ ਸਬੰਧੀ 24 ਨਵੰਬਰ ਸ਼ਾਮ 5:00 ਵਜੇ ਅਖੰਡ ਸਾਹਿਬ ਅਰੰਭ ਹੋਣਗੇ ਅਤੇ 26 ਨਵੰਬਰ, ਬੁੱਧਵਾਰ ਸ਼ਾਮ ਨੂੰ ਭੋਗ ਪਾਏ ਜਾਣਗੇ। ਇਸ ਸਮੇਂ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਹੋਰ ਜਾਣਕਾਰੀ ਭਾਈ ਸੁਰਜੀਤ ਸਿੰਘ (ਫੋਨ:408-835-8399) ਪਾਸੋਂ ਲਈ ਜਾ ਸਕਦਾ ਹੈ।

## ਦੀਦਾਰ ਸਿੰਘ ਬੈਂਸ ਦਾ ਸਨਮਾਨ

**ਸੈਕਰਾਮੈਂਟੋ:** ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਨੇ ਸਮਾਜ ਲਈ ਪਾਏ ਯੋਗਦਾਨ ਬਦਲੇ ਪ੍ਰਸਿੱਧ ਕਿਸਾਨ ਦੀਦਾਰ ਸਿੰਘ ਬੈਂਸ ਦਾ ਸਨਮਾਨ ਕੀਤਾ। ਯਾਦ ਰਹੇ ਕਿ ਦੀਦਾਰ ਬੈਂਸ 18 ਸਾਲ ਦੀ ਉਮਰੇ 1958 ਵਿਚ ਕੈਲੀਫੋਰਨੀਆ ਪੁੱਜੇ ਸਨ ਤੇ ਅੱਜ ਉਨ੍ਹਾਂ ਦੀ ਗਿਣਤੀ ਧਨਾਢਾਂ ਵਿਚ ਹੁੰਦੀ ਹੈ।



ਸੈਕਰਾਮੈਂਟੋ ਦੇ ਗੁਰਦੁਆਰੇ ਵਿਚ ਸਮਾਗਮ ਦੌਰਾਨ ਸ੍ਰੀ ਬਰਾਊਨ ਨੇ ਸ੍ਰੀ ਬੈਂਸ ਤੇ ਭਾਰਤ ਤੋਂ ਆਏ ਹੋਰ ਪਰਵਾਸੀਆਂ ਦੀ ਪ੍ਰਸ਼ੰਸਾ ਕੀਤੀ।

# ਫਿਲਮ 'ਸੈਕੰਡ ਹੈਂਡ ਹਸਬੈਂਡ' ਦੀ ਸ਼ੂਟਿੰਗ ਸ਼ੁਰੂ

**ਫਰੀਮਾਂਟ (ਬਿਊਰੋ):** ਕੈਲੀਫੋਰਨੀਆ ਰਹਿੰਦੇ ਅਤੇ ਟਰੱਕਿੰਗ ਬਿਜਨਸ ਵਿਚ ਜਾਣੇ-ਪਛਾਣੇ ਗਾਖਲ ਭਰਾਵਾਂ ਦੀ ਇਕ ਹੋਰ ਕੰਪਨੀ 'ਗਾਖਲ ਬ੍ਰਦਰਜ਼ ਐਂਟਰਟੇਨਮੈਂਟ ਪ੍ਰਾਈਵੇਟ ਲਿਮਟਿਡ' ਦੇ ਬੈਨਰ ਹੇਠ ਫਿਲਮ 'ਸੈਕੰਡ ਹੈਂਡ ਹਸਬੈਂਡ' ਦੀ ਸ਼ੂਟਿੰਗ ਸ਼ੁਰੂ ਹੋ ਗਈ ਹੈ। ਇਸ ਫਿਲਮ ਦੇ ਡਾਇਰੈਕਟਰ ਸਮੀਪ ਕੰਗ ਹਨ।




ਫਿਲਮ ਇੰਡਸਟਰੀ ਵਿਚ ਬਤੌਰ ਪ੍ਰੋਡਿਊਸਰ ਪੈਰ ਰੱਖ ਰਹੇ ਗਾਖਲ ਭਰਾਵਾਂ- ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਦਾ ਕਹਿਣਾ ਹੈ ਕਿ ਜਿਵੇਂ ਕਿਸੇ ਸਮੇਂ ਭਾਰਤੀ ਫਿਲਮ ਇੰਡਸਟਰੀ ਵਿਚ 80-85% ਪੰਜਾਬੀ ਹੀਰੋ ਸਨ, ਉਵੇਂ ਕੋਸ਼ਿਸ਼ ਕਰਕੇ ਉਹ ਹਾਲੀਬੁਡ ਤੇ ਬਾਲੀਵੁਡ ਵਿਚ ਪੰਜਾਬੀਆਂ ਦੀ ਚੜ੍ਹਤ ਨੂੰ ਬਹਾਲ ਕਰਨਗੇ ਜਿਸ ਨਾਲ ਸਾਡੇ ਬੱਚਿਆਂ ਲਈ ਆਪਣੀ ਕਲਾ ਨੂੰ ਵਿਕਸਿਤ ਕਰਨ ਦੇ ਹੋਰ ਰਾਹ ਖੁੱਲ੍ਹਣਗੇ।

ਜ਼ਿਕਰਯੋਗ ਹੈ ਕਿ 1987-88 ਵਿਚ ਅਮਰੀਕਾ ਪਰਵਾਸ ਕਰਕੇ ਆਉਣ ਵਾਲੇ ਗਾਖਲ ਭਰਾਵਾਂ ਨੇ ਬਹੁਤ ਥੋੜ੍ਹੇ ਸਮੇਂ ਵਿਚ ਤਰੱਕੀ ਦੀਆਂ ਬੁਲੰਦੀਆਂ ਛੂਹੀਆਂ ਹਨ। ਉਨ੍ਹਾਂ ਆਪਣਾ ਕਾਰੋਬਾਰ ਟਰੱਕ ਡਾਈਵਰੀ ਤੋਂ ਸ਼ੁਰੂ ਕੀਤਾ ਅਤੇ ਫਿਰ ਆਪਣੀ ਟਰੱਕਿੰਗ ਕੰਪਨੀ ਬਣਾ ਕੇ ਅਮਰੀਕਾ ਦੀਆਂ ਨਾਮੀ ਕੰਪਨੀਆਂ ਵਿਚ ਆਪਣਾ ਨਾਂ ਦਰਜ ਕਰਾਇਆ ਹੈ। ਏ ਐਂਡ ਆਈ ਟਰੱਕਿੰਗ ਕੰਪਨੀ ਦੇ ਜਿੱਥੇ 150 ਤੋਂ ਉਪਰ ਟਰੱਕ-ਟਰੇਲਰ ਚੱਲਦੇ ਹਨ, ਉਥੇ ਗੋਲਡ ਜਿਮ ਨਾਂ ਦੇ ਫਰੈਂਚਾਈਜ਼ ਕਸਰਤਖਾਨੇ ਅਮਰੀਕਾ ਅਤੇ ਇੰਡੀਆ ਦੀਆਂ ਕਈ ਲੋਕੇਸ਼ਨਾਂ ਤੋਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਆਪਣੇ ਕਾਰੋਬਾਰ ਦੀ ਭਿੰਨਤਾ ਨੂੰ ਬਰਕਰਾਰ ਰੱਖਦੇ ਹੋਏ ਉਨ੍ਹਾਂ ਨੇ ਹੋਟਲ ਬਿਜਨਸ ਵਿਚ ਵੀ ਪੈਰ ਪਸਾਰੇ ਹਨ ਜੋ ਨਿਊ ਮੈਕਸੀਕੋ ਵਿਖੇ ਸਫਲਤਾ ਪੂਰਬਕ ਚੱਲ ਰਹੇ ਹਨ। ਅਮੋਲਕ ਸਿੰਘ ਗਾਖਲ ਕੈਲੀਫੋਰਨੀਆ ਵਿਚ ਕਬੱਡੀ ਦੇ ਵੱਡੇ ਕੱਪਾਂ ਲਈ ਜਾਣੇ ਜਾਂਦੇ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਵੀ ਹਨ।

## ਜੰਮੂ ਕਸ਼ਮੀਰ ਚੋਣਾਂ ਮੁਲਤਵੀ ਕਰਨ ਬਾਰੇ ਅਪੀਲ ਖਾਰਜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਜੰਮੂ ਕਸ਼ਮੀਰ ਅਵਾਮੀ ਨੈਸ਼ਨਲ ਕਾਨਫਰੰਸ ਵੱਲੋਂ ਵਿਧਾਨ ਸਭਾ ਚੋਣਾਂ ਮੁਲਤਵੀ ਕਰਨ ਬਾਰੇ ਕੀਤੀ ਅਪੀਲ ਖਾਰਜ ਕਰ ਦਿੱਤੀ ਹੈ। ਬੈਂਚ ਨੇ ਕਿਹਾ ਕਿ ਹੜ੍ਹਾਂ ਦੇ ਸਿਲਸਿਲੇ ਵਿਚ ਸੂਬੇ ਵਿਚ ਮੁੜ ਵਸੇਬੇ ਤੇ ਰਾਹਤ ਕਾਰਜ ਚੱਲ ਰਹੇ ਹਨ। ਇਸ ਲਈ ਇਸ ਆਧਾਰ ਉਤੇ ਚੋਣ ਕਮਿਸ਼ਨ ਨੂੰ ਚੋਣਾਂ ਮੁਲਤਵੀ ਕਰਨ ਲਈ ਨਹੀਂ ਕਿਹਾ ਜਾ ਸਕਦਾ। ਇਸ ਤੋਂ ਪਹਿਲਾਂ ਜਥੇਬੰਦੀ ਵੱਲੋਂ ਪੇਸ਼ ਐਡਵੋਕੇਟ ਰਾਜੀਵ ਧਵਨ ਨੇ ਕਿਹਾ ਕਿ ਸੂਬੇ ਦੇ ਲੋਕ ਉਜਾੜੇ ਦੀ ਮਾਰ ਹੇਠ ਆਏ ਹੋਏ ਹਨ। ਇਸ ਲਈ ਉੱਥੇ ਨਿਰਪੱਖ ਚੋਣਾਂ ਸੰਭਵ ਨਹੀਂ ਹਨ।

# ਖਰਾਬ ਕਣਕ ਦੀ ਵਿਕਰੀ ਫਿਰ ਮੁਲਤਵੀ

**ਚੰਡੀਗੜ੍ਹ:** ਪੰਜਾਬ ਦੇ ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਖ਼ਰਾਬ (ਡੈਮੇਜ਼ਡ) ਕਣਕ ਨੂੰ ਖੁੱਲ੍ਹੀ ਮੰਡੀ 'ਚ ਵੇਚਣ ਦਾ ਟੈਂਡਰ ਪੰਜਵੀਂ ਵਾਰੀ ਮੁਲਤਵੀ ਕਰਨ ਨੇ ਵਿਭਾਗ ਦੀ ਭੂਮਿਕਾ ਸ਼ੱਕੀ ਬਣਾ ਦਿੱਤੀ ਹੈ। ਗੋਦਾਮਾਂ 'ਚ ਪਈ 286 ਲੱਖ ਟਨ ਕਣਕ ਜੋ ਖ਼ਰਾਬ ਹੋਣ ਕਾਰਨ ਮਨੁੱਖੀ ਵਰਤੋਂ ਦੇ ਅਯੋਗ ਕਰਾਰ ਦਿੱਤੀ ਜਾ ਚੁੱਕੀ ਹੈ, ਨੂੰ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਨੇ ਖੁੱਲ੍ਹੀ ਮੰਡੀ ਵਿਚ ਵੇਚਣ ਦੀ ਪ੍ਰਵਾਨਗੀ ਦੇ ਦਿੱਤੀ ਸੀ। ਵਿਭਾਗ ਨੇ ਇਸ ਕਣਕ ਨੂੰ ਵੇਚਣ ਲਈ 17 ਨਵੰਬਰ ਦਾ ਦਿਨ ਨਿਸ਼ਚਤ ਕੀਤਾ ਸੀ ਪਰ ਐਨ ਆਖਰੀ ਮੌਕੇ 'ਤੇ ਇਹ ਕੰਮ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਕਣਕ ਦੀ ਔਸਤਨ ਕੀਮਤ 800 ਰੁਪਏ ਪ੍ਰਤੀ ਕੁਇੰਟਲ ਹੈ ਤੇ ਸਰਕਾਰ ਨੇ 228 ਕਰੋੜ ਰੁਪਏ ਵੱਟ ਲੈਣੇ ਸਨ।

ਵਿਭਾਗ ਵੱਲੋਂ ਖ਼ਰਾਬ ਕਣਕ ਵੇਚਣ ਲਈ ਸਭ ਤੋਂ ਪਹਿਲਾਂ ਇਸੇ ਸਾਲ 18 ਮਾਰਚ ਨੂੰ ਟੈਂਡਰ ਦਿੱਤਾ ਗਿਆ। ਉਸ ਤੋਂ ਬਾਅਦ 11 ਅਗਸਤ, ਫਿਰ 3 ਸਤੰਬਰ, ਉਸ ਤੋਂ ਬਾਅਦ 13 ਅਕਤੂਬਰ ਅਤੇ ਹੁਣ 17 ਨਵੰਬਰ ਲਈ ਟੈਂਡਰ ਦਿੱਤਾ ਗਿਆ ਸੀ, ਪਰ ਕੋਈ ਬਹਾਨਾ ਘੜ ਕੇ ਟੈਂਡਰ ਆਖਰੀ ਮੌਕੇ ਰੱਦ ਕਰ ਦਿੱਤਾ ਜਾਂਦਾ ਹੈ। ਖੁਰਾਕ ਖੇਤਰ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਕਣਕ ਦੀ ਕੀਮਤ 'ਚ ਹਰ ਮਹੀਨੇ 5 ਫੀਸਦੀ ਗਿਰਾਵਟ ਆ ਰਹੀ ਹੈ। ਇਸ ਤਰ੍ਹਾਂ ਸਰਕਾਰ ਨੂੰ ਹਰ ਮਹੀਨੇ 11 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ।


Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat-Sunday-9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



Golden State Realty

Sacramento Office: 9912 Kapalua Ln., Elk Grove, CA 95624
Tel: 916-612-5773

*Courtesy of Sales Manager Traci Lill, Meadows at Galt*

The Poppy ~ Plan 1 — 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

The Poppy ~ Plan 2 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

The Poppy ~ Plan 3 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

The Poppy ~ Plan 4 — 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

# ਕਿਸਾਨਾਂ 'ਤੇ 60 ਕਰੋੜ ਦਾ ਨਵਾਂ ਬੋਝ

**ਬਠਿੰਡਾ**: ਪੰਜਾਬ ਸਰਕਾਰ ਨੇ ਹੁਣ ਸੂਬੇ ਦੇ ਕਿਸਾਨਾਂ 'ਤੇ 60 ਕਰੋੜ ਰੁਪਏ ਸਾਲਾਨਾ ਦਾ ਨਵਾਂ ਬੋਝ ਪਾ ਦਿੱਤਾ ਹੈ। ਸਰਕਾਰ ਦੀ ਨਵੀਂ ਨੀਤੀ ਤਹਿਤ ਪੰਜਾਬ ਦੇ ਨਹਿਰੀ ਪਾਣੀ ਵਰਤਣ ਵਾਲੇ ਕਿਸਾਨਾਂ ਨੂੰ ਜਲ ਟੈਕਸ ਤਾਰਨਾ ਪਵੇਗਾ। ਸਿੰਜਾਈ ਵਿਭਾਗ ਵੱਲੋਂ ਜਲ ਟੈਕਸ ਦੀ ਵਸੂਲੀ 30 ਨਵੰਬਰ ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਪੰਜਾਬ ਦੇ ਕਿਸਾਨਾਂ ਨੂੰ ਜਲ ਟੈਕਸ ਦੀ ਪਹਿਲੀ ਕਿਸ਼ਤ 50 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ 30 ਨਵੰਬਰ ਤੋਂ ਤਾਰਨੀ ਪਵੇਗੀ।

ਸਰਕਾਰ ਵੱਲੋਂ ਪਹਿਲਾਂ ਕਿਸਾਨਾਂ ਤੋਂ ਆਬਿਆਨਾ ਵਸੂਲ ਕੀਤਾ ਜਾਂਦਾ ਸੀ ਜਿਸ ਦੀ ਥਾਂ ਹੁਣ ਜਲ ਟੈਕਸ ਲੈ ਲਵੇਗਾ। ਕੈਬਨਿਟ ਵੱਲੋਂ ਕੁਝ ਸਮਾਂ ਪਹਿਲਾਂ ਜਲ ਟੈਕਸ ਲਾਉਣ ਦਾ ਫੈਸਲਾ ਕਰ ਲਿਆ ਗਿਆ ਸੀ। ਹੁਣ ਪੰਜਾਬ ਸਰਕਾਰ ਨੇ 11 ਨਵੰਬਰ 2014 ਨੂੰ ਦੀ ਨਾਰਦਰਨ ਇੰਡੀਆ ਕੈਨਾਲ ਐਂਡ ਡਰੇਨਜ਼ ਆਰਡੀਨੈਂਸ 2014 ਜਾਰੀ ਕਰ ਦਿੱਤਾ ਹੈ ਜਿਸ ਤਹਿਤ ਨਾਰਦਰਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ 1873 ਵਿਚ ਸੋਧ ਕੀਤੀ ਗਈ ਹੈ।

ਸਿੰਜਾਈ ਵਿਭਾਗ ਨੇ 12 ਨਵੰਬਰ ਨੂੰ ਪੱਤਰ ਜਾਰੀ ਕਰਕੇ ਹਰ ਜ਼ਿਲ੍ਹੇ ਵਿਚ ਸਿੰਜਾਈ ਸਭਾਵਾਂ ਫੌਰੀ ਰਜਿਸਟਰਡ ਕਰਾਉਣ ਦੇ ਹੁਕਮ ਕਰ ਦਿੱਤੇ ਹਨ। ਹਰ ਜ਼ਿਲ੍ਹੇ ਵਿਚ ਇਕ ਨੌਂ ਮੈਂਬਰੀ ਸਿੰਜਾਈ ਸਭਾ ਬਣੇਗੀ ਜਿਸ ਦਾ ਚੇਅਰਮੈਨ ਸਬੰਧਤ ਕਾਰਜਕਾਰੀ ਇੰਜਨੀਅਰ ਹੋਵੇਗੇ ਤੇ ਐਸ.ਡੀ.ਓ (ਸਥਾਨਕ) ਮੈਂਬਰ ਸਕੱਤਰ ਹੋਣਗੇ। ਨੌਂ ਮੈਂਬਰਾਂ ਵਿਚੋਂ ਪੰਜ ਮੈਂਬਰ ਸਰਕਾਰੀ ਤੇ ਚਾਰ ਮੈਂਬਰ ਕਿਸਾਨਾਂ ਤੋਂ ਲਏ ਜਾਣੇ ਹਨ। ਇਸੇ ਤਰ੍ਹਾਂ ਇਕ ਨੌਂ ਮੈਂਬਰੀ ਗਵਰਨਿੰਗ ਬਾਡੀ ਤੇ ਸੱਤ ਮੈਂਬਰੀ ਐਗਜ਼ੈਕਟਿਵ ਬਾਡੀ ਬਣਾਈ ਜਾਣੀ ਹੈ।

ਪੰਜਾਬ ਸਰਕਾਰ ਫੰਡਾਂ ਨੂੰ ਵਰਤਣ ਦੀ ਪ੍ਰਵਾਨਗੀ ਦੇਵੇਗੀ ਤੇ ਸਿੰਜਾਈ ਸਭਾ ਫੰਡਾਂ ਨੂੰ ਖਰਚ ਕਰੇਗੀ। ਦੱਸਣਯੋਗ ਹੈ ਕਿ ਸਰਕਾਰ ਕਿਸਾਨਾਂ ਤੋਂ ਪ੍ਰਤੀ ਫਸਲ 40 ਰੁਪਏ ਰੁਪਏ ਵਸੂਲ ਕਰਦੀ ਸੀ ਤੇ ਹੁਣ ਉਸ ਦੀ ਥਾਂ ਜਲ ਟੈਕਸ 50 ਰੁਪਏ ਪ੍ਰਤੀ ਫਸਲ ਵਸੂਲ ਕਰੇਗੀ। ਸਰਕਾਰ ਦਾ ਕਹਿਣਾ ਹੈ ਕਿ ਜਲ ਟੈਕਸ ਦਾ ਸਾਰਾ ਪੈਸਾ ਨਹਿਰੀ ਢਾਂਚੇ ਉੱਤੇ ਹੀ ਖਰਚਿਆ ਜਾਵੇਗਾ ਤੇ ਸਰਕਾਰ ਬਜਟ ਚੋਂ ਵੀ ਨਹਿਰੀ ਢਾਂਚੇ ਦੇ ਸੁਧਾਰ ਲਈ ਰਾਸ਼ੀ ਜਾਰੀ ਕਰੇਗੀ।

ਅਕਾਲੀ ਭਾਜਪਾ ਗਠਜੋੜ ਦੀ ਸਰਕਾਰ ਨੇ ਕਿਸਾਨਾਂ ਦਾ ਬਿਜਲੀ ਪਾਣੀ ਮੁਫ਼ਤ ਕੀਤਾ ਹੋਇਆ ਸੀ ਜਿਸ ਕਰਕੇ ਕਾਫ਼ੀ ਸਮੇਂ ਤੋਂ ਆਬਿਆਨੇ ਦੀ ਵਸੂਲੀ ਨਹੀਂ ਹੋ ਰਹੀ ਸੀ। ਪੰਜਾਬ ਸਰਕਾਰ ਨੇ ਹੁਣ ਨਹਿਰ ਮਹਿਕਮੇ ਦੇ ਕਾਰਜਕਾਰੀ ਇੰਜਨੀਅਰਾਂ ਨੂੰ ਹੀ ਵਸੂਲੀ ਦੇ ਅਧਿਕਾਰ ਦੇ ਦਿੱਤੇ ਹਨ।


ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਪੰਜਾਬ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਦਾ ਕਹਿਣਾ ਹੈ ਕਿਸਾਨਾਂ ਤੇ ਜਲ ਟੈਕਸ ਦਾ ਬੋਝ ਪਾਉਣਾ ਕਿਸਾਨ ਵਿਰੋਧੀ ਫੈਸਲਾ ਹੈ। ਨਹਿਰ ਵਿਭਾਗ ਪੰਜਾਬ ਦੇ ਮੁੱਖ ਇੰਜਨੀਅਰ ਅਮਰਜੀਤ ਸਿੰਘ ਦੁੱਲਟ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਨੇ ਜਲ ਟੈਕਸ (ਵਾਟਰ ਸੈੱਸ) ਲਾਗੂ ਕਰਨ ਲਈ ਆਰਡੀਨੈਂਸ ਜਾਰੀ ਕਰ ਦਿੱਤਾ ਹੈ ਤੇ 30 ਨਵੰਬਰ ਤੋਂ ਜਲ ਟੈਕਸ ਦੀ ਵਸੂਲੀ ਸ਼ੁਰੂ ਕਰ ਦਿੱਤੀ ਜਾਵੇਗੀ। ਜਲ ਟੈਕਸ ਨਾਲ ਤਕਰੀਬਨ 60 ਕਰੋੜ ਰੁਪਏ ਦੀ ਆਮਦਨ ਸਰਕਾਰ ਨੂੰ ਹੋਵੇਗੀ ਤੇ ਇਹ ਪੈਸਾ ਨਹਿਰੀ ਪ੍ਰਬੰਧਾਂ ਦੀ ਬਿਹਤਰੀ 'ਤੇ ਲੱਗੇਗਾ।

## ਪੰਜਾਬ ਸਰਕਾਰ ਵੱਲੋਂ ਜਲ ਟੈਕਸ ਲਾਗੂ



# ਖਾਦ ਘਪਲਾ: ਵਿਧਾਇਕ ਢਿੱਲੋਂ ਤੇ ਸਾਬਕਾ ਮੰਤਰੀ ਰਾਜ ਖੁਰਾਣਾ ਸਣੇ 37 ਬਰੀ

**ਪਟਿਆਲਾ**: ਸਥਾਨਕ ਅਦਾਲਤ ਨੇ ਦੋ ਦਹਾਕੇ ਪੁਰਾਣੇ ਖਾਦ ਘਪਲੇ ਮਾਮਲੇ ਵਿਚ ਕਾਂਗਰਸੀ ਵਿਧਾਇਕ ਅਮਰੀਕ ਸਿੰਘ ਢਿੱਲੋਂ, ਸਾਬਕਾ ਮੰਤਰੀ ਰਾਜ ਖੁਰਾਣਾ ਤੇ ਖੇਤੀਬਾੜੀ ਵਿਭਾਗ ਦੇ ਕਈ ਅਧਿਕਾਰੀਆਂ ਸਮੇਤ 37 ਨੂੰ ਬਰੀ ਕਰ ਦਿੱਤਾ ਹੈ ਜਦਕਿ ਇਕ ਅਧਿਕਾਰੀ ਸਮੇਤ ਤਿੰਨ ਜਣਿਆਂ ਨੂੰ ਦੋਸ਼ੀ ਕਰਾਰ ਦੇ ਦਿੱਤਾ ਗਿਆ ਹੈ।




ਜ਼ਿਕਰਯੋਗ ਹੈ ਕਿ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਸਤਿਨਾਮ ਸਿੰਘ ਬਹਿਰੂ ਨੇ 1995 ਵਿਚ ਵਿਜੀਲੈਂਸ ਕੋਲ ਸ਼ਿਕਾਇਤ ਕੀਤੀ ਸੀ ਕਿ 'ਮਾਡਰਨ ਐਗਰੋ ਕੈਮੀਕਲ ਇੰਡਸਟਰੀ ਅਵਾਬਲਪੁਰ (ਜਲੰਧਰ)' ਦੇ ਪ੍ਰਬੰਧਕਾਂ ਵੱਲੋਂ ਕਿਸਾਨਾਂ ਨੂੰ ਖਾਦ ਦੇਣ ਦੇ ਨਾਂ 'ਤੇ ਮਿਲਦੀ ਸਬਸਿਡੀ ਵਿਚ ਘਪਲਾ ਕੀਤਾ ਗਿਆ ਹੈ।

ਜਾਂਚ ਦੌਰਾਨ 49 ਲੱਖ ਰੁਪਏ ਤੋਂ ਵੱਧ ਦੀ ਸਬਸਿਡੀ ਦਾ ਘਪਲਾ ਪਾਏ ਜਾਣ 'ਤੇ ਵਿਜੀਲੈਂਸ ਬਿਊਰੋ ਪਟਿਆਲਾ ਵੱਲੋਂ ਕੇਸ ਦਰਜ ਕੀਤਾ ਗਿਆ ਸੀ। ਇਸ ਵਿਚ ਕੰਪਨੀ ਦੇ ਪ੍ਰਬੰਧਕਾਂ, ਖੇਤੀਬਾੜੀ ਵਿਭਾਗ ਦੇ ਕਈ ਅਧਿਕਾਰੀਆਂ ਤੇ ਕਈ ਖਾਦ ਡੀਲਰਾਂ ਸਮੇਤ 47 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ। ਕੇਸ ਵਿਚ ਅਮਰੀਕ ਸਿੰਘ ਢਿੱਲੋਂ ਨੂੰ ਇਸ ਕੰਪਨੀ ਦੇ ਡਾਇਰੈਕਟਰ ਵਜੋਂ ਜਦਕਿ ਰਾਜ ਖੁਰਾਣਾ ਨੂੰ ਖਾਦ ਡੀਲਰਾਂ ਵਜੋਂ ਨਾਮਜ਼ਦ ਕੀਤਾ ਗਿਆ ਸੀ। ਉਹ ਦੋਵੇਂ ਉਸ ਵੇਲੇ ਕਾਂਗਰਸ ਦੀ ਤਰਫ਼ੋਂ ਵਿਧਾਇਕ ਸਨ।

ਸ੍ਰੀ ਢਿੱਲੋਂ ਹੁਣ ਵੀ ਸਮਰਾਲਾ ਤੋਂ ਵਿਧਾਇਕ ਹਨ ਜਦਕਿ ਸ੍ਰੀ ਖੁਰਾਣਾ ਕਾਂਗਰਸ ਸਰਕਾਰ ਵਿਚ ਰਾਜ ਮੰਤਰੀ ਰਹਿਣ ਸਮੇਤ ਪਿਛਲੀ ਬਾਦਲ ਸਰਕਾਰ ਵਿਚ ਪਾਰਲੀਮਾਨੀ ਸਕੱਤਰ ਵੀ ਰਹਿ ਚੁੱਕੇ ਹਨ। ਪਿਛਲੀ ਵਾਰ ਉਹ ਰਾਜਪੁਰਾ ਤੋਂ ਭਾਜਪਾ ਦੀ ਤਰਫ਼ੋਂ ਵਿਧਾਇਕ ਸਨ। ਇਸ ਕੇਸ ਸਬੰਧੀ 2001 ਵਿੱਚ ਚਲਾਨ ਪੇਸ਼ ਕੀਤਾ ਗਿਆ, ਜਿਸ ਵਿੱਚ 44 ਜਣੇ ਸ਼ਾਮਲ ਕੀਤੇ ਗਏ ਸਨ। ਇਸ ਕੇਸ ਵਿੱਚ ਸਤਿਨਾਮ ਸਿੰਘ ਬਹਿਰੂ ਸਮੇਤ 137 ਗਵਾਹ ਸਨ। ਕੇਸ ਵਿੱਚੋਂ ਸ੍ਰੀ ਖੁਰਾਣਾ ਅਤੇ ਸ੍ਰੀ ਢਿੱਲੋਂ ਸਮੇਤ 37 ਜਣੇ ਬਰੀ ਹੋ ਗਏ ਹਨ।

# ਰੇਤੇ ਦੇ ਨਾਜਾਇਜ਼ ਕਾਰੋਬਾਰ ਨੂੰ ਸਰਕਾਰੀ ਸਰਪ੍ਰਸਤੀ: ਜਾਖੜ

**ਜਲੰਧਰ**: ਕੇਂਦਰੀ ਵਾਤਾਵਰਨ ਵਿਭਾਗ ਵੱਲੋਂ ਪੰਜਾਬ ਵਿਚ ਰੇਤੇ ਦੀ ਖੁਦਾਈ ਬਾਰੇ ਇਕ ਵੀ ਪ੍ਰਾਜੈਕਟ ਨੂੰ ਪ੍ਰਵਾਨਗੀ ਨਾ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸ ਆਗੂ ਸੁਨੀਲ ਜਾਖੜ ਨੇ ਦਾਅਵਾ ਕੀਤਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਮਸਲੇ ਨੂੰ ਲੈ ਕੇ 13 ਜੂਨ, 2014 ਨੂੰ ਕੇਂਦਰੀ ਵਾਤਾਵਰਨ ਮੰਤਰੀ ਨੂੰ ਮਿਲੇ ਸਨ ਤੇ ਐਲਾਨ ਹੋਇਆ ਸੀ ਕਿ ਰੇਤਾ ਕੱਢਣ ਵਾਲੀਆਂ 31 ਖੱਡਾਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਅਜੇ ਤੱਕ ਕਿਸੇ ਇਕ ਵੀ ਖੱਡ ਲਈ ਕੇਂਦਰੀ ਵਾਤਾਵਰਨ ਮੰਤਰਾਲੇ ਨੇ ਪ੍ਰਵਾਨਗੀ ਨਹੀਂ ਦਿੱਤੀ। ਸ਼ਾਇਦ ਇਹ ਕੰਮ ਵੀ ਅੱਜਕੱਲ੍ਹ ਭਾਜਪਾ ਵੱਲੋਂ ਅਕਾਲੀਆਂ ਨੂੰ ਸਬਕ ਸਿਖਾਉਣ ਦੀ ਨੀਤੀ ਦਾ ਹੀ ਨਤੀਜਾ ਹੋਵੇ। ਉਨ੍ਹਾਂ ਕਿਹਾ ਪੰਜਾਬ ਅੰਦਰ ਰੇਤੇ ਦੀ ਨਾਜਾਇਜ਼ ਖੁਦਾਈ ਤੇ ਵਿਕਰੀ ਸਰਕਾਰੀ ਸਰਪ੍ਰਸਤੀ ਹੇਠ ਧੜੱਲੇ ਨਾਲ ਚੱਲ ਰਹੀ ਹੈ।



25 ਹੈਕਟੇਅਰ ਤੋਂ ਘੱਟ ਵਾਲੀਆਂ ਖੱਡਾਂ ਲਈ ਕੇਂਦਰ ਸਰਕਾਰ ਦੀ ਪ੍ਰਵਾਨਗੀ ਦੀ ਜ਼ਰੂਰਤ ਨਹੀਂ, ਪਰ ਇਨ੍ਹਾਂ ਨੂੰ ਪ੍ਰਵਾਨਗੀ ਦੇਣ ਵਾਲੀ ਰਾਜ ਸਰਕਾਰ ਦੀ ਵਾਤਾਵਰਨ ਕਮੇਟੀ ਨੇ ਅਜੇ ਤੱਕ ਕਦੇ ਮੀਟਿੰਗ ਹੀ ਨਹੀਂ ਕੀਤੀ। ਸਰਕਾਰ ਵੱਲੋਂ ਰੇਤੇ ਦੇ ਨਾਜਾਇਜ਼ ਧੰਦੇ ਨੂੰ ਸਰਪ੍ਰਸਤੀ ਇਸ ਗੱਲ ਤੋਂ ਹੀ ਸਾਬਤ ਹੋ ਜਾਂਦੀ ਹੈ ਕਿ ਚਾਰ ਸਾਲ ਦੀ ਕਵਾਇਤ ਬਾਅਦ ਰਾਜ ਸਰਕਾਰ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸਿਰਫ ਇਕ ਖੱਡ ਹੀ ਚਾਲੂ ਕਰਵਾ ਸਕੀ ਹੈ, ਜਿਥੇ ਰੇਤਾ ਸਸਤੇ ਭਾਅ ਦੇਣ ਦਾ ਦਾਅਵਾ ਕੀਤਾ ਜਾ ਰਿਹਾ ਹੈ।

## ਕਿਰਪਾਨ ਦੇ ਮੁੱਦੇ 'ਤੇ ਮਿਲਿਆ ਇਨਸਾਫ਼

**ਹਿਊਸਟਨ**: ਭਾਰਤੀ ਅਮਰੀਕਨ ਸਿੱਖ ਮਹਿਲਾ ਕੰਵਲਜੀਤ ਟੈਗੋਰ (41) ਨੇ ਕਿਰਪਾਨ ਦੇ ਮੁੱਦੇ 'ਤੇ ਨੌਕਰੀ ਵਿਚੋਂ ਹਟਾਉਣ ਦੇ ਮਾਮਲੇ ਵਿਚ ਕੇਸ ਜਿੱਤ ਲਿਆ ਹੈ। ਪੰਜ ਸਾਲ ਪੁਰਾਣੇ ਇਸ ਮਾਮਲੇ ਵਿਚ ਅਦਾਲਤ ਦੇ ਬਾਹਰ ਸਮਝੌਤਾ ਹੋਇਆ ਹੈ। ਹਿਊਸਟਨ ਇੰਟਰਨਲ ਰੈਵਿਨਿਊ ਸਿਸਟਮ (ਆਈ.ਆਰ.ਐਸ.) ਦੀ ਸਾਬਕਾ ਏਜੰਟ ਕੰਵਲਜੀਤ ਟੈਗੋਰ ਇਸ ਸਮੇਂ ਟੈਕਸ ਸਲਾਹਕਾਰ ਦਾ ਕੰਮ ਕਰ ਰਹੀ ਹੈ। ਕੰਵਲਜੀਤ ਹੁਣ ਆਪਣੀ ਕਿਰਪਾਨ ਨਾਲ ਸਰਕਾਰੀ ਇਮਾਰਤਾਂ ਵਿਚ ਤਿੰਨ ਸਾਲਾਂ ਤੱਕ ਜਾ ਸਕੇਗੀ। ਇਸ ਦੇ ਨਾਲ ਵਕੀਲਾਂ ਨੂੰ ਚਾਰ ਲੱਖ ਡਾਲਰ ਦੀ ਫੀਸ ਤੇ ਖਰਚੇ ਦਾ ਭੁਗਤਨ ਕੀਤਾ ਜਾਵੇਗਾ।

# ਡੇਰਾ ਪ੍ਰੇਮੀਆਂ ਤੇ ਸਿੱਖ ਕਾਰਕੁਨਾਂ ਵਿਚ ਫਿਰ ਝੜਪਾਂ

**ਫ਼ਿਰੋਜ਼ਪੁਰ**: ਫਿਰੋਜ਼ਪੁਰ ਦੇ ਮਖੂ ਬਲਾਕ ਦੇ ਪਿੰਡ ਜੋਗੇਵਾਲਾ ਵਿਚ ਡੇਰਾ ਪ੍ਰੇਮੀਆਂ ਤੇ ਸਿੱਖ ਕਾਰਕੁਨਾਂ ਵਿਚਾਲੇ ਹਿੰਸਕ ਝੜਪ ਹੋ ਗਈ ਜਿਸ ਵਿਚ ਤਕਰੀਬਨ ਅੱਧਾ ਦਰਜਨ ਡੇਰਾ ਪ੍ਰੇਮੀ ਤੇ ਸਿੱਖ ਕਾਰਕੁਨ ਜ਼ਖ਼ਮੀ ਹੋ ਗਏ। ਜ਼ਖ਼ਮੀ ਹੋਏ ਡੇਰਾ ਪ੍ਰੇਮੀਆਂ ਨੂੰ ਇਲਾਜ ਲਈ ਸਥਾਨਕ ਸਿਵਲ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ। ਘਟਨਾ ਵੇਲੇ ਇਹ ਡੇਰਾ ਪ੍ਰੇਮੀ ਆਪਣੇ ਕਿਸੇ ਸਾਥੀ ਦੇ ਘਰ ਰੱਖੀ ਨਾਮ ਚਰਚਾ ਵਿਚ ਸ਼ਾਮਲ ਹੋਣ ਲਈ ਜਾ ਰਹੇ ਸਨ। ਪੁਲਿਸ ਨੇ ਸਿੱਖ ਜਥੇਬੰਦੀਆਂ ਦੇ 150 ਕਾਰਕੁਨਾਂ ਖ਼ਿਲਾਫ਼ ਮਖੂ ਥਾਣੇ ਵਿਚ ਪਰਚਾ ਦਰਜ ਕਰ ਲਿਆ ਹੈ।

ਸਿੱਖ ਕਾਰਕੁਨਾਂ ਵੱਲੋਂ ਚਲਾਈ ਗਈ ਗੋਲੀ ਤੋਂ ਬਾਅਦ ਭੜਕੀ ਹਿੰਸਾ ਨੂੰ ਕਾਬੂ ਕਰਨ ਲਈ ਪੁਲਿਸ ਨੂੰ ਵੀ ਹਵਾਈ ਫਾਇਰ ਕਰਨੇ ਪਏ। ਸਿੱਖ ਆਗੂਆਂ ਦਾ ਕਹਿਣਾ ਹੈ ਕਿ ਡੇਰਾ ਪ੍ਰੇਮੀਆਂ ਨੇ ਪਿੰਡ ਜੋਗੇਵਾਲਾ ਦੇ ਗੁਰਦੁਆਰੇ ਵਿਚ ਖੜ੍ਹੀ ਸਿੱਖ ਸੰਗਤ 'ਤੇ ਪਥਰਾਅ ਕੀਤਾ, ਜਿਸ ਕਾਰਨ ਸਾਰਾ ਮਾਹੌਲ ਵਿਗੜ ਗਿਆ ਤੇ ਕਈ ਸਿੰਘ ਜ਼ਖ਼ਮੀ ਹੋ ਗਏ।

ਉਨ੍ਹਾਂ ਇਸ ਘਟਨਾ ਲਈ ਸਿੱਧੇ ਤੌਰ 'ਤੇ ਡੇਰਾ ਪ੍ਰੇਮੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਡੇਰਾ ਪ੍ਰੇਮੀਆਂ ਦੀ 15 ਮੈਂਬਰੀ ਜ਼ਿਲ੍ਹਾ ਕਮੇਟੀ ਦੇ ਮੈਂਬਰ ਸੁਰਿੰਦਰ ਇੰਸਾਂ ਦਾ ਕਹਿਣਾ ਹੈ ਕਿ ਸਿੱਖ ਕਾਰਕੁਨਾਂ ਨੇ ਐਲਾਨ ਕੀਤਾ ਸੀ ਕਿ ਉਹ ਜੋਗੇਵਾਲਾ ਪਿੰਡ ਵਿਚ ਹੋਣ ਵਾਲੀ ਨਾਮ ਚਰਚਾ ਨਹੀਂ ਹੋਣ ਦੇਣਗੇ। ਇਸ ਗੱਲ ਦੀ ਜਾਣਕਾਰੀ ਜੀਰਾ ਪੁਲਿਸ ਨੂੰ ਵੀ ਸੀ। ਜਦੋਂ ਫ਼ਿਰੋਜ਼ਪੁਰ ਤੋਂ ਡੇਰਾ ਪ੍ਰੇਮੀ ਇਸ ਨਾਮ ਚਰਚਾ ਵਿਚ ਸ਼ਾਮਲ ਹੋਣ ਲਈ ਪਿੰਡ ਜੋਗੇਵਾਲਾ ਜਾ ਰਹੇ ਸਨ ਤਾਂ ਪਿੰਡ ਤੋਂ ਤਕਰੀਬਨ ਡੇਢ ਕਿਲੋਮੀਟਰ ਦੂਰ ਗੁਰਦੁਆਰੇ ਦੇ ਨਜ਼ਦੀਕ ਪੁਲਿਸ ਨੇ ਨਾਕਾ ਲਾਇਆ ਹੋਇਆ ਸੀ ਜਿਸਦੀ ਅਗਵਾਈ ਜ਼ੀਰਾ ਦੇ ਡੀਐਸਪੀ ਹਰਦੇਵ ਸਿੰਘ ਬੋਪਾਰਾਏ ਕਰ ਰਹੇ ਸਨ। ਡੀਐਸਪੀ ਡੇਰਾ ਪ੍ਰੇਮੀਆਂ ਨੂੰ ਨਾਮ ਚਰਚਾ ਵਿਚ ਸ਼ਾਮਲ ਹੋਣ ਤੋਂ ਰੋਕ ਰਹੇ ਸਨ।

ਪੁਲਿਸ ਤੇ ਡੇਰਾ ਪ੍ਰੇਮੀਆਂ ਵਿਚਕਾਰ ਗੱਲਬਾਤ ਅਜੇ ਚੱਲ ਹੀ ਰਹੀ ਸੀ ਕਿ ਗੁਰਦੁਆਰੇ ਅੰਦਰ ਬੈਠੇ ਕੁਝ ਸਿੱਖ ਕਾਰਕੁਨ ਤਲਵਾਰਾਂ ਨਾਲ ਲੈਸ ਹੋ ਕੇ ਬਾਹਰ ਨਿਕਲ ਆਏ ਤੇ ਡੇਰਾ ਪ੍ਰੇਮੀਆਂ ਨਾਲ ਬਦਸਲੂਕੀ ਕਰਨ ਲੱਗੇ। ਇਸ ਤੋਂ ਬਾਅਦ ਦੋਵਾਂ ਧਿਰਾਂ ਦਰਮਿਆਨ ਪੱਥਰਬਾਜ਼ੀ ਸ਼ੁਰੂ ਹੋ ਗਈ। ਸੁਰਿੰਦਰ ਇੰਸਾਂ, ਜੋ ਘਟਨਾ ਸਥਾਨ 'ਤੇ ਮੌਜੂਦ ਸਨ, ਦਾ ਕਹਿਣਾ ਹੈ ਕਿ ਗੁਰਦੁਆਰੇ ਅੰਦਰੋਂ ਕਿਸੇ ਵਿਅਕਤੀ ਨੇ ਫਾਇਰ ਕਰ ਦਿੱਤੇ ਜਿਸ ਤੋਂ ਬਾਅਦ ਸਥਿਤੀ ਹੋਰ ਵਿਗੜ ਗਈ। ਇਸ ਮਗਰੋਂ ਪੁਲਿਸ ਨੇ ਵੀ ਸਥਿਤੀ 'ਤੇ ਕਾਬੂ ਪਾਉਣ ਲਈ ਕਈ ਹਵਾਈ ਫਾਇਰ ਕੀਤੇ।

ਡੇਰਾ ਪ੍ਰੇਮੀਆਂ ਨੇ ਦੋਸ਼ ਲਾਇਆ ਕਿ ਇਸ ਘਟਨਾ ਮੌਕੇ ਪੁਲਿਸ ਮੁਲਾਜ਼ਮਾਂ ਦੀ ਨਫਰੀ ਕਾਫ਼ੀ ਘੱਟ ਸੀ ਜਦਕਿ ਉਨ੍ਹਾਂ ਨੂੰ ਪਹਿਲਾਂ ਤੋਂ ਪਤਾ ਸੀ ਕਿ ਅਜਿਹੀ ਕੋਈ ਘਟਨਾ ਵਾਪਰ ਸਕਦੀ ਹੈ। ਪੁਲਿਸ ਨੇ ਮਗਰੋਂ ਹੋਰ ਫੋਰਸ ਮੰਗਵਾ ਕੇ ਸਥਿਤੀ 'ਤੇ ਕਾਬੂ ਪਾਇਆ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਡੇਰਾ ਸੱਚਾ ਸੌਦਾ ਦੀ ਸੂਬਾ ਪੱਧਰੀ ਕਮੇਟੀ ਦੇ ਕੁਝ ਮੈਂਬਰ ਮੌਕੇ 'ਤੇ ਪਹੁੰਚ ਗਏ।

# ਪੰਜਾਬ ਨੂੰ ਮਹਿੰਗੀ ਪੈ ਰਹੀ ਹੈ ਕੇਂਦਰ ਦੀ ਕੋਤਾਹੀ

**ਚੰਡੀਗੜ੍ਹ**: ਬਠਿੰਡਾ ਵਿਚ ਗੁਰੂ ਗੋਬਿੰਦ ਸਿੰਘ ਤੇਲ ਰਿਫਾਇਨਰੀ ਨੂੰ ਚਾਲੂ ਹੋਇਆਂ ਭਾਵੇਂ ਦੋ ਸਾਲ ਹੋ ਗਏ ਹਨ ਪਰ ਕੇਂਦਰ ਸਰਕਾਰ ਦੇ ਕਾਗਜ਼ਾਂ ਮੁਤਾਬਕ ਪੰਜਾਬ ਨੂੰ ਤੇਲ ਅਜੇ ਵੀ ਪਾਣੀਪਤ ਰਿਫਾਇਨਰੀ ਤੋਂ ਹੀ ਸਪਲਾਈ ਹੁੰਦਾ ਮੰਨਿਆ ਜਾ ਰਿਹਾ ਹੈ। ਇਹ ਤਕਨੀਕੀ ਉਕਾਈ ਪੰਜਾਬ ਦੇ ਖਪਤਕਾਰਾਂ ਦੀਆਂ ਜੇਬ੍ਹਾਂ 'ਤੇ ਭਾਰੀ ਪੈ ਰਹੀ ਹੈ ਤੇ ਲੋਕਾਂ ਨੂੰ ਪੈਟਰੋਲ ਤੇ ਡੀਜ਼ਲ 'ਤੇ 60 ਪੈਸੇ ਫੀ ਲਿਟਰ ਜ਼ਿਆਦਾ ਅਦਾ ਕਰਨੇ ਪੈ ਰਹੇ ਹਨ। ਸਾਰਾ ਤੇਲ ਭਾਵੇਂ ਬਠਿੰਡਾ ਰਿਫਾਇਨਰੀ ਤੋਂ ਹੀ ਆ ਰਿਹਾ ਹੈ ਪਰ ਪੰਜਾਬ ਦੇ ਖਪਤਕਾਰਾਂ ਨੂੰ ਪਾਣੀਪਤ ਤੋਂ 60 ਪੈਸੇ ਫੀ ਲਿਟਰ ਟਰਾਂਸਪੋਰਟ ਖਰਚ ਦੇ ਤੌਰ 'ਤੇ ਅਦਾ ਕਰਨੇ ਪੈ ਰਹੇ ਹਨ। ਖੁਦ ਬਠਿੰਡਾ ਦੇ ਖਪਤਕਾਰਾਂ ਨੂੰ ਵੀ ਇਹ ਵਾਧੂ ਪੈਸੇ ਅਦਾ ਕਰਨੇ ਪੈਂਦੇ ਹਨ।

ਬਠਿੰਡਾ ਤੇਲ ਰਿਫਾਇਨਰੀ 2012 ਤੋਂ ਹੀ ਤਕਰੀਬਨ ਨੌਂ ਮਿਲੀਅਨ ਟਨ ਤੇਲ ਦੀ ਪੈਦਾਵਾਰ ਨਾਲ ਪੰਜਾਬ, ਹਰਿਆਣਾ, ਰਾਜਸਥਾਨ ਤੇ ਕੁਝ ਹੋਰ ਉੱਤਰੀ ਰਾਜਾਂ ਦੀਆਂ ਜ਼ਰੂਰਤਾਂ ਪੂਰੀਆਂ ਕਰ ਰਹੀ ਹੈ ਪਰ ਤੇਲ ਦੀ ਕੀਮਤ ਲਈ ਬੇਸ ਸਟੇਸ਼ਨ ਬਾਰੇ ਕੇਂਦਰ ਦੇ ਪੈਟਰੋਲੀਅਮ ਪਲੈਨਿੰਗ ਐਂਡ ਐਨੇਲਸਿਸ ਸੈੱਲ (ਪੀ.ਪੀ.ਏ.ਸੀ.) ਨੇ ਅਜੇ ਤਾਈਂ ਤਜਵੀਜ਼ ਪਾਸ ਨਹੀਂ ਕੀਤੀ। ਸੈੱਲ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਛੇਤੀ ਹੀ ਇਕ ਤਜਵੀਜ਼ ਪੈਟਰੋਲੀਅਮ ਮੰਤਰਾਲੇ ਕੋਲ ਭੇਜੀ ਜਾ ਰਹੀ ਹੈ। ਪੰਜਾਬ ਸਰਕਾਰ ਨੇ ਡੀਜ਼ਲ 'ਤੇ ਵੈਟ ਵਧਾ ਕੇ ਕੀਮਤ 80 ਪੈਸੇ ਫੀ ਲਿਟਰ ਕਰ ਦਿੱਤੀ ਹੈ। ਇਕ ਤੇਲ ਕੰਪਨੀ ਦੇ ਅਫ਼ਸਰ ਨੇ ਦੱਸਿਆ ਕਿ ਬਠਿੰਡਾ ਨੂੰ ਬੇਸ ਸਟੇਸ਼ਨ ਕਰਾਰ ਦੇਣ ਨਾਲ ਪੰਜਾਬ ਦੇ ਲੋਕਾਂ ਨੂੰ 60 ਪੈਸੇ ਸਸਤਾ ਤੇਲ ਮਿਲੇਗਾ। ਪੈਟਰੋਲ ਪੰਪ ਡੀਲਰਜ਼ ਐਸੋਸੀਏਸ਼ਨ ਦੇ ਆਗੂ ਮੌਂਟੀ ਸਹਿਗਲ ਨੇ ਦੱਸਿਆ ਕਿ ਸਿਆਸੀ ਇੱਛਾ ਸ਼ਕਤੀ ਦੀ ਘਾਟ ਕਾਰਨ ਇਹ ਮਾਮਲਾ ਲਟਕਿਆ ਹੋਇਆ ਹੈ। ਬਠਿੰਡਾ ਨੂੰ ਬੇਸ ਸਟੇਸ਼ਨ ਮਿੱਥਣ ਨਾਲ ਰਾਜ ਦੇ ਲੋਕਾਂ ਨੂੰ ਲਾਭ ਹੋਵੇਗਾ ਤੇ ਰਾਜ ਸਰਕਾਰ ਨੂੰ ਇਹ ਮਾਮਲਾ ਕੇਂਦਰ ਕੋਲ ਉਠਾਉਣਾ ਚਾਹੀਦਾ ਹੈ। ਜੇਕਰ ਸਾਨੂੰ ਤੇਲ ਸਸਤਾ ਹੀ ਨਹੀਂ ਮਿਲਣਾ ਤਾਂ ਤੇਲ ਰਿਫਾਇਨਰੀ ਲਾਉਣ ਦਾ ਕੀ ਫਾਇਦਾ।

ਕੀਮਤਾਂ ਵਿਚ ਕਮੀ ਨਾਲ ਰਾਜ ਸਰਕਾਰ ਨੂੰ ਵਧੇਰੇ ਵੈਟ ਮਾਲੀਆ ਮਿਲ ਸਕਦਾ ਹੈ। ਕੀਮਤਾਂ ਘਟਣ ਨਾਲ ਹਰਿਆਣਾ ਦੀ ਹੱਦ ਨਾਲ ਲੱਗਦੇ ਪੰਜਾਬ ਦੇ ਪੰਪਾਂ ਦੀ ਵਿਕਰੀ ਵਧੇਗੀ ਤੇ ਰਾਜ ਸਰਕਾਰ ਨੂੰ ਵਾਧੂ ਮਾਲੀਆ ਮਿਲੇਗਾ।

## ਡੀਜ਼ਲ-ਪੈਟਰੋਲ 'ਤੇ 60 ਪੈਸੇ ਫੀ ਲਿਟਰ ਵਾਧੂ ਵਸੂਲੀ




## ਪਰਵਾਸੀਆਂ ਨੂੰ ਮਿਲੀ ਵੋਟ ਪਾਉਣ ਦੀ ਆਗਿਆ

**ਨਵੀਂ ਦਿੱਲੀ**: ਸੁਪਰੀਮ ਕੋਰਟ ਨੇ ਵਿਦੇਸ਼ਾਂ 'ਚ ਵਸਦੇ ਭਾਰਤੀਆਂ ਨੂੰ ਈ.ਵੀ.ਐਮ. ਰਾਹੀਂ ਭਾਰਤ ਵਿਚ ਵੋਟ ਪਾਉਣ ਦੀ ਆਗਿਆ ਦੇ ਦਿੱਤੀ। ਜ਼ਿਕਰਯੋਗ ਹੈ ਕਿ ਇਕ ਐਨ.ਜੀ.ਓ. ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖ਼ਲ ਕਰਕੇ ਚੋਣ ਕਮਿਸ਼ਨ ਨੂੰ ਇਹ ਹਿਦਾਇਤਾਂ ਜਾਰੀ ਕਰਨ ਦੀ ਅਪੀਲ ਕੀਤੀ ਸੀ ਕਿ ਐਨ.ਆਰ.ਆਈ. ਜੋ ਕਿ ਵਿਦੇਸ਼ਾਂ ਵਿਚ ਵਸਦੇ ਹਨ ਜਾਂ ਵਿਦੇਸ਼ ਵਿਚ ਵਪਾਰ ਕਰਨ ਲਈ ਗਏ ਹਨ, ਨੂੰ ਚੋਣਾਂ ਦੌਰਾਨ ਭਾਰਤ ਵਿਚ ਵੋਟ ਪਾਉਣ ਦੀ ਆਗਿਆ ਦਿੱਤੀ ਜਾਵੇ, ਜਿਸ ਤੋਂ ਬਾਅਦ ਅਦਾਲਤ ਦਾ ਇਹ ਫੈਸਲਾ ਆਇਆ ਹੈ। ਚੋਣ ਕਮਿਸ਼ਨ ਚੀਫ ਜਸਟਿਸ ਐਚ.ਐਲ. ਦੱਤੂ ਦੀ ਅਗਵਾਈ ਵਾਲੇ ਬੈਂਚ ਨੂੰ ਦੱਸੇਗਾ ਕਿ ਚੋਣ ਕਮਿਸ਼ਨ ਨੂੰ ਐਨ.ਆਰ.ਆਈਜ਼. ਵੱਲੋਂ ਭਾਰਤ ਵਿਚ ਆਪਣੀ ਵੋਟ ਪਾਉਣ 'ਤੇ ਕੋਈ ਇਤਰਾਜ਼ ਨਹੀਂ।

# ਸ਼ਹੀਦ ਸਰਾਭਾ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ

**ਸੈਨ ਫਰਾਂਸਿਸਕੋ (ਬਿਊਰੋ):** ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਹਾੜਾ ਗਦਰ ਮੈਮੋਰੀਅਲ ਹਾਲ, ਸੈਨ ਫਰਾਂਸਿਸਕੋ (ਯੁਗਾਂਤਰ ਆਸ਼ਰਮ) ਵਿਚ 15 ਨਵੰਬਰ ਨੂੰ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਦੇ ਉਦਮ ਨਾਲ ਮਨਾਇਆ ਗਿਆ। ਇਸ ਮੌਕੇ ਇਕੱਤਰ ਹੋਏ ਸੈਂਕੜੇ ਲੋਕਾਂ ਦੀ ਗੂੰਜ ਨਾਂ ਦਾ ਪਰਚਾ ਆਪਣੇ ਹੱਥੀ ਮਸ਼ੀਨ ਗੇੜ ਕੇ ਛਾਪਦੇ ਰਹੇ। ਨਵੰਬਰ 1914 ਵਿਚ ਭਾਰਤ ਮੁੜਨ ਤੋਂ ਬਾਅਦ ਉਨ੍ਹਾਂ ਨੂੰ 2 ਮਾਰਚ 1915 ਨੂੰ ਚੱਕ ਨੰਬਰ 5, ਜਿਲ੍ਹਾ ਲਾਇਲਪੁਰ ਵਿਚ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਨ੍ਹਾਂ ਨੂੰ 24 ਗਦਰੀਆਂ ਸਮੇਤ ਫਾਂਸੀ ਦੀ ਸਜਾ ਸੁਣਾਈ ਗਈ।



ਨੇ ਸ਼ਹੀਦ ਕਰਤਾਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਮਨੁੱਖਤਾ ਦੇ ਕਲਿਆਣ ਵਾਲੇ ਰਾਹਾਂ 'ਤੇ ਚੱਲਣ ਦਾ ਪ੍ਰਣ ਲਿਆ। ਯਾਦ ਰਹੇ, ਸ਼ਹੀਦ ਕਰਤਾਰ ਸਿੰਘ ਸਰਾਭਾ ਜੋ ਪੜ੍ਹਾਈ ਕਰਨ ਲਈ ਜਨਵਰੀ 1912 ਵਿਚ ਅਮਰੀਕਾ ਪਹੁੰਚੇ ਸਨ, ਗਦਰ ਪਾਰਟੀ ਦੇ ਮੁਢਲੇ ਮੈਂਬਰਾਂ ਵਿਚੋਂ ਸਨ ਅਤੇ ਗਦਰ

ਪ੍ਰੋਗਰਾਮ ਦੀ ਸ਼ੁਰੂਆਤ ਕੌਂਸਲਰ ਅਨੰਦ ਝਾਅ ਦੇ ਭਾਸ਼ਣ ਨਾਲ ਹੋਈ। ਉਨ੍ਹਾਂ ਕੌਂਸਲਖਾਨੇ ਵਲੋਂ ਗਦਰ ਮੈਮੋਰੀਅਲ ਦੀ ਸਾਂਭ-ਸੰਭਾਲ ਅਤੇ ਮਿਊਜ਼ੀਅਮ ਨੂੰ ਹੋਰ ਵਧੀਆ ਬਣਾਉਣ ਦੀ ਗੱਲ ਵੀ ਦੁਹਰਾਈ। ਗੁਰਦੀਪ ਸਿੰਘ ਅਣਖੀ ਨੇ ਗਦਰ ਪਾਰਟੀ ਸ਼ੁਰੂ ਹੋਣ ਦੇ ਹਾਲਾਤ ਦਾ ਵਿਸਥਾਰ ਨਾਲ ਵਰਣਨ ਕੀਤਾ। ਡਾ. ਅਰਜਨ ਸਿੰਘ ਜੋਸਨ ਨੇ ਗਦਰੀ ਸੂਰਬੀਰਾਂ ਬਾਰੇ ਹੋਰ ਪ੍ਰਚਾਰ ਅਤੇ ਪ੍ਰਸਾਰ ਦੀ ਲੋੜ ਵੱਲ ਧਿਆਨ ਦਿਵਾਇਆ। ਗਾਇਕ ਰਾਜ ਬਰਾੜ ਨੇ ਇਕ ਗੀਤ ਅਤੇ ਸ਼ਰਨਜੀਤ ਧਾਲੀਵਾਲ, ਮਾਸਟਰ ਲਛਮਣ ਸਿੰਘ ਰਾਠੌਰ ਤੇ ਕਿਰਨ ਮਹਿਮੀ ਨੇ ਇਕ-ਇਕ ਕਵਿਤਾ ਰਾਹੀਂ ਸ਼ਰਧਾਂਜਲੀ ਭੇਟ ਕੀਤੀ। ਡਾ. ਗੁਰਰੀਤ ਸਿੰਘ ਬਰਾੜ ਅਤੇ ਪੰਕਜ ਆਂਸਲ ਨੇ ਵੀ ਆਪਣੇ ਵਿਚਾਰ ਰੱਖੇ। ਹਰਜੋਤ ਕੌਰ, ਕਿਰਨ ਮਹਿਮੀ, ਗੌਰਵ ਮਹਿਮੀ, ਜੈ ਦੀਪ ਸਿੰਘ, ਹਰਜੋਤ ਸਿੰਘ ਅਤੇ ਦਿਲਜੋਤ ਸਿੰਘ ਨੇ 'ਰੂਹ ਪੰਜਾਬ ਦੀ' ਕੋਰੀਓਗ੍ਰਾਫੀ ਪੇਸ਼ ਕੀਤੀ।

ਦੇਸ਼ ਭਗਤ ਫਾਊਂਡੇਸ਼ਨ ਬੇਅ ਏਰੀਆ ਨੇ ਆਏ ਲੋਕਾਂ ਲਈ ਚਾਹ-ਪਾਣੀ ਅਤੇ ਖਾਣੇ ਦਾ ਪ੍ਰਬੰਧ ਕੀਤਾ। ਗਦਰ ਮੈਮੋਰੀਅਲ ਫਾਊਂਡੇਸ਼ਨ ਵਲੋਂ ਕੁਲਦੀਪ ਸਿੰਘ ਅਟਵਾਲ ਅਤੇ ਸੁਰਜੀਤ ਸਿੰਘ ਅਟਵਾਲ ਸ਼ਾਮਲ ਹੋਏ। ਸਟੇਜ ਦੀ ਕਾਰਵਾਈ ਹਰਜਿੰਦਰ ਢੇਸੀ ਨੇ ਨਿਭਾਈ ਜਦਕਿ ਫੋਰਮ ਦੇ ਸਕੱਤਰ ਸੁਰਿੰਦਰ ਸਿੰਘ ਮੰਢਾਲੀ ਨੇ ਆਏ ਲੋਕਾਂ ਦਾ ਧੰਨਵਾਦ ਕੀਤਾ।

ਫੋਰਮ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭੇ ਦੀ ਸ਼ਹੀਦੀ ਨੂੰ ਸਮਰਪਤ ਇਕ ਹੋਰ ਪ੍ਰੋਗਰਾਮ 16 ਨਵੰਬਰ ਨੂੰ ਫਰਿਜ਼ਨੋ ਦੇ ਤਾਜ ਆਫ ਇੰਡੀਆ ਦੇ ਹਾਲ ਵਿਚ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁਖ ਆਕਰਸ਼ਣ ਵੱਖ ਵੱਖ ਉਮਰ ਦੇ ਬੱਚਿਆਂ ਵਲੋਂ ਪੇਸ਼ ਕੀਤੀਆਂ ਕਵਿਤਾਵਾਂ ਤੇ ਭਾਸ਼ਣ ਸਨ। ਇਨ੍ਹਾਂ ਬੱਚਿਆਂ ਵਿਚ ਜਸਪ੍ਰੀਤ ਸਿੰਘ ਸਿੱਧੂ, ਇਕਬਾਲ ਸਿੰਘ ਸਿੱਧੂ, ਤਮੰਨਾ ਔਜਲਾ ਅਤੇ ਸੁਖਮਨ ਔਜਲਾ ਸ਼ਾਮਲ ਸਨ। ਇਸ ਤੋਂ ਇਲਾਵਾ ਪਿਸ਼ੌਰਾ ਸਿੰਘ ਢਿਲੋਂ, ਸੁਰਿੰਦਰ ਸਿੰਘ ਨਿੱਜਰ, ਕਰਮਜੀਤ ਸਿੰਘ, ਮਹਿੰਦਰ ਸਿਘ ਗਰੇਵਾਲ ਅਤੇ ਜਸਵੰਤ ਸਿੰਘ ਮਾਨ ਨੇ ਆਪਣੇ ਵਿਚਾਰ ਪੇਸ਼ ਕੀਤੇ।

## ਗੁਰਦੁਆਰਾ ਸਿਲੀਕਾਨ ਵੈਲੀ ਵਿਖੇ ਬਾਬਾ ਦੀਪ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਸੈਂਟਾ ਕਲਾਰਾ, ਕੈਲੀਫੋਰਨੀਆ (ਬਿਊਰੋ):** ਗੁਰਦੁਆਰਾ ਸਿਲੀਕਾਨ ਵੈਲੀ ਵਿਖੇ ਬੇਅ ਏਰੀਆ ਦੀਆਂ ਸੰਗਤਾਂ ਵਲੋਂ ਸਿਰਲੱਥ ਯੋਧੇ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਭਾਈ ਅਮਰਜੀਤ ਸਿੰਘ ਮੁਲਤਾਨੀ ਨੇ ਸ਼ਹੀਦ ਬਾਬਾ ਦੀਪ ਸਿੰਘ ਦੇ ਜੀਵਨ ਬਾਰੇ ਦੱਸਦਿਆਂ ਅਜੋਕੇ ਸਮੇਂ ਵਿਚ ਇਕ ਗੁਰੂ ਨਾਲ ਜੁੜਨ ਤੇ ਸੱਚੀ ਸੁਚੀ ਕਿਰਤ ਕਰਨ ਲਈ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਕਿ ਇਹ ਬਾਬਾ ਦੀਪ ਸਿੰਘ ਹੀ ਸਨ ਜਿਨ੍ਹਾਂ ਵਾਹਿਗੁਰੂ ਵਿਚ ਪੂਰਨ ਭਰੋਸਾ ਰੱਖਦਿਆਂ ਮੌਤ ਨੂੰ ਮਖੌਲ ਕੀਤਾ। ਪਵਿੱਤਰ ਹਰਿਮੰਦਰ ਸਾਹਿਬ ਵਿਚੋਂ ਜ਼ਾਲਮ ਵੈਰੀਆਂ ਨੂੰ ਭਜਾ ਕੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਬਹਾਲ ਕੀਤੀ। ਭਾਈ ਸ਼ਿਵਦਿਆਲ ਸਿੰਘ, ਭਾਈ ਚਰਨਜੀਤ ਸਿੰਘ, ਭਾਈ ਅਮਰਜੀਤ ਸਿੰਘ, ਭਾਈ ਨਿਰਮਲ ਸਿੰਘ ਤੇ ਭਾਈ ਰਣਦੀਪ ਸਿੰਘ ਗਾਖਲ ਦੇ ਰਾਗੀ ਜਥੇ ਨੇ ਵੀ ਸ਼ਬਦ ਕੀਰਤਨ ਦੀ ਹਾਜ਼ਰੀ ਭਰੀ। ਗੁਰੂ ਘਰ ਅੰਦਰ ਚੱਲ ਰਹੇ ਖਾਲਸਾ ਸਕੂਲ ਵਿਚ ਛੋਟੇ ਬੱਚਿਆਂ ਨੂੰ ਸਲਾਈਡ ਸ਼ੋਅ ਰਾਹੀਂ ਭਾਈ ਗੁਰਿੰਦਰ ਸਿੰਘ ਢਿੱਲੋਂ ਨੇ ਬਾਬਾ ਦੀਪ ਸਿੰਘ ਸ਼ਹੀਦ ਬਾਰੇ ਜਾਣਕਾਰੀ ਦਿਤੀ। ਕੁਲਦੀਪ ਸਿੰਘ ਬੁੱਟਰ ਅਤੇ ਪਰਿਵਾਰ ਵਲੋਂ ਲੰਗਰ, ਚਾਹ-ਪਕੌੜੇ ਅਤੇ ਬੀਬੀ ਜਸਵਿੰਦਰ ਕੌਰ ਦੇ ਪਰਿਵਾਰ ਵਲੋਂ ਪੀਜ਼ਾ ਰਾਹੀਂ ਸੰਗਤਾਂ ਦੀ ਸੇਵਾ ਕੀਤੀ ਗਈ।

ਪ੍ਰਬੰਧਕਾਂ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਸੰਗਤ ਵਲੋਂ 17 ਨਵੰਬਰ ਤੋਂ ਅਰੰਭ ਹੋਏ ਅਖੰਡ ਪਾਠਾਂ ਦਾ ਭੋਗ 23 ਨਵੰਬਰ ਨੂੰ ਪਵੇਗਾ। ਇਸ ਤੋਂ ਇਲਾਵਾ ਸੰਗਤਾਂ ਵਲੋਂ ਗੁਰਦੁਆਰਾ ਸਿਲੀਕਾਨ ਵੈਲੀ ਲਈ ਆਪਣੀ ਇਮਾਰਤ ਖਰੀਦਣ ਲਈ ਫੰਡਰੇਜ਼ ਕਰਨ ਦੇ ਉਪਰਾਲੇ ਵੀ ਕੀਤੇ ਜਾ ਰਹੇ ਹਨ।

# ਪਰਵਾਸੀ ਭਾਰਤੀਆਂ ਨੂੰ ਸਭ ਸਹੂਲਤਾਂ ਛੇਤੀ: ਮੋਦੀ

**ਸਿਡਨੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਸਟਰੇਲੀਆ ਦੇ ਸੈਲਾਨੀਆਂ ਲਈ ਭਾਰਤ ਪਹੁੰਚਣ 'ਤੇ ਵੀਜ਼ੇ ਦੀ ਸਹੂਲਤ ਦੇਣ ਦਾ ਭਰੋਸਾ ਦਿੰਦਿਆਂ ਪਰਸਨਜ਼ ਆਫ ਇੰਡੀਅਨ ਓਰੀਜਨ (ਪੀ.ਆਈ.ਓ.) ਅਤੇ ਓਵਰਸੀਜ਼ ਸਿਟੀਜ਼ਨ ਆਫ ਇੰਡੀਅਨ (ਓਸੀਆਈ) ਦਾ ਰਲੇਵਾਂ ਦੋ ਮਹੀਨਿਆਂ 'ਚ ਕਰਨ ਦਾ ਐਲਾਨ ਕੀਤਾ ਹੈ। ਪਰਵਾਸੀ ਭਾਰਤੀਆਂ ਨੂੰ ਪਤਿਆਉਣ ਦੇ ਨਾਲ ਹੀ ਸ੍ਰੀ ਮੋਦੀ ਨੇ ਉਨ੍ਹਾਂ ਤੋਂ 'ਸਵੱਛ ਭਾਰਤ' ਮੁਹਿੰਮ ਲਈ ਹਮਾਇਤ ਵੀ ਮੰਗੀ।

ਉਨ੍ਹਾਂ ਕਿਹਾ ਕਿ ਪੀ.ਆਈ.ਓ. ਅਤੇ ਓ.ਸੀ.ਆਈ. ਨੂੰ ਅਹਿਮਦਾਬਾਦ ਵਿਚ 7 ਜਨਵਰੀ ਤੋਂ ਸ਼ੁਰੂ ਹੋਣ ਵਾਲੇ ਪਰਵਾਸੀ ਭਾਰਤੀ ਦਿਵਸ ਤੋਂ ਪਹਿਲਾਂ ਮਿਲਾ ਦਿੱਤਾ ਜਾਵੇਗਾ। ਉਨ੍ਹਾਂ ਸਤੰਬਰ 'ਚ ਅਮਰੀਕਾ ਦੌਰੇ ਸਮੇਂ ਪੀ.ਆਈ.ਓ. ਅਤੇ ਓ.ਸੀ.ਆਈ. ਦੇ ਰਲੇਵੇਂ ਦਾ ਐਲਾਨ ਕੀਤਾ ਸੀ, ਪਰ ਇਸ ਦੀ ਤਰੀਕ ਦਾ ਕੋਈ ਜ਼ਿਕਰ ਨਹੀਂ ਸੀ ਕੀਤਾ। ਉਨ੍ਹਾਂ ਸਿਡਨੀ 'ਚ 2015 'ਚ ਭਾਰਤੀ ਕਲਚਰਲ ਸੈਂਟਰ ਖੋਲ੍ਹਣ ਦਾ ਐਲਾਨ ਕੀਤਾ ਅਤੇ ਕਿਹਾ ਕਿ ਆਸਟਰੇਲੀਆ ਦੇ ਲੋਕਾਂ ਨੂੰ ਦੋਹਾਂ ਦੇ ਨਿਯਮ ਵੱਖਰੇ ਹੋਣ ਕਰਕੇ ਲੋਕਾਂ ਨੂੰ ਭਾਰਤ ਪਹੁੰਚਣ 'ਤੇ ਵੀਜ਼ਾ ਆਸਾਨੀ ਨਾਲ ਮਿਲੇਗਾ।

ਸ੍ਰੀ ਮੋਦੀ ਨੇ ਆਸਟਰੇਲਿਆਈ ਪੂੰਜੀਕਾਰਾਂ ਨੂੰ ਭਾਰਤ 'ਚ ਨਿਵੇਸ਼ ਦਾ ਸੱਦਾ ਦਿੰਦਿਆਂ ਕਿਹਾ ਕਿ ਭਾਰਤ ਦਾ ਮਾਹੌਲ ਹੁਣ ਕਾਰੋਬਾਰ ਲਈ ਸੁਖਾਵਾਂ ਹੋ ਰਿਹਾ ਹੈ ਅਤੇ ਨੀਤੀਆਂ ਪਾਰਦਰਸ਼ੀ ਤੇ ਆਸਾਨ ਹੋ ਗਈਆਂ ਹਨ। ਇਸੇ ਦੌਰਾਨ ਉਨ੍ਹਾਂ ਆਸਟਰੇਲੀਆ ਦੀ ਸੰਸਦ ਨੂੰ ਸੰਬੋਧਨ ਮੌਕੇ ਕਿਹਾ ਕਿ ਦੋਵੇਂ ਦੇਸ਼ਾਂ ਦੇ ਮਜ਼ਬੂਤ ਸਬੰਧਾਂ ਦਾ ਦੋਹਾਂ ਨੂੰ ਫਾਇਦਾ ਹੋਵੇਗਾ। ਇਹ ਪਹਿਲੀ ਵਾਰ ਹੈ ਕਿ ਭਾਰਤ ਦੇ ਕਿਸੇ ਪ੍ਰਧਾਨ ਮੰਤਰੀ ਨੇ ਆਸਟਰੇਲੀਆ ਦੀ ਸੰਸਦ ਨੂੰ ਸੰਬੋਧਨ ਕੀਤਾ ਹੋਵੇ। ਸ੍ਰੀ ਮੋਦੀ ਨੇ ਆਸਟਰੇਲਿਆਈ ਹਮਰੁਤਬਾ ਟੋਨੀ ਐਬਟ ਨਾਲ ਮੁਲਾਕਾਤ ਵੀ ਕੀਤੀ ਅਤੇ ਸੁਰੱਖਿਆ ਸਹਿਯੋਗ ਲਈ ਚੌਖਟਾ ਕਾਇਮ ਕਰਨ ਦਾ ਫੈਸਲਾ ਕੀਤਾ।

## ਐਬਟ ਨੂੰ ਮਾਨ ਸਿੰਘ ਟਰਾਫੀ ਭੇਟ

**ਕੈਨਬਰਾ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਥੇ ਵਾਰ ਮੈਮੋਰੀਅਲ ਦੀ ਫੇਰੀ ਮੌਕੇ ਆਸਟਰੇਲਿਆਈ ਪ੍ਰਧਾਨ ਮੰਤਰੀ ਟੋਨੀ ਐਬਟ ਨੂੰ ਮਾਨ ਸਿੰਘ ਟਰਾਫੀ ਭੇਟ ਕੀਤੀ। ਚਾਂਦੀ ਦੀ ਟਰਾਫੀ 1919 ਵਿਚ ਪਹਿਲੀ ਵਾਰ ਸਿੱਖ ਰਜਮੈਂਟ ਨੂੰ ਭੇਟ ਕੀਤੀ ਗਈ ਸੀ। ਇਸ ਰਜਮੈਂਟ ਦੇ ਅਫਸਰਾਂ ਨੇ ਪਹਿਲੀ ਸੰਸਾਰ ਜੰਗ ਦੌਰਾਨ ਮਿਸਰ, ਗੈਲੀਪੋਲੀ, ਸਿਨਾਈ ਅਤੇ ਮੈਸੋਪੋਟਾਮੀਆ ਵਿਚ ਸੇਵਾ ਨਿਭਾਈ ਸੀ। ਲੜਾਈ ਦੌਰਾਨ ਸਿੱਖ ਫੌਜੀ ਮਾਨ ਸਿੰਘ ਅਦੁੱਤੀ ਸਾਹਸ, ਕਿਰਦਾਰ, ਪੇਸ਼ੇਵਾਰਾਨਾ ਮੁਹਾਰਤ ਅਤੇ ਫੁਰਤੀ ਦਿਖਾਈ ਸੀ ਅਤੇ ਉਨ੍ਹਾਂ ਦੇ ਨਾਂ 'ਤੇ ਇਹ ਟਰਾਫੀ ਕਾਇਮ ਕੀਤੀ ਗਈ ਸੀ।

## ਉਪ ਬੋਲੀ ਪੁਆਧੀ ਖਤਮ ਹੋਣ ਕੰਢੇ?

**ਪਟਿਆਲਾ:** ਪੁਆਧੀ ਲੋਕ ਹੁਣ ਉਪ ਬੋਲੀ ਪੁਆਧੀ ਤੋਂ ਕਿਨਾਰਾ ਕਰ ਕੇ ਕੇਂਦਰੀ ਪੰਜਾਬੀ ਬੋਲੀ ਬੋਲਣ ਲੱਗੇ ਹਨ। ਇਸ ਕਰ ਕੇ ਪੁਆਧੀ ਉਪ ਬੋਲੀ ਖ਼ਤਰੇ ਵਿਚ ਹੈ ਜਦ ਕਿ ਪੁਆਧ ਖੇਤਰ ਵੱਡੇ ਧਾਰਮਿਕ, ਸਮਾਜਕ ਅਤੇ ਰਾਜਨੀਤਕ ਘਟਨਾਵਾਂ ਦਾ ਗਵਾਹ ਹੈ। ਇਹ ਤੱਥ ਪੰਜਾਬੀ ਯੂਨੀਵਰਸਿਟੀ ਵਿਚ ਹੋਈਆਂ ਖੋਜਾਂ ਤੇ ਹੋਰ ਵਿਦਵਾਨਾਂ ਵੱਲੋਂ ਕੀਤੇ ਖ਼ੁਲਾਸਿਆਂ ਤੋਂ ਸਪਸ਼ਟ ਹੋਇਆ ਹੈ।

ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਪੁਆਧੀ ਬੋਲੀ ਦਾ ਮੱਧ ਹੈ ਪਰ ਇਸ ਖੇਤਰ ਵਿਚ ਪੁਆਧੀ ਬੋਲੀ ਦਾ ਇਸਤੇਮਾਲ ਬਹੁਤ ਘੱਟ ਹੁੰਦਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਜ਼ਿਆਦਾ ਪੁਆਧੀ ਲੋਕ ਹਨ ਪਰ ਇੱਥੇ ਕੋਈ ਪੁਆਧੀ ਬੋਲੀ ਬੋਲਦਾ ਸੁਣਿਆ ਨਹੀਂ ਜਾਂਦਾ ਜਦਕਿ ਇੱਥੇ ਪੁਆਧੀ ਬੋਲੀ 'ਤੇ ਭਾਸ਼ਾ ਵਿਗਿਆਨੀਆਂ ਨੇ ਖੋਜਾਂ ਵੀ ਕੀਤੀਆਂ ਹਨ। ਸਤਲੁਜ ਤੋਂ ਲੈ ਕੇ ਘੱਗਰ ਦਰਿਆ, ਜ਼ਿਲ੍ਹਾ ਰੂਪਨਗਰ, ਪਟਿਆਲਾ, ਅੰਬਾਲਾ, ਜੀਂਦ, ਕੈਥਲ ਦਾ ਕੁਝ ਖੇਤਰ ਪੁਆਧ ਵਿਚ ਪੈਂਦਾ ਹੈ। ਪੁਆਧ ਦੇ ਖੇਤਰ ਸ੍ਰੀ ਆਨੰਦਪੁਰ ਸਾਹਿਬ ਵਿਚ ਖ਼ਾਲਸਾ ਪੰਥ ਦੀ ਸਾਜਨਾ ਹੋਈ। ਚਾਰੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ (ਚਮਕੌਰ ਦੀ ਗੜ੍ਹੀ ਤੇ ਸਰਹਿੰਦ), ਬਾਬਾ ਬੰਦਾ ਸਿੰਘ ਬਹਾਦਰ ਦਾ ਜੰਗੇ ਮੈਦਾਨ ਚੱਪੜਚਿੜੀ ਪੁਆਧ ਦੀ ਹੀ ਹਿੱਕ 'ਤੇ ਹਨ। ਕਈ ਵੱਡੇ ਲੇਖਕ ਗਿਆਨੀ ਦਿੱਤ ਸਿੰਘ, ਸੋਹਨ ਸਿੰਘ ਹੰਸ, ਭਗਤ ਆਸਾ ਰਾਮ, ਗੁਰਬਖ਼ਸ਼ ਕੇਸਰੀ, ਬਲਬੀਰ ਸੰਧੂ ਆਦਿ ਇੱਥੇ ਹੀ ਪੈਦਾ ਹੋਏ। ਚੰਡੀਗੜ੍ਹ ਬਣਨ ਵੇਲੇ ਪੁਆਧ ਦੇ ਕਰੀਬ 50 ਪਿੰਡਾਂ ਦੀ ਬਲੀ ਲਈ ਗਈ।

ਪਟਿਆਲਾ ਵਿਚ ਪਹਿਲਾਂ ਇੱਕ ਖੇਤਰ ਨੂੰ 'ਨਾਲੇ ਕੀ ਗੈਲ ਗੈਲ' ਬੋਲਿਆ ਜਾਂਦਾ ਸੀ ਜਿਸ ਨੂੰ ਬਜ਼ੁਰਗ ਉਸੇ ਤਰ੍ਹਾਂ ਬੋਲਦੇ ਹਨ ਪਰ ਨੌਜਵਾਨ ਭੁੱਲ ਗਏ। ਪੁਆਧੀ ਵਿਚ 'ਹਮੇ ਉਥਾ ਗਏ ਤੇ' ਪਰ ਪੰਜਾਬੀ ਵਿਚ 'ਅਸੀਂ ਉਥੇ ਗਏ ਸੀ' ਬੋਲਿਆ ਜਾਂਦਾ ਹੈ। ਜੇ ਪੰਜਾਬੀ ਤੇ ਪੁਆਧੀ ਬੋਲੀ ਵਿਚ ਫ਼ਰਕ ਲੱਭੀਏ ਤਾਂ ਬਹੁਤ ਸਾਰੇ ਸ਼ਬਦਾਂ ਵਿਚ ਫ਼ਰਕ ਹੈ। ਇਸੇ ਤਰ੍ਹਾਂ ਇਬ (ਹੁਣ), ਇਬੀ (ਹੁਣੇ), ਗੈਲ (ਲਾਗੇ ਜਾਂ ਨਾਲ), ਓਗਲ (ਉਦੋਂ), ਕੌਗਲ (ਕਦੋਂ), ਜੋਗਲ (ਜਦੋਂ), ਤੌਗਲ (ਤਦੋਂ) ਆਦਿ ਬਹੁਤ ਸਾਰੇ ਸ਼ਬਦ ਕੇਂਦਰੀ ਪੰਜਾਬੀ ਨਾਲੋਂ ਵੱਖਰੇ ਹਨ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



# ਕਰਜ਼ਾ ਅਦਲਾ-ਬਦਲੀ ਯੋਜਨਾ ਨੇ ਦਮ ਤੋੜਿਆ

**ਚੰਡੀਗੜ੍ਹ:** ਕਿਸਾਨਾਂ ਨੂੰ ਆੜ੍ਹਤੀਆਂ ਤੇ ਫ਼ਾਇਨਾਂਸਰਾਂ ਦੇ ਚੱਕਰ ਵਿਚੋਂ ਕੱਢਣ ਲਈ ਬਣਾਈ ਡੈਬਿਟ ਸਵੈਪ ਯੋਜਨਾ ਅੱਧਵਾਟੇ ਹੀ ਦਮ ਤੋੜ ਗਈ ਹੈ। ਨਾ ਤਾਂ ਕਿਸਾਨਾਂ ਨੇ ਹੀ ਇਸ ਯੋਜਨਾ ਨੂੰ ਕੋਈ ਹੁੰਗਾਰਾ ਦਿੱਤਾ ਤੇ ਨਾ ਹੀ ਬੈਂਕਾਂ ਨੇ ਇਸ ਵਿਚ ਕੋਈ ਖ਼ਾਸ ਦਿਲਚਸਪੀ ਵਿਖਾਈ। ਨਤੀਜਾ ਇਹ ਕਿ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਪਹਿਲਾਂ ਵਾਂਗ ਜਾਰੀ ਹਨ ਤੇ ਆੜ੍ਹਤੀਆਂ ਦੀ ਆਮਦਨੀ ਦਾ ਜ਼ਰੀਆ ਵੀ। ਵਿੱਤੀ ਮਾਹਰ ਮੰਨਦੇ ਹਨ ਜੇਕਰ ਸਕੀਮ ਕਾਮਯਾਬ ਹੋ ਜਾਂਦੀ ਤਾਂ ਸਮਾਜ ਵਿਚ ਇਕ ਵੱਡਾ ਬਦਲਾਅ ਆ ਸਕਦਾ ਸੀ।

ਸਟੇਟ ਲੈਵਲ ਬੈਂਕਰਜ਼ ਕਮੇਟੀ (ਐਸ.ਐਲ.ਬੀ.ਸੀ.) ਪੰਜਾਬ ਦੀ ਸੂਚਨਾ ਮੁਤਾਬਕ ਇਸ ਯੋਜਨਾ ਦਾ ਸਿਰਫ 12 ਫ਼ੀਸਦੀ ਟੀਚਾ ਹੀ ਪੂਰਾ ਕੀਤਾ ਜਾ ਸਕਿਆ ਹੈ। ਯੋਜਨਾ ਤਹਿਤ ਕਿਸਾਨਾਂ ਨੇ ਆੜ੍ਹਤੀਆਂ ਜਾਂ ਫ਼ਾਈਨਾਂਸਰਾਂ ਤੋਂ ਚੁੱਕੇ ਕਰਜ਼ ਦੀ ਜਾਣਕਾਰੀ ਸਰਕਾਰ ਨੂੰ ਦੇਣੀ ਹੁੰਦੀ ਹੈ। ਸਰਕਾਰ ਬੈਂਕਾਂ ਰਾਹੀਂ ਇਹ ਕਰਜ਼ ਆਪਣੇ ਸਿਰ (ਸਵੈਪ) ਲੈ ਲੈਂਦੀ ਹੈ ਤੇ ਇਸ ਦੀ ਸਿੱਧੀ ਅਦਾਇਗੀ ਸਬੰਧਤ ਆੜ੍ਹਤੀ ਜਾਂ ਫਾਈਨਾਂਸਰ ਨੂੰ ਕਰ ਦਿੰਦੀ ਹੈ। ਮਗਰੋਂ ਇਹੋ ਪੈਸਾ ਕਿਸਾਨਾਂ ਤੋਂ ਆਸਾਨ ਕਿਸ਼ਤਾਂ 'ਤੇ ਮਾਮੂਲੀ ਵਿਆਜ ਸਮੇਤ ਵਸੂਲਿਆ ਜਾਂਦਾ ਹੈ, ਜਿਸ ਨੂੰ ਬਾਅਦ ਵਿਚ ਕਿਸਾਨ ਵੱਡਾ ਬੋਝ ਨਹੀਂ ਸਮਝਦਾ। ਕਿਸਾਨਾਂ ਦੇ ਹਿਤਾਂ ਨੂੰ ਮੁੱਖ ਰੱਖ ਕੇ ਉਲੀਕੀ ਗਈ ਇਸ ਯੋਜਨਾ ਵਿਚ ਕਈ ਕਮੀਆਂ ਹਨ।

**ਬੈਂਕਾਂ ਦੇ ਚੱਕਰ ਵਿਚ ਪੈਣ ਲਈ ਤਿਆਰ ਨਹੀਂ ਕਿਸਾਨ**



ਕਿਸਾਨ ਜਿਨ੍ਹਾਂ ਤੋਂ ਕਰਜ਼ ਲੈਂਦੇ ਹਨ ਉਹ ਫਾਈਨਾਂਸਰ ਜ਼ਿਆਦਾਤਰ ਰਜਿਸਟਰਡ ਨਹੀਂ ਹੁੰਦੇ। ਆੜ੍ਹਤੀ ਵੀ ਕੱਚੀਆਂ ਬਹੀਆਂ 'ਤੇ ਕਰਜ਼ ਦਿੰਦੇ ਹਨ। ਜੇਕਰ ਕਿਸਾਨ ਇਹੀ ਕਰਜ਼ ਬੈਂਕ ਵਿਚ ਸਵੈਪ (ਅਦਲਾ-ਬਦਲੀ) ਕਰਨਾ ਚਾਹੇਗਾ ਤਾਂ ਆੜ੍ਹਤੀ ਜਾਂ ਫ਼ਾਈਨਾਂਸਰ ਦੀ ਆਮਦਨ ਦਾ ਖੁਲਾਸਾ ਹੋ ਜਾਵੇਗਾ ਜੋ ਕਿ ਉਹ ਨਹੀਂ ਚਾਹੁੰਦੇ। ਨਾਲ ਹੀ ਆੜ੍ਹਤੀ ਤੇ ਫਾਈਨਾਂਸਰ ਆਪਣੀ ਮਰਜ਼ੀ ਦੀ ਦਰ 'ਤੇ ਕਰਜ਼ ਦਿੰਦੇ ਹਨ ਜੋ ਗ਼ੈਰ ਕਾਨੂੰਨੀ ਵੀ ਹੈ। ਦੂਜੇ ਪਾਸੇ ਕਿਸਾਨਾਂ ਤੇ ਆੜ੍ਹਤੀਆਂ ਦੇ ਆਪਸੀ ਰਿਸ਼ਤੇ ਬਹੁਤ ਗੂੜ੍ਹੇ ਹਨ।

ਫ਼ਸਲ ਖੇਤ ਵਿਚ ਖੜ੍ਹੀ ਹੁੰਦੀ ਹੈ, ਪਤਾ ਨਹੀਂ ਝਾੜ ਕਿੰਨਾ ਨਿਕਲੇਗਾ, ਤਾਂ ਵੀ ਆੜ੍ਹਤੀ ਖੜੀ ਫ਼ਸਲ 'ਤੇ ਕਰਜ਼ ਦੇ ਦਿੰਦਾ ਹੈ। ਹਾਲਾਂਕਿ ਇਸੇ ਕਰਜ਼ ਕਾਰਨ ਕਿਸਾਨ ਖ਼ੁਦਕੁਸ਼ੀ ਕਰਦੇ ਹਨ ਤੇ ਸਰਕਾਰ ਇਸੇ ਚੱਕਰ ਵਿਚੋਂ ਉਨ੍ਹਾਂ ਨੂੰ ਕੱਢਣਾ ਚਾਹੁੰਦੀ ਹੈ ਪਰ ਕਿਸਾਨ ਖ਼ੁਦ ਵੀ ਇਸ ਵਿਚੋਂ ਬਾਹਰ ਨਿਕਲਣ ਨੂੰ ਤਿਆਰ ਨਹੀਂ। ਲੜਕੀ ਦੇ ਵਿਆਹ ਲਈ, ਬੇਟੇ ਦੀ ਪੜ੍ਹਾਈ ਲਈ ਜਾਂ ਨਵਾਂ ਟਰੈਕਟਰ ਲੈਣ ਲਈ ਵੀ ਆੜ੍ਹਤੀ ਕੋਲ ਜਾਣਾ ਪੈਂਦਾ ਹੈ ਜਿਥੇ ਜ਼ਿਆਦਾ ਕਸ਼ਟ ਨਾ ਕੀਤਿਆਂ ਕਰਜ਼ ਮਿਲ ਜਾਂਦਾ ਹੈ। ਇਹ ਗੱਲ ਵੱਖਰੀ ਹੈ ਕਿ ਆੜ੍ਹਤੀ ਇਕ ਵਾਰ ਜ਼ਮੀਨ ਗਹਿਣੇ ਰੱਖ ਲੈਂਦਾ ਹੈ ਤਾਂ ਉਸ ਨੂੰ ਛੁਡਾਉਣ ਲਈ ਵਰ੍ਹੇ ਲੱਗ ਜਾਂਦੇ ਹਨ।

ਜਿਥੋਂ ਤੱਕ ਬੈਂਕਾਂ ਦਾ ਸਵਾਲ ਹੈ ਉਹ ਇਸ ਸਕੀਮ ਨੂੰ ਜ਼ਿਆਦਾ ਤਰਜੀਹ ਨਹੀਂ ਦੇ ਰਹੇ। 2012 ਵਿਚ ਪੰਜਾਬ ਵਿਚ ਸਿਰਫ਼ 215.82 ਕਰੋੜ ਦੇ ਕਰਜ਼ ਹੀ ਡੈਬਿਟ ਸਵੈਪ ਸਕੀਮ ਤਹਿਤ ਵੰਡੇ ਗਏ ਜਦਕਿ ਟੀਚਾ ਸੀ 1234.21 ਕਰੋੜ ਵੰਡਣ ਦਾ ਮਤਲਬ ਇਹ ਕਿ ਸਿਰਫ਼ 17.49 ਫ਼ੀ ਸਦੀ ਟੀਚਾ ਹੀ ਪੂਰਾ ਕੀਤਾ ਜਾ ਸਕਿਆ। 2013 ਵਿਚ ਇਹ ਟੀਚਾ 15 ਫ਼ੀਸਦੀ ਤੋਂ ਵੀ ਘੱਟ ਪੂਰਾ ਕੀਤਾ ਗਿਆ।

ਇਸ ਯੋਜਨਾ ਤਹਿਤ ਕਿਸਾਨਾਂ ਦੇ ਕਰਜ਼ ਦੀ ਹੱਦ 2011 ਤੱਕ 50,000 ਸੀ ਜੋ 2012 ਵਿਚ ਵਧਾ ਕੇ ਇਕ ਲੱਖ ਕਰ ਦਿੱਤੀ ਗਈ, ਫਿਰ ਵੀ ਕੋਈ ਫ਼ਰਕ ਨਹੀਂ ਪਿਆ। ਇਸ 'ਤੇ ਵਿੱਤ ਵਿਭਾਗ ਦੇ ਸਕੱਤਰ ਕਈ ਵਾਰ ਚਿੰਤਾ ਪ੍ਰਗਟਾ ਚੁੱਕੇ ਹਨ। ਇਥੋਂ ਤੱਕ ਕਿ ਇਕ ਵਾਰ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇਸ ਮੁੱਦੇ 'ਤੇ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਗਵਰਨਰ ਡੀ. ਸੁੱਬਾਰਾਵ ਨਾਲ ਵੀ ਮੁਲਾਕਾਤ ਕਰ ਕੇ ਕਿਸਾਨਾਂ ਲਈ ਹੋਰ ਰਾਹਤ ਦੀ ਮੰਗ ਕਰ ਚੁੱਕੇ ਹਨ। ਗਵਰਨਰ ਨੇ ਬਾਦਲ ਨੂੰ ਭਰੋਸਾ ਦਿਵਾਇਆ ਸੀ ਕਿ ਉਹ ਬੈਂਕਾਂ ਨੂੰ ਤਾਕੀਦ ਕਰਨਗੇ ਕਿ ਉਹ ਇਸ ਯੋਜਨਾ ਨੂੰ ਸਿਰੇ ਚੜ੍ਹਾਉਣ ਪਰ ਅਜਿਹਾ ਨਹੀਂ ਹੋ ਸਕਿਆ।

ਦਰਅਸਲ ਸਰਕਾਰ ਕਿਸਾਨਾਂ ਨੂੰ ਰਾਹਤ ਦੇਣ ਦੀ ਬਜਾਏ ਉਨ੍ਹਾਂ ਨੂੰ ਖ਼ੁਸ਼ ਕਰ ਰਹੀ ਹੈ। ਆੜ੍ਹਤੀ ਐਸੋਸੀਏਸਬ□ਨ ਦੇ ਸਾਬਕਾ ਪ੍ਰਧਾਨ ਐਚ.ਐਸ. ਗਰੇਵਰ ਨੇ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ ਚਲਾਈ ਇਹ ਯੋਜਨਾ ਤਾਂ ਬਹੁਤ ਚੰਗੀ ਸੀ ਪਰ ਬੈਂਕਾਂ ਨੂੰ ਇਸ ਪਾਸੇ ਜ਼ਿਆਦਾ ਧਿਆਨ ਨਹੀਂ ਦਿੱਤਾ।

## ਖੱਬੇ ਪੱਖੀਆਂ ਵੱਲੋਂ ਲੋਕ ਮਸਲਿਆਂ 'ਤੇ ਬਾਦਲ ਸਰਕਾਰ ਨੂੰ ਘੇਰਾ

**ਚੰਡੀਗੜ੍ਹ:** ਚਾਰ ਖੱਬੇ-ਪੱਖੀ ਪਾਰਟੀਆਂ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ ਖਿਲਾਫ ਸੰਘਰਸ਼ ਵਿੱਢਣ ਦਾ ਐਲਾਨ ਕਰ ਦਿੱਤਾ ਹੈ। ਇਸ ਸੰਘਰਸ਼ ਦੀ ਸ਼ੁਰੂਆਤ ਵਜੋਂ 28 ਨਵੰਬਰ ਨੂੰ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ। ਲੁਧਿਆਣਾ ਵਿਖੇ ਕੀਤੀ ਜਾਣ ਵਾਲੀ ਰੈਲੀ ਲਈ ਸੀ.ਪੀ.ਆਈ., ਸੀ.ਪੀ.ਆਈ. (ਐਮ), ਸੀ.ਪੀ.ਐਮ. (ਪੰਜਾਬ) ਤੇ ਸੀ.ਪੀ.ਆਈ. (ਐਮ.ਐਲ. ਲਿਬਰੇਸ਼ਨ) ਵੱਲੋਂ ਸਮਾਂ ਦਿੱਤਾ ਗਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਚਾਰ ਖੱਬੇ-ਪੱਖੀ ਪਾਰਟੀਆਂ ਨੇ ਰਲ ਕੇ ਸੰਘਰਸ਼ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਇਸ ਤੋਂ ਪਹਿਲਾਂ ਖੱਬੇ-ਪੱਖੀ ਪਾਰਟੀਆਂ ਦੇ ਸਾਂਝੇ ਮੋਰਚੇ ਵੱਲੋਂ ਚਾਰ ਅਗਸਤ ਨੂੰ ਜਲੰਧਰ ਵਿਚ ਇਕ ਕਨਵੈਨਸ਼ਨ ਕੀਤੀ ਗਈ ਸੀ। ਉਸ ਤੋਂ ਬਾਅਦ ਮੰਗਾਂ ਦੇ ਹੱਕ ਵਿੱਚ ਦੋ ਤੋਂ ਪੰਜ ਸਤੰਬਰ ਤੱਕ ਜ਼ਿਲ੍ਹਾ ਪੱਧਰ 'ਤੇ ਧਰਨੇ ਦਿੱਤੇ ਗਏ ਸਨ। 25 ਤੋਂ 30 ਅਕਤੂਬਰ ਤੱਕ ਸੂਬਾ ਭਰ ਵਿਚ ਰੈਲੀਆਂ ਕੀਤੀਆਂ ਗਈਆਂ ਸਨ। ਸੀ.ਪੀ.ਆਈ. ਦੇ ਆਗੂ ਬੰਤ ਬਰਾੜ ਨੇ ਦੱਸਿਆ ਕਿ 28 ਨਵੰਬਰ ਦੀ ਰੈਲੀ ਨੂੰ ਕੌਮੀ ਲੀਡਰ ਏਬੀ ਵਰਧਨ, ਪ੍ਰਕਾਸ਼ ਕਰਤ ਤੇ ਦੀਪਕ ਭੱਟਾਚਾਰੀਆ ਸੰਬੋਧਨ ਕਰਨਗੇ। ਰੈਲੀ ਦੌਰਾਨ ਅਮਨ-ਕਾਨੂੰਨ ਦੀ ਸਥਿਤੀ ਬਹਾਲ ਕਰਨ, ਬੁਢਾਪਾ ਪੈਨਸ਼ਨ ਵਿਚ ਵਾਧਾ ਕਰਨ, ਨਸ਼ਿਆਂ ਨੂੰ ਨੱਥ ਪਾਉਣ ਤੇ ਸਰਕਾਰੀ ਤੇ ਪ੍ਰਾਈਵੇਟ ਜਾਇਦਾਦ ਨੂੰ ਨੁਕਸਾਨ ਰੋਕੂ ਬਿੱਲ ਤੇ ਸੰਭਾਵੀ ਲੈਂਡ ਐਕੁਜ਼ੀਸ਼ਨ ਬਿੱਲ ਦਾ ਵਿਰੋਧ ਕੀਤਾ ਜਾਵੇਗਾ। ਸ੍ਰੀ ਬਰਾੜ ਨੇ ਪੰਜਾਬ ਵਿਚ ਆਰ.ਆਰ.ਐਸ. ਦੀਆਂ ਵਧ ਰਹੀਆਂ ਗਤੀਵਿਧੀਆਂ ਉਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਇਸ ਨਾਲ ਫਿਰਕੂ ਮਾਹੌਲ ਦੇ ਮੁੜ ਪੈਦਾ ਹੋਣ ਦਾ ਖਤਰਾ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਅਕਾਲੀ ਦਲ ਨੂੰ ਪੰਜਾਬੀ ਸਮੇਤ ਸੂਬੇ ਦੀਆਂ ਹੱਕੀ ਮੰਗਾਂ ਲਈ ਹੰਭਲਾ ਮਾਰਨ ਦੀ ਸਲਾਹ ਦਿੱਤੀ ਹੈ।

# ਅਫਸਰਸ਼ਾਹੀ ਨੇ ਸਰਫਾ ਮੁਹਿੰਮ ਤੋਂ ਉਕਾ ਹੀ ਫੇਰਿਆ ਮੂੰਹ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਮਾਲੀ ਸੰਕਟ ਨਾਲ ਸਿੱਝਣ ਲਈ ਵਿੱਢੀ ਸਰਫਾ ਮੁਹਿੰਮ ਦਾ ਮੰਤਰੀਆਂ ਤੇ ਅਫ਼ਸਰਾਂ 'ਤੇ ਕੋਈ ਅਸਰ ਨਹੀਂ ਦਿੱਸ ਰਿਹਾ। ਪੰਜਾਬ ਦੀ ਵੱਡੀ ਗਿਣਤੀ ਅਫਸਰਸ਼ਾਹੀ ਤੇ ਮੰਤਰੀ ਵਿਦੇਸ਼ ਦੌਰਿਆਂ ਦੀ ਤਿਆਰੀ ਖਿੱਚੀ ਬੈਠੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਧਿਕਾਰੀਆਂ ਦੇ ਲਾਮ- ਲਸ਼ਕਰ ਨਾਲ ਚੀਨ ਦੇ ਦੌਰੇ 'ਤੇ ਗਏ ਸਨ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਅਗਲੇ ਹਫ਼ਤੇ ਇਕ ਵੱਡੇ ਵਫ਼ਦ ਨਾਲ ਸਪੇਨ ਦੇ ਦੌਰੇ ਦੀ ਤਿਆਰੀ ਖਿੱਚੀ ਬੈਠੇ ਹਨ। ਉਪ ਮੁੱਖ ਮੰਤਰੀ ਦੀ ਅਗਵਾਈ ਵਾਲੇ ਵਫ਼ਦ ਵਿਚ ਸ. ਬਾਦਲ ਦੇ ਸਕੱਤਰ ਪਰਮਜੀਤ ਸਿੰਘ ਔਜਲਾ, ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਅਨਿਲ ਜੋਸ਼ੀ ਤੇ ਸਕੱਤਰ ਅਸ਼ੋਕ ਕੁਮਾਰ ਗੁਪਤਾ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਸਕੱਤਰ ਏ. ਵੇਣੂ ਪ੍ਰਸਾਦ ਸ਼ਾਮਲ ਹਨ। ਰੋਚਕ ਤੱਥ ਇਹ ਹੈ ਕਿ ਸ੍ਰੀ ਔਜਲਾ ਦੀ ਸੇਵਾਮੁਕਤੀ 30 ਨਵੰਬਰ ਨੂੰ ਹੋਣੀ ਹੈ ਜਿਸ ਕਰਕੇ ਇਸ ਅਧਿਕਾਰੀ ਵੱਲੋਂ ਸਰਕਾਰੀ ਖ਼ਰਚੇ 'ਤੇ ਵਿਦੇਸ਼ ਜਾਣਾ ਪ੍ਰਸ਼ਾਸਕੀ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਦੌਰਿਆਂ 'ਤੇ ਕੀਤਾ ਜਾਣ ਵਾਲਾ ਖ਼ਰਚ ਬੋਰਡਾਂ ਜਾਂ ਅਥਾਰਟੀਆਂ ਵੱਲੋਂ ਕੀਤਾ ਜਾ ਰਿਹਾ ਹੈ।

ਸੂਤਰਾਂ ਮੁਤਾਬਕ ਉਪ ਮੁੱਖ ਮੰਤਰੀ ਦੀ ਅਗਵਾਈ ਵਾਲਾ ਵਫ਼ਦ ਸਪੇਨ ਦੀ ਰਾਜਧਾਨੀ ਬਾਰਸੀਲੋਨਾ ਵਿਚ 18, 19 ਤੇ 20 ਨਵੰਬਰ ਨੂੰ ਹੋਣ ਵਾਲੇ 'ਵਰਲਡ ਸਮਾਰਟ ਸਿਟੀ ਐਕਸਪੋ 2014' ਵਿਚ ਸ਼ਾਮਲ ਹੋਣ ਲਈ ਜਾ ਰਿਹਾ ਹੈ। ਭਾਰਤ ਸਰਕਾਰ ਵੱਲੋਂ ਅੰਮ੍ਰਿਤਸਰ ਤੇ ਲੁਧਿਆਣਾ ਨੂੰ ਸਮਾਰਟ ਸਿਟੀ ਯੋਜਨਾ ਦੇ ਦਾਇਰੇ ਵਿਚ ਲਿਆਉਣ ਦਾ ਐਲਾਨ ਕੀਤਾ ਗਿਆ ਸੀ। ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸ਼ਹਿਰਾਂ ਨੂੰ ਇਸ ਯੋਜਨਾ ਦਾ ਹਿੱਸਾ ਬਣਾਉਣ ਲਈ ਬਾਰਸੀਲੋਨਾ ਦਾ ਦੌਰਾ ਕੀਤਾ ਜਾ ਰਿਹਾ ਹੈ। ਸਥਾਨਕ ਸਰਕਾਰਾਂ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਇੰਟਰਨੈਟ ਦੇ ਦੌਰ ਵਿਚ ਭਾਵੇਂ ਘਰ ਬੈਠਿਆਂ ਹੀ ਸਾਰੀ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ ਪਰ ਉਪ ਮੁੱਖ ਮੰਤਰੀ ਸਪੇਨ ਦੇ ਦੌਰੇ ਲਈ ਬਜ਼ਿੱਦ ਸਨ। ਜਾਣਕਾਰੀ ਮੁਤਾਬਕ 'ਵਰਲਡ ਸਮਾਰਟ ਸਿਟੀ ਐਕਸਪੋ- 2014' ਵਿਚ ਸੀਵਰੇਜ ਟਰੀਟਮੈਂਟ ਪਲਾਂਟ, ਅਰਬਨ ਇਨੋਵੇਸ਼ਨ ਸੈਂਟਰ, ਟਰਾਂਸਪੋਰਟ ਮੋਬਿਲਟੀ ਤੇ ਅਰਬਨ ਸੋਲਰ ਐਨਰਜੀ ਆਦਿ ਵਿਸ਼ਿਆਂ 'ਤੇ ਜਾਣਕਾਰੀ ਹਾਸਲ ਕੀਤੀ ਜਾ ਸਕੇਗੀ। ਸੂਤਰਾਂ ਮੁਤਾਬਕ ਇਸ ਦੌਰੇ ਲਈ ਪੀ.ਐਮ.ਆਈ.ਡੀ.ਸੀ. ਤੇ ਗਮਾਡਾ ਵੱਲੋਂ ਖ਼ਰਚ ਕੀਤਾ ਜਾ ਰਿਹਾ ਹੈ। ਪੰਜਾਬ ਦੇ ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ ਪਿਛਲੇ ਮਹੀਨੇ ਕੈਨੇਡਾ ਦੇ ਦੌਰੇ 'ਤੇ ਹੋ ਕੇ ਆਏ ਹਨ। ਉਹ ਵੀ ਕਈ ਅਧਿਕਾਰੀਆਂ ਦਾ ਦਲ ਆਪਣੇ ਨਾਲ ਲੈ ਕੇ ਗਏ ਸਨ। ਸੂਬੇ ਦੇ ਸਨਅਤ ਮੰਤਰੀ ਮਦਨ ਮੋਹਨ ਮਿੱਤਲ ਇਨ੍ਹੀਂ ਦਿਨੀਂ ਮਕਾਊ ਦੇ ਦੌਰੇ 'ਤੇ ਹਨ।

ਪੰਜਾਬ ਸਰਕਾਰ ਨੇ ਮਾਲੀ ਸੰਕਟ ਦੇ ਮੱਦੇਨਜ਼ਰ ਮੁਲਾਜ਼ਮਾਂ ਤੇ ਅਫ਼ਸਰਾਂ 'ਤੇ ਕਈ ਕਿਸਮ ਦੀਆਂ ਵਿੱਤੀ ਪਾਬੰਦੀਆਂ ਲਾਈਆਂ ਹੋਈਆਂ ਹਨ। ਇਥੋਂ ਤੱਕ ਕਿ ਮੁਲਾਜ਼ਮਾਂ ਦਾ ਐਲ.ਟੀ.ਸੀ. ਵੀ ਇਸ ਸਾਲ ਬੰਦ ਕਰ ਦਿੱਤਾ ਗਿਆ ਸੀ। ਵਿੱਤ ਵਿਭਾਗ ਦੇ ਪੱਤਰ ਵਿਚ ਮੰਤਰੀਆਂ ਤੇ ਉੱਚ ਅਧਿਕਾਰੀਆਂ ਦੇ ਵਿਦੇਸ਼ ਦੌਰਿਆਂ ਤੇ ਫਜ਼ੂਲਖ਼ਰਚੀ 'ਤੇ ਵੀ ਲਗਾਮ ਕੱਸੀ ਗਈ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਹੀ ਵਿਦੇਸ਼ ਦੌਰਿਆਂ ਲਈ ਪ੍ਰਵਾਨਗੀ ਦਿੱਤੀ ਗਈ ਹੈ। ਮੁੱਖ ਮੰਤਰੀ, ਉਪ ਮੁੱਖ ਮੰਤਰੀ ਤੇ ਮੰਤਰੀਆਂ ਦੇ ਵਿਦੇਸ਼ ਦੌਰਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਪਾਬੰਦੀਆਂ ਮੁਲਾਜ਼ਮਾਂ ਲਈ ਹੀ ਹਨ, ਨਾ ਕਿ ਮੰਤਰੀਆਂ ਜਾਂ ਅਫ਼ਸਰਾਂ ਲਈ। ਮੁੱਖ ਮੰਤਰੀ ਦਫ਼ਤਰ ਦੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਸਰਕਾਰ ਨੇ ਬੇਸ਼ੱਕ ਵਿੱਤੀ ਪਾਬੰਦੀਆਂ ਲਾਈਆਂ ਸਨ ਪਰ ਮੌਕੇ ਮੁਤਾਬਕ ਵਿਦੇਸ਼ੀ ਦੌਰੇ ਜਾਂ ਕਿਸੇ ਹੋਰ ਹੰਗਾਮੀ ਹਾਲਤ ਵਿਚ ਹੋਣ ਵਾਲੇ ਖ਼ਰਚ ਬਾਰੇ ਫ਼ੈਸਲਾ ਵੀ ਲਿਆ ਜਾ ਸਕਦਾ ਹੈ।

# ਹਿੰਦੂ ਤੇ ਸਿੱਖ ਸ਼ਰਨਾਰਥੀਆਂ ਲਈ ਛੋਟਾਂ ਦਾ ਐਲਾਨ

**31 ਦਸੰਬਰ 2009 ਤੋਂ ਪਹਿਲਾਂ ਭਾਰਤ ਪੁੱਜਣ ਵਲਿਆਂ ਨੂੰ ਮਿਲੇਗੀ ਸਹੂਲਤ**

**ਨਵੀਂ ਦਿੱਲੀ:** ਸਰਕਾਰ ਨੇ ਪਾਕਿਸਤਾਨ ਤੇ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਹਿੰਦੂ ਤੇ ਸਿੱਖ ਸ਼ਰਨਾਰਥੀਆਂ ਨੂੰ ਭਾਰਤ ਦੀ ਨਾਗਰਿਕਤਾ ਦੇਣ ਲਈ ਕੁਝ ਛੋਟਾਂ ਦੇਣ ਦਾ ਐਲਾਨ ਕੀਤਾ ਹੈ। ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ 31 ਦਸੰਬਰ 2009 ਤੋਂ ਪਹਿਲਾਂ ਭਾਰਤ ਵਿਚ ਦਾਖ਼ਲ ਹੋਣ ਵਾਲੇ ਪਾਕਿਸਤਾਨ ਤੇ ਅਫ਼ਗਾਨਿਸਤਾਨ ਦੇ ਘੱਟ ਗਿਣਤੀ ਭਾਈਚਾਰਿਆਂ ਦੇ ਨਾਗਰਿਕਾਂ ਨੂੰ ਭਾਰਤੀ ਨਾਗਰਿਕਤਾਂ ਦੇਣ ਲਈ ਅਰਜ਼ੀਆਂ ਦੀ ਦਸਤੀ ਪ੍ਰਵਾਨਗੀ ਦੀ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਯੋਗ ਬਿਨੈਕਾਰਾਂ ਜਿਨ੍ਹਾਂ ਨੂੰ ਆਨਲਾਈਨ ਅਰਜ਼ੀਆਂ ਦਾਖ਼ਲ ਕਰਨ ਵਿਚ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਉਹ ਹੁਣ ਆਪਣੇ ਪਾਸਪੋਰਟ ਨਾਲ ਦਸਤੀ ਰੂਪ ਵਿਚ ਅਰਜ਼ੀਆਂ ਦੇ ਸਕਣਗੇ। ਉਂਜ, ਜ਼ਿਲ੍ਹਾ ਮੈਜਿਸਟਰੇਟ, ਕੁਲੈਕਟਰ ਜਾਂ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਚ ਨਾਗਰਿਕਤਾ ਲਈ ਅਰਜ਼ੀ ਦਾਖ਼ਲ ਕਰਨ ਤੱਕ ਬਿਨੈਕਾਰ ਦੇ ਲੰਮਚਿਰੀ ਵੀਜ਼ੇ (ਐਲਟੀਵੀ) ਦੀ ਮਿਆਦ ਹੋਣੀ ਚਾਹੀਦੀ ਹੈ।

ਸਿਟੀਜ਼ਨਸ਼ਿਪ ਰੂਲਜ਼ 2009 ਦੇ ਨੇਮ 28 ਅਧੀਨ ਦਰਜ ਅਥਾਰਿਟੀ ਕੋਲ ਦਸਤਬਰਦਾਰੀ ਪ੍ਰਮਾਣ ਦੀ ਥਾਂ ਪੇਸ਼ ਕੀਤੇ ਗਏ ਹਲਫ਼ਨਾਮੇ ਉਪਰ ਗੌਰ ਕੀਤੀ ਜਾਵੇਗੀ। ਇਹੋ ਜਿਹੇ ਸ਼ਰਨਾਰਥੀਆਂ ਦੇ ਬੱਚੇ, ਜੋ ਆਪਣੇ ਮਾਪਿਆਂ ਦੇ ਪਾਸਪੋਰਟ 'ਤੇ ਭਾਰਤ ਵਿਚ ਦਾਖ਼ਲ ਹੋਏ ਸਨ, ਉਹ ਭਾਰਤ ਵਿਚ ਨਿਯਮਤ ਠਾਹਰ ਤੋਂ ਬਾਅਦ ਭਾਰਤੀ ਨਾਗਰਿਕਤਾ ਲਈ ਪਾਸਪੋਰਟ ਤੋਂ ਬਿਨਾਂ ਹੀ ਅਰਜ਼ੀ ਦੇ ਸਕਦੇ ਹਨ। ਜੇਕਰ ਅਜਿਹੇ ਸ਼ਰਨਾਰਥੀਆਂ ਦਾ ਜਨਮ ਭਾਰਤ ਵਿਚ ਹੀ ਹੋਇਆ ਤਾਂ ਵੀ ਉਹ ਪਾਸਪੋਰਟ ਤੋਂ ਬਿਨਾਂ ਹੀ ਭਾਰਤੀ ਨਾਗਰਿਕਤਾ ਲਈ ਅਰਜ਼ੀ ਦੇ ਸਕਦੇ ਹਨ। ਇਨ੍ਹਾਂ ਬੱਚਿਆਂ ਨੂੰ ਆਪੋ-ਆਪਣੇ ਜ਼ਿਲ੍ਹਿਆਂ ਦੇ ਫੌਰੇਨਰਜ਼ ਰਜਿਸਟਰੇਸ਼ਨ ਆਫਿਸ ਵਿਚ ਆਪਣੇ ਨਾਂ ਦਰਜ ਕਰਾਉਣੇ ਪੈਣਗੇ। ਗ੍ਰਹਿ ਮੰਤਰੀ ਨੇ ਪਾਕਿਸਤਾਨ ਤੇ ਅਫ਼ਗਾਨਿਸਤਾਨ ਤੋਂ ਆਏ ਹਿੰਦੂ ਤੇ ਸਿੱਖ ਸ਼ਰਨਾਰਥੀਆਂ ਨੂੰ ਭਾਰਤੀ ਨਾਗਰਿਕਤਾ ਹਾਸਲ ਕਰਨ ਵਿਚ ਆ ਰਹੀਆਂ ਔਕੜਾਂ ਨੂੰ ਧਿਆਨ ਵਿਚ ਰੱਖ ਕੇ ਇਹ ਫੈਸਲਾ ਕੀਤਾ ਹੈ। ਦੇਸ਼ ਵਿਚ ਤਕਰੀਬਨ 400 ਪਾਕਿਸਤਾਨੀ ਹਿੰਦੂ ਜੋਧਪੁਰ, ਜੈਸਲਮੇਰ, ਬੀਕਾਨੇਰ ਤੇ ਜੈਪੁਰ ਵਿਚ ਰਹਿ ਰਹੇ ਹਨ। ਜਦਕਿ ਕਈ ਸਿੱਖ ਸ਼ਰਨਾਰਥੀ ਪੰਜਾਬ, ਦਿੱਲੀ, ਹਰਿਆਣਾ ਤੇ ਉੱਤਰ ਪ੍ਰਦੇਸ਼ ਵਿਚ ਰਹਿ ਰਹੇ ਹਨ।

# ਪੰਜਾਬ ਸਰਕਾਰ ਨੇ ਖਜ਼ਾਨੇ ਨੂੰ ਮੁੜ ਲਾਏ ਜਿੰਦਰੇ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਵਿੱਤ ਵਿਭਾਗ ਨੇ ਸੂਬੇ ਦੇ ਸਮੂਹ ਖ਼ਜ਼ਾਨਾ ਦਫ਼ਤਰਾਂ ਨੂੰ ਅਣਐਲਾਨੇ ਢੰਗ ਨਾਲ ਫੋਨ ਕਰਕੇ ਹਰੇਕ ਤਰ੍ਹਾਂ ਦੀਆਂ ਅਦਾਇਗੀਆਂ ਉੱਤੇ ਰੋਕ ਲਾਉਣ ਦੇ ਹੁਕਮ ਦੇ ਦਿੱਤੇ ਹਨ। ਇਸ ਕਾਰਨ ਖ਼ਜ਼ਾਨਾ ਦਫ਼ਤਰਾਂ ਵਿਚੋਂ ਮੁਲਾਜ਼ਮਾਂ ਤੇ ਅਧਿਕਾਰੀਆਂ ਦੀਆਂ ਸਮੂਹ ਅਦਾਇਗੀਆਂ ਸਮੇਤ ਹੋਰ ਹਰੇਕ ਤਰ੍ਹਾਂ ਦੇ ਬਿੱਲ ਠੰਢੇ ਬਸਤੇ ਵਿਚ ਪੈ ਗਏ ਹਨ। ਇਥੋਂ ਤੱਕ ਕਿ ਮੁਲਾਜ਼ਮਾਂ ਦੀਆਂ ਕਿਸੇ ਨਾ ਕਿਸੇ ਕਾਰਨ ਪਿਛਲੇ ਮਹੀਨਿਆਂ ਦੀਆਂ ਰੁਕੀਆਂ ਤਨਖ਼ਾਹਾਂ ਰਿਲੀਜ਼ ਕਰਨ ਉੱਤੇ ਵੀ ਰੋਕ ਲਾ ਦਿੱਤੀ ਗਈ ਹੈ।

ਦੱਸਣਯੋਗ ਹੈ ਕਿ ਸਿੱਖਿਆ ਵਿਭਾਗ ਦੇ ਹਜ਼ਾਰਾਂ ਅਧਿਆਪਕਾਂ ਸਮੇਤ ਹੋਰ ਕਈ ਵਿਭਾਗਾਂ ਦੇ ਮੁਲਾਜ਼ਮਾਂ ਦੀਆਂ ਆਰਜ਼ੀ ਆਸਾਮੀਆਂ ਦੀਆਂ ਪ੍ਰਵਾਨਗੀਆਂ ਬਾਅਦ ਵਿਚ ਮਿਲਣ ਕਾਰਨ ਹਜ਼ਾਰਾਂ ਮੁਲਾਜ਼ਮ ਪਿਛਲੇ ਮਹੀਨੇ ਦੀਆਂ ਤਨਖਾਹਾਂ ਤੋਂ ਵੀ ਵਾਂਝੇ ਚੱਲਦੇ ਆ ਰਹੇ ਹਨ। ਭਰੋਸੇਯੋਗ ਸੂਤਰਾਂ ਅਨੁਸਾਰ ਵਿੱਤ ਵਿਭਾਗ ਵੱਲੋਂ 11 ਨਵੰਬਰ ਨੂੰ ਬਾਅਦ ਦੁਪਹਿਰ 3.30 ਵਜੇ ਸੂਬੇ ਦੇ ਸਮੂਹ ਖ਼ਜ਼ਾਨਾ ਦਫ਼ਤਰਾਂ ਨੂੰ ਫੋਨ ਕਰ ਕੇ ਹਰੇਕ ਤਰ੍ਹਾਂ ਦੀਆਂ ਅਦਾਇਗੀਆਂ ਉੱਤੇ ਰੋਕ ਲਾਉਣ ਦੇ ਆਦੇਸ਼ ਦਿੱਤੇ ਗਏ ਹਨ।



ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਪਹਿਲੀ ਸਤੰਬਰ ਤੋਂ ਮੁਲਾਜ਼ਮਾਂ ਤੇ ਅਧਿਕਾਰੀਆਂ ਦੇ ਜੀ.ਪੀ. ਫੰਡ ਦੇ ਐਡਵਾਂਸ ਦੇ ਬਿੱਲਾਂ ਉੱਤੇ ਵੀ ਅਣਐਲਾਨੀ ਰੋਕ ਲਾ ਦਿੱਤੀ ਹੈ ਜਿਸ ਕਾਰਨ ਮੁਲਾਜ਼ਮਾਂ ਨੂੰ ਬੱਚਿਆਂ ਦੇ ਵਿਆਹ ਲਈ ਵੀ ਜੀ.ਪੀ.ਐਫ. ਖਾਤਿਆਂ ਵਿਚੋਂ ਐਡਵਾਂਸ ਨਹੀਂ ਦਿੱਤੇ ਜਾ ਰਹੇ।

ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਹਰੇਕ ਮਹੀਨੇ ਸੇਵਾਮੁਕਤ ਹੋ ਰਹੇ ਮੁਲਾਜ਼ਮਾਂ ਤੇ ਅਧਿਕਾਰੀਆਂ ਦੇ ਪੈਨਸ਼ਨ ਲਾਭਾਂ ਦੀਆਂ ਅਦਾਇਗੀਆਂ ਵੀ ਪਿਛਲੇ ਦੋ ਮਹੀਨਿਆਂ ਤੋਂ ਚੁੱਪ-ਚੁਪੀਤੇ ਰੋਕੀਆਂ ਹੋਈਆਂ ਹਨ। ਸੂਤਰਾਂ ਅਨੁਸਾਰ ਪਹਿਲੀ ਸਤੰਬਰ ਤੋਂ ਬਾਅਦ ਅਜਿਹੀ ਕੋਈ ਅਦਾਇਗੀ ਨਹੀਂ ਕੀਤੀ ਗਈ ਹੈ।

ਸਿਰਫ ਵਿੱਤ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਵਿਸ਼ੇਸ਼ ਫੋਨਾਂ 'ਤੇ ਹੀ ਵਿਸ਼ੇਸ਼ ਵਿਅਕਤੀਆਂ ਦੇ ਬਿੱਲ ਕਲੀਅਰ ਕੀਤੇ ਜਾ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ 11 ਨਵੰਬਰ ਤੋਂ ਪਹਿਲਾਂ ਸਰਕਾਰ ਵੱਲੋਂ ਸਿਰਫ਼ ਤਨਖਾਹਾਂ ਦੇ ਬਕਾਇਆਂ, ਮੈਡੀਕਲ, ਬਿਜਲੀ, ਪਾਣੀ ਤੇ ਟੈਲੀਫੋਨਾਂ ਦੇ ਬਿੱਲਾਂ ਦੀਆਂ ਅਦਾਇਗੀਆਂ ਹੀ ਰਿਲੀਜ਼ ਕੀਤੀਆਂ ਜਾ ਰਹੀਆਂ ਸਨ। ਉਂਜ ਇਕ ਦਿਨ ਪਹਿਲਾਂ ਸਿੱਖਿਆ ਵਿਭਾਗ ਦਾ ਬੱਚਿਆਂ ਨੂੰ ਵਜ਼ੀਫੇ ਦੇਣ ਵਾਲਾ 24 ਲੱਖ ਰੁਪਏ ਦਾ ਬਿੱਲ ਜ਼ਰੂਰ ਪਾਸ ਕੀਤਾ ਹੈ। ਪੰਜਾਬ ਸਰਕਾਰ ਨੇ ਵਿੱਤੀ ਸੰਕਟ ਤੋਂ ਉੱਭਰਨ ਲਈ ਪਹਿਲਾਂ ਹੀ ਮੁਲਾਜ਼ਮਾਂ ਦੇ ਐਲ.ਟੀ.ਸੀ. ਉੱਤੇ ਰੋਕ ਲਾਈ ਹੋਈ ਹੈ।

ਇਸ ਤੋਂ ਇਲਾਵਾ ਸੂਬਾ ਸਰਕਾਰ ਪਹਿਲੀ ਜੁਲਾਈ 2014 ਤੋਂ ਕੇਂਦਰ ਸਰਕਾਰ ਦੀ ਤਰਜ਼ 'ਤੇ ਸੱਤ ਫੀਸਦੀ ਡੀ.ਏ. ਦੀ ਕਿਸ਼ਤ ਦੇਣ ਉੱਤੇ ਵੀ ਖਾਮੋਸ਼ ਬੈਠੀ ਹੈ। ਸਰਕਾਰ ਨੇ ਹਾਲੇ ਪਹਿਲੀ ਜਨਵਰੀ 2014 ਤੋਂ 10 ਫੀਸਦੀ ਡੀ.ਏ. ਦੀ ਕਿਸ਼ਤ ਦਾ ਨੌਂ ਮਹੀਨਿਆਂ ਦਾ ਬਕਾਇਆ ਦੇਣ ਬਾਰੇ ਵੀ ਕੋਈ ਫੈਸਲਾ ਨਹੀਂ ਲਿਆ ਹੈ।

# ਅੰਤਰਰਾਸ਼ਟਰੀ ਸਿੱਖ ਸਾਹਿਤ ਸਭਾ ਵੱਲੋਂ ਨਵੰਬਰ 1984 ਦੇ ਦੁਖਾਂਤ ਨੂੰ ਸਮਰਪਿਤ ਸਮਾਗਮ

**ਐਲ ਸਬਰਾਂਟੇ (ਬਿਊਰੋ):** ਨਵੰਬਰ 1984 ਵਿਚ ਵਾਪਰੇ ਦੁਖਾਂਤ ਨੂੰ ਸਮਰਪਿਤ ਇਕ ਸਮਾਗਮ ਇਥੇ ਗੁਰਦੁਆਰਾ ਐਲ ਸਬਰਾਂਟੇ ਵਿਖੇ ਅੰਤਰਰਾਸ਼ਟਰੀ ਸਿੱਖ ਸਾਹਿਤ ਸਭਾ ਵੱਲੋਂ ਹੋਰਨਾਂ ਜਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਹੋਏ ਸ਼ਹੀਦੀ ਕੀਰਤਨ ਦਰਬਾਰ ਵਿਚ ਸ੍ਰੀ ਦਰਬਾਰ ਸਾਹਿਬ-ਅੰਮ੍ਰਿਤਸਰ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਨਾਗਪੁਰੀ ਦੀ ਅਗਵਾਈ ਵਿਚ ਬੀਬੀ ਨਵਨੀਤ ਕੌਰ, ਭਾਈ ਜਸਵਿੰਦਰ ਸਿੰਘ, ਭਾਈ ਬਲਵਿੰਦਰ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਦੇ ਕੀਰਤਨੀ ਜਥਿਆਂ ਨੇ ਸ਼ਬਦ ਕੀਰਤਨ ਦੀ ਸੇਵਾ ਨਿਭਾਉਂਦਿਆਂ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿਚ ਵੈਰਾਗਮਈ ਕੀਰਤਨ ਕੀਤਾ। ਕੀਰਤਨ ਦਰਬਾਰ ਉਪਰੰਤ ਕੀਰਤਨੀ ਜਥਿਆਂ ਨੂੰ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ।

ਉਪਰੰਤ ਸਭਾ ਦੇ ਸੰਸਥਾਪਕ ਅਤੇ ਦਲ ਖਾਲਸਾ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਦਾਖਾ ਨੇ ਸਟੇਜ ਦੀ ਕਾਰਵਾਈ ਨੂੰ ਅੱਗੇ ਤੋਰਦਿਆਂ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੂੰ ਡਾ. ਅਵਤਾਰ ਸਿੰਘ ਸੇਖੋਂ ਵੱਲੋਂ ਸੰਪਾਦਿਤ ਕੀਤੀ ਅੰਗਰੇਜ਼ੀ ਦੀ ਪੁਸਤਕ 'ਮਰਡਰ ਆਫ ਪਲੂਰਲਿਜ਼ਮ' ਜਾਰੀ ਕਰਵਾਉਣ ਅਤੇ ਆਪਣੇ ਵਿਚਾਰਾਂ ਦੀ ਸਾਂਝ ਪਾਉਣ ਦਾ ਸੱਦਾ ਦਿੱਤਾ ਗਿਆ। ਇਹ ਪੁਸਤਕ 19 ਸਤੰਬਰ 2013 ਨੂੰ ਜਨੇਵਾ, ਸਵਿਟਜ਼ਰਲੈਂਡ ਵਿਖੇ ਯੁਨਾਈਟਿਡ ਨੇਸ਼ਨਜ਼ ਹਿਊਮਨ ਰਾਈਟਸ ਕੌਂਸਲ ਦੇ 24ਵੇ ਸ਼ੈਸਨ ਦੌਰਾਨ ਪੜ੍ਹੇ ਗਏ ਪਰਚਿਆਂ ਦਾ ਇਖਤਸਾਰ ਹੈ। ਇਹ ਪਰਚੇ ਬੀ.ਬੀ.ਸੀ. ਦੇ ਸਾਬਕਾ ਪ੍ਰਸਾਰਣਕਰਤਾ ਐਲਨ ਹਰਟ, ਸੇਵਾ ਮੁਕਤ ਬ੍ਰਿਗੇਡੀਅਰ ਉਸਮਾਨ ਖਾਲਿਦ, ਗੁਰਤੇਜ ਸਿੰਘ ਆਈ ਏ ਐਸ, ਡਾ. ਅਬਦੁੱਲ ਮੁਮੀਨ ਚੌਧਰੀ, ਡਾ. ਅਵਤਾਰ ਸਿੰਘ ਸੇਖੋਂ ਅਤੇ ਕਵਨੀਤ ਸਿੰਘ ਵਲੋਂ ਪੇਸ਼ ਕੀਤੇ ਗਏ ਸਨ। ਇਸ ਪੁਸਤਕ ਦੀਆਂ ਕਾਪੀਆਂ ਸੰਗਤ ਵਿਚ ਮੁਫਤ ਵੰਡੀਆਂ ਗਈਆਂ। ਇਸ ਮੌਕੇ ਸਭਾ ਵਲੋਂ ਸਿੱਖ ਨਸਲਕੁਸ਼ੀ ਦੇ ਸਮੂਹ ਸਿੱਖ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਗਿਆ 'ਸ਼ਹੀਦੀ ਯਾਦਗਾਰੀ ਚਿੰਨ੍ਹ' ਵੀ ਜਾਰੀ ਕੀਤਾ ਗਿਆ। ਡਾ. ਪਰਮਜੀਤ ਸਿੰਘ ਅਜਰਾਵਤ ਵੱਲੋਂ ਸਿੱਖ ਕੌਮ ਨਾਲ ਸਬੰਧਤ ਇਤਿਹਾਸਕ ਘਟਨਾਵਾਂ ਬਾਰੇ ਲਿਖਿਆ ਇਕ ਅੰਗਰੇਜ਼ੀ ਦਾ ਪੈਂਫਲਿਟ ਵੀ ਜਾਰੀ ਕੀਤਾ ਗਿਆ।



ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਵਰਲਡ ਸਿੱਖ ਕੌਂਸਲ ਦੇ ਚੇਅਰਮੈਨ ਗੁਲਬਰਗ ਸਿੰਘ ਬਾਸੀ, ਸੰਸਥਾਪਕ ਡਾ. ਰਨਬੀਰ ਸਿੰਘ ਸੰਧੂ, ਅੰਤਰਰਾਸ਼ਟਰੀ ਸਿੱਖ ਸੱਭਿਆਚਾਰ ਸੁਸਾਇਟੀ ਦੇ ਚੇਅਰਮੈਨ ਡਾ. ਆਲਾ ਸਿੰਘ, ਸੁਦੇਸ਼ ਸਿੰਘ ਅਟਵਾਲ, ਡਾ. ਪਰਮਜੀਤ ਸਿੰਘ ਅਜਰਾਵਤ, ਕਾਲਮਨਵੀਸ ਮੇਜਰ ਸਿੰਘ ਕੁਲਾਰ ਅਤੇ ਗੁਰਜੀਤ ਸਿੰਘ ਝਾਮਪੁਰ ਨੇ ਵੀ ਸੰਬੋਧਨ ਕੀਤਾ। ਸਟੇਜ ਦੀ ਕਾਰਵਾਈ ਵਿਚ ਸੁਖਵਿੰਦਰ ਸਿੰਘ ਤਲਵੰਡੀ ਅਤੇ ਜਸਵੀਰ ਸਿੰਘ ਤੱਖਰ ਨੇ ਅਹਿਮ ਭੂਮਿਕਾ ਨਿਭਾਈ। ਇਸ ਪ੍ਰੋਗਰਾਮ ਨੂੰ ਜਗਦੇਵ ਸਿੰਘ ਭੰਡਾਲ ਨੇ ਗਲੋਬਲ ਪੰਜਾਬ ਟੀ.ਵੀ. 'ਤੇ ਲਾਈਵ ਦਿਖਾਇਆ। ਮੂਵੀ ਅਤੇ ਫੋਟੋਗ੍ਰਾਫੀ ਦੀ ਸੇਵਾ ਇੰਦਰ ਵੀਡੀਓ ਅਤੇ ਮਹਿੰਦਰ ਸਿੰਘ ਕੰਡਾ ਵੱਲੋਂ ਕੀਤੀ ਗਈ।

ਸਮਾਗਮ ਦੌਰਾਨ ਦੀਵਾਨ ਹਾਲ ਪੂਰੀ ਤਰ੍ਹਾਂ ਭਰ ਜਾਣ ਤੋਂ ਬਾਅਦ ਸੰਗਤਾਂ ਨੇ ਗੈਲਰੀ ਹਾਲ ਵਿਚ ਬੈਠ ਕੇ ਪ੍ਰੋਗਰਾਮ ਦਾ ਅਨੰਦ ਮਾਣਿਆ। ਪਾਰਕਿੰਗ ਲਾਟ ਭਰ ਜਾਣ ਕਾਰਨ ਸੰਗਤਾਂ ਨੂੰ ਗੁਰੂ ਘਰ ਤੋਂ ਬਾਹਰ ਸੜਕਾਂ 'ਤੇ ਕਾਰਾਂ ਖੜ੍ਹੀਆਂ ਕਰਨੀਆਂ ਪਈਆਂ। ਸੰਗਤਾਂ ਨੂੰ ਲੰਗਰ ਛਕਣ ਲਈ ਵੀ ਲੰਮੀਆਂ ਕਤਾਰਾਂ ਵਿਚ ਇੰਤਜ਼ਾਰ ਕਰਨਾ ਪਿਆ।

ਇਸ ਪ੍ਰੋਗਰਾਮ ਲਈ ਗੁਰਦੁਆਰਾ ਐਲ ਸਬਰਾਂਟੇ ਪ੍ਰਬੰਧਕ ਕਮੇਟੀ, ਵਰਲਡ ਸਿੱਖ ਕੌਂਸਲ, ਦਲ ਖਾਲਸਾ ਅਲਾਇੰਸ, ਐਂਟੀ ਡੈਫਾਮਿਸ਼ਨ ਸਿੱਖ ਕੌਂਸਲ ਫਾਰ ਫ਼ਰੀਡਮ ਆਫ ਖਾਲਿਸਤਾਨ, ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ, ਦਾ ਸਿੱਖ ਐਜੂਕੇਸ਼ਨਲ ਟਰੱਸਟ ਕੈਨੇਡਾ, ਕੌਂਸਲ ਆਫ ਖਾਲਿਸਤਾਨ, ਗੋਲਡਨ ਪੰਜਾਬ ਕੱਲਬ, ਬੇਅ ਏਰੀਆ ਸਿੱਖ ਅਲਾਇੰਸ, ਇੰਟਰਨੈਸ਼ਨਲ ਗ਼ਦਰ ਮੈਮੋਰੀਅਲ ਟਰੱਸਟ, ਗੁਰੂ ਗ੍ਰੰਥ ਪ੍ਰਚਾਰ ਮਿਸ਼ਨ, ਗੁਰੂ ਗੋਬਿੰਦ ਸਿੰਘ ਸੱਟਡੀ ਸਰਕਲ, ਅਮਰ ਸਿੰਘ ਮੱਲੀ, ਜੁਗਰਾਜ ਸਿੰਘ ਸੋਹੀ, ਡਾ. ਦਲਜੀਤ ਸਿੰਘ ਢੱਡਾ, ਝਿਰਮਲ ਸਿੰਘ ਅਜਨਾਲਾ, ਹਰਚਰਨ ਸਿੰਘ ਐਲਾਮੀਡਾ, ਅਮਰੀਕ ਸਿੰਘ ਮੱਲੀ, ਮਲਹਾਰ ਸਿੰਘ, ਸੁਰਿੰਦਰ ਸਿੰਘ ਸੈਣੀ, ਇੰਦਰਜੀਤ ਸਿੰਘ ਮੱਲੀ, ਤਰਸੇਮ ਸਿੰਘ ਸੁਮਨ, ਬੀਬੀ ਗੁਰਦੇਵ ਕੌਰ, ਰਣਜੀਤ ਸਿੰਘ ਸੈਨ ਹੋਜ਼ੇ, ਬਲਵਿੰਦਰ ਸਿੰਘ, ਅਮਰੀਕ ਸਿੰਘ ਪੰਨੂ, ਸਤਪਾਲ ਸਿੰਘ ਮਦਾਰ, ਹਰਦੀਪ ਸਿੰਘ ਅਤੇ ਗੁਰਪ੍ਰੀਤ ਸਿੰਘ ਢਿੱਲੋਂ ਨੇ ਭਰਵਾਂ ਸਹਿਯੋਗ ਦਿੱਤਾ।

# ਚਾਕੋ ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ

## *ਲੀਡਰਸ਼ਿਪ ਵਿਚ ਫੇਰ-ਬਦਲ ਦੀਆਂ ਕਿਆਸਅਰਾਈਆਂ*

**ਚੰਡੀਗੜ੍ਹ:** ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਡਾ. ਸ਼ਕੀਲ ਅਹਿਮਦ ਦੀ ਥਾਂ ਪੀ.ਸੀ. ਚਾਕੋ ਨੂੰ ਪੰਜਾਬ ਸਮੇਤ ਹਰਿਆਣਾ, ਦਿੱਲੀ ਅਤੇ ਚੰਡੀਗੜ੍ਹ ਦਾ ਇੰਚਾਰਜ ਨਿਯੁਕਤ ਕਰਨ ਦੇ ਨਾਲ ਹੀ ਪੰਜਾਬ ਕਾਂਗਰਸ ਵਿਚ ਰੱਦੋ-ਬਦਲ ਹੋਣ ਦੇ ਆਸਾਰ ਬਣ ਗਏ ਹਨ।



*ਪੀ.ਸੀ. ਚਾਕੋ*

ਚੇਤੇ ਰਹੇ ਕਿ ਪੰਜਾਬ ਕਾਂਗਰਸ ਵਿਚ ਬਾਜਵਾ ਅਤੇ ਕੈਪਟਨ ਧੜਿਆਂ ਵਿਚਕਾਰ ਲੰਮੇ ਸਮੇਂ ਤੋਂ ਸ਼ਬਦੀ ਜੰਗ ਚੱਲ ਰਹੀ ਹੈ। ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਵਾਲਾ ਧੜਾ ਹਾਈਕਮਾਨ ਕੋਲੋਂ ਮੰਗ ਕਰ ਰਿਹਾ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਛਾਂਟੀ ਕੀਤੀ ਜਾਵੇ। ਪਾਰਟੀ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਸਮੇਤ ਸਾਬਕਾ ਇੰਚਾਰਜ ਤੇ ਜਨਰਲ ਸਕੱਤਰ ਡਾਕਟਰ ਸ਼ਕੀਲ ਅਹਿਮਦ ਭਾਵੇਂ ਕਈ ਵਾਰ ਸਪਸ਼ਟ ਕਰ ਚੁੱਕੇ ਹਨ ਕਿ ਸ੍ਰੀ ਬਾਜਵਾ ਨੂੰ ਬਦਲਣ ਦੀ ਕੋਈ ਸੰਭਾਵਨਾ ਨਹੀਂ ਹੈ ਪਰ ਪੰਜਾਬ ਵਿਚ ਇਨ੍ਹਾਂ ਦੋਵਾਂ ਧੜਿਆਂ ਵਿਚਕਾਰ ਫੁੱਟ ਦੀ ਲਕੀਰ ਬਰਕਰਾਰ ਹੈ।

ਡਾ. ਅਹਿਮਦ ਦੀ ਥਾਂ ਸ੍ਰੀ ਚਾਕੋ ਨੂੰ ਇੰਚਾਰਜ ਲਾਉਣ ਨਾਲ ਕੈਪਟਨ ਖੇਮਾ ਖੁਸ਼ ਜਾਪ ਰਿਹਾ ਹੈ ਕਿਉਂਕਿ ਡਾ. ਅਹਿਮਦ ਨੂੰ ਸ੍ਰੀ ਬਾਜਵਾ ਦਾ ਖਾਸ ਮੰਨਿਆ ਜਾਂਦਾ ਸੀ। ਕੈਪਟਨ ਨੇ ਤਾਂ ਪੰਜਾਬ ਦੇ ਸਹਿ-ਇੰਚਾਰਜ ਹਰੀਸ਼ ਚੌਧਰੀ ਉਪਰ ਵੀ ਸ੍ਰੀ ਬਾਜਵਾ ਦੀ ਤਰਫ਼ਦਾਰੀ ਕਰਨ ਦੇ ਦੋਸ਼ ਮੜ੍ਹ ਦਿੱਤੇ ਸਨ। ਜਦੋਂ ਵੀ ਕੈਪਟਨ ਖੇਮਾ ਸ੍ਰੀ ਬਾਜਵਾ ਉਪਰ ਸਿਆਸੀ ਵਾਰ ਕਰਦਾ ਸੀ ਤਾਂ ਡਾ. ਅਹਿਮਦ ਹਰ ਵਾਰ ਸ੍ਰੀ ਬਾਜਵਾ ਅੱਗੇ ਢਾਲ ਬਣ ਕੇ ਖੜ੍ਹੇ ਹੁੰਦੇ ਰਹੇ ਹਨ। ਜਦੋਂ ਡਰੱਗ ਮਾਫੀਆ ਦੇ ਸਰਗਨੇ ਜਗਦੀਸ਼ ਭੋਲਾ ਵੱਲੋਂ ਇਸ ਧੰਦੇ ਵਿਚ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਸ਼ਾਮਲ ਹੋਣ ਦਾ ਖੁਲਾਸਾ ਕੀਤਾ ਸੀ ਤਾਂ ਸ੍ਰੀ ਬਾਜਵਾ ਨੇ ਬਾਦਲ ਸਰਕਾਰ ਦੀ ਘੇਰਾਬੰਦੀ ਕਰਦਿਆਂ ਇਹ ਮਾਮਲਾ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਹਵਾਲੇ ਕਰਨ ਵੱਲ ਮੁਹਿੰਮ ਛੇੜ ਦਿੱਤੀ ਸੀ। ਇਸੇ ਦੌਰਾਨ ਕੈਪਟਨ ਵੱਲੋਂ ਇਹ ਮਾਮਲਾ ਸੀ.ਬੀ.ਆਈ. ਹਵਾਲੇ ਕਰਨ ਦੀ ਮੰਗ ਦਾ ਵਿਰੋਧ ਕਰ ਕੇ ਸ੍ਰੀ ਬਾਜਵਾ ਵੱਲੋਂ ਚਲਾਈ ਮੁਹਿੰਮ ਦੀ ਫੂਕ ਕੱਢ ਦਿੱਤੀ ਸੀ। ਜਦੋਂ ਇਹ ਵਿਵਾਦ ਭਖਿਆ ਸੀ ਤਾਂ ਡਾ. ਅਹਿਮਦ ਨੇ ਹੀ ਚੰਡੀਗੜ੍ਹ ਆ ਕੇ ਸ੍ਰੀ ਬਾਜਵਾ ਦੀ ਬਾਂਹ ਫੜੀ ਸੀ।


ਟਰੱਕ ਸਟਾਪ 40-ਓਕਲਹੋਮਾ

ਕੈਸ਼ੀਅਰ, ਮਕੈਨਿਕਾਂ ਅਤੇ ਹੈਲਪਰ ਦੀ ਜ਼ਰੂਰਤ ਹੈ

■ਰੋਟੀ ਬਣਾਉਣ ਵਾਸਤੇ ਬੀਬੀਆਂ ਦੀ ਜ਼ਰੂਰਤ ਹੈ
■ਜੋੜੇ (ਪਤੀ-ਪਤਨੀ) ਨੂੰ ਪਹਿਲ
■ਚੰਗੀ ਤਨਖਾਹ ■ਮੁਫਤ ਰਿਹਾਇਸ਼

ਸੰਪਰਕ ਕਰੋ: ਰਾਜ ਸੌਕਰ

ਫੋਨ: 832-512-7172

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.



For Emergency Call anytime at 847-673-3825
EARLY BIRD SALE!!!!
India $545
London $250

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 22 ਨਵੰਬਰ 2014*

## ਨਸ਼ਿਆਂ ਦਾ ਅਤਿਵਾਦ

ਕੁਝ ਮਹੀਨੇ ਪਹਿਲਾਂ ਭਾਵੇਂ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਨਸ਼ਿਆਂ ਦੀ ਹੱਦੋਂ ਵੱਧ ਵਰਤੋਂ ਤੋਂ ਉਕਾ ਹੀ ਇਨਕਾਰ ਕੀਤਾ ਗਿਆ ਸੀ, ਪਰ ਹੁਣ ਹਾਲਾਤ ਇਹ ਬਣੇ ਹਨ ਕਿ ਨਸ਼ਿਆਂ ਦੀ ਆਮਦ ਅਤੇ ਸੇਵਨ ਹਰ ਮਰਿਆਦਾ ਪਾਰ ਕਰ ਗਏ ਜਾਪਦੇ ਹਨ। ਹੁਣ ਤਾਂ ਫੌਜ ਨੇ ਵੀ ਭਰਤੀ ਵੇਲੇ ਪੰਜਾਬੀ ਨੌਜਵਾਨਾਂ ਲਈ ਡਰੱਗ ਟੈਸਟ ਲਾਜ਼ਮੀ ਕਰ ਦਿੱਤਾ ਹੈ। ਕਾਰਗੁਜ਼ਾਰੀ ਵਧਾਉਣ ਖਾਤਰ ਨਸ਼ਿਆਂ ਦਾ ਸੇਵਨ ਅਕਸਰ ਕੀਤਾ ਜਾਂਦਾ ਹੈ। ਖੇਡਾਂ ਦੀ ਦੁਨੀਆਂ ਇਸ ਤੱਥ ਤੋਂ ਚੰਗੀ ਤਰ੍ਹਾਂ ਵਾਕਿਫ ਹੈ। ਪੱਛਮੀ ਦੇਸ਼ਾਂ ਵਿਚ ਤਾਂ 'ਸਪੋਰਟਸ ਡਰੱਗਜ਼' ਦੇ ਨਾਂ ਹੇਠ ਅਜਿਹੀਆਂ ਅਣਗਿਣਤ ਦਵਾਈਆਂ ਮਿਲ ਜਾਂਦੀਆਂ ਹਨ, ਪਰ ਇਹ 'ਖੇਡ ਦਵਾਈਆਂ' ਬੰਦੇ ਦੀ ਸਮਰੱਥਾ ਵਧਾਉਣ ਲਈ ਵਰਤੀਆਂ ਜਾਂਦੀਆਂ ਹਨ, ਕਾਰਗੁਜ਼ਾਰੀ ਨਹੀਂ; ਪਰ ਪੰਜਾਬ ਵਿਚ ਜਿਸ ਤਰ੍ਹਾਂ ਨਸ਼ਿਆਂ ਦਾ ਦਰਿਆ ਵਗ ਰਿਹਾ ਹੈ, ਉਸ ਦਾ ਕਿਸੇ ਖੇਡ ਨਾਲ ਕੋਈ ਸਬੰਧ ਨਹੀਂ ਹੈ। ਇਸ ਦਾ ਸਭ ਤੋਂ ਮਾੜਾ ਅਤੇ ਭਿਅੰਕਰ ਪੱਖ ਇਹ ਹੈ ਕਿ ਇਹ ਨਸ਼ੇ ਬਿਨਾਂ ਕਿਸੇ ਰੋਕ-ਟੋਕ ਦੇ ਮਿਲ ਰਹੇ ਹਨ ਅਤੇ ਸੌਖਿਆਂ ਹੀ ਹਰ ਕਿਸੇ ਦੀ ਪਹੁੰਚ ਵਿਚ ਹਨ। ਇਸ ਸੌਖੀ ਪਹੁੰਚ ਕਾਰਨ ਹੀ ਪੰਜਾਬ ਅੱਜ ਨਸ਼ਿਆਂ ਦੇ ਇਸ ਦਰਿਆ ਵਿਚ ਤਕਰੀਬਨ ਹੜ੍ਹ ਹੀ ਚੱਲਿਆ ਹੈ। ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਦੇ ਨਸ਼ਿਆਂ ਨਾਲ ਸਬੰਧਤ ਅੰਕੜੇ ਦੱਸਦੇ ਹਨ ਕਿ ਦਰਜ ਹੋ ਰਹੇ ਅਜਿਹੇ ਕੇਸਾਂ ਵਿਚ ਅੱਜ ਕੱਲ੍ਹ ਪੰਜਾਬ ਦਾ ਪਹਿਲਾਂ ਨੰਬਰ ਹੈ ਅਤੇ ਪੰਜਾਬ ਦੇ ਇਸ ਰਿਕਾਰਡ ਨੂੰ ਆਧਾਰ ਬਣਾ ਕੇ ਹੀ ਫੌਜ ਨੇ ਪੰਜਾਬੀ ਨੌਜਵਾਨਾਂ ਦੀ ਭਰਤੀ ਬਾਰੇ ਨਵੀਂ ਸ਼ਰਤ ਲਾਈ ਹੈ।

ਤੱਥ ਦੱਸਦੇ ਹਨ ਕਿ ਪੰਜਾਬ, ਸੰਸਾਰ ਭਰ ਵਿਚ ਨਸ਼ਿਆਂ ਦੀ ਹੋ ਰਹੀ ਸਪਲਾਈ ਦਾ ਲਾਂਘਾ ਰਿਹਾ ਹੈ। ਨਸ਼ਿਆਂ ਨਾਲ ਸਬੰਧਤ ਕਾਰੋਬਾਰੀਆਂ ਨੇ ਇਸ ਲਾਂਘੇ ਵਿਚੋਂ ਹੀ ਪੰਜਾਬ ਵਿਚ ਨਸ਼ਿਆਂ ਦੀ ਖਪਤ ਦੀ ਜੁਗਤ ਵੀ ਬਣਾ ਲਈ। ਨਸ਼ਿਆਂ ਦੇ ਤਾਣੇ-ਬਾਣੇ ਵਿਚ ਪੁਲਿਸ ਤਾਂ ਪਹਿਲਾਂ ਹੀ ਆਪਣੇ ਹੱਥ ਰੰਗ ਰਹੀ ਸੀ, ਜਦੋਂ ਤੋਂ ਸਿਆਸਤਦਾਨਾਂ ਨੇ ਇਸ ਕਾਰੋਬਾਰ ਵਿਚ ਪੈਰ ਰੱਖਿਆ ਹੈ, ਇਨ੍ਹਾਂ ਕਾਰੋਬਾਰੀਆਂ ਨੂੰ ਵੱਡੀ ਸਰਪ੍ਰਸਤੀ ਮਿਲ ਗਈ। ਜ਼ਾਹਿਰ ਹੈ ਕਿ ਇਨ੍ਹਾਂ ਕਾਰੋਬਾਰੀਆਂ, ਪੁਲਿਸ ਅਤੇ ਸਿਆਸਤਦਾਨਾਂ ਦੇ ਗਠਜੋੜ ਨੇ ਪੰਜਾਬ ਵਿਚ ਅਜਿਹਾ ਜਾਲ ਵਿਛਾਇਆ ਕਿ ਪੰਜਾਬ ਦੇ ਨੌਜਵਾਨ ਇਸ ਵਿਚ ਫਸਣੇ ਅਰੰਭ ਹੋ ਗਏ। ਇੰਨੇ ਸਾਲਾਂ ਤੋਂ ਸਰਕਾਰ ਨੇ ਕਿਸੇ ਵੀ ਪੱਧਰ ਉਤੇ ਇਸ ਅਲਾਮਤ ਨੂੰ ਰੋਕਣ ਦਾ ਯਤਨ ਤਾਂ ਕੀ ਕਰਨਾ ਸੀ, ਇਸ ਬਾਰੇ ਸੋਚਿਆ ਤੱਕ ਨਹੀਂ। ਹਾਂ, ਹੇਠਲੇ ਪੱਧਰ ਉਤੇ ਖਾਨਾਪੂਰਤੀ ਲਈ ਮਾੜੀਆਂ-ਮੋਟੀਆਂ ਕਾਰਵਾਈਆਂ ਜ਼ਰੂਰ ਚੱਲਦੀਆਂ ਰਹੀਆਂ, ਪਰ ਇਹ ਸਾਰੀਆਂ ਕਾਰਵਾਈਆਂ ਨਸ਼ਿਆਂ ਦੇ ਦਰਿਆ ਨੂੰ ਡੱਕਣ ਲਈ ਨਹੀਂ, ਸਗੋਂ ਦਿਖਾਵਾ ਮਾਤਰ ਕਰਨ ਲਈ ਹੀ ਸਨ। ਅਜਿਹੀਆਂ ਕਾਰਵਾਈਆਂ ਦਾ ਇਕ ਕਾਰਨ ਪੁਲਿਸ ਵੱਲੋਂ ਆਪਣੇ ਲਈ ਉਪਰਲੀ ਕਮਾਈ ਕਰਨਾ ਹੀ ਹੁੰਦਾ ਸੀ। ਇਸੇ ਕਰ ਕੇ ਦੇਖਦਿਆਂ-ਦੇਖਦਿਆਂ ਪੁਲਿਸ ਦੀ ਇਹ ਖੇਡ ਆਖਰਕਾਰ ਪੰਜਾਬ ਦੀਆਂ ਜੜ੍ਹ ਵਿਚ ਬੈਠ ਗਈ ਅਤੇ ਅੱਜ ਨਾਸੂਰ ਬਣ ਕੇ ਲਗਾਤਾਰ ਫੁੱਟ ਰਹੀ ਹੈ।

ਅਜਿਹੇ ਹਾਲਾਤ ਵਿਚ ਸਿਤਮਜ਼ਰੀਫੀ ਇਹ ਹੋਈ ਹੈ ਕਿ ਬਹੁਤ ਵੱਡੇ ਪੱਧਰ ਉਤੇ ਹਾਏ-ਪਾਹਰਿਆ ਪੈਣ ਦੇ ਬਾਵਜੂਦ ਸਰਕਾਰ ਅਤੇ ਪ੍ਰਸ਼ਾਸਨ ਦੇ ਕੰਨਾਂ ਉਤੇ ਜੂੰ ਤੱਕ ਨਹੀਂ ਸਰਕੀ। ਜਿਸ ਕਿਸੇ ਨੇ ਵੀ ਨਸ਼ਿਆਂ ਦੇ ਇਸ ਮੱਕੜ-ਜਾਲ ਦਾ ਮੁੱਦਾ ਉਠਾਇਆ, ਉਸ ਦਾ ਹੀ ਮਖੌਲ ਉਡਾਇਆ ਗਿਆ। ਫਿਰ ਜਦੋਂ ਪਾਣੀ ਸਿਰ ਉਤੋਂ ਵਗਣ ਲੱਗ ਪਿਆ, ਤਾਂ ਕਿਤੇ ਜਾ ਕੇ ਸਰਕਾਰ ਨੇ ਸਵੀਕਾਰ ਕੀਤਾ ਕਿ ਹਾਂ! ਸੂਬੇ ਵਿਚ ਨਸ਼ੇ, ਨੌਜਵਾਨਾਂ ਨੂੰ ਮਾਰ ਕਰ ਰਹੇ ਹਨ। ਫਿਰ ਜਦੋਂ ਇਸ ਕਾਰੋਬਾਰ ਵਿਚ ਸਿਆਸਤਦਾਨਾਂ ਦੇ ਨਾਂ ਨਸ਼ਰ ਹੋਏ ਤਾਂ ਇਕ ਵਾਰ ਫਿਰ ਸਰਕਾਰ ਨੇ ਸਿਆਸਤਦਾਨਾਂ ਨੂੰ ਬਚਾਉਣ ਦੀ ਹੀ ਨੀਤੀ ਅਪਨਾਈ ਅਤੇ ਉਚ ਪੱਧਰੀ ਜਾਂਚ ਦੀ ਥਾਂ ਪੁਲਿਸ ਜਾਂਚ ਨਾਲ ਹੀ ਲੋਕਾਂ ਦੇ ਅੱਖਾਂ ਵਿਚ ਘੱਟਾ ਪਾ ਦਿੱਤਾ। ਇਸ ਦੇ ਨਾਲ ਹੀ ਅੱਖਾਂ ਪੂੰਝਣ ਖਾਤਰ ਨਸ਼ਿਆਂ ਖਿਲਾਫ ਕਾਰਵਾਈ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਗਿਆ, ਪਰ ਇਕ ਵਾਰ ਫਿਰ ਇਹ ਕਾਰਵਾਈ ਵੀ ਖਾਨਾਪੂਰਤੀ ਤੋਂ ਵੱਧ ਕੁਝ ਵੀ ਨਹੀਂ ਸੀ। ਪ੍ਰਸ਼ਾਸਨ ਨੇ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਦੀ ਥਾਂ ਨਸ਼ੇ ਕਰਨ ਵਾਲਿਆਂ ਅਤੇ ਬਹੁਤ ਹੇਠਲੇ ਪੱਧਰ ਉਤੇ ਨਸ਼ੇ ਸਪਲਾਈ ਕਰਨ ਵਾਲਿਆਂ ਨੂੰ ਨਿਸ਼ਾਨਾ ਬਣਾਇਆ। ਉਂਜ ਇਸ ਵਾਰ ਇਕ ਗੱਲ ਵੱਖਰੀ ਇਹ ਹੋਈ ਕਿ ਸਰਕਾਰ ਦੀ ਇਸ ਬਦਨੀਅਤੀ ਖਿਲਾਫ ਲੋਕਾਂ ਵਿਚ ਰੋਹ ਅਤੇ ਰੋਸ ਵੱਡੇ ਪੱਧਰ ਉਤੇ ਫੈਲ ਗਿਆ। ਇਹ ਰੋਹ ਅਤੇ ਰੋਸ ਲੋਕਾਂ ਨੇ ਲੋਕ ਸਭਾ ਚੋਣਾਂ ਵਿਚ ਜ਼ਾਹਿਰ ਵੀ ਕੀਤਾ ਅਤੇ ਸੱਤਾਧਾਰੀ ਅਕਾਲੀ ਦਲ ਨੂੰ ਚੋਣਾਂ ਦੌਰਾਨ ਨਮੋਸ਼ੀ ਝੱਲਣੀ ਪਈ।

ਰਤਾ ਕੁ ਸੰਜੀਦਗੀ ਨਾਲ ਦੇਖਿਆ ਜਾਵੇ ਤਾਂ ਨਸ਼ਿਆਂ ਦੀ ਇਸ ਮਾਰ ਦਾ ਵੱਡਾ ਕਾਰਨ ਸਰਕਾਰ ਅਤੇ ਪ੍ਰਸ਼ਾਸਨ ਦੀ ਨਾ-ਅਹਿਲੀਅਤ ਦਾ ਹੀ ਸਾਹਮਣੇ ਆਉਂਦਾ ਹੈ। ਸੰਸਾਰ ਵਿਚ ਕੋਈ ਅਜਿਹੀ ਬੁਰਾਈ ਨਹੀਂ ਜਿਸ ਨੂੰ ਠੱਲ੍ਹਿਆ ਨਾ ਜਾ ਸਕੇ। ਬੱਸ, ਇਸ ਨੂੰ ਠੱਲ੍ਹਣ ਲਈ ਇੱਛਾ-ਸ਼ਕਤੀ ਦੀ ਲੋੜ ਹੁੰਦੀ ਹੈ। ਸਰਕਾਰ ਦੀ ਇਸ ਨਾ-ਅਹਿਲੀਅਤ ਨੂੰ ਸਮਝਣ ਲਈ ਸਭ ਤੋਂ ਵੱਡੀ ਮਿਸਾਲ 1984 ਵਿਚ ਸਿੱਖਾਂ ਦਾ ਹੋਇਆ ਕਤਲੇਆਮ ਸੀ। ਹੁਣ ਇਹ ਤੱਥ ਜੱਗ-ਜ਼ਾਹਿਰ ਹੈ ਕਿ ਸਰਕਾਰ ਚਾਹੁੰਦੀ ਤਾਂ ਇਹ ਕਤਲੇਆਮ ਰੋਕਿਆ ਜਾ ਸਕਦਾ ਸੀ। ਇਹੀ ਤੱਥ ਗੁਜਰਾਤ ਵਿਚ ਹੋਏ ਮੁਸਲਮਾਨਾਂ ਦੇ ਕਤਲੇਆਮ ਦਾ ਹੈ। ਹੋਰ ਵੀ ਬਥੇਰੀਆਂ ਮਿਸਾਲਾਂ ਹਨ ਜਿਹੜੀਆਂ ਗਿਣਾਈਆਂ ਜਾ ਸਕਦੀਆਂ ਹਨ। ਉਂਜ ਇਹ ਕੋਈ ਇਤਫਾਕ ਨਹੀਂ ਹੈ ਕਿ ਨਸ਼ਿਆਂ ਦਾ ਇਹ ਮੱਕੜ-ਜਾਲ 'ਪੰਥਕ' ਸਰਕਾਰ ਦੇ ਕਾਰਜਕਾਲ ਦੌਰਾਨ ਵਧੇਰੇ ਫੈਲਿਆ ਹੈ। ਇਸ ਦੇ ਨਾਲ ਹੀ ਇਹ ਉਲਾਂਭਾ ਵੀ ਸਦਾ ਰਹੇਗਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਕੋਲ ਪੈਸੇ ਅਤੇ ਬੰਦਿਆਂ ਦੀ ਕਦੀ ਤੋਟ ਨਹੀਂ ਰਹੀ, ਇਸ ਮਾਮਲੇ ਵਿਚ ਇਕ ਪੂਣੀ ਵੀ ਨਹੀਂ ਕੱਤ ਸਕੀ। ਸੱਚ ਹੈ ਕਿ ਜਦੋਂ ਨਸ਼ਿਆਂ ਦਾ ਇਹ ਮੱਕੜ-ਜਾਲ ਕਿਸੇ ਦੇ ਏਜੰਡੇ ਉਤੇ ਹੀ ਨਹੀਂ ਹੈ ਤਾਂ ਹਥਿਆਰਾਂ ਤੋਂ ਬਗੈਰ ਹੀ ਹਿੰਸਾ ਕਰ ਰਹੇ ਇਨ੍ਹਾਂ ਨਸ਼ਿਆਂ ਤੋਂ ਛੁਟਕਾਰਾ ਕਿਸ ਤਰ੍ਹਾਂ ਛੁਡਾਇਆ ਜਾ ਸਕਦਾ ਹੈ? ਇਹ ਸਵਾਲ ਹਰ ਉਸ ਜਿਉੜੇ ਲਈ ਹੈ ਜਿਹੜਾ ਪੰਜਾਬ ਬਾਰੇ ਸੋਚਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵਿਦੇਸ਼ 'ਚ ਗਦਰੀ ਮੇਲੇ!*

'ਕਾਮਾਗਾਟਾ' ਦੀ ਵਾਰਾਂ ਵਿਚ ਗੂੰਜ ਪੈਂਦੀ, ਵਾਹ ਜੀ ਵਾਹ ਦੀ ਰੱਟ ਵੀ ਲੱਗਦੀ ਏ।
ਹਰਬੇ ਵਰਤ ਕੇ 'ਬਾਹਰ' ਦੀ ਦੌੜ ਲੱਗੀ, ਲੱਜਾ ਮਾਰਦੀ ਭੋਰਾ ਨਾ ਜੱਗ ਦੀ ਏ।
ਕੋਲ ਕੋਈ ਨਿਸ਼ਾਨੀ ਨਾ ਪੁਰਖਿਆਂ ਦੀ, ਉਹ ਵੀ ਆਖਦੈ ਚਿੰਤਾ ਜੀ ਪੱਗ ਦੀ ਏ।
ਪਰਦੇ ਝੂਠ ਦੇ ਸੁੱਟ ਹਕੀਕਤਾਂ 'ਤੇ, ਹਵਾ ਨਾਟਕ ਜਿਹੇ ਕਰਨ ਦੀ ਵੱਗਦੀ ਏ।
ਖਿੱਚ ਪੈਂਦੀ ਏ ਪੌਂਡਾਂ ਤੇ ਡਾਲਰਾਂ ਦੀ, ਰਹਿਣਾ ਚਾਹੇ ਨਾ ਕੋਈ ਵੀ 'ਧੇਲਿਆਂ' ਵਿਚ।
ਕੁਨਬਾ ਸਾਰਾ ਪਰਦੇਸ ਵਿਚ ਸੱਦ ਕੇ ਤੇ ਚਰਚਾ ਗਦਰ ਦੀ ਕਰਦੇ ਨੇ ਮੇਲਿਆਂ ਵਿਚ।

# ਇਤਿਹਾਸ 'ਦਰੁਸਤੀ' ਲਈ ਹਿੰਦੂਤਵੀ ਸਿਫਾਰਸ਼ਾਂ

ਨਰੇਂਦਰ ਮੋਦੀ ਦੇ ਸੱਤਾਧਾਰੀ ਹੋਣ ਦੇ ਸਮੇਂ ਤੋਂ ਹੀ 'ਵਿਕਾਸ ਮੁਹਿੰਮ' ਦੇ ਆਗਾਜ਼ ਦੇ ਗਰਦ-ਗੁਬਾਰ ਅਤੇ ਧੂੰਆਂਧਾਰ ਮੀਡੀਆ ਪ੍ਰਚਾਰ ਦੌਰਾਨ ਆਏ ਦਿਨ, ਜ਼ਮੀਨੀ ਪੱਧਰ 'ਤੇ ਬਹੁਤ ਕੁਝ ਐਸਾ ਵਾਪਰ ਰਿਹਾ ਹੈ ਜੋ ਇਸ ਕੂੜ-ਪ੍ਰਚਾਰ ਦੇ ਧੂੰਦ-ਪਰਦੇ ਓਹਲੇ ਚੱਲ ਰਿਹਾ ਹੋਣ ਕਾਰਨ ਭਾਵੇਂ ਸਾਫ ਨਜ਼ਰ ਨਹੀਂ ਆਉਂਦਾ, ਪਰ ਥੋੜ੍ਹਾ ਗੌਰ ਕਰਨ 'ਤੇ ਸੰਘ ਪਰਿਵਾਰ ਦੇ 'ਸੋਇਮ ਸੇਵਕ' ਫਰੰਟ ਆਪੋ-ਆਪਣੇ ਢੰਗ ਨਾਲ ਭਗਵੇਂ ਏਜੰਡੇ ਨੂੰ ਫਟਾਫਟ ਲਾਗੂ ਕਰਵਾਉਣ ਲਈ ਤਰਲੋਮੱਛੀ ਹੁੰਦੇ ਦੇਖੇ ਜਾ ਸਕਦੇ ਹਨ। ਉਹ ਸੰਘ ਦੇ 'ਇਤਿਹਾਸਘਾੜੇ' ਦੀਨਾਨਾਥ ਬੱਤਰਾ ਦੀਆਂ ਕਿਤਾਬਾਂ ਨੂੰ ਸਕੂਲੀ ਬੱਚਿਆਂ ਉਪਰ ਥੋਪਣ ਜਾਂ ਮੋਦੀਆਂ ਦੇ ਮਿਥਿਹਾਸ ਗੁਣ-ਗਾਣ ਨਾਲ ਸੰਤੁਸ਼ਟ ਨਹੀਂ ਹਨ; ਸਗੋਂ ਚਾਹੁੰਦੇ ਹਨ ਕਿ ਹਿੰਦੂਤਵੀ ਏਜੰਡਾ ਗੱਜ-ਵੱਜ ਕੇ ਅੱਗੇ ਵਧਾਇਆ ਜਾਵੇ।

ਹਾਲ ਹੀ 'ਚ, 15 ਨਵੰਬਰ ਨੂੰ ਅਮਰੀਕਾ ਸਥਿਤ 'ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ' ਨੇ ਮਨੁੱਖੀ ਵਸੀਲੇ ਵਿਕਾਸ ਮੰਤਰਾਲੇ ਦੀ ਮੰਤਰੀ ਸਮਰਿਤੀ ਇਰਾਨੀ ਨੂੰ ਜੋ ਲੰਮੀ-ਚੌੜੀ ਚਿੱਠੀ ਲਿਖੀ

**ਬੂਟਾ ਸਿੰਘ**
**ਫੋਨ: 91-94634-74342**

ਹੈ, ਉਸ ਵਿਚ ਹਿੰਦੂਤਵੀ ਏਜੰਡੇ ਦੀ ਕੁਝ ਤਫਸੀਲ ਦਿੱਤੀ ਗਈ ਹੈ। ਚਿੱਠੀ ਵਿਚ ਇਰਾਨੀ ਨੂੰ ਵਧਾਈ ਦਿੱਤੀ ਗਈ ਹੈ ਕਿ ਉਸ ਦੀ ਅਗਵਾਈ ਹੇਠ ਪਹਿਲੀ ਜਮਾਤ ਤੋਂ ਲੈ ਕੇ ਕਾਲਜ ਪੱਧਰ ਤਕ ਦੇ ਸਿਲੇਬਸ ਨੂੰ ਬਦਲ ਕੇ ਪਾਠ-ਪੁਸਤਕਾਂ ਨੂੰ ਭਾਰਤ ਦੀ ਸੰਸਕ੍ਰਿਤਕ ਵਿਰਾਸਤ ਦੇ ਅਸਲ ਸੁਭਾਅ ਮੁਤਾਬਕ ਢਾਲਣ ਲਈ ਜੋ ਅਣਥੱਕ ਘਾਲਣਾ ਘਾਲੀ ਜਾ ਰਹੀ ਹੈ, ਉਹ ਖੁਸ਼ੀ ਦੀ ਗੱਲ ਹੈ। ਨਾਲ ਦੇ ਹੀ ਸਿਫਾਰਸ਼ਨਾਮਾ ਸੁਝਾਅ ਵੀ ਦਿੱਤਾ ਗਿਆ ਹੈ ਕਿ ਇਸ ਤੋਂ ਅੱਗੇ ਮੋਦੀ ਹਕੂਮਤ ਨੂੰ ਕੀ-ਕੀ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਪੜ੍ਹਾਈ ਦੇ ਸਿਲੇਬਸ ਨੂੰ ਦਰੁਸਤ ਕਰਨ ਲਈ ਇਹ ਠੋਸ ਸਿਫਾਰਸ਼ਾਂ ਕੀਤੀਆਂ ਹਨ:

-ਸਿਲੇਬਸ ਵਿਚ ਭਗਵਦ ਗੀਤਾ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ 'ਜਿਸ ਦੇ ਕੁਝ ਸਲੋਕ ਉਚਾਰਨ ਨਾਲ ਹੀ ਇਨਸਾਨ ਦੀ ਚੇਤਨਾ ਜਾਗ ਉਠਦੀ ਹੈ ਅਤੇ ਇਹ ਉਸ ਦੀ ਦੇਹ, ਮਨ ਅਤੇ ਰੂਹ ਵਿਚ ਤਵਾਜ਼ਨ ਬਣਾਈ ਰੱਖਦੀ ਹੈ। ਇਹ ਗਿਆਨ ਗ੍ਰਹਿਣ ਕਰਨ ਦੀ ਦਿਮਾਗੀ ਸਮਰੱਥਾ ਨੂੰ ਵਧਾਉਂਦੀ ਹੈ। ਬੰਦੇ ਨੂੰ ਧਰਮ ਦੀ ਜ਼ਿੰਮੇਵਾਰੀ ਸਿਖਾਉਂਦੀ ਹੈ।'

-ਰਮਾਇਣ ਪੜ੍ਹਾਉਣੀ ਜ਼ਰੂਰੀ ਹੈ; ਕਿਉਂਕਿ 'ਦਹਿ-ਸਦੀਆਂ ਤੋਂ ਰੋਲ-ਮਾਡਲ ਭਗਵਾਨ ਰਾਮ ਦਾ ਨਾਂ ਹਰ ਹਿੰਦੂ ਦੇ ਬੁੱਲ੍ਹਾਂ ਉਪਰ ਹੈ। ਉਹ ਤੇ ਰਾਮਾਇਣ ਦੇ ਹੋਰ ਪਾਤਰ ਦਹਿ-ਸਦੀਆਂ ਤੋਂ ਭਾਰਤ ਦੇ ਮਨ, ਦੇਹ ਅਤੇ ਰੂਹ ਨੂੰ ਘੜਦੇ-ਤਰਾਸ਼ਦੇ ਆ ਰਹੇ ਹਨ।'

-ਮਹਾਭਾਰਤ ਜ਼ਰੂਰ ਪੜ੍ਹਾਈ ਜਾਣੀ ਚਾਹੀਦੀ ਹੈ ਜਿਸ ਦਾ 'ਇਕ-ਇਕ ਪਾਤਰ ਸਾਨੂੰ ਸਾਡੀ ਸੰਸਕ੍ਰਿਤੀ ਤੇ ਰਵਾਇਤਾਂ, ਨੈਤਿਕ ਸਿਖਿਆਵਾਂ ਅਤੇ ਸ਼ਿਸ਼ਟਾਚਾਰ ਸਿਖਾਉਂਦਾ ਹੈ। ਇਸ ਦੇ ਬੇਸ਼ੁਮਾਰ ਪਾਤਰ ਹਨ ਅਤੇ ਉਨ੍ਹਾਂ ਤੋਂ ਬੇਸ਼ੁਮਾਰ ਸਬਕ ਸਿੱਖੇ ਜਾ ਸਕਦੇ ਹਨ।' ਇਸ ਦੇ ਪਾਤਰ ਸਾਨੂੰ ਨੈਤਿਕਤਾ ਅਤੇ ਮਰਿਆਦਾ ਸਿਖਾਉਣ ਲਈ ਬਰਾਬਰ ਅਹਿਮ ਹਨ।

-ਪੌਰਾਣਿਕ ਕਹਾਣੀਆਂ ਤੇ ਹਿੰਦੂ ਸ਼ਿਸ਼ਟਾਚਾਰ ਪੜ੍ਹਾਉਣੇ ਚਾਹੀਦੇ ਹਨ, 'ਜੋ ਬ੍ਰਹਿਮੰਡ ਦੇ ਕਰਤਾ, ਇਸ ਦੇ ਵਿਨਾਸ਼ਕ ਵਿਸ਼ਨੂੰ ਦੇ ਅਵਤਾਰਾਂ ਅਤੇ ਕਰਮ, ਭਗਤੀ ਅਤੇ ਜਨਨ ਯੋਗ, ਬ੍ਰਹਿਮੰਡ ਦੇ ਵਿਗਿਆਨਕ ਸੁਭਾਅ, ਪੂਜਾ-ਵਿਧਾਨ, ਸੰਸਕਾਰਾਂ, ਧਰਤੀ ਦੀ ਉਤਪਤੀ ਅਤੇ ਬ੍ਰਹਿਮੰਡ ਦੇ ਗਣਿਤਿਕ ਇਜ਼ਹਾਰਾਂ' ਦੀ ਸਿੱਖਿਆ ਦਿੰਦੇ ਹਨ।

-ਪੰਚਤੰਤਰ ਕਹਾਣੀਆਂ ਪੜ੍ਹਾਉਣੀਆਂ ਜ਼ਰੂਰੀ ਹਨ, ਜੋ ਸਿਖਾਉਂਦੀਆਂ ਹਨ ਕਿ ਖਾਸ ਹਾਲਾਤ ਵਿਚ ਕਿਵੇਂ ਵਿਹਾਰ ਕੀਤਾ ਜਾਵੇ, ਦਰਪੇਸ਼ ਸਮੱਸਿਆਵਾਂ ਕਿਵੇਂ ਹੱਲ ਕੀਤੀਆਂ ਜਾਣ, ਕਿਸ ਉਪਰ ਭਰੋਸਾ ਕੀਤਾ ਜਾਵੇ, ਕਿਸ ਉਪਰ ਨਾ ਕੀਤਾ ਜਾਵੇ। ਧਨ-ਦੌਲਤ ਕਿਵੇਂ ਜੋੜਿਆ ਜਾਵੇ ਅਤੇ ਇਸ ਨੂੰ ਕਿਵੇਂ ਮਹਿਫੂਜ਼ ਕੀਤਾ ਜਾਵੇ ਅਤੇ ਇਸ ਨੂੰ ਕਿਵੇਂ ਤੇ ਕਿਸ ਨਾਲ ਵੰਡਿਆ ਜਾਵੇ। ਲੇਖਕਾਂ ਅਨੁਸਾਰ ਪੰਚਤੰਤਰ ਦੀ ਅਹਿਮੀਅਤ ਤਾਂ ਰਾਸ਼ਟਰਪਤੀ ਬਰਾਕ ਓਬਾਮਾ ਨੇ ਨਵੰਬਰ 2010 ਵਿਚ ਸਾਡੇ ਮੁਲਕ ਦੀ ਸੰਸਦ ਵਿਚ ਕੀਤੀ ਤਕਰੀਰ ਵਿਚ ਵੀ ਮੰਨੀ ਸੀ ਕਿ ਇਨ੍ਹਾਂ ਕਹਾਣੀਆਂ ਵਿਚਲਾ 'ਸਾਦਾ ਜਿਹਾ ਸਬਕ ਸਦੀਆਂ ਤੋਂ ਭਾਰਤੀਆਂ ਦਾ ਰਾਹ ਦਰਸਾਉਂਦਾ ਆ ਰਿਹਾ ਹੈ।'

-ਆਪਣੀਆਂ ਵਿਗਿਆਨਕ ਪ੍ਰਾਪਤੀਆਂ ਪੜ੍ਹਾਉਣੀਆਂ ਚਾਹੀਦੀਆਂ ਹਨ। 'ਹੁਣ ਵਕਤ ਹੈ ਕਿ ਸਾਡੇ ਨੌਜਵਾਨਾਂ ਵਿਚ ਸਾਡੀਆਂ ਵਿਗਿਆਨਕ ਪ੍ਰਾਪਤੀਆਂ ਲਈ ਗੌਰਵ ਪੈਦਾ ਕੀਤਾ ਜਾਵੇ। ਸਾਡੇ ਯੋਗ ਰਿਸ਼ੀ-ਮੁਨੀਆਂ ਨੇ ਗਣਿਤਕ ਹਿਸਾਬ-ਕਿਤਾਬ ਜਿਵੇਂ ਸਿਫਰ, ਦਸ਼ਮਲਵ, ਫ਼ੀ, ਰੇਖਾ ਗਣਿਤ, ਅਲਜਬਰਾ, ਕੰਪਿਊਟਰ ਭਾਸ਼ਾ ਅਤੇ ਹੋਰ ਬਹੁਤ ਸਾਰੀਆਂ ਖੋਜਾਂ ਕੀਤੀਆਂ', ਕਿ ਸਾਡੇ ਕੋਲ ਅਚਾਰੀਆ ਸੁਸ਼ਰੁਤ ਜਿਹੇ 'ਪਲਾਸਟਿਕ ਸਰਜਰੀ ਦੇ ਚੈਂਪੀਅਨ' ਅਤੇ ਅਚਾਰੀਆ ਭਾਰਦਵਾਜ ਵਰਗੇ 'ਹਵਾਬਾਜ਼ੀ ਤਕਨਾਲੋਜੀ ਦੇ ਮੋਢੀ' ਹਨ।

-ਹਿੰਦੂ ਮੰਦਰਾਂ ਦਾ ਇਤਿਹਾਸ ਤੇ ਪ੍ਰਸੰਗਿਕਤਾ ਦੱਸਣੇ ਹੋਣਗੇ। 'ਹੁਣ ਵਕਤ ਹੈ ਕਿ ਹਿੰਦੂ ਮੰਦਰਾਂ ਵਿਚ ਪਾਈ ਜਾਂਦੀ ਤਾਕਤ, ਊਰਜਾ ਅਤੇ ਥਰਥਰਾਹਟ ਨੂੰ ਜਾਣਿਆ ਜਾਵੇ।' ਇਹ ਪੂਜਾ ਸਥਾਨ, ਈਸ਼ਵਰ ਦੀ ਤਾਕਤ ਅਤੇ ਊਰਜਾ ਦੇ ਪ੍ਰਤੀਕ ਦੇਵਤਿਆਂ ਦੇ ਅਸਥਾਨ, ਤਾਲੀਮ ਤੇ ਗਿਆਨ ਦੇ ਕੇਂਦਰ, ਕਲਾ, ਨਾਚ ਅਤੇ ਸੰਗੀਤ ਦੀਆਂ ਸੰਸਥਾਵਾਂ ਧਾਰਮਿਕ ਮੁੱਲਾਂ ਨੂੰ ਬੁਲੰਦ ਕਰਨ ਦੇ ਧੁਰੇ ਦੀ ਭੂਮਿਕਾ ਨਿਭਾਉਂਦੇ ਆ ਰਹੇ ਹਨ।

-ਗਊ ਮਾਤਾ ਦੀ ਅਹਿਮੀਅਤ ਸਮਝਾਈ ਜਾਵੇ। ਸਾਡੀ ਪਵਿੱਤਰ ਮਾਤਾ ਗਊ ਸਾਡੇ ਮਾਣ-ਤਾਣ ਅਤੇ ਸਤਿਕਾਰ ਦੀ ਪਾਤਰ ਹੈ। ਇਸ ਦਾ ਦੁੱਧ ਤਾਂ ਹਲਕਾ ਤੇ ਪਚਣਯੋਗ ਹੈ ਹੀ, ਇਸ ਦੀਆਂ ਦੁੱਧ, ਘਿਓ, ਮੂਤਰ, ਗੋਹੇ ਅਤੇ ਦਹੀਂ ਵਰਗੀਆਂ ਉਪਜਾਂ ਵੀ ਪਵਿੱਤਰ ਹਨ। ਦਵਾਈਆਂ ਵਾਲੇ ਗੁਣਾਂ ਵਾਲੀਆਂ ਇਹ ਚੀਜ਼ਾਂ ਮਨੁੱਖੀ ਸਿਹਤ ਲਈ ਲਾਹੇਵੰਦ ਅਤੇ ਪੌਣ-ਪਾਣੀ ਨੂੰ ਸ਼ੁੱਧ ਕਰਨ ਵਾਲੀਆਂ ਹਨ। ਗਊ ਕਾਮਧੇਨੂ (ਮੁਰਾਦਾਂ ਪੂਰੀਆਂ ਕਰਨ ਵਾਲੀ ਦੇਵੀ) ਹੈ। ਭਗਵਾਨ ਕ੍ਰਿਸ਼ਨ ਗਊਆਂ ਦੀ ਪੂਜਾ ਕਰਦਾ ਸੀ। ਵੇਦ, ਉਪਨਿਸ਼ਦ, ਪੁਰਾਣ, ਮਹਾਭਾਰਤ, ਮਨੂ ਸਮਰਿਤੀ ਅਤੇ ਹੋਰ ਧਾਰਮਿਕ ਗ੍ਰੰਥਾਂ ਵਿਚ ਗਊ ਦੇ ਗੁਣਾਂ ਦੀ ਮਹਿਮਾ ਹੈ। ਇਸ ਅੰਦਰ ਰੱਬ ਵੱਸਦਾ ਹੈ ਅਤੇ ਇਸ ਨੂੰ ਮਾਰਨਾ ਘਿਨਾਉਣਾ ਜੁਰਮ ਹੈ।

-ਯੋਗ, ਧਿਆਨ-ਵਿਧੀ ਅਤੇ ਸੂਰੀਆ ਨਮਸਕਾਰ ਬਾਰੇ ਵਿਸ਼ੇਸ਼ ਪੜ੍ਹਾਈ ਕਰਵਾਈ ਜਾਵੇ। ਮਾਨਸਿਕ ਬੋਝ ਅਤੇ ਰੋਗਾਂ ਨੂੰ ਦੂਰ ਭਜਾਉਣ ਲਈ ਸਕੂਲਾਂ ਵਿਚ ਹਰ ਪੱਧਰ 'ਤੇ ਇਸ ਦੀਆਂ ਜਮਾਤਾਂ ਲਾਜ਼ਮੀ ਸ਼ੁਰੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

-ਹਿੰਦੂ ਮਹਾਂਨਾਸ਼ ਤੋਂ ਜਾਣੂ ਕਰਾਇਆ ਜਾਵੇ। ਹੁਣ ਸਹੀ ਵਕਤ ਹੈ ਕਿ ਵਿਦਿਆਰਥੀਆਂ ਨੂੰ ਭਾਰਤ ਦਾ ਖੋਟ ਰਹਿਤ, ਬਿਨਾਂ ਪੱਖਪਾਤ, ਸੰਤੁਲਤ ਇਤਿਹਾਸ ਪੜ੍ਹਾਇਆ ਜਾਵੇ। ਪਿਛਲੀਆਂ ਦਸ ਸਦੀਆਂ ਦੌਰਾਨ ਹਿੰਦੂਆਂ ਉਪਰ ਜ਼ੁਲਮ, ਕਤਲੋਗਾਰਤ, ਦਹਿਸ਼ਤਗਰਦੀ, ਜਬਰ-ਜਨਾਹ, ਗੁਲਾਮੀ ਅਤੇ ਨਸਲਕੁਸ਼ੀ ਕਿਸ ਤਰ੍ਹਾਂ ਹੋਈ। ਬੀਤੇ ਤੋਂ ਸਿੱਖਣਾ ਸਾਡੀ ਇਖਲਾਕੀ ਜ਼ਿੰਮੇਵਾਰੀ ਹੈ, ਨਹੀਂ ਤਾਂ ਅਸੀਂ ਉਹੀ ਗਲਤੀਆਂ ਦੁਹਰਾਉਂਦੇ ਰਹਾਂਗੇ ਅਤੇ ਸਾਡੀਆਂ ਭਵਿਖੀ ਪੀੜ੍ਹੀਆਂ ਮੁਸਲਮਾਨਾਂ ਅਤੇ ਈਸਾਈਆਂ ਹੱਥੋਂ ਜ਼ਿਬਾਹ ਹੁੰਦੀਆਂ ਰਹਿਣਗੀਆਂ। ਕੋਇਨਰਾਡ ਇਲਸ (ਬੈਲਜੀਅਨ ਵਿਦਵਾਨ ਜੋ ਯੂਰਪੀ ਭਾਸ਼ਾਵਾਂ ਦੇ ਭਾਰਤ ਤੋਂ ਪੈਦਾ ਹੋਣ ਦੇ ਸਿਧਾਂਤ ਅਤੇ ਹਿੰਦੂਤਵ ਦਾ ਹਮਾਇਤੀ ਹੈ) ਅਨੁਸਾਰ ਸੰਨ 1000 ਅਤੇ 1525 ਸਾਲਾਂ ਦਰਮਿਆਨ 8 ਕਰੋੜ ਹਿੰਦੂਆਂ ਦਾ ਕਤਲੇਆਮ ਕੀਤਾ ਗਿਆ ਸੀ। 'ਹਿੰਦੂ ਕੁਸ਼' ਪਰਬਤ ਹਿੰਦੂਆਂ ਦੀ ਇਸ ਵਹਿਸ਼ੀ ਅਤੇ ਜ਼ਾਲਮ ਕਤਲੋਗਾਰਤ ਦਾ ਸਬੂਤ ਹੈ। ਅਫਗਾਨ ਇਤਿਹਾਸਕਾਰ ਕੌਂਡਾਮੀਰ ਅਨੁਸਾਰ, ਮੁਸਲਮਾਨਾਂ ਨੇ ਆਪਣੇ ਇਕ ਹਮਲੇ ਦੌਰਾਨ ਹੇਰਾਤ ਸ਼ਹਿਰ ਵਿਚ 15 ਲੱਖ ਹਿੰਦੂ ਕਤਲ ਕੀਤੇ ਸਨ। ਵਿਦਿਆਰਥੀਆਂ ਨੂੰ ਇਤਿਹਾਸ ਦੇ ਇਨ੍ਹਾਂ ਸਭ ਤੋਂ ਜ਼ਾਲਮ ਦੌਰਾਂ ਦੀ ਲਾਜ਼ਮੀ ਜਾਣਕਾਰੀ ਹੋਣੀ ਚਾਹੀਦੀ ਹੈ ਜਦੋਂ ਹਿੰਦੂਆਂ ਨੂੰ ਘਾਤਕ, ਵਹਿਸ਼ੀ, ਬੇਰਹਿਮ ਅਤੇ ਅਣਮਨੁੱਖੀ ਜਬਰ-ਜਨਾਹਾਂ, ਤਸੀਹਿਆਂ ਅਤੇ ਕਤਲੇਆਮ ਦੇ ਸਿਲਸਿਲੇ ਦਾ ਸ਼ਿਕਾਰ ਬਣਾਇਆ ਗਿਆ। ਅਸੀਂ ਆਪਣੇ ਇਤਿਹਾਸ ਦੀ ਅਗਿਆਨਤਾ ਵੱਸ ਆਪਣੇ ਹਿੰਦੂਆਂ ਨੂੰ ਹੀ ਬੇਰਹਿਮ ਨਾ ਬਣਾਈ ਜਾਈਏ।

ਵਿਦਿਆਰਥੀਆਂ ਨੂੰ ਦਸ ਸਦੀਆਂ ਦੇ ਵਹਿਸ਼ੀ ਨਿਜ਼ਾਮਾਂ ਦੀ ਸੱਚੀ ਤਸਵੀਰ ਜ਼ਰੂਰ ਦਿਖਾਈ ਜਾਣੀ ਚਾਹੀਦੀ ਹੈ ਜਿਨ੍ਹਾਂ ਨੇ ਭਾਰਤ ਦੇ ਬਾਸ਼ਿੰਦਿਆਂ ਉਪਰ ਅਕਹਿ ਕਹਿਰ ਢਾਹੇ। ਕਿੰਨੇ ਮੰਦਰ ਢਾਹੇ ਗਏ, ਕਿੰਨੀਆਂ ਮੂਰਤੀਆਂ ਤੋੜੀਆਂ ਗਈਆਂ, ਕਿਵੇਂ ਹਿੰਦੂ ਭਗਵਾਨਾਂ ਦੀਆਂ ਮੂਰਤੀਆਂ ਦੇ ਮਲਬੇ ਨੂੰ ਮਸਜਿਦਾਂ ਬਣਾਉਣ ਲਈ ਇਸਤੇਮਾਲ ਕੀਤਾ ਗਿਆ, ਕਿੰਨੀਆਂ ਔਰਤਾਂ ਨਾਲ ਜਬਰ-ਜਨਾਹ ਕੀਤੇ ਗਏ, ਅਫਗਾਨਿਸਤਾਨ ਦੇ ਹਿੰਦੂ ਕੁਸ਼ ਪਰਬਤਾਂ ਵਿਚ ਕਿੰਨੇ ਹਿੰਦੂਆਂ ਦਾ ਕਤਲੇਆਮ ਕੀਤਾ ਗਿਆ, ਕਿੰਨੇ ਮੰਦਰਾਂ ਨੂੰ ਮਸਜਿਦਾਂ ਵਿਚ ਬਦਲਿਆ ਗਿਆ, ਕਿੰਨੇ ਈਸਾਈ ਧੋਖੇ ਤੇ ਲਾਲਚ ਨਾਲ ਹਿੰਦੂਆਂ ਨੂੰ ਆਪਣੇ ਧਰਮ ਵਿਚ ਸ਼ਾਮਲ ਕਰਨ 'ਚ ਲੱਗੇ ਹੋਏ ਹਨ, ਘੱਟ-ਗਿਣਤੀਆਂ ਨੂੰ ਖੁਸ਼ ਕਰਨ ਦੀ ਨੀਤੀ ਕਿਵੇਂ ਸਿੱਖਿਆ ਦੀ ਕੁਆਲਿਟੀ ਨੂੰ ਢਾਹ ਲਾ ਰਹੀ ਹੈ, ਤੇ ਇਸ ਤਰ੍ਹਾਂ ਦੇ ਹੋਰ ਮੁੱਦਿਆਂ ਨੂੰ ਮੁਖ਼ਾਤਬ ਹੋਣਾ ਚਾਹੀਦਾ ਹੈ। ਨਾਲ ਹੀ ਇਹ ਵੀ ਕਿ ਸ੍ਰੀ ਕ੍ਰਿਸ਼ਨ ਦੇ ਜਨਮ ਸਥਾਨ ਨੂੰ ਕਿਵੇਂ ਤਬਾਹ ਕੀਤਾ ਗਿਆ, ਮੰਦਰ ਢਾਹ ਕੇ ਬਾਬਰੀ ਮਸਜਿਦ ਕਿਵੇਂ ਬਣਾਈ ਗਈ, ਕਾਸ਼ੀ ਵਿਸ਼ਵਨਾਥ ਮੰਦਰ ਢਾਹ ਕੇ ਉਸ ਦੇ ਅੱਗੇ ਮਸਜਿਦ ਕਿਵੇਂ ਬਣਾਈ ਗਈ, ਤੇ ਕਿਵੇਂ 2000 ਮੰਦਰਾਂ ਨੂੰ ਮਸਜਿਦਾਂ 'ਚ ਬਦਲਿਆ ਗਿਆ। 'ਇਸਲਾਮਿਕ ਹਮਲੇ ਅਤੇ 'ਗੋਆ ਕਬਜ਼ੇ (ਪੁਰਤਗਾਲੀ ਸਲਤਨਤ ਦੇ ਗੋਆ ਨੂੰ ਕਬਜ਼ੇ 'ਚ ਲੈਣ ਸਮੇਂ ਕੈਥੋਲਿਕ ਗੋਆ ਵਾਸੀਆਂ ਦਾ ਘਾਣ) ਬਾਰੇ ਵੀ ਵਿਆਪਕ ਸਾਹਿਤ ਮੁਹੱਈਆ ਕਰਾਇਆ ਜਾਵੇ ਤਾਂ ਜੋ ਪਤਾ ਚੱਲੇ ਕਿ ਹਿੰਦੂਆਂ ਦੇ ਮੂਲ ਹੱਕਾਂ ਨੂੰ ਖੋਹੇ ਜਾਣ ਦਾ ਇਤਿਹਾਸ ਕੀ ਹੈ।

-'ਮਹਾਨ ਸੰਤਾਂ ਦੇ ਇਤਿਹਾਸ, ਪੈਗਾਮ ਅਤੇ ਉਨ੍ਹਾਂ ਦੀ ਸ਼ਾਨੋ-ਸ਼ੌਕਤ' ਬਾਰੇ ਪੜ੍ਹਾਈ ਕਰਵਾਉਣ ਉਪਰ ਵੀ ਉਚੇਚਾ ਜ਼ੋਰ ਦਿੱਤਾ ਗਿਆ ਹੈ। ਇਨ੍ਹਾਂ ਵਿਚ ਆਦਿ ਸ਼ੰਕਰ, ਮਾਧਵਾਚਾਰੀਆ, ਕਬੀਰ, ਮੀਰਾ ਬਾਈ, ਤੁਕਾ ਰਾਮ ਤੋਂ ਲੈ ਕੇ ਭਗਵਾਨ ਨਿਤੇਂਯਦਰ, ਸੱਤਿਆ ਸਾਈਂ ਬਾਬਾ, ਸ੍ਰੀ ਪਦ ਵਲਭ, ਨਰਸਿਮਹਾ ਸਵਾਮੀ, ਗੋਰਖਨਾਦ, ਸ੍ਰੀ ਪ੍ਰਭੂਪਦ, ਸਵਾਮੀ ਵਿਵੇਕਾਨੰਦ ਵਗੈਰਾ ਦੇ ਨਾਂ ਸਿਫਾਰਸ਼ ਕੀਤੇ ਗਏ ਹਨ। 'ਇਨ੍ਹਾਂ ਨੇ ਸਾਡੀ ਪੁਰਾਤਨ ਸਭਿਅਤਾ ਨੂੰ ਤਬਾਹ ਕਰਨ ਦੇ ਯਤਨਾਂ ਦੇ ਬਾਵਜੂਦ ਸਾਡੀ ਸੰਸਕ੍ਰਿਤੀ ਦੀ ਅਮੀਰੀ ਨੂੰ ਜਿਉਂਦਾ ਰੱਖਿਆ ਹੈ।' ਇਨ੍ਹਾਂ ਤੋਂ ਇਲਾਵਾ, ਚਿੱਠੀ ਵਿਚ ਸਿਲੇਬਸ ਵਿਚ ਆਜ਼ਾਦੀ ਲਈ ਲੜੇ ਕੌਮੀ ਨਾਇਕਾਂ ਬਾਰੇ ਜਾਣਕਾਰੀ ਸ਼ਾਮਲ ਕਰਨ ਦਾ ਜ਼ਿਕਰ ਹੈ ਜਿਨ੍ਹਾਂ ਦਾ 'ਪਹਿਲੀਆਂ ਹਕੂਮਤਾਂ ਨੇ ਇੰਤਹਾਪਸੰਦ, ਖਾੜਕੂ ਅਤੇ ਦਹਿਸ਼ਤਪਸੰਦ ਦੱਸ ਕੇ ਗਲਤ ਅਕਸ ਬਣਾਇਆ ਹੋਇਆ ਹੈ।' ਇਹ ਗੌਰਤਲਬ ਹੈ ਕਿ ਕੌਮੀ ਨਾਇਕਾਂ ਦੀ ਸੂਚੀ ਵਿਚ ਗਾਂਧੀ, ਨਹਿਰੂ ਤੇ ਹੋਰ ਮੁੱਖ ਕਾਂਗਰਸੀ ਆਗੂਆਂ ਦੇ ਨਾਂ ਗਾਇਬ ਹਨ।

ਉਨ੍ਹਾਂ ਅਨੁਸਾਰ ਹੁਣ ਤਾਈਂ 'ਮਾਰਕਸਵਾਦੀ, ਮੁਸਲਿਮ ਅਤੇ ਪੱਛਮੀ ਇਤਿਹਾਸਕਾਰਾਂ' ਵਲੋਂ ਲਿਖੀਆਂ ਜ਼ਿਆਦਾਤਰ ਕਿਤਾਬਾਂ ਭਾਰਤ ਦੇ ਅਸਲ ਇਤਿਹਾਸ ਪ੍ਰਤੀ ਬਹੁਤ ਇਕਪਾਸੜ, ਗਾਲੀ-ਗਲੋਚ ਵਾਲੀਆਂ, ਨਫਰਤ ਨਾਲ ਲਬਰੇਜ਼, ਭਿਆਨਕ ਅਤੇ ਅਸਹਿ ਹਨ। ਇਹ ਕੌਮੀ ਆਜ਼ਾਦੀ ਘੁਲਾਟੀਆਂ ਦਾ ਬਹੁਤ ਅਪਮਾਨ ਕਰਦੀਆਂ ਹਨ। ਸਨਾਤਨ ਧਰਮ ਨੂੰ ਬਹੁਤ ਡਰਾਉਣਾ ਬਣਾ ਕੇ ਪੇਸ਼ ਕਰਦੀਆਂ ਹਨ। ਹਿੰਦੂਤਵ ਦੀ ਨੀਂਹ ਰੱਖਣ ਵਾਲੇ ਸਮਰਾਟਾਂ ਦੀਆਂ ਦੇਣਾਂ ਪ੍ਰਤੀ ਬਹੁਤ ਬੇਪ੍ਰਵਾਹ ਹਨ ਜਦਕਿ ਹਿੰਦੁਸਤਾਨੀ ਸੰਸਕ੍ਰਿਤੀ ਵਿਚ ਮੁਸਲਮਾਨ ਹਮਲਾਵਰਾਂ ਦੇ ਯੋਗਦਾਨ ਦੀਆਂ ਸ਼ੇਖੀਆਂ ਨਾਲ ਭਰੀਆਂ ਹੋਈਆਂ ਹਨ।

ਚਿੱਠੀ ਦੇ ਲੇਖਕਾਂ ਨੇ ਮੋਦੀ ਹਕੂਮਤ ਨੂੰ ਚੇਤੇ ਕਰਾਇਆ ਹੈ ਕਿ 'ਡਾ. ਸੁਬਰਾਮਨੀਅਮ ਸਵਾਮੀ ਨਹਿਰੂ ਦੌਰ ਦੇ ਇਤਿਹਾਸਕਾਰਾਂ ਦੀਆਂ ਲਿਖਤਾਂ ਨੂੰ ਸਾੜਨ ਦੀ ਮੰਗ ਕਰਦਾ ਆ ਰਿਹਾ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਹੁਣ ਵਕਤ ਹੈ ਕਿ ਇਨ੍ਹਾਂ ਸਾਰੇ ਖੱਬੇਪੱਖੀ ਇਤਿਹਾਸਕਾਰਾਂ ਨੂੰ ਅਗਨੀ ਭੇਟ ਕਰ ਦਿੱਤਾ ਜਾਵੇ ਜੋ ਇਤਨੇ ਦਹਾਕਿਆਂ ਤੋਂ ਭਾਰਤ ਮਾਂ ਨਾਲ ਧ੍ਰੋਹ ਕਰਦੇ ਆਏ ਹਨ ਅਤੇ ਇਨ੍ਹਾਂ ਦੀ ਥਾਂ ਨੈਸ਼ਨਲ ਕੌਂਸਲ ਆਫ ਐਜੂਕੇਸ਼ਨ ਰਿਸਰਚ ਅਤੇ ਟਰੇਨਿੰਗ, ਨੈਸ਼ਨਲ ਸੈਂਸਰ ਬੋਰਡ ਅਤੇ ਹੋਰ ਏਜੰਸੀਆਂ ਵਿਚ ਉਨ੍ਹਾਂ ਵਿਦਵਾਨਾਂ ਨੂੰ ਰੱਖਿਆ ਜਾਵੇ ਜੋ ਸਨਾਤਨ ਧਰਮ ਦੀ ਅਮੀਰੀ ਦੇ ਕਦਰਦਾਨ ਹਨ। ਨਹਿਰੂ ਜ਼ਮਾਨੇ ਦੇ ਇਨ੍ਹਾਂ ਖੱਬੇਪੱਖੀ ਇਤਿਹਾਸਕਾਰਾਂ ਦਾ ਭਾਂਡਾ ਭੰਨਦੇ ਹੋਏ ਜੋ ਕੁਝ ਖੁੱਸ ਚੁੱਕਾ ਹੈ, ਉਸ ਨੂੰ ਮੋੜ ਲਿਆਉਣ ਦਾ, ਸਮੁੱਚੇ ਸਕੂਲੀ ਸਿਲੇਬਸ ਨੂੰ ਦਰੁਸਤ ਕਰਨ ਦਾ ਹੁਣ ਵਕਤ ਹੈ।'

# 1984 ਨੂੰ ਯਾਦ ਕਰਦਿਆਂ...

***ਐਡਵੋਕੇਟ ਨੰਦਿਤਾ ਹਕਸਰ ਉਸ ਟੀਮ ਵਿਚ ਸ਼ਾਮਲ ਸੀ ਜਿਸ ਨੇ ਕਤਲੇਆਮ-84 ਸਬੰਧੀ ਅਹਿਮ ਤੱਥ-ਖੋਜ ਰਿਪੋਰਟ 'ਹੂ ਆਰ ਦਿ ਗਿਲਟੀ?' ਤਿਆਰ ਕੀਤੀ ਸੀ। ਬਾਅਦ ਵਿਚ ਇਹ ਰਿਪੋਰਟ 'ਦੋਸ਼ੀ ਕੌਣ' ਦੇ ਸਿਰਲੇਖ ਹੇਠ ਪੰਜਾਬੀ ਵਿਚ ਵੀ ਛਾਪੀ ਗਈ। ਇਸ ਰਿਪੋਰਟ ਉਤੇ ਉਦੋਂ ਪਾਬੰਦੀ ਲਾ ਦਿੱਤੀ ਗਈ ਸੀ ਜੋ ਅੱਜ ਤੱਕ ਜਾਰੀ ਹੈ। ਇਹ ਰਿਪੋਰਟ ਸਿੱਖ ਜਥੇਬੰਦੀਆਂ ਨੇ ਵੀ ਬੜੇ ਵਸੀਹ ਪੱਧਰ ਉਤੇ ਛਾਪੀ ਅਤੇ ਵੰਡੀ। ਨੰਦਿਤਾ ਵੱਲੋਂ ਹਾਲ ਹੀ ਲਿਖਿਆ ਇਹ ਲੇਖ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ ਤਾਂ ਕਿ ਪਤਾ ਲੱਗ ਸਕੇ ਕਿ ਉਸ ਵਕਤ ਸਰਬੱਤ ਦੇ ਭਲੇ ਨੂੰ ਪ੍ਰਨਾਏ ਲੋਕਾਂ ਨੇ ਕਿਨ੍ਹਾਂ ਹਾਲਾਤ ਵਿਚ ਕੰਮ ਕੀਤਾ। ਇਸ ਲੇਖ ਦਾ ਤਰਜਮਾ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***



ਨੰਦਿਤਾ ਹਕਸਰ

> ਜਿਸ ਪਲ ਮੈਂ ਸੁਣਿਆ ਕਿ ਇੰਦਰਾ ਗਾਂਧੀ ਦਾ ਕਤਲ ਹੋ ਗਿਆ, ਮੈਂ ਉਮੀਦ ਕੀਤੀ ਕਿ ਕਾਤਲ ਸਿੱਖ ਨਹੀਂ। ਮੇਰੇ ਮਾਂ-ਪਿਉ ਦਾ ਕਹਿਣਾ ਸੀ ਕਿ ਜਦੋਂ ਪਹਿਲੀ ਦਫ਼ਾ ਉਨ੍ਹਾਂ ਨੇ ਖ਼ਬਰ ਸੁਣੀ, ਤਾਂ ਉਨ੍ਹਾਂ ਉਮੀਦ ਕੀਤੀ ਕਿ ਕਾਤਲ ਮੁਸਲਮਾਨ ਨਹੀਂ। ਅਸੀਂ ਅਜੀਬ ਮੁਲਕ ਵਿਚ ਰਹਿ ਰਹੇ ਹਾਂ! ਜਦੋਂ ਸਾਡੇ ਆਗੂਆਂ ਦਾ ਕਤਲ ਹੋ ਜਾਂਦਾ ਹੈ, ਅਸੀਂ ਉਮੀਦ ਕਰਦੇ ਹਾਂ ਕਿ ਕਾਤਲ ਘੱਟ-ਗਿਣਤੀ ਭਾਈਚਾਰੇ ਵਿਚੋਂ ਨਹੀਂ। ਘੱਟੋ-ਘੱਟ ਸਾਡੇ ਵਿਚੋਂ ਉਹ ਤਾਂ ਇਹ ਉਮੀਦ ਕਰਦੇ ਹੀ ਹਨ ਜੋ ਚਾਹੁੰਦੇ ਹਨ ਕਿ ਹਿੰਦੁਸਤਾਨ ਸਾਰੇ ਭਾਈਚਾਰਿਆਂ ਦਾ ਹੋਵੇ।

> ਅਗਲੀ ਸਵੇਰ ਮੈਂ ਦੇਖਿਆ ਕਿ ਮੁਨੀਰਕਾ ਵਿਚ ਮੇਰੇ ਘਰ ਦੇ ਸਾਹਮਣੇ ਵਾਲੇ ਗੁਰੂ ਹਰਕਿਸ਼ਨ ਸਕੂਲ ਵਿਚ ਭਾਂਬੜ ਮਚੇ ਹੋਏ ਸਨ। ਕਾਲੋਨੀ ਦਾ ਨਿੱਕਾ ਜਿਹਾ ਹਜੂਮ ਖੜ੍ਹਾ ਦੇਖ ਰਿਹਾ ਹੈ ਅਤੇ ਕੋਈ ਜਣਾ ਕਹਿ ਰਿਹਾ ਸੀ: "ਉਥੇ ਅੰਦਰ ਸ਼ਾਇਦ ਬੱਚੇ ਹੋਣ।" ਫਿਰ ਮੇਰੇ ਅੱਗੇ ਖੜ੍ਹੇ ਇਕ ਨੌਜਵਾਨ ਨੇ ਕਿਹਾ, "ਆਂਟੀ ਆਓ ਜਾ ਕੇ ਦੇਖਦੇ ਹਾਂ।" ਮੈਂ ਨਹੀਂ ਜਾਣਦੀ ਹੋਰ ਪੰਜ ਬੰਦੇ ਕੌਣ ਸਨ, ਪਰ ਅਸੀਂ ਭੱਜਦੇ ਹੋਏ ਖੇਤ ਪਾਰ ਕਰ ਕੇ ਸਕੂਲ ਜਾ ਪਹੁੰਚੇ। ਉਥੇ ਪੁਲਿਸ ਦੀ ਭਰੀ ਜੀਪ ਖੜ੍ਹੀ ਦੇਖ ਕੇ ਰਾਹਤ ਮਹਿਸੂਸ ਹੋਈ, ਪਰ

**ਨੰਦਿਤਾ ਹਕਸਰ**

ਸਾਡੇ ਪਹੁੰਚਣ ਸਾਰ ਉਹ ਸੜਦਾ ਸਕੂਲ ਅਤੇ ਕਮਰੇ ਵਿਚ ਘਿਰੇ ਸਿੱਖਾਂ ਨੂੰ ਛੱਡ ਕੇ ਤੁਰਦੇ ਬਣੇ। ਮੁਨੀਰਕਾ ਪਿੰਡ ਵਲੋਂ ਹਿੰਸਕ ਹਜੂਮ ਸਾਡੇ ਵੱਲ ਆ ਰਿਹਾ ਸੀ।

> ਮੈਂ ਕਮਰੇ ਵਿਚ ਛੁਪੇ ਸਿੱਖਾਂ ਨੂੰ ਕਿਹਾ ਕਿ ਬਾਹਰ ਆ ਜਾਓ, ਅਸੀਂ ਤੁਹਾਨੂੰ ਮਹਿਫੂਜ਼ ਜਗ੍ਹਾ ਲੈ ਜਾਵਾਂਗੇ। ਇਕ ਬੰਦੇ ਨੇ ਮੈਨੂੰ ਕਿਹਾ ਕਿ ਆਪਣੇ ਘਰ ਦੀ ਕੁੰਜੀ ਦੇ ਦਿਓ। ਉਹ ਜਾਟ ਸੀ। ਕੁੰਜੀ ਉਸ ਦੇ ਹੱਥ ਫੜਾ ਕੇ ਮੈਂ ਉਸ ਨੂੰ ਆਪਣਾ ਫਲੈਟ ਨੰਬਰ ਦੱਸ ਦਿੱਤਾ ਅਤੇ ਉਹ ਸਕੂਲ ਅਧਿਆਪਕਾਂ ਨੂੰ ਨਾਲ ਲੈ ਗਿਆ। ਇਕ ਕਮਰੇ ਵਿਚ ਵ੍ਹੀਲਚੇਅਰ ਉਪਰ ਬਜ਼ੁਰਗ ਅਤੇ ਉਸ ਦੀ ਪੋਤੀ ਤੇ ਉਸ ਦਾ ਪਤੀ ਲੁਕੇ ਹੋਏ ਸਨ। ਮੈਂ ਨੌਜਵਾਨ ਜੋੜੇ ਨੂੰ ਚਲੇ ਜਾਣ ਲਈ ਕਿਹਾ, ਪਰ ਉਹ ਆਪਣੇ ਦਾਦੇ ਨੂੰ ਛੱਡ ਕੇ ਜਾਣ ਲਈ ਤਿਆਰ ਨਹੀਂ ਸਨ। ਮੈਂ ਉਨ੍ਹਾਂ ਨੂੰ ਛੱਡ ਕੇ ਚਲੀ ਗਈ। ਜਦੋਂ ਵਾਹੋ-ਦਾਹੀ ਵਾਪਸ ਆ ਰਹੀ ਸਾਂ ਤਾਂ ਇਕ ਮੁਟਿਆਰ ਆਪਣਾ ਬੱਚਾ ਮੈਨੂੰ ਫੜਾ ਕੇ ਕਹਿਣ ਲੱਗੀ, ਕਿ ਸਕੂਲ ਦੀ ਦੇਖ-ਭਾਲ ਕਰਨ ਲਈ ਉਸ ਦੀ ਲੋੜ ਹੈ। ਬੱਚਾ ਲੈ ਕੇ ਮੈਂ ਆਪਣੇ ਫਲੈਟ ਵਿਚ ਆ ਗਈ। ਉਥੇ ਸਿੱਖ ਸ਼ਾਂਤ ਬੈਠੇ ਸਨ। ਮੈਂ ਉਸ ਜਾਟ ਜਾਂ ਬੱਚਾ ਫੜਾਉਣ ਵਾਲੀ ਮੁਟਿਆਰ ਦਾ ਨਾਂ ਤੱਕ ਨਹੀਂ ਜਾਣਦੀ।

> ਇਕ ਨੌਜਵਾਨ ਜੋ ਸਾਡੀ ਕਾਲੋਨੀ ਦਾ ਨਹੀਂ ਸੀ, ਝੱਟ ਵ੍ਹੀਲਚੇਅਰ ਵਾਲੇ ਬਜ਼ੁਰਗ ਨੂੰ ਲੈ ਆਇਆ ਤੇ ਨੌਜਵਾਨ ਜੋੜੀ ਸਾਡੇ ਨਾਲ ਆ ਰਲੀ। ਇਕ ਹੋਰ ਨੌਜਵਾਨ ਪ੍ਰਿੰਸੀਪਲ ਦੇ ਘਰ ਗਿਆ ਹੋਇਆ ਸੀ ਜੋ ਘਰ ਦੇ ਅੰਦਰ ਬੰਦ ਸੀ। ਦਰਵਾਜ਼ੇ ਨੂੰ ਤਾਲਾ ਸੀ। ਇਹ ਦੇਖ ਕੇ ਨੌਜਵਾਨ ਨੇ ਨੰਗੇ ਹੱਥਾਂ ਨਾਲ ਹੀ ਸ਼ੀਸ਼ਾ ਭੰਨ ਦਿੱਤਾ। ਪ੍ਰਿੰਸੀਪਲ ਅਤੇ ਉਸ ਨੂੰ ਬਚਾਉਣ ਗਿਆ ਨੌਜਵਾਨ, ਦੋਵੇਂ ਸਾਡੇ ਨਾਲ ਆ ਰਲੇ।

> ਫੌਜ ਦੀ ਵਰਦੀ ਪਾਈ ਇਕ ਆਦਮੀ ਮੇਰੇ ਕੋਲ ਆ ਕੇ ਚੀਕਿਆ, "ਤੁਸੀਂ ਸਿੱਖਾਂ ਨੂੰ ਇਥੇ ਲਿਆ ਕੇ ਪੂਰੀ ਕਾਲੋਨੀ ਖ਼ਤਰੇ 'ਚ ਪਾ ਦਿੱਤੀ ਹੈ।" ਮੈਂ ਕਿਹਾ ਕਿ ਜੇ ਉਸ ਨੂੰ ਇਹੀ ਆਪਣਾ ਦੇਸ਼ ਭਗਤ ਫਰਜ਼ ਲੱਗਦਾ ਹੈ ਤਾਂ ਸਾਰੇ ਸਿੱਖਾਂ ਸਣੇ ਮੇਰਾ ਫਲੈਟ ਫੂਕ ਦੇਵੇ। ਅਸੀਂ ਕਾਲੋਨੀ ਦੇ ਲੋਕਾਂ ਨੂੰ ਕਿਹਾ ਕਿ ਆਪਣੇ ਘਰ ਇਕ ਟੱਬਰ ਨੂੰ ਪਨਾਹ ਦੇ ਦਿਓ। ਔਰਤਾਂ ਤਾਂ ਬਹੁਤ ਚਾਹੁੰਦੀਆਂ ਸਨ; ਪਰ ਆਦਮੀ ਕਹਿਣ ਲੱਗੇ ਕਿ ਉਹ ਸਿਰਫ ਔਰਤਾਂ ਤੇ ਬੱਚਿਆਂ ਨੂੰ ਹੀ ਰੱਖਣਗੇ।

ਅਸੀਂ ਸਿੱਖਾਂ ਨੂੰ ਕਾਰ ਦੀਆਂ ਪਿਛਲੀਆਂ ਸੀਟਾਂ 'ਤੇ ਬਿਠਾ, ਕੰਬਲ ਨਾਲ ਢੱਕ ਕੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਲੈ ਗਏ। ਸਾਡੀ ਕਾਲੋਨੀ ਵਿਚ ਵੀ ਕੁਝ ਟੱਬਰ ਸਨ ਜਿਨ੍ਹਾਂ ਨੇ ਸਿੱਖਾਂ ਨੂੰ ਆਪਣੇ ਘਰ ਰੱਖਿਆ। ਕਰਨਾਟਕ ਤੋਂ ਇਕ ਬ੍ਰਾਹਮਣ ਟੱਬਰ ਨੇ ਆਪਣੇ ਘਰ ਇਕ ਟੱਬਰ ਰੱਖਿਆ। ਮਾਂ ਨੇ ਤਾਂ ਸਿੱਖ ਗੱਭਰੂ ਦੇ ਕੇਸ ਵੀ ਕੱਟ ਦਿੱਤੇ, ਹਾਲਾਂਕਿ ਇਹ ਮਰਿਆਦਾ ਦੇ ਖ਼ਿਲਾਫ ਸੀ। ਉਹ ਦਿੱਲੀ ਹਾਈ ਕੋਰਟ ਦੇ ਇਕ ਭਵਿੱਖੀ ਜੱਜ ਦੀ ਮਾਂ ਸੀ। ਭਵਿੱਖੀ ਜੱਜ ਉਨ੍ਹਾਂ ਪੰਜ ਜਣਿਆਂ ਵਿਚੋਂ ਸੀ ਜੋ ਸਾਡੇ ਨਾਲ ਬਚਾਓ ਕਾਰਜ ਲਈ ਨਿੱਤਰੇ ਸਨ।

> ਮੈਨੂੰ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਪੀ.ਯੂ.ਡੀ.ਆਰ.) ਦੇ ਮੈਂਬਰ ਸੁਮਾਂਤੋ ਬੈਨਰਜੀ ਦਾ ਫ਼ੋਨ ਆਇਆ। ਉਹਨੇ ਮੈਨੂੰ ਪੰਚਸ਼ੀਲ ਐਨਕਲੇਵ ਆਉਣ ਲਈ ਕਿਹਾ ਜਿਥੇ ਹੋਰ ਕਾਰਕੁਨਾਂ ਨਾਲ ਮੀਟਿੰਗ ਸੀ।

"ਪਰ ਉਥੇ ਤਾਂ ਕਰਫਿਊ ਲੱਗਿਐ।"

"ਕਰਫਿਊ ਤੁਹਾਨੂੰ ਕੁਝ ਕਰਨ ਤੋਂ ਕਿਵੇਂ ਡੱਕ ਸਕਦਾ ਏ?"

ਮੈਂ ਉਸ ਮਕਾਨ 'ਚ ਪਹੁੰਚ ਗਈ। ਇਹ ਕਾਰਕੁਨਾਂ ਦਾ ਨਿੱਕਾ ਜਿਹਾ ਗਰੁਪ ਸੀ ਜਿਸ ਨੂੰ ਛੇਤੀ ਹੀ ਨਾਗਰਿਕ ਏਕਤਾ ਮੰਚ ਕਿਹਾ ਜਾਣ ਲੱਗਿਆ। ਹਰ ਕੋਈ ਮਹਿਸੂਸ ਕਰਦਾ ਸੀ ਕਿ ਸਾਨੂੰ ਵਿਰੋਧੀ ਧਿਰ ਦੇ ਆਗੂਆਂ ਨੂੰ ਮਿਲਣਾ ਚਾਹੀਦਾ ਹੈ। ਸ਼ਾਇਦ ਉਹ ਸਿੱਖਾਂ ਦਾ ਕਤਲੇਆਮ ਰੋਕਣ ਲਈ ਫੌਜ ਭੇਜਣ 'ਚ ਸਹਾਇਤਾ ਕਰ ਸਕਣ। ਸੁਮਾਂਤੋ ਨੇ ਸਿੱਖਾਂ ਨੂੰ ਜਿਉਂਦੇ ਸਾੜੇ ਜਾਂਦੇ ਅੱਖੀਂ ਦੇਖਿਆ ਸੀ।

> ਅਸੀਂ ਪੰਜ ਜਣੇ ਕਾਰ 'ਚ ਬੈਠ ਕੇ ਵਿਠਲ ਭਾਈ ਪਟੇਲ ਭਵਨ ਜਾ ਪਹੁੰਚੇ। ਉਥੇ ਵਿਰੋਧੀ ਧਿਰ ਦੇ ਆਗੂ ਜੁੜੇ ਬੈਠੇ ਸਨ। ਉਹ ਹੈਰਾਨ-ਪ੍ਰੇਸ਼ਾਨ ਸਨ ਕਿ ਕੀ ਕੀਤਾ ਜਾ ਸਕਦਾ ਸੀ। ਸੁਮਾਂਤੋ ਅਤੇ ਹੋਰਾਂ (ਮੈਂ ਨਾਂ ਭੁੱਲ ਗਈ) ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਘਰ ਜਾ ਕੇ ਫ਼ੌਜ ਭੇਜਣ ਦੀ ਮੰਗ ਕਰਨੀ ਚਾਹੀਦੀ ਹੈ। ਨਹੀਂ ਤਾਂ ਸਾਨੂੰ ਖ਼ੁਦ ਸਾੜ-ਫੂਕ ਬੰਦ ਕਰਨੀ ਚਾਹੀਦੀ ਹੈ। ਉਹ ਪੂਰਾ ਗੰਭੀਰ ਸੀ। ਇਕ ਆਗੂ, ਮੈਂ ਸੋਚਦੀ ਹਾਂ ਇਹ ਦੰਡਵਤੇ (ਮਧੂ) ਸੀ, ਸਾਡੀ ਕਾਰ ਵਿਚ ਬੈਠ ਗਏ। ਸੁਮਾਂਤੋ ਨੇ ਜ਼ੋਰ ਪਾਇਆ ਕਿ ਮੈਂ ਅਗਲੀ ਸੀਟ 'ਤੇ ਬੈਠਾਂ ਅਤੇ ਉਨ੍ਹਾਂ ਨੂੰ ਸੁਰੱਖਿਆ ਵਿਚੋਂ ਲੰਘਾ ਕੇ ਅੰਦਰ ਲੈ ਜਾਵਾਂ। ਮੇਰਾ ਬਾਪ (ਪੀ.ਐਨ. ਹਕਸਰ) ਇੰਦਰਾ ਗਾਂਧੀ ਦਾ ਸਕੱਤਰ ਸੀ। ਉਸ ਵਕਤ ਉਹ ਤੇ ਮੇਰੀ ਮਾਂ ਕਿਸੇ ਖੁਫੀਆ ਮਿਸ਼ਨ 'ਤੇ ਚੀਨ ਗਏ ਹੋਏ ਸਨ। ਅਸੀਂ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਪਹੁੰਚੇ, ਸੁਰੱਖਿਆ ਮੁਲਾਜ਼ਮਾਂ ਨੇ ਸਾਨੂੰ ਅੰਦਰ ਜਾਣ ਦਿੱਤਾ। ਉਨ੍ਹਾਂ ਸੋਚਿਆ ਹੋਵੇਗਾ ਕਿ ਅਫਸੋਸ ਕਰਨ ਆਈ ਹੈ। ਮੈਂ ਅਰੁਣ ਨਹਿਰੂ ਨੂੰ ਮਿਲੀ।

"ਮਿਸਟਰ ਨਹਿਰੂ, ਮੈਂ ਨੰਦਿਤਾ ਹਕਸਰ ਹਾਂ। ਜੇ ਤੁਸੀਂ ਪੱਛਮੀ ਦਿੱਲੀ ਵਿਚ ਫੌਜ ਨਹੀਂ ਭੇਜਦੇ ਤਾਂ ਸਾੜ-ਫੂਕ ਅਸੀਂ ਰੋਕਾਂਗੇ।"

ਅਰੁਣ ਨਹਿਰੂ ਨੇ ਕਿਹਾ- ਉਹ ਫੌਜ ਭੇਜੇਗਾ। ਸਾਡੇ ਵਿਚੋਂ ਕਿਸੇ ਨੇ ਵੀ ਸਵਾਲ ਨਹੀਂ ਕੀਤਾ ਕਿ ਮਹਿਜ਼ ਇਕ ਐਮ.ਪੀ. ਕੋਲ ਇਹ ਤਾਕਤ ਕਿਵੇਂ ਸੀ! ਪਰ ਫ਼ੌਜ ਉਦੋਂ ਭੇਜੀ ਗਈ ਜਦੋਂ ਅਸੀਂ ਤ੍ਰਿਲੋਕਪੁਰੀ ਪਹੁੰਚੇ।

> ਅਸੀਂ ਫਰਸ਼ ਬਾਜ਼ਾਰ ਥਾਣੇ ਪਹੁੰਚੇ। ਇਹੀ ਇਕ ਥਾਣਾ ਸੀ ਜਿਥੇ ਬਚਾਓ ਅਤੇ ਰਾਹਤ ਕਾਰਜ ਵਿਚ ਗੰਭੀਰਤਾ ਦਿਖਾਈ ਗਈ। ਉਥੇ ਰਾਹਤ ਕੈਂਪ ਬਣਾਇਆ ਗਿਆ ਸੀ।

ਕਿਸੇ ਨੇ ਸੁਝਾਓ ਦਿੱਤਾ ਕਿ ਅਸੀਂ ਸਿੱਖਾਂ ਨੂੰ ਚਾਹ ਬਣਾ ਕੇ ਪਿਆਈਏ ਜੋ ਸਦਮੇ 'ਚ ਸਨ।

ਇਕ ਔਰਤ ਕਾਰ 'ਚ ਮੈਨੂੰ ਸਾਊਥ ਐਕਸਟੈਂਸ਼ਨ ਲੈ ਗਈ ਜਿਥੇ ਇਕ ਟੈਂਟ ਵਾਲਾ ਉਹਦਾ ਜਾਣੂੰ ਸੀ। ਉਹਨੇ ਦੁਕਾਨ ਖੋਲ੍ਹ ਕੇ ਸਾਨੂੰ ਦੇਗਚੀ ਦਿੱਤੀ। ਫਿਰ ਉਹਨੇ ਪਤਾਸੇ ਖ਼ਰੀਦੇ, ਰਾਸ਼ਨ ਦੀ ਕੋਈ ਦੁਕਾਨ ਖੁੱਲ੍ਹੀ ਨਹੀਂ ਸੀ ਲੱਭੀ ਜਿੱਥੋਂ ਖੰਡ ਲੈਂਦੀਆਂ। ਦੁੱਧ ਵੀ ਖ਼ਰੀਦ ਲਿਆ।

ਮੈਂ ਚਾਹ ਬਣਾਉਣ ਲੱਗ ਗਈ। ਪਾਣੀ ਉਬਲ ਰਿਹਾ ਸੀ ਅਤੇ ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਸ ਵਿਚ ਕਿੰਨੀ ਚਾਹ ਪੱਤੀ ਪਾਵਾਂ। ਮੇਰੇ ਚਾਹ ਦਾ ਪੈਕਟ ਖਾਲੀ ਕਰਨ ਤੋਂ ਪਹਿਲਾਂ ਹੀ ਇਕ ਸਰਦਾਰ ਬੋਲ ਪਿਆ, "ਤੁਸੀਂ ਇਸ ਨੂੰ ਕਿਵੇਂ ਉਬਾਲੋਗੇ?"

ਉਨ੍ਹਾਂ ਨੇ ਮੈਨੂੰ ਦੁਪੱਟਾ ਲੈ ਕੇ ਇਸ ਵਿਚ ਚਾਹ ਪੱਤੀ ਬੰਨ੍ਹ ਕੇ ਪਾਉਣ ਦੀ ਜੁਗਤ ਦੱਸੀ। ਟੀ ਬੈਗ!...ਫਿਰ ਮੈਂ ਪੁੱਛਿਆ, ਕਿੰਨਾ ਦੁੱਧ ਪਾਵਾਂ?

ਲਿਸ਼ਕਦੀਆਂ ਅੱਖਾਂ ਵਾਲਾ ਇਕ ਨੌਜਵਾਨ ਬੋਲਿਆ, "ਇਹ ਤਾਂ ਤੁਸੀਂ ਇਕ ਕੱਪ ਚਾਹ ਬਣਾਈ ਹੈ, ਇਹ ਸੌ ਬੰਦਿਆਂ ਜੋਗੀ ਨਹੀਂ। ਦੋ ਬਾਲਟੀਆਂ ਪਾ ਦਿਓ...।"

ਮੈਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਭਿਆਨਕ ਮੌਤ ਦੇ ਮੂੰਹੋਂ ਬਚੇ ਇਹ ਨੌਜਵਾਨ ਘੰਟੇ ਕੁ ਬਾਅਦ ਹੀ ਇੰਜ ਹੱਸ-ਖੇਡ ਸਕਦੇ ਸਨ। ਇਹ ਮੇਰੇ ਲਈ ਸਿੱਖ ਭਾਈਚਾਰੇ ਦੇ ਮਸ਼ਹੂਰ ਜਜ਼ਬੇ ਦੀ ਪਹਿਲੀ ਝਲਕ ਸੀ।

> ਵੱਖੋ-ਵੱਖਰੀਆਂ ਐਨ.ਜੀ.ਓਜ਼. ਦੇ ਕਾਰਕੁਨਾਂ ਨੇ ਸਾਨੂੰ, ਮਨੁੱਖੀ ਅਧਿਕਾਰ ਕਾਰਕੁਨਾਂ ਨੂੰ, ਰਾਹਤ ਦਾ ਕੰਮ ਉਨ੍ਹਾਂ ਜ਼ਿੰਮੇ ਛੱਡ ਕੇ ਤੱਥ ਖੋਜਣ ਲਈ ਕਿਹਾ। ਤਿੰਨ ਤੱਥ-ਖੋਜ ਟੋਲੀਆਂ ਬਣਾਈਆਂ ਗਈਆਂ। ਸਾਡੇ ਵਾਲੀ ਟੋਲੀ ਪੀ.ਯੂ.ਡੀ.ਆਰ. (ਨੁਮਾਇੰਦੇ ਸੁਮਾਂਤੋ ਬੈਨਰਜੀ ਅਤੇ ਮੈਂ) ਅਤੇ ਪੀ.ਯੂ.ਸੀ.ਐਲ. (ਨੁਮਾਇੰਦੇ ਦਿਨੇਸ਼ ਮੋਹਣ ਅਤੇ ਸਮਿਤੂ ਕੋਠਾਰੀ) ਦੀ ਸਾਂਝੀ ਟੋਲੀ ਸੀ।

ਅਸੀਂ ਅਗਾਂਹ ਦੋ ਟੋਲੀਆਂ ਬਣਾ ਲਈਆਂ ਅਤੇ ਮੈਂ ਦਿਨੇਸ਼ ਮੋਹਣ ਦੇ ਨਾਲ ਸੀ ਜੋ ਆਈ.ਆਈ.ਟੀ. ਤੋਂ ਸੀ। ਅਸੀਂ ਤੱਥ-ਖੋਜ ਸ਼ੁਰੂ ਕੀਤੀ, ਤਾਂ ਪਤਾ ਲੱਗਿਆ ਕਿ ਸ਼ਹਿਰ ਨੂੰ ਕਿਸ ਕਦਰ ਸਾੜਿਆ ਗਿਆ ਸੀ! ਪੂਰੀ ਮੁਹਾਰਤ ਅਤੇ ਮਿੱਟੀ ਦੇ ਤੇਲ ਜਾਂ ਗੰਧਕ ਦੀ ਸਪਲਾਈ ਤੋਂ ਬਿਨਾਂ ਇਸ ਤਰ੍ਹਾਂ ਦੀ ਸਾੜ-ਫੂਕ ਸੰਭਵ ਨਹੀਂ ਸੀ। ਸਵਾਲ ਸੀ ਕਿ ਦੁਕਾਨਾਂ ਬੰਦ ਹੁੰਦਿਆਂ ਵੀ ਇਹ ਕਿਵੇਂ ਹਾਸਲ ਕੀਤਾ ਗਿਆ?

ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਰਜਿਸਟਰ ਚੁੱਕੀ, ਸਿੱਖਾਂ ਦੇ ਘਰਾਂ ਦੀ ਸ਼ਨਾਖ਼ਤ ਕਰਦੇ ਕਾਂਗਰਸੀ ਆਗੂ ਖ਼ੁਦ ਦੇਖੇ। ਦੱਖਣੀ ਦਿੱਲੀ ਦੀਆਂ ਧਨਾਢ ਕਲੋਨੀਆਂ ਵਿਚ ਵੱਡੇ-ਵੱਡੇ ਕੰਕਰੀਟ ਦੇ ਢਾਂਚੇ ਇਸੇ ਤਰ੍ਹਾਂ ਸਾੜੇ ਗਏ। ਗੁਰਦੁਆਰੇ ਵੀ ਸੀਨੀਅਰ ਕਾਂਗਰਸੀ ਆਗੂਆਂ ਦੀ ਅਗਵਾਈ ਹੇਠਲੇ ਹਜੂਮ ਦਾ ਨਿਸ਼ਾਨਾ ਸਨ।

ਅਸੀਂ ਇੰਦਰ ਗੁਜਰਾਲ ਨੂੰ ਉਸ ਦੇ ਘਰ ਮਿਲੇ। ਮੈਂ ਪੁੱਛਿਆ, ਇਹ ਸੱਚ ਸੀ ਕਿ ਇਹ ਕਤਲੋਗਾਰਤ ਅਤੇ ਅੱਗਜ਼ਨੀ ਚੋਟੀ ਦੀ ਕਾਂਗਰਸ ਲੀਡਰਸ਼ਿਪ ਦੀ ਮਨਜ਼ੂਰੀ ਨਾਲ ਕੀਤੀ ਗਈ ਸੀ? ਉਸ ਦੀ ਗ਼ਮਗੀਨ ਤੱਕਣੀ ਇਸ ਦਾ ਜਵਾਬ ਸੀ।

> ਉਸ ਰਾਤ ਪੀ.ਯੂ.ਡੀ.ਆਰ. ਦੀ ਸਮੁੱਚੀ ਟੋਲੀ ਪ੍ਰੈਸ ਐਨਕਲੇਵ ਵਿਚ ਸੁਮਾਂਤੋ ਦੇ ਘਰ ਜੁੜੀ। ਭਖਵੀਂ ਬਹਿਸ ਹੋਈ ਕਿ ਲੋਕਾਂ ਨੇ ਸਾਡੇ ਨਾਲ ਗੱਲ ਕਰਦਿਆਂ ਜਿਨ੍ਹਾਂ ਕਾਂਗਰਸੀ ਆਗੂਆਂ ਦੇ ਨਾਂ ਲਏ ਸਨ, ਉਹ ਛਾਪ ਦਿੱਤੇ ਜਾਣ ਜਾਂ ਨਾ। ਕੁਝ ਮੈਂਬਰ ਮਹਿਸੂਸ ਕਰਦੇ ਸਨ ਕਿ ਨਾਂ ਲੈ ਕੇ ਅਸੀਂ ਆਪਣੇ ਪ੍ਰਧਾਨ ਪ੍ਰੋਫੈਸਰ ਗੋਵਿੰਦ ਮੁਖੋਟੀ ਦੀ ਜਾਨ ਖ਼ਤਰੇ ਵਿਚ ਪਾ ਦਿਆਂਗੇ। ਪਹਿਲਾਂ ਹੀ ਉਸ ਦੀ ਕਾਰ ਨੂੰ ਰਹੱਸਮਈ ਢੰਗ ਨਾਲ ਅੱਗ ਲਾ ਦਿੱਤੀ ਗਈ ਸੀ। ਮੁਨੀਰਕਾ ਟੋਕਸ ਦੇ ਸਥਾਨਕ ਆਗੂ ਨੇ ਮੇਰੇ ਪਿੱਛੇ ਆਪਣੇ ਬੰਦੇ ਲਾਏ ਹੋਏ ਸਨ।

ਇਕ ਹੋਰ ਪੱਖ ਵੀ ਵਿਚਾਰਿਆ ਗਿਆ। ਸਿੱਖ ਸਾਡੀ ਰਿਪੋਰਟ ਨੂੰ ਹਿੱਟ ਲਿਸਟ ਬਣਾਉਣ ਲਈ ਇਸਤੇਮਾਲ ਤਾਂ ਨਹੀਂ ਕਰਨਗੇ? ਪਰ ਸਿੱਖਾਂ ਨੇ ਤਾਂ ਖ਼ੁਦ ਸਾਨੂੰ ਉਨ੍ਹਾਂ ਦੇ ਨਾਂ ਦੱਸੇ ਸਨ। ਓੜਕ ਅਸੀਂ ਨਾਂ ਛਾਪਣ ਦਾ ਫੈਸਲਾ ਕੀਤਾ। ਪੂਰੀ ਰਾਤ ਨਾਂਵਾਂ ਨੂੰ ਵੱਖੋ-ਵੱਖਰੀਆਂ ਗਵਾਹੀਆਂ ਨਾਲ ਮਿਲਾ ਕੇ ਪੜਤਾਲ ਚਲਦੀ ਰਹੀ। ਸੂਚੀ ਬਣਾਈ ਗਈ ਅਤੇ ਰਿਪੋਰਟ ਲਿਖੀ ਗਈ। ਸਾਡੀ ਰਿਪੋਰਟ ਦਾ ਸਿਰਲੇਖ ਸੀ: 'ਦੋਸ਼ੀ ਕੌਣ?'

ਇਸ ਰਿਪੋਰਟ 'ਤੇ ਪਾਬੰਦੀ ਲਾ ਦਿੱਤੀ ਗਈ। ਪੁਲਿਸ ਨੇ ਰਿਪੋਰਟ ਛਾਪਣ ਵਾਲੇ ਪ੍ਰੈਸ ਮਾਲਕ ਦੇ ਛਾਪਾ ਮਾਰਿਆ। ਉਹਨੂੰ ਬਹੁਤ ਤੰਗ-ਪ੍ਰੇਸ਼ਾਨ ਕੀਤਾ। ਸਿੱਖ ਜਥੇਬੰਦੀਆਂ ਨੇ ਪਾਬੰਦੀ ਨੂੰ ਅਣਗੌਲਿਆਂ ਕਰਦਿਆਂ ਅਤੇ ਸਾਡੀ ਸਹਿਮਤੀ ਲਏ ਬਗ਼ੈਰ ਹੀ ਰਿਪੋਰਟ ਦੁਬਾਰਾ ਛਾਪ ਦਿੱਤੀ ਅਤੇ ਇਹ ਵਸੀਹ ਪੈਮਾਨੇ 'ਤੇ ਵੰਡੀ ਗਈ। ਇਸ ਦਾ ਪੰਜਾਬੀ ਤਰਜਮਾ ਕੀਤਾ ਗਿਆ। ਜਦੋਂ ਮੈਂ ਪੰਜਾਬ ਗਈ ਤਾਂ ਕਈ ਸਿੱਖਾਂ ਨੇ ਮੈਨੂੰ ਦੱਸਿਆ ਕਿ ਇਸ ਰਿਪੋਰਟ ਕਾਰਨ ਉਹ ਅਜੇ ਵੀ ਹਿੰਦੁਸਤਾਨ ਦੇ ਵਫ਼ਾਦਾਰ ਮਹਿਸੂਸ ਕਰਦੇ ਹਨ। ਇਸ ਨੇ ਉਨ੍ਹਾਂ ਨੂੰ ਦੁਬਾਰਾ ਯਕੀਨ ਦਿਵਾਇਆ ਕਿ ਐਸੇ ਹਿੰਦੁਸਤਾਨੀ ਹਨ ਜੋ ਉਦੋਂ ਉਨ੍ਹਾਂ ਦੇ ਨਾਲ ਖੜ੍ਹੇ ਜਦੋਂ ਇਸ ਦੀ ਬਹੁਤ ਅਹਿਮੀਅਤ ਸੀ।

> ਤੱਥ-ਖੋਜ ਦੌਰਾਨ ਜੁਟਾਈ ਸਮੱਗਰੀ ਦੇ ਆਧਾਰ 'ਤੇ ਮੈਂ ਪਟੀਸ਼ਨ ਤਿਆਰ ਕੀਤੀ ਤੇ ਦਿੱਲੀ ਹਾਈ ਕੋਰਟ ਵਿਚ ਦਾਇਰ ਕਰ ਦਿੱਤੀ। ਕੇਸ ਜਸਟਿਸ ਰਾਜਿੰਦਰ ਸੱਚਰ ਕੋਲ ਆਇਆ। ਉਹਨੇ ਪੁਲਿਸ ਨੂੰ ਨੋਟਿਸ ਜਾਰੀ ਕੀਤਾ। ਅਸੀਂ ਪੀੜਤਾਂ ਦੇ ਹਲਫਨਾਮਿਆਂ 'ਚ ਦਰਜ ਆਗੂਆਂ ਖ਼ਿਲਾਫ ਐਫ.ਆਈ.ਆਰ. ਦਰਜ ਕਰਨ ਦੀ ਮੰਗ ਕੀਤੀ, ਪਰ ਜਦੋਂ ਕੇਸ ਦੀ ਮੁੜ ਸੁਣਵਾਈ ਹੋਈ ਤਾਂ ਕੇਸ ਜਸਟਿਸ ਸੱਚਰ ਦੀ ਅਦਾਲਤ 'ਚੋਂ ਹਟਾ ਕੇ ਦੋ ਹੋਰ ਜੱਜਾਂ ਦੀ ਅਦਾਲਤ ਵਿਚ ਲਾ ਦਿੱਤਾ ਗਿਆ। ਇਨ੍ਹਾਂ ਜੱਜਾਂ ਨੇ ਤੱਥਾਂ ਦੀ ਸੱਚਾਈ ਬਾਰੇ ਸ਼ਰੇਆਮ ਅਦਾਲਤ ਵਿਚ ਖਿੱਲੀ ਉਡਾਉਣ ਵਾਲੇ ਲਹਿਜ਼ੇ 'ਚ ਟਿੱਪਣੀਆਂ ਕੀਤੀਆਂ। ਇਕ ਨੇ ਤਾਂ ਇੱਥੋਂ ਤਾਈਂ ਕਹਿ ਦਿੱਤਾ ਕਿ ਪੀੜਤ, ਪੁਲਿਸ ਕੋਲ ਸ਼ਿਕਾਇਤ ਦਰਜ ਕਰਾਉਣ ਕਿਉਂ ਨਹੀਂ ਗਈ। ਉਹ ਇਕ ਔਰਤ ਦੇ ਹਲਫ਼ਨਾਮੇ ਨੂੰ ਪੜ੍ਹ ਕੇ ਕਹਿ ਰਿਹਾ ਸੀ ਜਿਸ ਦੀਆਂ ਅੱਖਾਂ ਅੱਗੇ ਉਸ ਦੀ ਧੀ ਨਾਲ ਜਬਰ-ਜਨਾਹ ਕੀਤਾ ਗਿਆ ਸੀ। ਹਲਫਨਾਮੇ ਵਿਚ ਬਲਾਤਕਾਰੀਆਂ ਦੇ ਨਾਂ ਲਏ ਗਏ ਸਨ।

ਮੈਂ ਜਾਣਦੀ ਹਾਂ ਕਿ ਹਲਫਨਾਮੇ ਤਿਆਰ ਕਰਦੇ ਵਕਤ ਅਸੀਂ ਕਿੰਨੀ ਤਵੱਜੋਂ ਦਿੱਤੀ ਸੀ। ਉਸ ਨੇ ਪੰਜਾਬੀ ਵਿਚ ਬਿਆਨ ਕੀਤਾ ਸੀ, ਇਸ ਦਾ ਤਰਜਮਾ ਹਿੰਦੀ ਵਿਚ ਕੀਤਾ ਗਿਆ ਅਤੇ ਫਿਰ ਅੰਗਰੇਜ਼ੀ ਵਿਚ ਹਲਫਨਾਮਾ ਲਿਖਿਆ ਗਿਆ। ਦਸਤਖ਼ਤ ਕਰਾਉਣ ਤੋਂ ਪਹਿਲਾਂ ਇਕ-ਇਕ ਪੈਰਾ ਉਸ ਨੂੰ ਪੜ੍ਹ ਕੇ ਸੁਣਾਇਆ ਗਿਆ। ਜੱਜ ਨੇ ਪੰਨਾ ਪਲਟਿਆ ਅਤੇ ਹਲਫਨਾਮੇ ਵੱਲ ਦੇਖ ਕੇ ਹੱਸਿਆ। ਪਟੀਸ਼ਨ ਰਹੱਸਮਈ ਢੰਗ ਨਾਲ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਅੱਗੇ ਪੇਸ਼ ਕੀਤੀ ਗਈ। ਗੋਵਿੰਦ ਮੁਖੋਟੀ ਕੋਲ ਵਕਤ ਨਹੀਂ ਸੀ, ਮੈਂ ਅਦਾਲਤ ਵਿਚ ਪੇਸ਼ ਹੋਈ। ਜਸਟਿਸ ਏ.ਐਨ. ਸੇਨ ਪ੍ਰਧਾਨਗੀ ਕਰ ਰਿਹਾ ਸੀ। ਉਹ ਬੈਂਚ ਵਿਚ ਬੈਠਾ ਮੁਸਕਰਾਇਆ ਅਤੇ ਮੈਨੂੰ ਪ੍ਰੇਰਨ ਵਾਲੇ ਢੰਗ ਨਾਲ ਬੋਲਿਆ, "ਕ੍ਰਿਪਾ ਕਰ ਕੇ ਕੌਮੀ ਹਿੱਤ 'ਚ ਇਹ ਪਟੀਸ਼ਨ ਵਾਪਸ ਲੈ ਲਓ।" ਮੈਂ ਨਾਂਹ ਕਰ ਦਿੱਤੀ। ਪਟੀਸ਼ਨ ਖ਼ਾਰਜ ਕਰ ਦਿੱਤੀ ਗਈ। ਉਹ ਲਫ਼ਜ਼ ਅਜੇ ਤਾਈਂ ਮੇਰੇ ਕੰਨਾਂ ਵਿਚ ਗੂੰਜ ਰਹੇ ਹਨ ਅਤੇ ਮੈਨੂੰ ਅੱਜ ਵੀ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ।

> ਨਾਗਰਿਕ ਏਕਤਾ ਮੰਚ ਨੇ ਸ਼ਾਨਦਾਰ ਰਾਹਤ ਕੰਮ ਕੀਤਾ। ਜਦੋਂ ਹਕੂਮਤ ਨੇ ਹਿੰਸਾ ਦੇ ਕਾਰਨਾਂ ਦੀ ਪੜਤਾਲ ਲਈ ਰੰਗਾਨਾਥ ਮਿਸ਼ਰਾ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ, ਮੰਚ ਨੇ ਮੈਨੂੰ ਉਨ੍ਹਾਂ (ਪੀੜਤਾਂ) ਦੀ ਨੁਮਾਇੰਦਗੀ ਕਰਨ ਲਈ ਕਿਹਾ। ਮੈਂ ਉਨ੍ਹਾਂ ਵਲੋਂ ਜਸਟਿਸ ਮਿਸ਼ਰਾ ਅੱਗੇ ਪੇਸ਼ ਹੋਈ। ਹਰ ਪੜਾਅ 'ਤੇ ਉਸ ਦਾ ਸਿੱਖ ਪੀੜਤਾਂ ਲਈ ਪੱਖਪਾਤ ਸਾਫ ਨਜ਼ਰ ਆਉਂਦਾ ਸੀ। ਇਸੇ ਕਰ ਕੇ ਤੈਅ ਹੋਇਆ ਕਿ ਮੰਚ, ਕਮਿਸ਼ਨ ਦਾ ਬਾਈਕਾਟ ਕਰੇ ਅਤੇ ਮੈਂ ਕਮਿਸ਼ਨ ਅੱਗੇ ਪੇਸ਼ ਹੋਣਾ ਛੱਡ ਦਿੱਤਾ। ਨਾਲ ਹੀ ਲੰਮਾ ਲੇਖ ਲਿਖਿਆ ਕਿ ਅਸੀਂ ਇਹ ਫੈਸਲਾ ਕਿਉਂ ਕੀਤਾ ਸੀ।

ਜਦੋਂ ਰੰਗਾਨਾਥ ਮਿਸ਼ਰਾ ਸੁਪਰੀਮ ਕੋਰਟ ਦਾ ਜੱਜ ਸੀ, ਮੈਂ ਉਦੋਂ ਮੇਰਠ ਹਿੰਸਾ ਬਾਰੇ ਇਕ ਕੇਸ ਦਾਇਰ ਕੀਤਾ ਸੀ। ਉਹਦਾ ਮੁਸਲਮਾਨਾਂ ਲਈ ਪੱਖਪਾਤ ਉਦੋਂ ਹੀ ਦੇਖ ਚੁੱਕੀ ਸੀ। ਉਸ ਕੇਸ ਵਿਚ ਪੀ.ਏ.ਸੀ. (ਯੂ.ਪੀ. ਦੀ ਹਥਿਆਰਬੰਦ ਪੁਲਿਸ) ਨੇ 33 ਮੁਸਲਮਾਨਾਂ ਨੂੰ ਗੋਲੀਆਂ ਮਾਰ ਕੇ ਲਾਸ਼ਾਂ ਨਹਿਰ ਵਿਚ ਸੁੱਟ ਦਿੱਤੀਆਂ ਸਨ।...ਫਿਰ ਰੰਗਾਨਾਥ ਮਿਸ਼ਰਾ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਚੇਅਰਮੈਨ ਬਣਿਆ।

> ਛੇਤੀ ਬਾਅਦ ਇਕ ਹੋਰ ਹਿੰਸਾ ਹੋਈ। ਇਸ ਵਾਰ ਨਿਸ਼ਾਨਾ ਵਾਲਦ ਸਿਟੀ ਦੇ ਮੁਸਲਮਾਨ ਸਨ। ਉਥੇ ਕੋਈ ਨਾਗਰਿਕ ਕਮੇਟੀ ਨਹੀਂ ਸੀ। ਮੈਂ ਤੱਥ-ਖੋਜ ਲਈ ਉਥੇ ਗਈ ਅਤੇ ਪੀ.ਯੂ.ਡੀ.ਆਰ. ਨੇ ਰਿਪੋਰਟ ਛਾਪੀ, ਪਰ ਇਸ ਕੇਸ 'ਚ ਉਸ ਤਰ੍ਹਾਂ ਦੀ ਸੰਵੇਦਨਾ ਜਾਂ ਰੋਹ ਨਹੀਂ ਸੀ। ਉਦੋਂ ਮੈਂ ਮਹਿਸੂਸ ਕੀਤਾ ਕਿ ਨਾਗਰਿਕ ਏਕਤਾ ਮੰਚ ਦੇ ਜ਼ਿਆਦਾਤਰ ਕਾਰਕੁਨ ਪੰਜਾਬੀ ਸਨ ਅਤੇ ਉਨ੍ਹਾਂ ਸਾਰਿਆਂ ਦੇ ਦੋਸਤ ਸਿੱਖ ਭਾਈਚਾਰੇ ਵਿਚੋਂ ਸਨ। ਪਿੱਛੋਂ ਜਦੋਂ ਮੈਂ ਕਾਰਕੁਨਾਂ ਨਾਲ ਗੱਲਬਾਤ ਕੀਤੀ ਤਾਂ ਪਤਾ ਲੱਗਿਆ ਕਿ ਸਿਰਫ ਸੁਮਾਂਤੋ ਅਤੇ ਮੈਂ ਹੀ ਐਸੇ ਵਿਅਕਤੀ ਸੀ ਜਿਨ੍ਹਾਂ ਦੇ ਸਿੱਖਾਂ ਵਿਚ ਦੋਸਤ ਨਹੀਂ ਸਨ; ਸਾਡੇ ਸੰਪਰਕ ਮੁਸਲਮਾਨਾਂ ਨਾਲ ਸਨ।

ਦਿੱਲੀ ਯੂਨੀਵਰਸਿਟੀ ਦੇ ਮਿਰਾਂਡਾ ਹਾਊਸ ਤੋਂ ਮੇਰੀ ਇਤਿਹਾਸ ਦੀ ਅਧਿਆਪਕਾ ਉਮਾ ਚਕਰਵਰਤੀ ਨੇ ਮੈਨੂੰ ਕਿਹਾ ਕਿ ਮੈਂ ਪੀੜਤਾਂ ਨਾਲ ਗੱਲਬਾਤ ਕਰਨ 'ਚ ਉਸ ਦਾ ਹੱਥ ਵਟਾਵਾਂ। ਇਹ ਇਤਿਹਾਸ ਵਿਚ ਐਸਾ ਪਲ ਸੀ ਜਦੋਂ ਇਕ ਭਾਈਚਾਰਾ ਘੱਟ-ਗਿਣਤੀ ਬਣ ਗਿਆ ਸੀ। ਉਦੋਂ ਅਸੀਂ ਗੈਰ-ਸਿੱਖ ਗੁਆਂਢੀਆਂ ਅਤੇ ਕਾਰਕੁਨਾਂ ਨਾਲ ਗੱਲਬਾਤ ਕੀਤੀ। ਇਨ੍ਹਾਂ ਗੱਲਾਂ-ਬਾਤਾਂ ਵਿਚ ਫੌਰੀ ਕਾਰਨਾਂ ਤੋਂ ਇਲਾਵਾ ਹਿੰਸਾ ਪਿਛਲੇ ਪੇਚੀਦਾ ਕਾਰਨ ਸਾਹਮਣੇ ਆਏ। ਕਈ ਥਾਂਈਂ, ਜਿਵੇਂ ਮੁਨੀਰਕਾ ਵਿਚ, ਉਦੋਂ ਦਾ ਗੁੱਸਾ ਸੀ ਜਦੋਂ ਪਿੰਡ ਦੀ ਜ਼ਮੀਨ ਉਨ੍ਹਾਂ ਤੋਂ ਲੈ ਲਈ ਗਈ ਸੀ। ਗੁਰੂ ਹਰਕਿਸ਼ਨ ਸਕੂਲ ਉਸ ਜ਼ਮੀਨ ਉਪਰ ਉਸਾਰਿਆ ਗਿਆ ਸੀ ਜੋ ਕਦੇ ਮੁਨੀਰਕਾ ਪਿੰਡ ਦੇ ਜਾਟਾਂ ਦੀ ਹੁੰਦੀ ਸੀ। ਜਦੋਂ ਸਕੂਲ ਉਸਾਰਿਆ ਜਾ ਰਿਹਾ ਸੀ ਤਾਂ ਪਿੰਡ ਵਾਲੇ ਮੈਦਾਨ ਨੂੰ ਜੰਗਲ-ਪਾਣੀ ਜਾਣ ਲਈ ਇਸਤੇਮਾਲ ਕਰਦੇ ਰਹੇ। ਹੁਣ ਉਨ੍ਹਾਂ ਨੇ ਬਦਲਾ ਲੈਣ ਲਈ ਸਕੂਲ ਸਾੜ ਦਿੱਤਾ।

ਲੋਕਾਂ ਵਲੋਂ ਆਪਣੇ ਸਿੱਖ ਗੁਆਂਢੀਆਂ ਨੂੰ ਬਚਾਉਣ ਦੀਆਂ ਹੌਸਲਾ-ਵਧਾਊ ਕਹਾਣੀਆਂ ਵੀ ਸਾਹਮਣੇ ਆਈਆਂ। ਇਨ੍ਹਾਂ ਵਿਚੋਂ ਸਭ ਤੋਂ ਬਿਹਤਰੀਨ ਮਿਸਾਲਾਂ ਭਲਵਾਨਾਂ ਦੇ ਅਖਾੜਿਆਂ ਦੀਆਂ ਸਨ ਜਿਨ੍ਹਾਂ ਨੇ ਸਿੱਖਾਂ ਨੂੰ ਇਸ ਲਈ ਬਚਾਇਆ ਸੀ, ਕਿਉਂਕਿ ਅਖਾੜਾ ਸਾਰੇ ਭਾਈਚਾਰਿਆਂ ਲਈ ਖੁੱਲ੍ਹਾ ਹੁੰਦਾ ਹੈ।

ਫਿਰ ਇਸ ਸਬੰਧੀ ਕਿਤਾਬ ਛਪ ਗਈ। ਇਸ

(ਬਾਕੀ ਅਗਲੇ ਸਫੇ 'ਤੇ)



WHO ARE THE GUILTY?

Report of a joint inquiry into the causes and impact of the riots in Delhi from 31 October to 10 November 1984


PEOPLES UNION FOR DEMOCRATIC RIGHTS
PEOPLES UNION FOR CIVIL LIBERTIES
1984

ਪੀ.ਯੂ.ਡੀ.ਆਰ. ਅਤੇ ਪੀ.ਯੂ.ਸੀ.ਐਲ. ਵੱਲੋਂ ਛਾਪੀ ਰਿਪੋਰਟ ਦਾ ਟਾਈਟਲ।

***ਸਾਡੀ ਰਿਪੋਰਟ ਦਾ ਸਿਰਲੇਖ ਸੀ: 'ਦੋਸ਼ੀ ਕੌਣ?' ਇਸ ਰਿਪੋਰਟ 'ਤੇ ਪਾਬੰਦੀ ਲਾ ਦਿੱਤੀ ਗਈ। ਪੁਲਿਸ ਨੇ ਰਿਪੋਰਟ ਛਾਪਣ ਵਾਲੇ ਪ੍ਰੈਸ ਮਾਲਕ ਦੇ ਛਾਪਾ ਮਾਰਿਆ। ਉਹਨੂੰ ਬਹੁਤ ਤੰਗ-ਪ੍ਰੇਸ਼ਾਨ ਕੀਤਾ। ਸਿੱਖ ਜਥੇਬੰਦੀਆਂ ਨੇ ਪਾਬੰਦੀ ਨੂੰ ਅਣਗੌਲਿਆਂ ਕਰਦਿਆਂ ਅਤੇ ਸਾਡੀ ਸਹਿਮਤੀ ਲਏ ਬਗ਼ੈਰ ਹੀ ਰਿਪੋਰਟ ਦੁਬਾਰਾ ਛਾਪ ਦਿੱਤੀ ਅਤੇ ਇਹ ਵਸੀਹ ਪੈਮਾਨੇ 'ਤੇ ਵੰਡੀ ਗਈ। ਇਸ ਦਾ ਪੰਜਾਬੀ ਤਰਜਮਾ ਕੀਤਾ ਗਿਆ।***

# ਕੁਰਲੀਆਂ ਕਰਨ ਵਾਲੇ ਕਾਜ਼ੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਕਹਾਵਤ ਤਾਂ ਇੰਜ ਬਣੀ ਹੋਈ ਹੈ ਕਿ ਜੇ ਕਾਜ਼ੀ ਸਬਕ ਨਾ ਵੀ ਦੇਊ, ਤਾਂ ਘਰੇ ਵੀ ਨਾ ਮੁੜਨ ਦੇਵੇਗਾ?...ਮਤਲਬ ਕਿ ਕਾਜ਼ੀ ਨੂੰ ਮਿਲਣ ਗਿਆਂ ਜੇ ਕੋਈ ਫਾਇਦਾ ਨਾ ਵੀ ਹਾਸਲ ਹੋਵੇ, ਤਾਂ ਬੰਦਾ ਆਰਾਮ ਨਾਲ ਆਪਣੇ ਘਰ ਤਾਂ ਮੁੜ ਕੇ ਆ ਹੀ ਸਕਦਾ ਹੈ। ਦੂਜੇ ਅਰਥਾਂ ਵਿਚ ਇਹ ਕਹਾਵਤ ਆਮ-ਲੋਕ ਨੂੰ ਨਸੀਹਤ ਦਿੰਦੀ ਪ੍ਰਤੀਤ ਹੁੰਦੀ ਹੈ ਕਿ ਉਹ ਕੋਈ ਨੇਕ ਸਲਾਹ ਲੈਣ ਵਾਸਤੇ, ਕਾਜ਼ੀਆਂ ਕੋਲ ਜਾਣ ਦੀ ਘੌਲ ਨਾ ਕਰਨ। ਉਥੇ ਜਾਣ ਦਾ ਕੋਈ ਨਾ ਕੋਈ ਲਾਭ ਜ਼ਰੂਰ ਹੋਵੇਗਾ, ਪਰ ਮੈਨੂੰ ਖੁਦ ਇਸ ਤੋਂ ਉਲਟ ਤਜਰਬਾ ਹੋਇਆ। ਮੈਂ ਬੜੇ ਮਾਣ ਨਾਲ ਆਪਣਾ ਸਵਾਲ ਲੈ ਕੇ ਦੋਂਹ 'ਕਾਜ਼ੀਆਂ' ਤੱਕ ਪਹੁੰਚ ਕੀਤੀ। ਉਨ੍ਹਾਂ ਮੈਨੂੰ ਘਰ ਮੁੜਨ ਤੋਂ ਤਾਂ ਨਾ ਡੱਕਿਆ, ਪਰ ਉਨ੍ਹਾਂ ਨਾਲ ਰਾਬਤਾ ਕਾਇਮ ਕਰਨ ਸਦਕਾ ਮੇਰੇ ਸਿਰ ਭੰਬਲਭੂਸਿਆਂ ਦੀ ਪੰਡ ਆ ਪਈ। ਸਵਾਲ ਮੇਰਾ ਛਾਈਂ-ਮਾਈਂ ਹੋ ਗਿਆ, ਪਰ ਸਿਰ ਵਿਚ ਆਣ ਵੜੇ ਭੰਬਲਭੂਸਿਆਂ ਨੇ ਮੈਨੂੰ ਹੋਰ ਹੀ ਸਵਾਲਾਂ ਮੋਹਰੇ ਖੜ੍ਹਾ ਕਰ ਛੱਡਿਆ। ਮੈਨੂੰ ਪਛਤਾਵਾ ਲੱਗ ਗਿਆ ਕਿ ਮੈਂ ਸਵਾਲ-ਅਭਿਲਾਖੀ ਬਣ ਕੇ ਕਾਜ਼ੀਆਂ ਨਾਲ ਕਾਹਨੂੰ ਸੰਪਰਕ ਜੋੜ ਬੈਠਿਆ!

ਸਵਾਲ ਵੀ ਕੋਈ ਐਡਾ ਖਾਸ ਨਹੀਂ ਸੀ। ਲੋਕ ਸਾਜ਼ ਤੂੰਬੀ ਬਾਰੇ ਚਰਚਾ ਚੱਲ ਰਹੀ ਸੀ। ਕੋਈ ਸੱਜਣ ਇਸ ਨੂੰ ਭਗਤੀ ਸੰਗੀਤ ਪਰੰਪਰਾ ਦਾ ਸਾਜ਼ ਮੰਨਣ ਤੋਂ ਹੀ ਇਨਕਾਰੀ ਸੀ, ਤੇ ਕੋਈ ਇਸ ਨੂੰ ਪੰਜਾਬੀ ਮਨਾਂ ਨੂੰ ਧੂਹ ਪਾਉਣ ਵਾਲੀ ਕਹਿ ਕੇ, ਇਹ ਦੀ ਸੋਭਾ ਕਰ ਰਿਹਾ ਸੀ। ਤੂੰਬੀ ਗਾਇਨ ਬਾਰੇ ਮੈਨੂੰ ਕੁਝ ਰੌਚਕ ਜਾਣਕਾਰੀਆਂ ਹੋਣ ਕਾਰਨ, ਮੈਂ ਵੀ ਇਸ ਚਰਚਾ ਵਿਚ ਹਿੱਸਾ ਲੈਣ ਲਈ ਕਲਮ ਚੁੱਕ ਲਈ।

ਤੂੰਬੀ ਬਾਰੇ ਮੈਨੂੰ ਇੰਨੀ ਕੁ ਜਾਣਕਾਰੀ ਤਾਂ ਸੀ ਕਿ ਇਹਦੇ ਨਾਲ ਗਾਉਣ ਵਾਲੇ ਕਲਾਕਾਰਾਂ ਨੂੰ ਇਤਿਹਾਸਕ ਗੁਰਦੁਆਰਿਆਂ ਦੀਆਂ ਸਟੇਜਾਂ ਉਤੇ ਸਮਾਂ ਨਹੀਂ ਦਿੱਤਾ ਜਾਂਦਾ, ਖਾਸ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਗੁਰਦੁਆਰਿਆਂ ਵਿਚ ਤੂੰਬੀ 'ਤੇ ਪੱਕੀ ਪਾਬੰਦੀ ਬਾਰੇ ਮੈਨੂੰ ਪਤਾ ਸੀ, ਪਰ ਮੈਨੂੰ ਇਸ ਮਨਾਹੀ ਦੇ ਠੋਸ ਕਾਰਨਾਂ ਦਾ ਕੋਈ ਇਲਮ ਨਹੀਂ ਸੀ ਕਿ ਤੂੰਬੀ ਨਾਲ ਹੁੰਦੇ ਇਸ ਵਿਤਕਰੇ ਦਾ ਕੋਈ ਇਤਿਹਾਸਕ ਪਿਛੋਕੜ ਵੀ ਹੈ, ਜਾਂ ਉਂਜ ਹੀ ਦੇਖਾ-ਦੇਖੀ ਇਸ ਨੂੰ ਵਰਜਿਤ ਕੀਤਾ ਹੋਇਆ ਹੋਵੇਗਾ। ਲੇਖ ਸ਼ੁਰੂ ਕਰਨ ਤੋਂ ਪਹਿਲਾਂ ਇਨ੍ਹਾਂ ਸਵਾਲਾਂ ਦਾ ਉਤਰ ਲੱਭਣ ਲਈ ਮੈਂ ਇਕ-ਦੋ ਦਿਨ ਸੋਚਦਾ ਰਿਹਾ।

ਅਚਨਚੇਤੀ ਮੈਨੂੰ ਆਪਣੇ ਇਲਾਕੇ ਦਾ ਬਜ਼ੁਰਗ ਕੀਰਤਨੀਆ ਪ੍ਰਚਾਰਕ ਚੇਤੇ ਆ ਗਿਆ ਜਿਸ ਨੂੰ ਅਸੀਂ ਬਚਪਨ ਤੋਂ ਹੀ ਸੁਣਦੇ ਆ ਰਹੇ ਸਾਂ। ਸਾਡੇ ਆਲੇ-ਦੁਆਲੇ ਦੇ ਪਿੰਡਾਂ ਵਿਚ ਹੋਣ ਵਾਲੇ ਅਖੰਡ ਪਾਠਾਂ ਵਿਚ ਵੀ ਉਹ ਸ਼ਾਮਲ ਹੁੰਦਾ ਸੀ ਅਤੇ ਹੋਰ ਖੁਸ਼ੀ-ਗਮੀ ਦੇ ਸਮਾਗਮਾਂ ਵਿਚ ਵੀ ਕੀਰਤਨ ਕਰਦਾ ਹੁੰਦਾ ਸੀ। ਮੈਨੂੰ ਯਾਦ ਆਇਆ ਕਿ ਉਹ ਹਾਰਮੋਨੀਅਮ, ਢੋਲਕੀ, ਤਬਲਾ ਅਤੇ ਤੂੰਬੀ ਵੀ ਵਜਾਉਂਦਾ ਹੁੰਦਾ ਸੀ। ਤੂੰਬੀ ਵਾਲੀ ਗੱਲ ਯਾਦ ਆਉਣ ਉਤੇ ਮੈਨੂੰ ਤਸੱਲੀ ਹੋ ਗਈ ਕਿ ਉਹ ਮੇਰੇ ਸਾਰੇ ਸਵਾਲਾਂ ਦੇ ਸਹੀ ਜਵਾਬ ਦੇ ਸਕੇਗਾ, ਪਰ ਮੈਨੂੰ ਇਹ ਵੀ ਧੁੜਕੂ ਲੱਗ ਗਿਆ ਕਿ ਉਹ ਜਿਉਂਦਾ ਵੀ ਹੋਏਗਾ? ਕਿਉਂਕਿ ਸੱਠਾਂ ਵੱਲ ਤਾਂ ਹੁਣ ਮੈਂ ਹੀ ਤੁਰਿਆ ਜਾ ਰਿਹਾ ਹਾਂ। ਉਸ ਦੇ ਤਾਂ ਸਾਡੇ ਬਚਪਨ ਸਮੇਂ ਹੀ ਧੌਲੇ ਆਏ ਹੁੰਦੇ ਸੀ।

ਇਧਰੋਂ-ਉਧਰੋਂ ਜਤਨ ਕਰ ਕੇ ਮੈਂ ਉਸ ਦੇ ਘਰ ਦਾ ਫੋਨ ਨੰਬਰ ਪਤਾ ਕਰ ਲਿਆ। ਫੋਨ ਖੜਕਾਇਆ, ਉਸ ਦੀ ਪਤਨੀ ਨੇ ਕੰਬਦੀ ਅਵਾਜ਼ ਵਿਚ 'ਕੌਣ ਆ ਭਾਈ?' ਪੁੱਛਿਆ। ਮਾਈ ਨੇ ਮੇਰਾ ਅੱਗਾ-ਪਿੱਛਾ ਪੁੱਛਣ ਤੋਂ ਬਾਅਦ ਕਹਿ ਦਿੱਤਾ, "ਗਿਆਨੀ ਘਰ ਨਹੀਂ ਹੈ।"

"ਕਿਤੇ ਦੂਰ-ਨੇੜੇ ਗਏ ਹੋਏ ਨੇ ਬਾਬਾ ਜੀ?" ਮੈਂ ਪੁੱਛ ਲਿਆ।

"ਉਹ ਨਾ ਮੱਥਾ ਟੇਕਣ ਗਿਆ ਹੋਇਐ।" ਮਾਤਾ ਨੇ ਸ਼ਰਧਾਮਈ 'ਵਾਜ ਵਿਚ ਜਵਾਬ ਦਿੱਤਾ। ਬਾਬੇ ਜੀ ਨਾਲ ਗੱਲਬਾਤ ਕਰਨ ਲਈ ਕਾਹਲੇ ਪਏ ਨੇ ਮੈਂ 'ਕਿੱਥੇ?' ਪੁੱਛ ਲਿਆ। ਅੱਗਿਉਂ ਮਾਈ ਦਾ ਉਤਰ ਸੁਣ ਕੇ ਮੇਰੀ ਖਾਨਿਉਂ ਗਈ! ਸਾਡੇ ਇਲਾਕੇ ਵਿਚ ਬਲਾਚੌਰ ਲਾਗੇ ਕਿਸੇ ਮੁਸਲਮਾਨ ਦੀ ਕਬਰ ਹੈ ਜਿਸ ਨੂੰ ਚੁਸ਼ਮੇ ਕਿਹਾ ਜਾਂਦਾ ਹੈ। ਵਹਿਮਾਂ-ਭਰਮਾਂ ਦੇ ਪੱਟੇ, ਅੰਧ-ਵਿਸ਼ਵਾਸ ਨਾਲ ਗ੍ਰਸੇ ਲੋਕਾਂ ਦੀਆਂ ਭੀੜਾਂ ਉਥੇ ਹਰੀਆਂ ਚਾਦਰਾਂ ਲੈ-ਲੈ ਕੇ ਤੁਰੀਆਂ ਰਹਿੰਦੀਆਂ ਨੇ। ਸਾਰੀ ਉਮਰ ਗੁਰਬਾਣੀ ਕੀਰਤਨ ਕਰਨ ਵਾਲਾ, ਵਿਆਹਾਂ-ਸ਼ਾਦੀਆਂ 'ਤੇ ਗ੍ਰਹਿਸਥ ਧਰਮ ਅਪਨਾਉਣ ਵਾਲੀਆਂ ਜੋੜੀਆਂ ਨੂੰ ਗੁਰਮਤਿ ਉਪਦੇਸ਼ ਦੇਣ ਵਾਲਾ, ਨੱਬਿਆਂ ਨੂੰ ਢੁੱਕਿਆ ਗ੍ਰੰਥੀ ਸਿੰਘ ਪ੍ਰਚਾਰਕ, ਖੁਦ ਨਾ-ਮਾਲੂਮ ਮੁਸਲਮਾਨ ਦੀ ਕਬਰ ਉਪਰ ਮੱਥਾ ਰਗੜਨ ਗਿਆ ਹੋਇਆ ਸੀ! 'ਮਨ ਦੀਆਂ ਪਰਤਾਂ ਹਜ਼ਾਰ!' ਆਪਣੇ ਦਿਲ ਵਿਚ ਉਸ ਬਜ਼ੁਰਗ ਗ੍ਰੰਥੀ ਵਿਰੁਧ ਪੈਦਾ ਹੋਏ ਤੂਫ਼ਾਨ ਨੂੰ ਠੱਲ੍ਹ ਪਾਉਣ ਲਈ ਨਵਾਂ ਫੁਰਨਾ ਪੈਦਾ ਕਰ ਲਿਆ!...ਨਹੀਂ, ਅਜਿਹਾ ਨਹੀਂ ਹੋ ਸਕਦਾ, ਗੁਰਬਾਣੀ ਪੜ੍ਹਿਆ-ਗੁੜਿਆ ਬਜ਼ੁਰਗ ਬਾਬਾ ਕਬਰ ਉਤੇ ਆਪ ਨਹੀਂ, ਕਿਸੇ ਦੂਜੇ ਬੰਦੇ ਨਾਲ ਗਿਆ ਹੋਣੈ!!

"ਮਾਤਾ ਜੀ, ਉਹ ਕਿਸੇ ਦੇ ਨਾਲ ਗਏ ਐ ਚੁਸ਼ਮੀਂ ਮੱਥਾ ਟੇਕਣ?" ਹੁਣੇ-ਹੁਣੇ ਪੈਦਾ ਹੋਏ ਨਵੇਂ ਫੁਰਨੇ ਦੀ ਹਮਾਇਤ ਵਿਚ ਮੈਂ ਬਣਾ ਸੁਆਰ ਕੇ ਮਾਈ ਨੂੰ ਪੁੱਛਿਆ।

"ਨਾ ਪੁੱਤ, 'ਕੱਲਾ ਈ ਗਿਆ ਹੋਇਐ।"

ਪੈਂਦੀ ਸੱਟੇ ਬਾਬੇ ਦੀ ਗੁਰਮੁਖਤਾਈ ਦੀ ਇੱਜ਼ਤ ਬਚਾਉਣ ਲਈ ਮੈਂ ਹੋਰ ਪੁੱਛਿਆ, "ਅੱਜ ਈ ਗਏ ਐ ਕਿ ਅੱਗੇ ਵੀ ਜਾਂਦੇ ਹੁੰਦੇ ਆ ਮੱਥਾ ਟੇਕਣ ਉਥੇ?"

"ਹੋਰ ਮੱਲਿਆ, ਬੱਸ ਪਿਛਲੇ ਵੀਰਵਾਰੀਂ ਨ੍ਹੀਂ ਜਾ ਹੋਇਆ ਉਹਤੋਂ। ਉਹ ਤਾਂ ਚਿਰਾਗ ਕਰਨ ਜ਼ਰੂਰ ਜਾਂਦਾ ਐ।" ਸ਼ਰਧਾ ਨਾਲ ਗੜੁੱਚ ਹੋਈ ਆਵਾਜ਼ ਵਿਚ ਮਾਈ ਨੇ ਮੇਰੀ ਤਸੱਲੀ ਕਰਾ ਦਿੱਤੀ।

ਉਮਰ ਤੋ ਕਟੀ ਇਸ਼ਕੇ-ਬੁਤੋਂ ਮੇਂ ਮੋਮਿਨ
ਆਖਰੀ ਵਕਤ ਮੇਂ
ਕਿਆ ਖਾਕ ਮੁਸਲਮਾਂ ਹੋਂਗੇ?

ਇਧਰੋਂ ਬਿਜਲੀ ਦੇ ਕਰੰਟ ਵਰਗਾ ਝਟਕਾ ਖਾ ਕੇ ਜ਼ਰਾ ਸੰਭਲਦਿਆਂ ਮੈਂ ਆਪਣੇ ਤੂੰਬੀ ਬਾਬਤ ਸਵਾਲਾਂ ਦੇ ਉਤਰ ਲੱਭਣ ਲਈ ਇਕ ਕੋਸ਼ਿਸ਼ ਹੋਰ ਕਰਨ ਦੀ ਸੋਚੀ। ਮੇਰੀ ਸੋਚ ਲੜੀ ਦੀ ਪਕੜ ਵਿਚ ਆਪਣੇ ਇਲਾਕੇ ਦੀ ਹੀ ਇਕ ਹੋਰ ਮਾਨਯੋਗ ਸ਼ਖਸੀਅਤ ਆ ਗਈ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀਆਂ ਤਿੰਨ ਪੁਸ਼ਤਾਂ ਗ੍ਰੰਥੀ-ਪੁਣਾ ਕਰਦੀਆਂ ਆ ਰਹੀਆਂ ਹਨ। ਉਨ੍ਹਾਂ ਦੇ ਪਿਤਾ ਜੀ ਆਪਣੇ ਸਮਿਆਂ ਦੇ ਮੰਨੇ-ਪ੍ਰਮੰਨੇ ਕਥਾਕਾਰ ਰਹੇ ਸਨ। ਸੁਣਿਆ ਹੈ ਕਿ ਸਿੱਖ ਇਤਿਹਾਸਕ ਜੋੜ ਮੇਲਿਆਂ ਉਤੇ ਉਹ ਬੜੀ ਦੂਰ-ਦੂਰ ਤੱਕ ਵਖਿਆਨ ਕਰਨ ਜਾਂਦੇ ਹੁੰਦੇ ਸਨ।

ਫੋਨ ਨੰਬਰ ਪ੍ਰਾਪਤ ਕਰ ਕੇ ਇਸ ਬਜ਼ੁਰਗ ਪ੍ਰਚਾਰਕ ਦੇ ਘਰੇ ਸੰਪਰਕ ਕੀਤਾ। ਪਤਾ ਲੱਗਾ ਕਿ ਉਹ ਮਹੀਨਾ ਕੁ ਪਹਿਲਾਂ ਚੜ੍ਹਾਈ ਕਰ ਗਏ ਨੇ। ਉਨ੍ਹਾਂ ਦੇ ਕੀਰਤਨੀਏ ਪੁੱਤਰ ਨਾਲ ਅਫ਼ਸੋਸ ਵਜੋਂ ਮੈਂ ਬੀਤੇ ਸਮੇਂ ਦੀਆਂ ਕੁਝ ਯਾਦਾਂ ਸਾਂਝੀਆਂ ਕਰ ਰਿਹਾ ਸੀ। ਜਿਵੇਂ ਗੁਜ਼ਰ ਗਏ ਮਾਪਿਆਂ ਦੀ ਕੋਈ ਰਹਿੰਦੀ ਰੀਝ ਪੂਰੀ ਕਰ ਕੇ ਔਲਾਦ ਦੂਜਿਆਂ ਨੂੰ ਹੁੱਬ-ਹੁੱਬ ਦੱਸਿਆ ਕਰਦੀ ਹੈ, ਇਵੇਂ ਉਸ ਨੌਜਵਾਨ ਨੇ ਆਪਣੇ ਪਿਤਾ ਦੀਆਂ ਕੁਝ ਹੋਰ ਖਾਸੀਅਤਾਂ ਦੇ ਨਾਲ-ਨਾਲ ਆਹ ਜਾਣਕਾਰੀ ਦਿੱਤੀ-

"...ਭਾਅ ਜੀ ਆਖਰੀ ਸਵਾਸ ਲੈਣ ਤੋਂ ਕੁਝ ਦਿਨ ਪਹਿਲਾਂ ਉਹ ਸਾਨੂੰ ਹਦਾਇਤ ਦੇ ਗਏ ਸਨ, ਕਿ ਮੇਰੇ ਫੁੱਲ ਹਰਿਦੁਆਰ ਪਾ ਕੇ ਆਇਓ।...ਸੋ, ਅਸੀਂ ਬਾਪੂ ਜੀ ਦੇ ਹੁਕਮ ਦੀ ਇੰਨ-ਬਿਨ ਪਾਲਣਾ ਕਰਦਿਆਂ 'ਗੰਗਾ ਜੀ' ਗਏ ਸੀ 'ਗਤੀ ਕਰਾਉਣ' ਵਾਸਤੇ।" ਤਾ-ਉਮਰ ਗੁਰਬਾਣੀ ਗਾਇਨ ਕਰਨ ਵਾਲੇ ਖਾਨਦਾਨੀ ਬਾਬੇ ਦੀ ਗਤੀ ਹੋ ਗਈ ਹੋਵੇਗੀ ਜਾਂ ਨਹੀਂ, ਇਹ ਤਾਂ ਗੰਗਾ ਮਈਆ ਹੀ ਜਾਣੇ, ਪਰ ਇਹ ਖਸੂਸੀ ਜਾਣਕਾਰੀ ਸੁਣ ਕੇ ਮੇਰੀ 'ਗਤੀ' ਜ਼ਰੂਰ ਹੋ ਗਈ। ਖੁਦ ਨੂੰ ਠੱਗਿਆ-ਠੱਗਿਆ ਮਹਿਸੂਸ ਕਰਦਿਆਂ ਉਹ ਕਹਾਵਤ ਮੇਰੇ ਸਾਹਮਣੇ ਆ ਗਈ, ਅਖੇ-ਬਖਸ਼ਾਉਣ ਗਏ ਸੀ ਰੋਜ਼ੇ, ਨਮਾਜ਼ਾਂ ਗਲ ਪੁਆ ਆਏ। ਕੋਸ਼ਿਸ਼ਾਂ ਕਰ ਰਿਹਾ ਸਾਂ ਮੈਂ ਤੂੰਬੀ ਨਾਲ ਹੁੰਦੀ ਬੇਇਨਸਾਫ਼ੀ ਦਾ ਇਤਿਹਾਸ ਜਾਨਣ ਦੀਆਂ, ਲੇਕਿਨ ਹੋਰ ਹੀ ਚਿੰਤਾ ਸਹੇੜ ਬੈਠਾ।

ਥੋਥੇ ਕਰਮ-ਕਾਂਡਾਂ, ਬੁੱਸੀਆਂ ਰੀਤਾਂ-ਰਸਮਾਂ, ਵਹਿਮਾਂ-ਭਰਮਾਂ ਅਤੇ ਗੈਰ-ਵਿਗਿਆਨਿਕ ਮਿੱਥ-ਮਨੌਤਾਂ ਦੇ ਸਖ਼ਤ ਬਰਖਿਲਾਫ਼ ਮੇਰੇ ਭਾਈਆ ਜੀ ਇਕ ਗੱਲ ਸੁਣਾਇਆ ਕਰਦੇ ਸਨ। ਸਾਡੇ ਲਾਗਲੇ ਕਸਬੇ ਰਾਹੋਂ ਤੋਂ ਆਪਣੇ ਪਿੰਡ ਵੱਲ ਸਾਈਕਲ ਉਤੇ ਆਉਂਦਿਆਂ ਦੋ ਢਾਡੀ ਸਿੰਘ ਉਨ੍ਹਾਂ ਦੇ ਨਾਲ-ਨਾਲ ਆ ਰਹੇ ਸਨ। ਰਾਹ ਵਿਚ ਗੱਲਾਂ-ਬਾਤਾਂ ਕਰਦਿਆਂ ਉਨ੍ਹਾਂ ਦੱਸਿਆ, 'ਕਈ ਦਿਨਾਂ ਤੋਂ ਸਾਡੀ ਮੱਝ ਗੁਆਚੀ ਹੋਈ ਹੈ। ਉਹਦੀ ਕੋਈ ਦੱਸ-ਭੱਖਲ ਨਹੀਂ ਸੀ ਲੱਗ ਰਹੀ। ਅਸੀਂ ਫ਼ਲਾਣੇ ਪਿੰਡ ਦੇ 'ਸਿਆਣੇ' ਕੋਲੋਂ ਅੱਜ ਪੁੱਛ ਪੁਆ ਕੇ ਆਏ ਹਾਂ।'

ਸਿੱਖ ਢਾਡੀਆਂ ਦੇ ਮੂੰਹੋਂ ਇੰਨੀ ਗੱਲ ਸੁਣ ਕੇ ਭਾਈਆਂ ਜੀ ਨੂੰ ਚੜ੍ਹ ਗਿਆ ਗੁੱਸਾ। ਉਨ੍ਹਾਂ ਸਾਈਕਲ ਖੜ੍ਹਾ ਕੇ ਉਨ੍ਹਾਂ ਦੋਹਾਂ ਰਾਗੀਆਂ ਨੂੰ ਪੁੱਛਿਆ, "ਪੁੱਛਾਂ ਦੇਣ ਵਾਲਾ ਕੰਜਰ ਕਿਸੇ ਥਾਂ ਦਾ, ਤੁਹਾਡੇ ਲਈ 'ਸਿਆਣਾ' ਹੋ ਗਿਆ। ਤੇ ਲੋਕਾਂ ਨੂੰ ਸਿੱਖੀ ਸਿਖਾਉਣ ਵਾਲੇ ਤੁਸੀਂ ਹੋਏ ਮੂਰਖ?...ਅਹਿ ਜਿਹੜੀਆਂ ਸਟੇਜਾਂ ਉਪਰ ਬਾਹਾਂ ਕੱਢ-ਕੱਢ ਕੇ ਅਤੇ ਕਿੱਲ੍ਹ-ਕਿੱਲ੍ਹ ਕੇ ਬਾਣੀ ਦੀਆਂ ਤੁਕਾਂ ਬੋਲਦੇ ਹੁੰਨੇ ਓ, ਉਹ ਤਾਂ ਫ਼ਿਰ ਤੁਹਾਡੀਆਂ ਕੁਰਲੀਆਂ ਹੀ ਹੋਈਆਂ। ਜਿਵੇਂ ਮੂੰਹ ਵਿਚ ਪਾਣੀ ਭਰ-ਭਰ ਕੇ ਕੁਰਲੀਆਂ ਕੀਤੀਆਂ ਜਾਂਦੀਆਂ, ਇਵੇਂ ਤੁਸੀਂ ਬਾਣੀ ਦੀਆਂ ਕੁਰਲੀਆਂ ਕਰੀ ਜਾਂਦੇ ਹੋ, ਪਰ ਕੋਈ ਤੁਕ ਅੰਦਰ ਨਹੀਂ ਲੰਘਾਈ ਆਪਣੇ।"...

ਕਬੀਰ ਅਵਰਹ ਕਉ ਉਪਦੇਸਤੇ
ਮੁਖ ਮੈ ਪਰਿ ਹੈ ਰੇਤੁ॥
ਰਾਸਿ ਬਿਰਾਨੀ ਰਾਖਤੇ
ਖਾਯਾ ਘਰ ਕਾ ਖੇਤੁ॥

# 1984 ਨੂੰ ਯਾਦ ਕਰਦਿਆਂ...

*(ਪਿਛਲੇ ਸਫੇ ਦੀ ਬਾਕੀ)*

ਦਾ ਨਾਂ ਰੱਖਿਆ ਗਿਆ- ਦਿੱਲੀ ਦੰਗੇ: ਕੌਮ ਦੀ ਜ਼ਿੰਦਗੀ ਵਿਚ ਤਿੰਨ ਦਿਨ।

> 1984 ਕਤਲੇਆਮ ਦੇ ਪੀੜਤ ਅਜੇ ਵੀ ਨਿਆਂ ਲਈ ਲੜ ਰਹੇ ਹਨ। ਉਨ੍ਹਾਂ ਨੂੰ ਹੁਣ ਉਤਸ਼ਾਹੀ ਵਾਲੰਟੀਅਰਾਂ ਦੀ ਮਦਦ ਨਹੀਂ ਮਿਲਦੀ; ਬਹੁਤ ਸਾਰੇ ਕਾਰਕੁਨਾਂ ਨੇ ਇਸ ਤਜਰਬੇ ਨੂੰ ਆਪਣੇ ਲਈ ਵਧੀਆ ਪ੍ਰੋਜੈਕਟ ਹਾਸਲ ਕਰਨ ਦਾ ਜ਼ਰੀਆ ਬਣਾਇਆ; ਕੁਝ ਵਕੀਲਾਂ ਨੇ ਇਸ ਦੀ ਬਦੌਲਤ ਆਪਣੇ ਕਰੀਅਰ ਬਣਾ ਲਏ। ਮੁੜ ਕਦੇ ਦਿੱਲੀ ਦੇ ਸ਼ਹਿਰੀ ਕਿਸੇ ਕਾਜ ਲਈ ਉਵੇਂ ਇਕੱਠੇ ਨਹੀਂ ਹੋਏ। 1984 ਦੀਆਂ ਘਟਨਾਵਾਂ ਨੂੰ ਚੇਤੇ ਕਰਨ ਅਤੇ ਕਾਂਗਰਸ ਦੀ ਨਿਖੇਧੀ ਕਰਨ ਲਈ ਗਰੁਪ ਇਕੱਠੇ ਹੋਏ ਹਨ। ਹਾਂ, ਕਾਂਗਰਸ ਦੀ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ, ਪਰ ਕੀ ਸੋਨੀਆ ਗਾਂਧੀ ਨੇ ਜਨਤਕ ਮੁਆਫ਼ੀ ਨਹੀਂ ਮੰਗੀ?

ਕਾਂਗਰਸ ਦੀ ਨਿਖੇਧੀ ਕਰਨ ਲਈ ਜੁੜੀਆਂ ਪਾਰਟੀਆਂ ਅਤੇ ਜਥੇਬੰਦੀਆਂ ਨੇ ਸਿੱਖਾਂ ਨੂੰ ਨਿਆਂ ਦਿਵਾਉਣ, ਜਾਂ ਇਹ ਮੁੱਦਾ ਹਿੰਦੂ ਤੇ ਸਿੱਖ ਫਿਰਕਾਪ੍ਰਸਤ ਤਾਕਤਾਂ ਵਲੋਂ ਹਥਿਆ ਲੈਣ ਨੂੰ ਰੋਕਣ ਲਈ ਕੁਝ ਨਹੀਂ ਕੀਤਾ; ਇਸੇ ਲਈ ਹੁਣ ਪੀੜਤਾਂ ਲਈ ਨਿਆਂ ਦਾ ਸੰਘਰਸ਼ ਸੰਕੀਰਨ ਸਿਆਸਤ ਦਾ ਹਿੱਸਾ ਹੈ। ਕੀ ਇਸ ਬਰਸੀ ਨੂੰ ਨਾ ਸਿਰਫ 1984 ਦੇ ਪੀੜਤਾਂ ਨੂੰ ਨਿਆਂ ਲੈ ਕੇ ਦੇਣ ਲਈ ਜੂਝਣ, ਸਗੋਂ ਹਿੰਦੁਸਤਾਨ ਦੀ ਇਕ ਹੋਰ ਦ੍ਰਿਸ਼ਟੀ ਲਈ ਜੂਝਣ ਖਾਤਰ ਜੁੜ ਬੈਠਣ ਦਾ ਮੌਕਾ ਨਹੀਂ ਸੀ ਬਣਾਇਆ ਜਾ ਸਕਦਾ?

> 1984 ਬਾਰੇ ਸਿੱਖਾਂ ਵਲੋਂ ਨਾਵਲ ਲਿਖੇ ਜਾ ਰਹੇ ਹਨ। ਇਨ੍ਹਾਂ ਵਿਚੋਂ ਇਕ ਅਮਨਦੀਪ ਸੰਧੂ ਨੇ ਲਿਖਿਆ ਹੈ 'ਰੋਲ ਆਫ ਆਨਰ'। ਉਹ 1984 ਦੀਆਂ ਘਟਨਾਵਾਂ ਨੂੰ ਪੰਜਾਬ ਅੰਦਰ ਚੁੜੇਰੀ ਸਿਆਸਤ ਦੇ ਪ੍ਰਸੰਗ ਵਿਚ ਦੇਖਦਾ ਹੈ ਤੇ ਤੰਗ ਸੰਕੀਰਨ ਸਿਆਸਤ ਜਾਂ ਝੂਠੇ ਨਬੀਆਂ ਤੋਂ ਪ੍ਰੇਰਨਾ ਨਹੀਂ ਲੈਂਦਾ। ਉਹ ਕਿਸੇ ਸਿਆਸੀ ਪਾਰਟੀ ਨਾਲ ਪਾਲਾਬੰਦੀ ਵੀ ਨਹੀਂ ਬਣਾਉਂਦਾ, ਤੇ ਜਾਪਦਾ ਹੈ ਕਿ ਉਹ ਕਿਸੇ ਸਿਆਸੀ ਦ੍ਰਿਸ਼ਟੀ ਨਾਲ ਵੀ ਪਾਲਾਬੰਦੀ ਨਹੀਂ ਕਰਦਾ।

ਅਮਨਦੀਪ ਆਪਣਾ ਨਾਵਲ ਇਨ੍ਹਾਂ ਲਫ਼ਜ਼ਾਂ ਨਾਲ ਖ਼ਤਮ ਕਰਦਾ ਹੈ:

"ਇਹ ਸਬੱਬ ਹੈ ਕਿ ਮੈਂ ਕਿਸ ਪਰਿਵਾਰ, ਕਿਸ ਬਰਾਦਰੀ, ਕਿਸ ਸਮਾਜ ਅਤੇ ਕਿਸ ਮੁਲਕ ਵਿਚ ਪੈਦਾ ਹੋਇਆ। ਜਦੋਂ ਮੈਂ ਵਿਰਾਸਤ ਵਿਚ ਮਿਲੇ ਰੰਗ, ਮਜ਼ਹਬ, ਖ਼ਿੱਤੇ, ਬੋਲੀ, ਪਰਿਵਾਰ ਅਤੇ ਪਛਾਣ ਦੇ ਹੋਰ ਪੱਖਾਂ ਬਾਰੇ ਸੋਚਦਾ ਹਾਂ ਤਾਂ ਮੈਨੂੰ ਆਪਣਾ ਜਨਮ ਹੀ ਚੁਟਕਲਾ ਲੱਗਣ ਲੱਗਦਾ ਹੈ। ਇਹੋ ਮੇਰੀ ਜ਼ਿੰਦਗੀ ਦਾ ਸਿਲਸਿਲਾ ਹੈ। ਮੈਂ ਨਹੀਂ ਜਾਣਦਾ ਕਿ ਇਸ ਚੁਟਕਲੇ ਉਤੇ ਕੌਣ ਹੱਸ ਸਕਦਾ ਹੈ। ਕਿਸੇ ਦੀ ਖ਼ਾਸ ਤਰ੍ਹਾਂ ਦੀ ਤਰਜ਼-ਏ-ਜ਼ਿੰਦਗੀ ਬਾਰੇ ਦਾਅਵੇਦਾਰੀ ਜਾਂ ਕਿਸੇ ਲਈ ਜਿਉਣ-ਮਰਨ ਦਾ ਵਾਅਦਾ ਮੈਨੂੰ ਕਦੇ ਵੀ ਮਾਫਕ ਨਹੀਂ ਆਉਂਦਾ। ਮੈਂ 'ਜੋ ਹੋ ਸਕਦਾ ਸੀ' ਅਤੇ 'ਜੋ ਹਾਂ' ਵਿਚਲਾ ਪਾੜਾ ਸਮਝ ਸਕਦਾ ਹਾਂ।...ਜ਼ਿੰਦਗੀ ਨਾਲ ਰੂਬਰੂ ਹੋਣ ਦਾ ਸਫਰ ਤਕਰੀਬਨ ਤਿੰਨ ਦਹਾਕੇ ਲੰਮਾ ਹੋ ਗਿਆ। ਹੁਣ ਮੈਂ ਖੜ੍ਹਾ ਹੋਣ ਲਾਇਕ ਹੋ ਗਿਆ ਹਾਂ। ਮੈਂ ਆਪਣੇ ਦੁਆਲੇ ਮਹਿਫ਼ੂਜ਼ ਦੁਨੀਆਂ ਉਸਾਰ ਲਈ ਹੈ। ਆਜ਼ਾਦ ਪੰਛੀ ਸਵੇਰੇ-ਸਵੇਰੇ ਇਸੇ ਥਾਂ ਉਤੇ ਚੋਗਾ ਚੁਗਣ ਆਉਂਦੇ ਹਨ। ਅਸੀਂ ਇੱਕ-ਦੂਜੇ ਨਾਲ ਸਲਾਮਤ ਹਾਂ।"

ਜਦੋਂ ਅਸੀਂ ਪੀੜਤਾਂ ਲਈ ਨਿਆਂ ਦੇ ਹੱਕਾਂ ਖਾਤਰ ਲੜ ਰਹੇ ਹਾਂ, ਪੀੜਤਾਂ ਨੂੰ ਵੀ ਨਫਰਤ ਅਤੇ ਇੰਤਕਾਮ ਦੀ ਕੈਦ ਤੋਂ ਬੰਦ-ਖਲਾਸੀ ਕਰਾਉਣ ਵਾਲੀ ਜਗ੍ਹਾ ਲਈ ਲਾਜ਼ਮੀ ਲੜਨਾ ਚਾਹੀਦਾ ਹੈ। ਮੈਂ ਅਜਿਹਾ ਕਹਿਣ ਦਾ ਜੇਰਾ ਨਹੀਂ ਸੀ ਕਰਨਾ, ਪਰ ਅਮਨਦੀਪ ਨੇ ਰਾਹ ਦਿਖਾਇਆ ਹੈ; ਲਿਹਾਜ਼ਾ ਮੈਂ ਇਹ ਲੇਖ 1984 ਦੇ ਪੀੜਤਾਂ ਦੇ ਬੱਚਿਆਂ ਜਾਂ ਸ਼ਾਇਦ ਪੋਤਰੇ-ਪੋਤਰੀਆਂ ਨੂੰ ਸਮਰਪਿਤ ਕਰਦੀ ਹਾਂ।

#

## ਟੈਗੋਰ ਦੇ ਚਿੱਤਰਾਂ ਦੀ ਸਰਬੀਆ 'ਚ ਨੁਮਾਇਸ਼

**ਨਵੀਂ ਦਿੱਲੀ:** ਨੋਬੇਲ ਪੁਰਸਕਾਰ ਜੇਤੂ ਰਵਿੰਦਰਨਾਥ ਟੈਗੋਰ ਦੀਆਂ ਪੇਂਟਿੰਗਾਂ ਦੇ 45 ਡਿਜੀਟਲ ਪ੍ਰਿੰਟਾਂ ਦੀ ਬੇਲਗ੍ਰੇਡ ਦੇ ਸਰਬੀਆ ਵਿਚ ਨੁਮਾਇੰਸ਼ ਲਾਈ ਗਈ ਹੈ।

ਇਹ ਨੁਮਾਇੰਸ਼ 27 ਨਵੰਬਰ ਤੱਕ ਚੱਲੇਗੀ। ਨੁਮਾਇੰਸ਼ ਦਾ ਪ੍ਰਬੰਧ ਬੇਲਗ੍ਰੇਡ ਵਿਚ ਭਾਰਤੀ ਸਫਾਰਤਖਾਨੇ ਵੱਲੋਂ ਨਵੀਂ ਦਿੱਲੀ ਦੀ ਇੰਡੀਅਨ ਕਲਚਰਲ ਰਿਲੇਸ਼ਨਜ਼ ਕੌਂਸਲ ਨਾਲ ਮਿਲ ਕੇ ਕੀਤਾ ਗਿਆ ਹੈ। ਸਫਾਰਤਖਾਨੇ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਗੁਰੂ ਦੇਵ ਟੈਗੋਰ ਦਾ ਸਰਬੀਆ ਨਾਲ ਵਿਸ਼ੇਸ਼ ਸਬੰਧ ਰਿਹਾ ਸੀ ਕਿਉਂਕਿ 1926 ਵਿਚ ਉਨ੍ਹਾਂ ਸਰਬੀਆ (ਸਾਬਕਾ ਯੂਗੋਸਲਾਵੀਆ) ਦਾ ਦੌਰਾ ਕਰਕੇ ਬੇਲਗ੍ਰੇਡ ਯੂਨੀਵਰਸਿਟੀ ਵਿਚ ਦੋ ਭਾਸ਼ਣ ਦਿੱਤੇ ਸਨ।

## ਫਰਾਂਸ ਵਿਚ ਫ਼ਲਸਤੀਨ ਬਾਰੇ ਵੋਟਿੰਗ 28 ਨੂੰ

**ਪੈਰਿਸ:** ਫਰਾਂਸ ਦੇ ਸੰਸਦ ਮੈਂਬਰ ਸੋਸ਼ਲਿਸਟ ਪਾਰਟੀ ਦੀ ਤਜਵੀਜ਼ 'ਤੇ 28 ਨਵੰਬਰ ਨੂੰ ਵੋਟਾਂ ਪਾਉਂਦਿਆਂ ਸਰਕਾਰ 'ਤੇ ਜ਼ੋਰ ਪਾਉਣਗੇ ਕਿ ਫਲਸਤੀਨ ਨੂੰ ਇਕ ਮੁਲਕ ਵਜੋਂ ਮਾਨਤਾ ਦਿੱਤੀ ਜਾਵੇ।

ਪਾਰਲੀਮਾਨੀ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ ਹੈ। ਇਸ ਦੇ ਨਾਲ ਹੀ ਫਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ, ਪੂਰਬੀ ਸੋਰੋਸ਼ਲੱਮ ਤੇ ਪੱਛਮੀ ਕੰਢਾ ਖੇਤਰ ਵਿਚ ਵਧ ਰਹੀ ਹਿੰਸਾ ਬਾਰੇ ਵਾਸ਼ਿੰਗਟਨ ਵਿਚ ਆਗੂਆਂ ਨੂੰ ਮਿਲਣਗੇ। ਫਰਾਂਸ ਵਿਚ ਹੋ ਰਹੀ ਵੋਟਿੰਗ ਭਾਵੇਂ ਕੋਈ ਬੰਧੇਜ ਨਹੀਂ ਪਰ ਚਿੰਨਾਤਮਕ ਪੱਖੋਂ ਮਹੱਤਵਪੂਰਨ ਹੈ।

ਬਰਤਾਨਵੀ ਸੰਸਦ ਵਿਚ ਪਹਿਲਾਂ ਹੀ ਅਜਿਹੀ ਵੋਟਿੰਗ ਹੋ ਚੁੱਕੀ ਹੈ ਤੇ ਸਵੀਡਨ ਵੱਲੋਂ ਫਲਸਤੀਨ ਨੂੰ ਰਸਮੀ ਤੌਰ 'ਤੇ ਸੂਬੇ ਦੀ ਮਾਨਤਾ ਦਿੱਤੀ ਜਾ ਚੁੱਕੀ ਹੈ।

# ਸੁਮੇਧ ਸੈਣੀ ਵੱਲੋਂ ਕਰਵਾਏ ਅਖੰਡ ਪਾਠ ਨਾਲ ਮੱਕੜ ਕਸੂਤੇ ਫਸੇ

**ਅੰਮ੍ਰਿਤਸਰ (ਬਿਊਰੋ):** ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਅਤੇ ਏ.ਡੀ.ਜੀ.ਪੀ. (ਇੰਟੈਲੀਜੈਂਸ) ਹਰਦੀਪ ਸਿੰਘ ਢਿੱਲੋਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਪਿਛਲੇ ਪਾਸੇ ਕਮਰਾ ਨੰਬਰ ਇਕ ਵਿਚ ਰਖਵਾਏ ਸ੍ਰੀ ਅਖੰਡ ਪਾਠ ਦੇ ਭੋਗ ਐਤਵਾਰ ਨੂੰ ਪਾਏ ਗਏ ਅਤੇ ਉਨ੍ਹਾਂ (ਸੈਣੀ ਤੇ ਢਿੱਲੋਂ) ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ।

ਸ਼ੁਕਰਵਾਰ ਤੋਂ ਸੁਮੇਧ ਸੈਣੀ ਅਤੇ ਹਰਦੀਪ ਸਿੰਘ ਢਿੱਲੋਂ ਨੇ ਆਪਣੀ ਅਤੇ ਆਪਣੇ ਪਰਿਵਾਰਾਂ ਦੀ ਸੁੱਖ-ਸ਼ਾਂਤੀ ਲਈ ਸਾਂਝੇ ਰੂਪ ਵਿਚ ਅਖੰਡ ਪਾਠ ਰਖਵਾਇਆ ਸੀ। ਐਤਵਾਰ ਨੂੰ ਸਵੇਰੇ ਕਰੀਬ ਸਵਾ ਛੇ ਵਜੇ ਦੋਵੇਂ ਜਣੇ, ਜ਼ਿਲ੍ਹਾ ਪੁਲੀਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਪੁੱਜੇ ਜਿਥੇ ਉਨ੍ਹਾਂ ਨੇ ਪਹਿਲਾਂ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਫਿਰ ਸ੍ਰੀ ਅਕਾਲ ਤਖਤ ਸਾਹਿਬ ਦੇ ਪਿਛਲੇ ਪਾਸੇ ਬਣੇ ਅਖੰਡ ਪਾਠ ਸਾਹਿਬ ਵਾਲੇ ਕਮਰਿਆਂ ਦੇ ਕਮਰਾ ਨੰਬਰ ਇਕ ਵਿਚ ਅਖੰਡ ਪਾਠ ਦਾ ਭੋਗ ਪਾਇਆ ਗਿਆ। ਰਾਗੀ ਸਿੰਘ ਨੇ ਕੀਰਤਨ ਵੀ ਕੀਤਾ। ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ। ਇਸ ਮੌਕੇ ਕਰੜੇ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।

ਯਾਦ ਰਹੇ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੱਤ ਸੀਨੀਅਰ ਅਫਸਰਾਂ ਨੂੰ ਪਾਸੇ ਕਰ ਕੇ ਸੁਮੇਧ ਸੈਣੀ ਨੂੰ ਡੀ.ਜੀ.ਪੀ. ਲਾਇਆ ਸੀ। ਸੁਮੇਧ ਸੈਣੀ ਦਾ ਰਾਹ ਸਾਫ ਕਰਨ ਲਈ ਇਨ੍ਹਾਂ ਸੱਤ ਸੀਨੀਅਰ ਅਫਸਰਾਂ ਨੂੰ ਵੀ ਨਾਲ ਹੀ ਡੀ.ਜੀ.ਪੀ. ਬਣਾ ਕੇ ਹੋਰ ਵਿੰਗਾਂ ਦੇ ਇੰਚਾਰਜ ਲਾ ਦਿੱਤਾ ਸੀ। ਸੈਣੀ ਉਤੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨ ਦੇ ਦੋਸ਼ ਹਨ। ਕਈ ਪੰਥਕ ਜਥੇਬੰਦੀਆਂ ਨੇ ਕਈ ਵਾਰੀ ਮੰਗ ਕੀਤੀ ਹੈ ਕਿ ਸੈਣੀ ਨੂੰ ਅਹੁਦੇ ਤੋਂ ਤੁਰੰਤ ਹਟਾਇਆ ਜਾਵੇ ਪਰ ਸ. ਬਾਦਲ, ਸੈਣੀ ਨੂੰ ਕਾਮਯਾਬ ਅਤੇ ਨੇਕ ਅਫਸਰ ਦੱਸ ਰਹੇ ਹਨ।

ਕੁਝ ਸਮਾਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਚੜ੍ਹਾਈ ਵਾਲੇ ਜਨਰਲ ਰਣਜੀਤ ਸਿੰਘ ਦਿਆਲ ਦੀ ਬਰਸੀ 'ਤੇ ਪੰਚਕੂਲਾ ਦੇ ਇਕ ਗੁਰਦੁਆਰੇ ਵਿਖੇ ਅਖੰਡ ਪਾਠ ਦਾ ਭੋਗ ਪਾਉਣ ਦੇ ਵਿਰੋਧ ਉਪਰੰਤ ਪ੍ਰਬੰਧਕਾਂ ਨੇ ਭੋਗ ਪਾਉਣ ਦੀ ਆਗਿਆ ਨਹੀਂ ਸੀ ਦਿੱਤੀ। ਸ੍ਰੀ ਸੈਣੀ ਉਤੇ ਵੀ ਇਸੇ ਤਰ੍ਹਾਂ ਦੇ ਦੋਸ਼ ਹਨ ਪਰ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਹਰ ਪ੍ਰਕਾਰ ਦਾ ਸਹਿਯੋਗ ਦਿੱਤਾ ਹੈ।

ਇਸ ਮਾਮਲੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਲਈ ਕਸੂਤੀ ਹਾਲਤ ਪੈਦਾ ਕਰ ਦਿੱਤੀ ਹੈ। ਉਂਜ, ਸ੍ਰੀ ਸੈਣੀ ਦਾ ਅਖੰਡ ਪਾਠ ਦਾ ਮਾਮਲਾ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ ਸੀ। ਭੋਗ ਸਮੇਂ ਨਾ ਕੋਈ ਸਿਆਸੀ ਆਗੂ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਦਾ ਅਧਿਕਾਰੀ ਸ਼ਾਮਲ ਹੋਇਆ।


## ਫਿਲਮਸਾਜ਼ ਰਵੀ ਚੋਪੜਾ ਦਾ ਦੇਹਾਂਤ

**ਮੁੰਬਈ:** 'ਦਿ ਬਰਨਿੰਗ ਟਰੇਨ' ਤੇ 'ਬਾਗਬਾਨ' ਜਿਹੀਆਂ ਫਿਲਮਾਂ ਦਾ ਨਿਰੇਦਸ਼ਨ ਦੇਣ ਵਾਲੇ ਫਿਲਮਸਾਜ਼ ਰਵੀ ਚੋਪੜਾ ਦਾ ਦੇਹਾਂਤ ਹੋ ਗਿਆ। ਉਹ ਬਰੀਚ ਕੈਂਡੀ ਹਸਪਤਾਲ ਵਿਚ ਦਾਖ਼ਲ ਸਨ।

ਉਨ੍ਹਾਂ ਦੇ ਪਰਿਵਾਰਕ ਸੂਤਰਾਂ ਅਨੁਸਾਰ 68 ਸਾਲਾ ਰਵੀ ਨੇ 3:30 ਵਜੇ ਪ੍ਰਾਣ ਤਿਆਗੇ। ਪਰਿਵਾਰ ਵਿਚ ਉਨ੍ਹਾਂ ਦੀ ਪਤਨੀ ਤੇ ਤਿੰਨ ਬੱਚੇ ਹਨ। ਉਹ ਪਿਛਲੇ ਕੁਝ ਸਾਲ ਤੋਂ ਫੇਫੜਿਆਂ ਦੀ ਗੰਭੀਰ ਬੀਮਾਰੀ ਤੋਂ ਪੀੜਤ ਸਨ।

# ਕਾਂਗਰਸ-ਭਾਜਪਾ ਵਿਚਾਲੇ ਵਿਵਾਦ ਦਾ ਮੁੱਦਾ ਬਣੀ ਨਹਿਰੂ ਦੀ ਵਿਰਾਸਤ

## ਸਿਆਸਤ ਦਾ ਪਿੜ



**ਜਤਿੰਦਰ ਪਨੂੰ**
ਫੋਨ: 91-98140-68455


ਲੋਕਾਂ ਦੀ ਜ਼ਿੰਦਗੀ ਦੇ ਆਮ ਮੁੱਦਿਆਂ ਤੋਂ ਲਾਂਭੇ ਹਟ ਕੇ ਬੇਲੋੜੇ ਵਿਵਾਦ ਪੈਦਾ ਕਰਨ ਅਤੇ ਫਿਰ ਉਨ੍ਹਾਂ ਵਿਚ ਉਲਝੇ ਰਹਿਣ ਦੀ ਸ਼ੌਕੀਨ ਭਾਰਤੀ ਰਾਜਨੀਤੀ ਹੁਣ ਇੱਕ ਹੋਰ ਮੁੱਦੇ ਵਿਚ ਉਲਝੀ ਪਈ ਹੈ। ਇਹ ਮੁੱਦਾ ਇਸ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਵਿਰਾਸਤ ਦਾ ਹੈ। ਉਸ ਦੇ ਇੱਕ ਸੌ ਪੰਝੀਵੇਂ ਜਨਮ ਦਿਨ ਦੇ ਸਬੰਧ ਵਿਚ ਕਾਂਗਰਸ ਪਾਰਟੀ ਨੇ ਇੱਕ ਸਮਾਗਮ ਰੱਖ ਲਿਆ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦਾ ਨਹੀਂ ਦਿੱਤਾ। ਅੱਗੇ ਇੱਕ ਇਹੋ ਜਿਹੇ ਸੱਦੇ ਦਾ ਵਿਵਾਦ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਨੇ ਪੈਦਾ ਕੀਤਾ ਸੀ। ਉਸ ਦੇ ਵਿਵਾਦ ਤੇ ਇਸ ਨਵੇਂ ਵਿਵਾਦ ਵਿਚ ਫਰਕ ਇਹ ਹੈ ਕਿ ਉਹ ਇੱਕ ਧਾਰਮਿਕ ਪਦਵੀ ਦੇ ਦਾਅਵੇਦਾਰ ਦੀ ਤਾਜਪੋਸ਼ੀ ਦੇ ਸਮਾਗਮ ਨਾਲ ਸਬੰਧਤ ਸੀ ਤੇ ਇਹ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਦੀ ਯਾਦ ਮਨਾਉਣ ਨਾਲ ਜੁੜਦਾ ਹੈ। ਦੋਵਾਂ ਦੇ ਵਿਵਾਦ ਦਾ ਮੁੱਖ ਮੁੱਦਾ ਨਰਿੰਦਰ ਮੋਦੀ ਨੂੰ ਸੱਦਾ ਨਾ ਦੇਣ ਦਾ ਸੀ। ਹੁਣ ਮਾਮਲਾ ਕਾਂਗਰਸ ਪਾਰਟੀ ਵੱਲੋਂ ਰੱਖੇ ਗਏ ਇੱਕ ਸਮਾਗਮ ਦਾ ਹੈ। ਇਹ ਉਸ ਦੀ ਮਰਜ਼ੀ ਹੈ ਕਿ ਉਹ ਕਿਸੇ ਨੂੰ ਸੱਦਾ ਦੇਣ ਦੀ ਲੋੜ ਸਮਝੇ ਜਾਂ ਨਾ ਸਮਝੇ। ਨਰਿੰਦਰ ਮੋਦੀ ਨੂੰ ਸੱਦਾ ਦੇ ਦਿੱਤਾ ਜਾਂਦਾ ਤਾਂ ਠੀਕ ਸੀ, ਪਰ ਜਦੋਂ ਨਹੀਂ ਦਿੱਤਾ ਗਿਆ ਤਾਂ ਭਾਜਪਾ ਆਗੂ ਇਸ ਨੂੰ ਤੂਲ ਦੇਣ ਦੀ ਥਾਂ ਪੰਡਿਤ ਜਵਾਹਰ ਲਾਲ ਨਹਿਰੂ ਦਾ ਇੱਕ ਸਮਾਗਮ ਜਾਂ ਕੋਈ ਹੋਰ ਪ੍ਰੋਗਰਾਮ ਆਪਣੇ ਆਪ ਕਰਵਾ ਸਕਦੇ ਹਨ, ਤੇ ਸ਼ਾਇਦ ਉਹ ਕਰਵਾਉਣ ਦਾ ਕੋਈ ਨਾ ਕੋਈ ਯਤਨ ਵੀ ਕਰਨਗੇ।

ਭਾਰਤੀ ਜਨਤਾ ਪਾਰਟੀ ਆਪਣੇ ਆਗੂ ਨਰਿੰਦਰ ਮੋਦੀ ਨੂੰ ਉਥੇ ਭੇਜਣ ਨੂੰ ਕਿਉਂ ਬਜ਼ਿਦ ਹੈ, ਇਹ ਗੱਲ ਬਹੁਤੇ ਲੋਕਾਂ ਦੇ ਸਮਝ ਨਹੀਂ ਆਈ। ਨਾ ਨਰਿੰਦਰ ਮੋਦੀ ਕਦੇ ਨਹਿਰੂ-ਭਗਤ ਰਿਹਾ ਹੈ, ਨਾ ਉਸ ਨੇ ਨਹਿਰੂ ਬਾਰੇ ਕਦੀ ਕੋਈ ਖੋਜ ਦਾ ਕੰਮ ਕੀਤਾ ਹੈ। ਜਾਵੇ ਤਾਂ ਸਿਰਫ ਸਿਆਸੀ ਚਾਂਦਮਾਰੀ ਕਰ ਆਵੇਗਾ। ਇਸ ਤੋਂ ਵੱਧ ਉਸ ਨੇ ਕਰਨਾ ਨਹੀਂ, ਤੇ ਸ਼ਾਇਦ ਇਹੋ ਕੰਮ ਹੈ, ਜਿਸ ਦੇ ਲਈ ਮੋਦੀ ਨੂੰ ਉਸ ਦੇ ਪਾਰਟੀ ਵਾਲੇ ਉਥੇ ਭੇਜਣਾ ਚਾਹੁੰਦੇ ਸਨ।

ਪਹਿਲਾਂ ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਕਈ ਸਾਲ ਮਹਾਤਮਾ ਗਾਂਧੀ ਨੂੰ ਭੰਡਿਆ ਸੀ, ਤੇ ਅਜੇ ਵੀ ਵੇਲਾ ਵਿਚਾਰ ਕੇ ਉਸ ਦੇ ਪੁਰਾਣੇ ਕਿੱਸੇ ਕੱਢ ਕੇ ਗੁੱਡਾ ਬੰਨ੍ਹਣ ਲੱਗ ਪੈਂਦੇ ਹਨ। ਇਹ ਗੱਲ ਆਪਣੀ ਥਾਂ ਕਾਇਮ ਹੈ ਕਿ ਉਹ ਗਾਂਧੀ ਨਾਲੋਂ ਵੱਧ ਨੱਥੂ ਰਾਮ ਗੌਡਸੇ ਦਾ ਪੱਖ ਲੈਂਦੇ ਰਹੇ ਹਨ, ਜਿਹੜਾ ਮਹਾਤਮਾ ਗਾਂਧੀ ਦੇ ਕਤਲ ਦੇ ਦੋਸ਼ ਵਿਚ ਉਦੋਂ ਫਾਂਸੀ ਲਾਇਆ ਗਿਆ ਸੀ। ਗਾਂਧੀ ਤੋਂ ਬਾਅਦ ਭਾਜਪਾ ਵਾਲੇ ਸਰਦਾਰ ਪਟੇਲ ਨੂੰ ਚੁੱਕ ਤੁਰੇ। ਹੁਣ ਉਹ ਪੰਡਿਤ ਨਹਿਰੂ ਦੀ ਵਿਰਾਸਤ ਦੇ ਹੱਕਦਾਰ ਬਣਨ ਤੁਰ ਪਏ ਹਨ। ਇਹ ਉਹੋ ਪੰਡਿਤ ਨਹਿਰੂ ਹੈ, ਜਿਸ ਬਾਰੇ ਹਾਲੇ ਪਿਛਲੇ ਮਹੀਨੇ ਆਰ ਐਸ ਐਸ ਨਾਲ ਸਬੰਧਤ ਇੱਕ ਰਸਾਲੇ ਵਿਚ ਲਿਖਤ ਛਪੀ ਹੈ ਕਿ ਮਹਾਤਮਾ ਗਾਂਧੀ ਨੂੰ ਮਾਰਨ ਦੀ ਬਜਾਏ ਨੱਥੂ ਰਾਮ ਗੌਡਸੇ ਨੂੰ ਪੰਡਿਤ ਨਹਿਰੂ ਨੂੰ ਮਾਰਨਾ ਚਾਹੀਦਾ ਸੀ। ਬਾਅਦ ਵਿਚ ਇਸ ਲਿਖਤ ਨੂੰ ਉਸ ਲੇਖਕ ਦੀ ਨਿੱਜੀ ਰਾਏ ਕਹਿ ਦਿੱਤਾ ਗਿਆ। ਉਹ ਹੁਣ ਪੰਡਿਤ ਨਹਿਰੂ ਨੂੰ ਸਿਰ ਉਤੇ ਚੁੱਕਣਾ ਚਾਹੁੰਦੇ ਹਨ। ਭਾਜਪਾ ਆਗੂਆਂ ਦੀ ਮਜਬੂਰੀ ਨੂੰ ਸਮਝਣਾ ਚਾਹੀਦਾ ਹੈ। ਉਨ੍ਹਾਂ ਦੇ ਆਪਣੇ ਕੋਲ ਕੋਈ ਇਹੋ ਜਿਹਾ ਆਗੂ ਨਹੀਂ, ਜਿਸ ਨਾਲ ਇਸ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਓਦਾਂ ਜੁੜੀਆਂ ਹੋਣ, ਜਿਸ ਤਰ੍ਹਾਂ ਗਾਂਧੀ, ਪਟੇਲ ਤੇ ਨਹਿਰੂ ਨਾਲ ਜੁੜਦੀਆਂ ਹਨ ਤੇ ਭਾਵਨਾਵਾਂ ਦਾ ਸਹਾਰਾ ਦੇਣ ਜੋਗਾ ਆਗੂ ਕਿਸੇ ਵੀ ਪਾਰਟੀ ਦਾ ਹੋਵੇ, ਉਹ ਉਸ ਦਾ ਨਾਂ ਵਰਤਣ ਨੂੰ ਤਿਆਰ ਹਨ। ਬਹਾਨਾ ਉਨ੍ਹਾਂ ਕੋਲ ਹੈ ਕਿ ਪੰਡਿਤ ਨਹਿਰੂ ਸਾਰੇ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਸਭ ਦੀ ਸਾਂਝੀ ਵਿਰਾਸਤ ਦਾ ਅੰਗ ਸੀ।

ਜਦੋਂ ਪੰਡਿਤ ਨਹਿਰੂ ਜਿੰਦਾ ਸੀ, ਉਸ ਦੀ ਪਹਿਲੀ ਪਾਰਲੀਮੈਂਟ ਚੋਣ ਵੇਲੇ ਆਰ ਐਸ ਐਸ ਵਾਲਿਆਂ ਨੇ ਗੁਰੂ ਗੋਲਵਾਲਕਰ ਨਾਲ ਨਿੱਘੀ ਨੇੜਤਾ ਵਾਲੇ ਸੰਤ ਪ੍ਰਭੂ ਦੱਤ ਬ੍ਰਹਮਚਾਰੀ ਨੂੰ ਉਸ ਦੇ ਮੁਕਾਬਲੇ ਖੜਾ ਕੀਤਾ ਸੀ। ਪ੍ਰਭੂ ਦੱਤ ਨੇ ਇਹ ਗੱਲ ਮੁੱਦਾ ਬਣਾ ਕੇ ਚੋਣ ਲੜੀ ਸੀ ਕਿ ਨਹਿਰੂ ਨੇ ਆਪਣੀ ਧੀ ਨੂੰ ਦੂਸਰੇ ਧਰਮ ਦੇ ਮੁੰਡੇ ਫਿਰੋਜ਼ ਗਾਂਧੀ ਨਾਲ ਵਿਆਹ ਕੇ ਧਰਮ ਤੋੜਿਆ ਹੈ। ਉਸ ਨੇ ਮੂੰਹ ਉਤੇ ਪੱਟੀ ਬੰਨ੍ਹ ਲਈ ਅਤੇ ਕਿਹਾ ਕਿ ਉਹ ਨਹਿਰੂ ਵਰਗੇ ਬੰਦੇ ਬਾਰੇ ਮੂੰਹ ਖੋਲ੍ਹਣਾ ਵੀ ਆਪਣੀ ਬੇਇੱਜ਼ਤੀ ਸਮਝਦਾ ਹੈ, ਇਸ ਲਈ ਸਾਰੀ ਚੋਣ ਦੌਰਾਨ ਬੋਲੇਗਾ ਨਹੀਂ। ਅੱਗੋਂ ਨਹਿਰੂ ਨੇ ਸੁਨੇਹਾ ਭੇਜ ਦਿੱਤਾ ਕਿ ਪ੍ਰਭੂ ਦੱਤ ਬ੍ਰਹਮਚਾਰੀ ਬੋਲੇਗਾ ਨਹੀਂ, ਮੈਂ ਹਲਕੇ ਵਿਚ ਹੀ ਨਹੀਂ ਵੜਾਂਗਾ, ਲੋਕਾਂ ਨੂੰ ਆਪਣੀ ਸਮਝ ਨਾਲ ਫੈਸਲਾ ਕਰਨ ਦਾ ਮੌਕਾ ਦੇਵਾਂਗਾ। ਚੋਣ ਦਾ ਨਤੀਜਾ ਆਇਆ ਤਾਂ ਨਹਿਰੂ ਨੂੰ ਦੋ ਲੱਖ ਸਾਢੇ ਤੇਤੀ ਹਜ਼ਾਰ ਲੋਕਾਂ ਨੇ ਵੋਟ ਦਿੱਤੀ ਅਤੇ ਪ੍ਰਭੂ ਦੱਤ ਨੂੰ ਸਿਰਫ ਪੌਣੇ ਸਤਵੰਜਾ ਹਜ਼ਾਰ ਵੋਟਾਂ ਮਿਲੀਆਂ ਸਨ ਤੇ ਜ਼ਮਾਨਤ ਵੀ ਜ਼ਬਤ ਹੋ ਗਈ ਸੀ। ਫਿਰ ਸੰਤ ਪ੍ਰਭੂ ਦੱਤ ਨੇ ਪੰਡਿਤ ਨਹਿਰੂ ਨੂੰ ਤਾਰ ਭੇਜੀ ਸੀ ਕਿ ਚੋਣ ਵਿਚ ਧਰਮ ਨਿਰਪੱਖਤਾ ਦੀ ਜਿੱਤ ਹੋ ਗਈ ਹੈ, ਮੇਰੇ ਵੱਲੋਂ ਵਧਾਈ ਹੋਵੇ। ਹੁਣ ਨਰਿੰਦਰ ਮੋਦੀ ਨੂੰ ਓਸੇ ਨਹਿਰੂ ਦੇ ਸਮਾਗਮ ਦਾ ਸੱਦਾ ਚਾਹੀਦਾ ਹੈ।

ਇਸ ਮੁੱਦੇ ਨੂੰ ਤੂਲ ਦੇਣ ਦੀ ਥਾਂ ਮੇਨਕਾ ਗਾਂਧੀ ਨੂੰ ਅੱਗੇ ਲਾ ਕੇ ਭਾਜਪਾ ਵਾਲੇ ਆਪਣਾ ਸਮਾਗਮ ਕਰ ਸਕਦੇ ਹਨ। ਉਹ ਸੋਨੀਆ ਗਾਂਧੀ ਵਾਂਗ ਹੀ ਨਹਿਰੂ-ਗਾਂਧੀ ਪਰਿਵਾਰ ਦੀ ਨੂੰਹ ਹੈ ਤੇ ਜੇਠਾਣੀ ਨਾਲ ਬਣਦੀ ਨਾ ਹੋਣ ਕਰ ਕੇ ਭਾਜਪਾ ਵਿਚ ਹੈ। ਆਪਣੀ ਲੋੜ ਲਈ ਉਹ ਭਾਜਪਾ ਦੀ ਏਨੀ ਵਫਾਦਾਰ ਹੈ ਕਿ ਜਦੋਂ ਐਮਰਜੈਂਸੀ ਬਾਰੇ ਸਮਾਗਮ ਹੁੰਦੇ ਹਨ ਅਤੇ ਉਥੇ ਮੇਨਕਾ ਗਾਂਧੀ ਦੇ ਮਰਹੂਮ ਪਤੀ ਸੰਜੇ ਗਾਂਧੀ ਬਾਰੇ ਕਈ ਕੁਝ ਬੋਲਿਆ ਜਾਂਦਾ ਹੈ, ਉਦੋਂ ਵੀ ਉਹ ਚੁੱਪ ਰਹਿੰਦੀ ਹੈ। ਪੰਡਿਤ ਨਹਿਰੂ ਬਾਰੇ ਵੀ ਮੇਨਕਾ ਗਾਂਧੀ ਨੇ ਕਹਿ ਦਿੱਤਾ ਹੈ ਕਿ ਸਿਰਫ ਪਰਿਵਾਰ ਦੇ ਨਹੀਂ, ਉਹ ਭਾਰਤ ਦੇਸ਼ ਦੇ ਸਾਰੇ ਲੋਕਾਂ ਦੀ ਵਿਰਾਸਤ ਹਨ। ਭਾਜਪਾ ਵੀ ਭਾਰਤ ਦੇ ਲੋਕਾਂ ਵਿਚ ਸ਼ਾਮਲ ਹੀ ਹੈ।



ਪੰਡਿਤ ਜਵਾਹਰ ਲਾਲ ਨਹਿਰੂ

***ਭਾਰਤੀ ਜਨਤਾ ਪਾਰਟੀ ਵਾਲਿਆਂ ਦਾ ਪੰਡਿਤ ਨਹਿਰੂ ਦੀ ਵਿਰਾਸਤ ਵੱਲ ਬਦੋ-ਬਦੀ ਦੌੜ ਲਾਉਣਾ ਸਾਨੂੰ ਕਦੀ ਵੀ ਠੀਕ ਨਹੀਂ ਜਾਪੇਗਾ, ਪਰ ਵੱਡਾ ਸਵਾਲ ਇਸ ਵਕਤ ਉਨ੍ਹਾਂ ਅੱਗੇ ਸਿਰ ਚੁੱਕੀ ਖੜਾ ਹੈ, ਜਿਹੜੇ ਨਹਿਰੂ ਦੀ ਪਾਰਟੀ ਅਤੇ ਵਿਰਾਸਤ ਦੇ ਝੰਡੇਬਰਦਾਰ ਬਣੇ ਫਿਰਦੇ ਹਨ। ਉਨ੍ਹਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਜਿਹੜੀ ਕਾਂਗਰਸ ਪਾਰਟੀ ਕਦੀ ਪਾਰਲੀਮੈਂਟ ਦੀਆਂ ਚਾਰ ਸੌ ਤੋਂ ਵੱਧ ਸੀਟਾਂ ਜਿੱਤ ਜਾਂਦੀ ਸੀ, ਉਹ ਹੁਣ ਮਸਾਂ ਚਾਲੀ-ਚਾਰ-ਚੁਤਾਲੀ ਸੀਟਾਂ ਤੱਕ ਸੀਮਤ ਕਿਉਂ ਹੋ ਗਈ ਹੈ?***

ਵਿਵਾਦ ਦਾ ਦੂਸਰਾ ਪੱਖ ਸੋਨੀਆ ਗਾਂਧੀ ਅਤੇ ਉਸ ਨਾਲ ਜੁੜੇ ਕਾਂਗਰਸ ਪਾਰਟੀ ਦੇ ਆਗੂਆਂ ਦਾ ਹੈ। ਉਹ ਵੀ ਇੰਜ ਕਰਦੇ ਹਨ, ਜਿਵੇਂ ਪਿੰਡਾਂ ਵਿਚ ਕੁਝ ਘਰਾਂ ਦੇ ਜਠੇਰਿਆਂ ਵਾਂਗ ਨਹਿਰੂ-ਗਾਂਧੀ ਦੀ ਵਿਰਾਸਤ ਉਨ੍ਹਾਂ ਦੇ ਜਠੇਰਿਆਂ ਦਾ ਡੇਰਾ ਹੋਵੇ। ਮਹਾਤਮਾ ਗਾਂਧੀ ਤੇ ਪੰਡਿਤ ਨਹਿਰੂ ਨਾਲ ਹਜ਼ਾਰ ਮੱਤਭੇਦਾਂ ਦੇ ਬਾਵਜੂਦ ਦੂਸਰੇ ਵਿਚਾਰਾਂ ਦੇ ਕਈ ਲੋਕ ਵੀ ਨਹਿਰੂ ਦਾ ਸਤਿਕਾਰ ਕਰਦੇ ਹਨ। ਕਾਂਗਰਸ ਵਾਲੇ ਉਨ੍ਹਾਂ ਸਭਨਾਂ ਨੂੰ ਪਾਸੇ ਧੱਕਣ ਲੱਗੇ ਰਹਿੰਦੇ ਹਨ। ਕਾਂਗਰਸ ਦੇ ਲੀਡਰਾਂ ਵਿਚ ਦੁਬਿਧਾ ਵੀ ਹੈ। ਵਿਰਾਸਤ ਉਹ ਸਿਰਫ ਆਪਣੀ ਮੰਨੀ ਜਾਣੀ ਚਾਹੁੰਦੇ ਹਨ ਤੇ ਸਤਿਕਾਰ ਸਾਰੇ ਦੇਸ਼ ਦੇ ਲੋਕਾਂ ਤੋਂ, ਅਤੇ ਵਿਰੋਧੀ ਸੋਚ ਵਾਲਿਆਂ ਤੋਂ ਵੀ, ਕੀਤਾ ਜਾਂਦਾ ਚਾਹੁੰਦੇ ਹਨ। ਉਨ੍ਹਾਂ ਦੀ ਇਸ ਸਵਾਰਥੀ ਸਿਆਸਤ ਦੀ ਸੋਚ ਨਾਲ ਕੋਈ ਹੋਰ ਸਹਿਮਤ ਹੈ ਕਿ ਨਹੀਂ, ਉਸ ਤੋਂ ਵੱਧ ਇਹ ਘੋਖਣ ਦੀ ਲੋੜ ਹੈ ਕਿ ਪੰਡਿਤ ਨਹਿਰੂ ਦੀ ਫੋਟੋ ਨੂੰ ਹਾਰ ਪਾਉਣ ਤੇ ਸਮਾਧੀ ਉਤੇ ਮੱਥਾ ਟੇਕਣ ਤੋਂ ਵੱਧ ਉਨ੍ਹਾਂ ਆਪ ਕੀ ਕੀਤਾ ਹੈ? ਕੀ ਉਹ ਉਸ ਸੋਚ ਨਾਲ ਨਿਭ ਸਕੇ ਹਨ, ਜਿਹੜੀ ਪੰਡਿਤ ਨਹਿਰੂ ਆਪਣੀ ਜ਼ਿੰਦਗੀ ਵਿਚ ਰੱਖਦਾ ਸੀ ਤੇ ਜਿਸ ਸੋਚ ਦੇ ਕਾਰਨ ਭਾਰਤ ਦੇ ਲੋਕ ਉਸ ਦਾ ਇੱਕ ਆਗੂ ਵਜੋਂ ਉਦੋਂ ਵੀ ਦਿਲੋਂ ਸਤਿਕਾਰ ਕਰਦੇ ਸਨ ਅਤੇ ਕਈ ਲੋਕ ਅੱਜ ਵੀ ਕਰਦੇ ਹਨ?

ਜਿਹੜਾ ਜਵਾਹਰ ਲਾਲ ਨਹਿਰੂ ਕਦੀ ਧਰਮ ਨਿਰਪੱਖਤਾ ਲਈ ਜਾਣਿਆ ਜਾਂਦਾ ਸੀ, ਉਸ ਦੀ ਧੀ ਇੰਦਰਾ ਦੀ ਰਾਜਸੀ ਲੋੜ ਉਸ ਨੂੰ ਵੱਖੋ-ਵੱਖ ਧਰਮਾਂ ਦੇ ਆਪਸੀ ਵਿਰੋਧਾਂ ਨੂੰ ਵਰਤਣ ਤੱਕ ਲੈ ਗਈ ਸੀ। ਅਸੀਂ ਇੰਦਰਾ ਗਾਂਧੀ ਦੇ ਕਤਲ ਨੂੰ ਹਮੇਸ਼ਾ ਗਲਤ ਕਿਹਾ ਤੇ ਮੰਨਿਆ ਹੈ, ਪਰ ਕੀ ਇਹ ਗੱਲ ਸੱਚ ਨਹੀਂ ਕਿ ਇਸ ਕਤਲ ਤੱਕ ਦੇ ਹਾਲਾਤ ਪੈਦਾ ਕਰਨ ਵਿਚ ਉਸ ਦੀ ਵੱਖ-ਵੱਖ ਧਰਮਾਂ ਨੂੰ ਰਾਜਨੀਤੀ ਲਈ ਵਰਤਣ ਦੀ ਸੋਚਣੀ ਵੀ ਜ਼ਿਮੇਵਾਰ ਸੀ? ਜਦੋਂ ਉਹ ਨਾ ਰਹੀ, ਉਸ ਦਾ ਪੁੱਤਰ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸੀ, ਕੀ ਇਹ ਗੱਲ ਸੱਚ ਨਹੀਂ ਕਿ ਉਸ ਨੇ ਸ਼ਾਹ ਬਾਨੋ ਕੇਸ ਵਿਚ ਮੁਸਲਮਾਨਾਂ ਨੂੰ ਪਤਿਆਉਣ ਦੀ ਕੋਸ਼ਿਸ਼ ਕੀਤੀ ਸੀ ਅਤੇ ਫਿਰ ਹਿੰਦੂ ਵੋਟਾਂ ਨੂੰ ਕੁੰਡੀ ਪਾਉਣ ਵਾਸਤੇ ਅਯੁੱਧਿਆ ਵਿਚ ਚਿਰਾਂ ਤੋਂ ਬੰਦ ਪਏ ਉਸ ਰਾਮ ਮੰਦਰ ਦਾ ਤਾਲਾ ਖੁੱਲ੍ਹਵਾ ਦਿੱਤਾ ਸੀ, ਜਿਸ ਦਾ ਲਾਭ ਬਾਅਦ ਵਿਚ ਭਾਜਪਾ ਵਾਲੇ ਲੈ ਗਏ? ਕੀ ਇਹ ਵੀ ਸੱਚ ਨਹੀਂ ਕਿ ਜਦੋਂ ਬੋਫੋਰਜ਼ ਤੋਪ ਸੌਦੇ ਵਾਲੇ ਦੋਸ਼ਾਂ ਦੀ ਲਪੇਟ ਵਿਚ ਆਇਆ ਪਿਆ ਸੀ ਤਾਂ ਉਸ ਨੇ ਅਗਲੀ ਪਾਰਲੀਮੈਂਟ ਚੋਣ ਲਈ ਮੁਹਿੰਮ ਦੀ ਸ਼ੁਰੂਆਤ ਅਯੁੱਧਿਆ ਦੇ ਉਸੇ ਵਿਵਾਦਤ ਰਾਮ ਮੰਦਰ ਵਿਚ ਮੱਥਾ ਟੇਕਣ ਨਾਲ ਕੀਤੀ ਸੀ? ਬਾਅਦ ਵਿਚ ਕਾਂਗਰਸ ਪਾਰਟੀ ਨੂੰ ਇਹ ਖੇਡ ਵੀ ਪੁੱਠੀ ਪੈ ਗਈ ਸੀ।

ਪੰਡਿਤ ਨਹਿਰੂ ਦੇ ਵਕਤ ਸਾਰਾ ਕੁਝ ਚੰਗਾ ਨਹੀਂ ਸੀ ਹੁੰਦਾ, ਭ੍ਰਿਸ਼ਟਾਚਾਰ ਦੇ ਕਈ ਕਿੱਸੇ ਵੀ ਉਛਲੇ ਸਨ ਤੇ ਇਹ ਦੋਸ਼ ਲੱਗਣ ਲੱਗ ਪਿਆ ਸੀ ਕਿ ਨਹਿਰੂ ਕੁਝ ਲੋਕਾਂ ਵੱਲ ਨਰਮ ਹੈ, ਪਰ ਆਮ ਤੌਰ ਉਤੇ ਉਹ ਏਦਾਂ ਦੇ ਮਾਮਲੇ ਵਿਚ ਕਾਨੂੰਨ ਦੀ ਪਾਸਦਾਰੀ ਤੇ ਲੋਕ-ਲਾਜ ਵਾਲੇ ਪੱਖ ਦਾ ਖਿਆਲ ਰੱਖਦਾ ਰਿਹਾ। ਬਾਅਦ ਵਿਚ ਕਾਂਗਰਸ ਵਿਚ ਹਰ ਕਿਸਮ ਦੇ ਮਾੜੇ ਲੋਕ ਸ਼ਾਮਲ ਹੋਣ ਲੱਗ ਪਏ। ਅੱਜ ਦੀ ਕਾਂਗਰਸ ਵਿਚ ਕੋਈ ਇਮਾਨਦਾਰ ਬੰਦਾ ਹੋਣ ਦਾ ਜ਼ਿਕਰ ਵੀ ਸੁਣ ਕੇ ਲੋਕ ਹੈਰਾਨ ਹੋ ਜਾਂਦੇ ਹਨ। ਇਸ ਤਰ੍ਹਾਂ ਦੀ ਸਥਿਤੀ ਕਾਂਗਰਸੀ ਲੀਡਰਾਂ ਨੇ ਪੈਦਾ ਕੀਤੀ ਹੈ।

ਨਹਿਰੂ ਦੇ ਵਕਤ ਇਹ ਸੁਣਿਆ ਜਾਂਦਾ ਸੀ ਕਿ ਅਕਾਲੀਆਂ ਜਾਂ ਜਨ ਸੰਘ ਦਾ ਫਲਾਣਾ ਲੀਡਰ ਕਾਂਗਰਸ ਵਾਲਿਆਂ ਦੇ ਹੱਥਾਂ ਵਿਚ ਖੇਡਦਾ ਹੈ ਤੇ ਉਹ ਉਸ ਦਾ ਖਰਚਾ ਦਿੰਦੇ ਹਨ। ਹੁਣ ਇਹ ਸਥਿਤੀ ਹੈ ਕਿ ਕਾਂਗਰਸੀ ਲੀਡਰਾਂ ਉਤੇ ਅਕਾਲੀਆਂ ਅਤੇ ਭਾਜਪਾ ਵਾਲਿਆਂ ਦੇ ਹੱਥਾਂ ਵਿਚ ਖੇਡਣ ਤੇ ਉਨ੍ਹਾਂ ਤੋਂ ਪੈਸੇ ਲੈ ਕੇ ਆਪਣੀ ਪਾਰਟੀ ਦੀ ਬੇੜੀ ਵਿਚ ਆਪ ਪੱਥਰ ਰੱਖਣ ਦੇ ਦੋਸ਼ ਲੱਗ ਰਹੇ ਹਨ। ਇੰਦਰਾ ਗਾਂਧੀ ਦੇ ਪਤੀ ਫਿਰੋਜ਼ ਗਾਂਧੀ ਨਾਲ ਪੰਡਿਤ ਨਹਿਰੂ ਦੀ ਸਿਆਸੀ ਰਾਏ ਵੱਖਰੀ ਹੋਣ ਦੀ ਗੱਲ ਤਾਂ ਚੱਲਦੀ ਹੈ, ਪਰ ਕਦੇ ਇਹ ਨਹੀਂ ਸੀ ਸੁਣਿਆ ਗਿਆ ਕਿ ਫਿਰੋਜ਼ ਗਾਂਧੀ ਨੇ ਭ੍ਰਿਸ਼ਟਾਚਾਰ ਕੀਤਾ ਹੋਵੇ ਤੇ ਉਸ ਦੇ ਸਹੁਰੇ ਜਵਾਹਰ ਲਾਲ ਨਹਿਰੂ ਨੇ ਸਾਰੀ ਪਾਰਟੀ ਉਸ ਜਵਾਈ ਦੇ ਬਚਾਅ ਲਈ ਝੋਕ ਦਿੱਤੀ ਹੋਵੇ। ਇਸ ਦੀ ਥਾਂ ਇਹ ਹਕੀਕਤ ਹੈ ਕਿ ਆਪਣੇ ਸਹੁਰੇ ਦੇ ਪ੍ਰਧਾਨ ਮੰਤਰੀ ਹੁੰਦਿਆਂ ਫਿਰੋਜ਼ ਗਾਂਧੀ ਨੇ ਮੁੰਦੜਾ ਸਕੈਂਡਲ ਵਰਗੇ ਭ੍ਰਿਸ਼ਟਾਚਾਰ ਦਾ ਡਟਵਾਂ ਵਿਰੋਧ ਕੀਤਾ ਸੀ। ਹੁਣ ਦੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਏਦਾਂ ਦਾ ਸੁਲੱਖਣਾ ਜਵਾਈ ਮਿਲ ਗਿਆ ਹੈ ਕਿ ਉਸ ਦੇ ਭ੍ਰਿਸ਼ਟਾਚਾਰ ਦੀ ਸੜ੍ਹਿਆਂਦ ਨਾਲ ਕਾਂਗਰਸ ਦਾ ਭੱਠਾ ਬੈਠਦਾ ਜਾਂਦਾ ਹੈ ਤੇ ਬੀਬੀ ਆਪਣੇ ਜਵਾਈ ਦੀ ਤਰਫਦਾਰੀ ਲਈ ਸਾਰੀ ਪਾਰਟੀ ਨੂੰ ਮੀਡੀਏ ਅੱਗੇ ਵਕਾਲਤ ਕਰਨ ਲਈ ਝੋਕੀ ਜਾ ਰਹੀ ਹੈ।

ਭਾਰਤੀ ਜਨਤਾ ਪਾਰਟੀ ਵਾਲਿਆਂ ਦਾ ਪੰਡਿਤ ਨਹਿਰੂ ਦੀ ਵਿਰਾਸਤ ਵੱਲ ਬਦੋ-ਬਦੀ ਦੌੜ ਲਾਉਣਾ ਸਾਨੂੰ ਕਦੀ ਵੀ ਠੀਕ ਨਹੀਂ ਜਾਪੇਗਾ, ਪਰ ਵੱਡਾ ਸਵਾਲ ਇਸ ਵਕਤ ਉਨ੍ਹਾਂ ਅੱਗੇ ਸਿਰ ਚੁੱਕੀ ਖੜਾ ਹੈ, ਜਿਹੜੇ ਨਹਿਰੂ ਦੀ ਪਾਰਟੀ ਅਤੇ ਵਿਰਾਸਤ ਦੇ ਝੰਡੇਬਰਦਾਰ ਬਣੇ ਫਿਰਦੇ ਹਨ। ਉਨ੍ਹਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਜਿਹੜੀ ਕਾਂਗਰਸ ਪਾਰਟੀ ਕਦੀ ਪਾਰਲੀਮੈਂਟ ਦੀਆਂ ਚਾਰ ਸੌ ਤੋਂ ਵੱਧ ਸੀਟਾਂ ਜਿੱਤ ਜਾਂਦੀ ਸੀ, ਉਹ ਹੁਣ ਮਸਾਂ ਚਾਲੀ-ਚਾਰ-ਚੁਤਾਲੀ ਸੀਟਾਂ ਤੱਕ ਸੀਮਤ ਕਿਉਂ ਹੋ ਗਈ ਹੈ? ਜੇ ਹੁਣ ਵਾਲਾ ਹਾਲ ਰਿਹਾ ਤਾਂ ਅਗਲੀ ਵਾਰ ਇਸ ਤੋਂ ਵੀ ਹੇਠਾਂ ਡਿੱਗ ਪਵੇਗੀ। ਫਿਰ 'ਜਿਸ ਦੀ ਲਾਠੀ, ਉਸ ਦੀ ਭੈਂਸ' ਵਾਲੇ ਮੁਹਾਵਰੇ ਦੀ ਥਾਂ 'ਜਿਸ ਦੀ ਸਰਕਾਰ, ਉਸ ਦੀ ਵਿਰਾਸਤ' ਦਾ ਫਾਰਮੂਲਾ ਭਾਰਤ ਵਿਚ ਲਾਗੂ ਕੀਤਾ ਜਾਂਦਾ ਨਜ਼ਰ ਆਵੇਗਾ ਤੇ ਕੋਈ ਉਸ ਦਾ ਵਿਰੋਧ ਕਰਨ ਜੋਗਾ ਵੀ ਨਹੀਂ ਲੱਭੇਗਾ। ਪੰਡਿਤ ਨਹਿਰੂ ਦੀ ਵਿਰਾਸਤ ਦਾ ਜੇ ਉਨ੍ਹਾਂ ਨੂੰ ਏਨਾ ਹੀ ਖਿਆਲ ਹੈ ਤਾਂ ਪੰਡਿਤ ਨਹਿਰੂ ਦੇ ਵਿਚਾਰਾਂ ਦੇ ਨਾਲ ਚੱਲਣ ਦਾ ਯਤਨ ਕਰਨ। ਇਹ ਸ਼ਾਇਦ ਗਿਆਨੀ ਹੀਰਾ ਸਿੰਘ ਦਰਦ ਨੇ ਲਿਖਿਆ ਸੀ ਕਿ 'ਨਾ ਦਿਓ ਸ਼ਰਧਾਂਜਲੀ, ਸ਼ਰਧਾਂਜਲੀ ਵਿਚ ਕੀ ਪਿਐ, ਓਸ ਵਰਗੇ ਹੋ ਜਾਵੋ ਤਾਂ ਮਰਨ ਵਾਲਾ ਜੀਅ ਪਿਐ।' ਕਾਂਗਰਸ ਵੀ ਸਮਾਗਮਾਂ ਅਤੇ ਵਿਵਾਦਾਂ ਵਿਚ ਸਮਾਂ ਤੇ ਸਮਰੱਥਾ ਜ਼ਾਇਆ ਕਰਨ ਦੀ ਥਾਂ ਜੇ ਅਕਲ ਨਾਲ ਜਵਾਹਰ ਲਾਲ ਨਹਿਰੂ ਦੇ ਸਮੇਂ ਦੀ ਕਾਂਗਰਸ ਪਾਰਟੀ ਬਣ ਸਕੇ ਤਾਂ ਜ਼ਿਆਦਾ ਚੰਗਾ ਰਹੇਗਾ। ਅੱਕੀਂ-ਪਲਾਹੀਂ ਹੱਥ ਮਾਰਨ ਨਾਲ ਉਸ ਦਾ ਭਲਾ ਨਹੀਂ ਹੋਣ ਲੱਗਾ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਕੈਂਸਰ ਰਾਹਤ ਸਕੀਮ ਪ੍ਰਾਈਵੇਟ ਹਸਪਤਾਲਾਂ 'ਤੇ ਮਿਹਰਬਾਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਂਸਰ ਰਾਹਤ ਫੰਡ ਯੋਜਨਾ ਤਹਿਤ ਪ੍ਰਾਈਵੇਟ ਹਸਪਤਾਲਾਂ 'ਤੇ ਰੱਜ ਕੇ ਮਿਹਰਬਾਨੀ ਵਿਖਾਈ ਜਾ ਰਹੀ ਹੈ। ਪ੍ਰਾਈਵੇਟ ਹਸਪਤਾਲਾਂ 'ਤੇ ਕੈਂਸਰ ਦੇ ਇਲਾਜ ਲਈ ਪ੍ਰਾਪਤ ਹੋ ਰਹੀ ਸਰਕਾਰੀ ਰਕਮ ਦੇ ਖਰਚ ਦਾ ਲੁਕੋਅ ਰੱਖਣ ਦੇ ਦੋਸ਼ ਲੱਗ ਰਹੇ ਹਨ। ਸਿਹਤ ਵਿਭਾਗ ਦੀ ਇਹ ਸਕੀਮ ਵਿਵਾਦਾਂ ਵਿਚ ਘਿਰ ਗਈ ਹੈ ਤੇ ਮਰੀਜ਼ਾਂ ਨੇ ਸੁਆਲ ਖੜ੍ਹੇ ਕਰਨੇ ਸ਼ੁਰੂ ਕਰ ਦਿੱਤੇ ਹਨ। ਮਿਲੀ ਜਾਣਕਾਰੀ ਮੁਤਾਬਕ ਪ੍ਰਾਈਵੇਟ ਹਸਪਤਾਲਾਂ ਵੱਲੋਂ ਸਿਹਤ ਵਿਭਾਗ ਨੂੰ ਕੈਂਸਰ ਦੇ ਮਰੀਜ਼ ਦੇ ਇਲਾਜ ਦੇ ਖ਼ਰਚ ਦਾ ਇਕ ਸਰਟੀਫਿਕੇਟ ਦਿੱਤਾ ਜਾਂਦਾ ਹੈ ਪਰ ਇਸ ਵਿਚ ਇਲਾਜ, ਟੈਸਟਾਂ ਜਾਂ ਅਪਰੇਸ਼ਨ ਆਦਿ ਦਾ ਵੇਰਵਾ ਨਹੀਂ ਦਿੱਤਾ ਜਾ ਰਿਹਾ ਹੈ।



ਮਰੀਜ਼ ਤੋਂ ਵੀ ਇਸ ਦਾ ਓਹਲਾ ਰੱਖਿਆ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਮਰੀਜ਼ ਤੋਂ ਇਕ ਨਿਰਧਾਰਤ ਫ਼ਾਰਮ 'ਤੇ ਦਸਤਖ਼ਤ ਕਰਾ ਲਏ ਜਾਂਦੇ ਹਨ ਜੋ ਪੈਸੇ ਵਸੂਲਨ ਲਈ ਵਿਭਾਗ ਨੂੰ ਭੇਜਣ ਲਈ ਕਾਫ਼ੀ ਹੁੰਦਾ ਹੈ। ਸਿਹਤ ਵਿਭਾਗ ਵੱਲੋਂ ਫੰਡ ਦੇ ਲਾਭਪਾਤਰਾਂ ਲਈ ਛਪਵਾਏ ਫ਼ਾਰਮਾਂ ਵਿਚ ਵੀ ਕਈ ਤਰ੍ਹਾਂ ਦਾ ਓਹਲਾ ਰੱਖਿਆ ਗਿਆ ਹੈ ਜਿਸ ਦੀ ਆੜ ਹੇਠ ਪ੍ਰਾਈਵੇਟ ਹਸਪਤਾਲਾਂ ਦੀਆਂ ਮੌਜਾਂ ਬਣ ਗਈਆਂ ਹਨ। ਇਸ ਫ਼ਾਰਮ ਵਿਚ ਵੀ ਇਲਾਜ ਦੇ ਵੇਰਵੇ ਦੇਣ ਦਾ ਕੋਈ ਖਾਨਾ ਨਹੀਂ ਹੈ। ਮੁੱਖ ਮੰਤਰੀ ਕੈਂਸਰ ਰਾਹਤ ਫ਼ੰਡ ਵਿਚੋਂ ਜਾਰੀ ਕੀਤੀ ਰਕਮ ਦੇ ਵੇਰਵਿਆਂ ਅਨੁਸਾਰ ਦਸੰਬਰ 2011 ਤੋਂ ਦਸੰਬਰ 2012 ਤੱਕ 6027 ਮਰੀਜ਼ਾਂ ਨੂੰ 64,93,85,163 ਰੁਪਏ, ਜਨਵਰੀ 2012 ਤੋਂ ਦਸੰਬਰ 2013 ਤੱਕ 5561 ਮਰੀਜ਼ਾਂ ਨੂੰ 61,32,51,364 ਰੁਪਏ ਤੇ ਜਨਵਰੀ ਤੋਂ ਪੰਜ ਨਵੰਬਰ 2014 ਤੱਕ 6809 ਮਰੀਜ਼ਾਂ ਨੂੰ 92,2042,740 ਰੁਪਏ ਜਾਰੀ ਕੀਤੇ ਗਏ ਹਨ। ਇਹ ਅੰਕੜੇ ਫ਼ੰਡ ਵਿਚੋਂ ਰਿਲੀਜ਼ ਕੀਤੀ ਰਕਮ ਦਾ ਵੇਰਵਾ ਹੀ ਨਹੀਂ ਦੱਸਦੇ ਸਗੋਂ ਇਹ ਵੀ ਪਤਾ ਲੱਗਦਾ ਹੈ ਕਿ ਰਾਜ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਸਰਕਾਰ ਵੱਲੋਂ ਮੁੱਖ ਮੰਤਰੀ ਕੈਂਸਰ ਰਾਹਤ ਫ਼ੰਡ ਸ਼ੁਰੂ ਕੀਤਾ ਗਿਆ ਸੀ। ਇਸ ਵਿਚੋਂ ਕੈਂਸਰ ਦੇ ਮਰੀਜ਼ਾਂ ਨੂੰ ਇਲਾਜ ਲਈ ਡੇਢ ਲੱਖ ਰੁਪਏ ਦਿੱਤੇ ਜਾਂਦੇ ਹਨ। ਇਹ ਰਕਮ ਕੈਂਸਰ ਦੇ ਮਰੀਜ਼ ਨੂੰ ਸਿੱਧੀ ਦਿੱਤੀ ਜਾਂਦੀ ਰਹੀ ਹੈ ਪਰ ਬਹੁਤੀ ਦਫਤਰੀ ਕਾਰਵਾਈ ਕਾਰਨ ਸਹਾਇਤਾ ਰਾਸ਼ੀ ਦੇਰ ਨਾਲ ਰਿਲੀਜ਼ ਹੋਣ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਸਨ। ਸਰਕਾਰ ਨੇ ਪਹਿਲੀ ਨਵੰਬਰ 2013 ਤੋਂ ਮੁਫ਼ਤ ਇਲਾਜ ਦੀ ਸਹੂਲਤ ਦੇ ਦਿੱਤੀ ਸੀ। ਇਸ ਲਈ 16 ਹਸਪਤਾਲਾਂ ਨੂੰ ਪ੍ਰਵਾਨਿਤ ਪੈਨਲ ਵਿਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਵਿਚ ਸੱਤ ਸਰਕਾਰੀ ਤੇ ਨੌਂ ਪ੍ਰਾਈਵੇਟ ਹਸਪਤਾਲ ਹਨ। ਹਸਪਤਾਲਾਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਕੈਂਸਰ ਬਾਰੇ ਪਤਾ ਲੱਗਦਿਆਂ ਹੀ ਮਰੀਜ਼ ਦਾ ਮੁਫ਼ਤ ਇਲਾਜ ਸ਼ੁਰੂ ਕਰਕੇ ਵਿੱਤੀ ਮਦਦ ਲਈ ਸਿਹਤ ਵਿਭਾਗ ਨੂੰ ਕੇਸ ਭੇਜ ਦਿੱਤਾ ਜਾਵੇ। ਸਰਕਾਰੀ ਹਸਪਤਾਲਾਂ ਨੂੰ ਫ਼ੰਡ ਵਿਚੋਂ ਅਗਾਊਂ ਪੰਦਰਾਂ-ਪੰਦਰਾਂ ਲੱਖ ਦੀ ਰਕਮ ਦੇ ਦਿੱਤੀ ਗਈ ਹੈ।

ਪ੍ਰਾਈਵੇਟ ਹਸਪਤਾਲਾਂ ਵੱਲੋਂ ਮਰੀਜ਼ ਦਾ ਇਲਾਜ ਸਰਕਾਰ ਵੱਲੋਂ ਮੁਕਰਰ ਰੇਟ 'ਤੇ ਕੀਤਾ ਜਾਂਦਾ ਹੈ। ਪ੍ਰਾਈਵੇਟ ਹਸਪਤਾਲ ਮਰੀਜ਼ ਦੇ ਇਲਾਜ 'ਤੇ ਖਰਚ ਕੀਤੀ ਗਈ ਰਕਮ ਦਾ ਸਰਟੀਫਿਕੇਟ ਤਾਂ ਦਿੱਤਾ ਜਾ ਰਿਹਾ ਹੈ ਪਰ ਇਸ ਇਲਾਜ ਤੇ ਇਸ 'ਤੇ ਖ਼ਰਚ ਕੀਤੀ ਰਕਮ ਦਾ ਵੇਰਵਾ ਨਹੀਂ ਹੁੰਦਾ ਹੈ। ਇਥੇ ਇਹ ਦੱਸਣਾ ਵੀ ਜਰੂਰੀ ਹੈ ਕਿ ਸਿਹਤ ਵਿਭਾਗ ਵੱਲੋਂ ਇਲਾਜ ਦੀ ਜਾਣਕਾਰੀ ਦੇਣ ਬਾਰੇ ਅਜਿਹਾ ਕੋਈ ਖ਼ਾਨਾ ਵੀ ਨਹੀਂ ਦਿੱਤਾ ਗਿਆ ਹੈ।

# ਪਰਵਾਸੀ ਪੰਜਾਬੀਆਂ ਲਈ ਵੀ ਸ਼ੁਰੂ ਹੋਣਗੇ ਸੰਗਤ ਦਰਸ਼ਨ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਰਵਾਸੀ ਪੰਜਾਬੀਆਂ ਲਈ ਵੀ ਸੰਗਤ ਦਰਸ਼ਨ ਸੰਮੇਲਨ ਕਰਵਾਉਣ ਦਾ ਫੈਸਲਾ ਕੀਤਾ ਹੈ। ਸੰਗਤ ਦਰਸ਼ਨ ਪ੍ਰੋਗਰਾਮਾਂ ਦੌਰਾਨ ਪੁਲਿਸ, ਮਾਲ ਵਿਭਾਗ, ਬਿਜਲੀ ਬੋਰਡ ਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਕੇ ਮੌਕੇ 'ਤੇ ਹੱਲ ਕਰਵਾਉਣਗੇ। ਪੰਜਾਬ ਦੇ ਐਨ.ਆਰ.ਆਈ. ਮਾਮਲੇ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਕਿਹਾ ਪੰਜਾਬ ਸਰਕਾਰ ਦਸੰਬਰ ਤੇ ਜਨਵਰੀ ਮਹੀਨੇ ਵਿਚ ਸੂਬੇ ਵਿਚ ਪਰਵਾਸੀ ਭਾਰਤੀਆਂ ਲਈ ਸੰਗਤ ਦਰਸ਼ਨ ਸੰਮੇਲਨ ਕਰਾਵੇਗੀ, ਜਿਥੇ ਪਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਸੁਣਕੇ ਸਬੰਧਤ ਅਧਿਕਾਰੀਆਂ ਤੋਂ ਉਨ੍ਹਾਂ ਸ਼ਿਕਾਇਤਾਂ ਦੇ ਨਿਪਟਾਰੇ ਮੌਕੇ 'ਤੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਇਹ ਸੰਗਤ ਦਰਸ਼ਨ ਲੁਧਿਆਣਾ, ਜਲੰਧਰ ਤੇ ਮੋਗਾ ਵਿਚ ਹੋਣਗੇ, ਜਿਨ੍ਹਾਂ ਦੀ ਪ੍ਰਧਾਨਗੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਰਨਗੇ। ਉਨ੍ਹਾਂ ਇਹ ਦਰਸ਼ਨ ਸੰਮੇਲਨ 28 ਦਸੰਬਰ ਤੇ 16-17 ਜਨਵਰੀ ਨੂੰ ਹੋਣ ਦੀ ਸੰਭਾਵਨਾ ਪ੍ਰਗਟਾਈ।

ਪਰਵਾਸੀ ਭਾਰਤੀਆਂ ਵੱਲੋਂ ਭੇਜੇ ਜਾਂਦੇ ਪੈਸੇ 'ਤੇ ਕੇਂਦਰ ਵੱਲੋਂ ਲਾਏ ਸਰਵਿਸ ਟੈਕਸ ਨੂੰ ਰੱਦ ਕਰਾਉਣ ਲਈ ਸਮੂਹ ਅਕਾਲੀ ਸੰਸਦ ਮੈਂਬਰ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਮਿਲਣਗੇ। ਉਨ੍ਹਾਂ ਕਿਹਾ ਕਿ ਇਸ ਟੈਕਸ ਤੋਂ ਐਨ.ਆਰ.ਆਈ. ਬਹੁਤ ਖਫ਼ਾ ਹਨ ਤੇ ਇਸ ਨੂੰ ਰੱਦ ਕਰਾਉਣ ਲਈ ਕਈ ਪੰਜਾਬੀ ਐਨ.ਆਰ.ਆਈ. ਉਨ੍ਹਾਂ ਨਾਲ ਸੰਪਰਕ ਕਰ ਚੁੱਕੇ ਹਨ। ਇਸ ਲਈ ਪੰਜਾਬ ਸਰਕਾਰ ਇਸ ਬਾਰੇ ਕੇਂਦਰ ਨੂੰ ਲਿਖੇਗੀ ਤੇ ਸ੍ਰੀ ਜੇਤਲੀ ਨਾਲ ਮੁਲਾਕਾਤ ਵੀ ਕੀਤੀ ਜਾਵੇਗੀ। ਜਥੇਦਾਰ ਤੋਤਾ ਸਿੰਘ ਨੇ ਕਿਹਾ ਕਿ ਪੁਲਿਸ ਵੱਲੋਂ ਭਗੌੜੇ ਐਲਾਨੇ ਐਨ.ਆਰ.ਆਈ. ਵਿਅਕਤੀਆਂ ਦੇ ਕੇਸਾਂ ਨੂੰ ਮੁੜ ਵਿਚਾਰਨ ਲਈ ਆਈ.ਜੀ. ਦੀ ਅਗਵਾਈ ਵਾਲੀ ਕਮੇਟੀ ਗਠਿਤ ਕੀਤੀ ਜਾ ਰਹੀ ਹੈ, ਜਿਸਦੇ ਮੁੜ ਵਿਚਾਰ ਪਿੱਛੋਂ ਨਾਜਾਇਜ਼ ਭਗੌੜੇ ਐਲਾਨੇ ਹੋਏ ਕੇਸ ਰੱਦ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚਲੇ ਐਨ.ਆਰ.ਆਈ. ਥਾਣਿਆਂ ਦੀ ਕਾਰਗੁਜ਼ਾਰੀ ਵਿਚ ਕੁਝ ਕਮੀਆਂ-ਪੇਸ਼ੀਆਂ ਰਹਿ ਜਾਂਦੀਆਂ ਹਨ, ਇਸ ਲਈ ਸਮੂਹ ਜਿਲ੍ਹਾ ਸਕੱਤਰੇਤਾਂ ਵਿਚ ਐਨ.ਆਰ.ਆਈ. ਦਫ਼ਤਰ ਖੋਲ੍ਹੇ ਜਾਣਗੇ, ਜਿਨ੍ਹਾਂ ਵਿਚ ਐਨ.ਆਰ.ਆਈ. ਲੋਕਾਂ ਦੇ ਕੇਸਾਂ ਨੂੰ ਪੰਜ ਮੈਂਬਰੀ ਕਮੇਟੀ ਵਿਚਾਰਿਆ ਕਰੇਗੀ।

## ਸਿੱਖ ਪਾੜ੍ਹੇ ਨੂੰ ਭਰਤੀ ਨਾ ਕਰਨ 'ਤੇ ਅਮਰੀਕੀ ਫੌਜ ਖਿਲਾਫ ਕੇਸ

**ਵਾਸ਼ਿੰਗਟਨ:** ਹੋਫਸਟਰਾ ਯੂਨੀਵਰਸਿਟੀ ਦੇ ਵਿਦਿਆਰਥੀ ਇਕਨੂਰ ਸਿੰਘ ਨੂੰ ਰਿਜ਼ਰਵ ਆਫਿਸਰ ਟਰੇਨਿੰਗ ਕੋਰ (ਆਰਓਟੀਸੀ) ਵਿਚ ਇਸ ਲਈ ਦਾਖਲਾ ਨਹੀਂ ਦਿੱਤਾ ਗਿਆ ਕਿਉਂਕਿ ਉਹ ਸਿੱਖ ਹੈ। ਫੌਜੀ ਅਧਿਕਾਰੀਆਂ ਨੇ ਇਕਨੂਰ ਸਿੰਘ ਨੂੰ ਦਸਤਾਰ ਤੋਂ ਬਿਨਾਂ ਸਿਰ ਤੇ ਦਾੜ੍ਹੀ ਦੇ ਕੇਸ ਕਟਾ ਕੇ ਆਉਣ ਲਈ ਕਿਹਾ। ਅਮਰੀਕਾ ਦੇ ਮਨੁੱਖੀ ਅਧਿਕਾਰਾਂ ਬਾਰੇ ਦੋ ਜਥੇਬੰਦੀਆਂ ਨੇ ਇਹ ਮਾਮਲਾ ਅਦਾਲਤ ਵਿਚ ਪਾ ਦਿੱਤਾ ਹੈ। ਯੂਨਾਈਟਿਡ ਸਿੱਖ ਐਂਡ ਅਮਰੀਕਾ ਸਿਵਲ ਲਿਬਰਟੀਜ਼ ਯੂਨੀਅਨ (ਏਸੀਐਲਯੂ) ਵੱਲੋਂ ਅਮਰੀਕਾ ਦੀ ਜ਼ਿਲ੍ਹਾ ਅਦਾਲਤ ਵਿਚ ਫੌਜ ਖ਼ਿਲਾਫ਼ ਕੇਸ ਦਾਖਲ ਕੀਤਾ ਹੈ। ਜਥੇਬੰਦੀ ਨੇ ਅਦਾਲਤ ਤੋਂ ਮੰਗ ਕੀਤੀ ਹੈ ਕਿ ਉਹ ਇਕਨੂਰ ਸਿੰਘ ਨੂੰ ਆਰਓਟੀਸੀ ਵਿਚ ਦਾਖਲੇ ਲਈ ਫੌਜੀ ਅਧਿਕਾਰੀਆਂ ਨੂੰ ਹਦਾਇਤ ਕਰੇ। ਯੂਨਾਈਟਿਡ ਸਿੱਖਸ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਕਨੂਰ ਸਿੰਘ ਨੇ ਧਰਮ ਦੀ ਬੇਅਦਬੀ ਕੀਤੇ ਬਿਨਾਂ ਉਸ ਨੂੰ ਦਾਖਲਾ ਦੇਣ ਦੀ ਮੰਗ ਕੀਤੀ ਸੀ ਪਰ ਅਧਿਕਾਰੀਆਂ ਨੇ ਇਸ ਫਰਿਆਦ ਨੂੰ ਨਕਾਰ ਦਿੱਤਾ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਫੌਜ ਦਾ ਇਹ ਰਵੱਈਆ ਧਾਰਮਿਕ ਆਜ਼ਾਦੀ ਬਹਾਲੀ ਐਕਟ ਦੀ ਉਲੰਘਣਾ ਹੈ। ਯੂਨਾਈਟਿਡ ਸਿੱਖਸ ਦੇ ਵਕੀਲ ਮਨਮੀਤ ਸਿੰਘ ਨੇ ਕਿਹਾ ਕਿ ਧਰਮ ਦੇ ਆਧਾਰ 'ਤੇ ਇਕਨੂਰ ਸਿੰਘ ਨੂੰ ਆਰਓਟੀਸੀ ਵਿਚ ਭਰਤੀ ਕਰਨ ਤੋਂ ਨਹੀਂ ਰੋਕਿਆ ਜਾ ਸਕਦਾ। ਏਸੀਐਲਯੂ ਦੇ ਸੀਨੀਅਰ ਵਕੀਲ ਹੀਥਰ ਐਲ ਵੀਵਰ ਨੇ ਕਿਹਾ ਕਿ ਅਮਰੀਕਾ ਦੀ ਫੌਜ ਨੂੰ ਸਾਰੇ ਧਰਮਾਂ ਦੇ ਨੌਜਵਾਨਾਂ ਦੀ ਭਰਤੀ ਕਰਨੀ ਚਾਹੀਦੀ ਹੈ। ਇਕਨੂਰ ਸਿੰਘ ਨਿਊਯਾਰਕ ਦੇ ਕੁਈਨਜ਼ ਵਿਚ ਪੈਦਾ ਹੋਇਆ ਤੇ ਉਹ ਅੰਗਰੇਜ਼ੀ, ਪੰਜਾਬੀ, ਹਿੰਦੀ ਤੇ ਉਰਦੂ ਬੋਲ ਲੈਂਦਾ ਹੈ ਤੇ ਅਮਰੀਕੀ ਫੌਜ ਵਿਚ ਖੁਫੀਆ ਅਧਿਕਾਰੀ ਬਣਨਾ ਲੋਚਦਾ ਹੈ।

# ਪਰਵਾਸੀ ਭਾਰਤੀ ਦੀ ਜ਼ਮੀਨ ਦੱਬਣ ਵਾਲੇ ਅਕਾਲੀਆਂ ਖਿਲਾਫ ਕੇਸ ਦਰਜ

**ਮੋਗਾ:** ਸਥਾਨਕ ਪੁਲਿਸ ਨੇ ਪਰਵਾਸੀ ਭਾਰਤੀ ਦੀ 14 ਏਕੜ ਜ਼ਮੀਨ ਦੱਬਣ ਦੇ ਦੋਸ਼ ਵਿਚ ਯੂਥ ਅਕਾਲੀ ਆਗੂ ਤੇ ਪਟਵਾਰੀ ਸਮੇਤ ਛੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਥਾਣਾ ਐਨ.ਆਰ.ਆਈ. ਪੁਲਿਸ ਮੁਤਾਬਕ ਪੰਜ ਵਰ੍ਹੇ ਪਹਿਲਾਂ ਸਵਰਨ ਸਿੰਘ ਵਗੈਰਾ ਨੇ ਪਰਵਾਸੀ ਭਾਰਤੀ ਨਿਰਮਲ ਸਿੰਘ ਪਿੰਡ ਬੁਰਜ ਹਮੀਰਾ ਦੇ ਜਾਅਲੀ ਮੁਖਤਿਆਰਨਾਮੇ ਤਿਆਰ ਕਰਕੇ ਉਸ ਦੀ ਪਿੰਡ ਰਣੀਆਂ ਵਿਚ ਖਰੀਦੀ 14 ਏਕੜ ਜ਼ਮੀਨ ਮਹਿੰਦਰ ਸਿੰਘ ਵਗੈਰਾ ਨੂੰ ਵੇਚ ਦਿੱਤੀ ਸੀ। ਇਸ ਮਾਮਲੇ ਵਿਚ 2011 ਵਿਚ ਪਰਵਾਸੀ ਭਾਰਤੀ ਨਿਰਮਲ ਸਿੰਘ ਦੀ ਸ਼ਿਕਾਇਤ 'ਤੇ ਥਾਣਾ ਐਨ.ਆਰ.ਆਈ. ਵਿਚ ਦਰਜ ਕੇਸ ਅਦਾਲਤ ਵਿਚ ਵਿਚਾਰ ਅਧੀਨ ਹੈ।

ਇਹ ਜ਼ਮੀਨ ਪਰਵਾਸੀ ਭਾਰਤੀ ਨੇ ਜਗਜੀਤ ਸਿੰਘ ਪਿੰਡ ਰਣੀਆਂ ਨੂੰ ਠੇਕੇ 'ਤੇ ਦਿੱਤੀ ਹੋਈ ਹੈ। ਜਗਜੀਤ ਸਿੰਘ ਨੇ ਐਨ.ਆਰ.ਆਈ. ਸੈੱਲ ਨੂੰ ਦਿੱਤੇ ਬਿਆਨਾਂ ਵਿਚ ਕਿਹਾ ਕਿ ਕੁਲਦੀਪ ਸਿੰਘ ਸਾਬਕਾ ਸਰਪੰਚ ਪਿੰਡ ਚੂਹੜਚੱਕ ਨੇ ਉਸ ਨੂੰ ਫੋਨ ਕਰਕੇ ਜ਼ਮੀਨ ਖਾਲੀ ਕਰਨ ਲਈ ਕਿਹਾ ਤੇ ਕੁਝ ਦਿਨ ਬਾਅਦ ਜ਼ਮੀਨ ਕਬਜ਼ਾ ਕਰਨ ਦੀ ਨੀਅਤ ਨਾਲ ਵਾਹ ਦਿੱਤੀ ਤੇ ਉਥੋਂ ਸਾਮਾਨ ਵੀ ਚੋਰੀ ਕਰ ਲਿਆ। ਮੁਲਜ਼ਮਾਂ ਨੇ ਝਗੜੇ ਵਾਲੀ ਜ਼ਮੀਨ ਦੀ ਗ਼ਲਤ ਢੰਗ ਤੇ ਮਾਲ ਵਿਭਾਗ ਦੀ ਮਿਲੀਭੁਗਤ ਨਾਲ ਗਿਰਦਾਵਰੀ ਵੀ ਤਬਦੀਲ ਕਰਵਾ ਲਈ। ਇਸ ਮਾਮਲੇ ਵਿਚ ਕੁਲਦੀਪ ਸਿੰਘ ਸਾਬਕਾ ਸਰਪੰਚ ਪਿੰਡ ਚੂਹੜਚੱਕ, ਮਹਿੰਦਰ ਸਿੰਘ, ਹਰਦੀਪ ਸਿੰਘ ਵਾਸੀ ਪਿੰਡ ਲਲਤੋਂ ਕਲਾਂ ਜ਼ਿਲ੍ਹਾ ਲੁਧਿਆਣਾ, ਸਰਜੀਤ ਸਿੰਘ, ਗੁਰਮੇਲ ਸਿੰਘ ਵਾਸੀ ਪਿੰਡ ਦੇਹੜਕਾ ਤੋਂ ਇਲਾਵਾ ਸੁਖਜਿੰਦਰ ਸਿੰਘ ਮਾਲ ਪਟਵਾਰੀ ਹਲਕਾ ਰਣੀਆਂ ਖ਼ਿਲਾਫ਼ ਕੇਸ ਦਰਜ ਕਰਕੇ ਮਹਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।


ਦੂਜੇ ਪਾਸੇ ਪਰਵਾਸੀ ਭਾਰਤੀ ਨਿਰਮਲ ਸਿੰਘ ਦਾ ਕਹਿਣਾ ਹੈ ਕਿ ਭੂ ਮਾਫ਼ੀਆ ਸਿਆਸੀ ਆਗੂਆਂ ਤੇ ਪੁਲਿਸ ਦੀ ਮਿਲੀਭੁਗਤ ਨਾਲ ਪਰਵਾਸੀ ਭਾਰਤੀਆਂ ਦੀਆਂ ਸੂਬੇ ਵਿਚ ਪਈਆਂ ਜਾਇਦਾਦਾਂ ਦੱਬਣ ਲਈ ਹਰ ਹੱਥਕੰਡਾ ਅਪਣਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜ ਵਰ੍ਹੇ ਪਹਿਲਾਂ ਉਸ ਦੀ ਕਰੋੜਾਂ ਰੁਪਏ ਦੀ 14 ਏਕੜ ਜ਼ਮੀਨ ਜਾਅਲਸਾਜ਼ੀ ਨਾਲ ਵੇਚਣ ਦਾ ਮਾਮਲਾ ਅਦਾਲਤ ਵਿਚ ਚੱਲ ਰਿਹਾ ਹੈ। ਇਸ ਵਰ੍ਹੇ ਝੋਨਾ ਲਾਉਣ ਵੇਲੇ ਰਾਜਨੀਤਕ ਸ਼ਹਿ 'ਤੇ ਉਸ ਦੀ ਜ਼ਮੀਨ ਉਤੇ ਕਬਜਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤੇ ਉਸ ਨੂੰ ਤਤਕਾਲ ਕੈਨੇਡਾ ਤੋਂ ਆਉਣਾ ਪਿਆ। ਪੀੜਤ ਪਰਵਾਸੀ ਭਾਰਤੀ ਨੇ ਦੱਸਿਆ ਕਿ ਹੁਣ ਜਦੋਂ ਉਸ ਨੂੰ ਉਸ ਦੀ ਜ਼ਮੀਨ 'ਤੇ ਦੁਬਾਰਾ ਕਬਜ਼ਾ ਕਰਨ ਦਾ ਪਤਾ ਲੱਗਾ ਤਾਂ ਉਹ ਵਾਪਸ ਭਾਰਤ ਆਇਆ ਹੈ।

# ਮੋਦੀ ਦੀ ਯੋਜਨਾ 'ਤੇ ਮਿਲ ਕੇ ਫੁੱਲ ਚੜ੍ਹਾਉਣਗੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਸ਼ੁਰੂ ਕੀਤੀ 'ਸਾਂਸਦ ਆਦਰਸ਼ ਗ੍ਰਾਮ ਯੋਜਨਾ' ਲਈ ਸਾਰੀਆਂ ਸਿਆਸੀ ਧਿਰਾਂ ਇਕਮਿਕ ਹੋ ਗਈਆਂ ਹਨ। ਖਾਸਕਰ ਮੁੱਖ ਵਿਰੋਧੀ ਧਿਰ ਕਾਂਗਰਸ ਦੇ ਸੰਸਦ ਮੈਂਬਰ ਇਸ ਬਾਰੇ ਉਤਸ਼ਾਹ ਵਿਖਾ ਰਹੇ ਹਨ। ਅੰਮ੍ਰਿਤਸਰ ਤੋਂ ਸੰਸਦ ਮੈਂਬਰ ਤੇ ਲੋਕ ਸਭਾ ਵਿਚ ਕਾਂਗਰਸ ਪਾਰਟੀ ਦੇ ਡਿਪਟੀ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਭਾਰਤ-ਪਾਕਿਸਤਾਨ ਸਰਹੱਦ ਨੇੜੇ ਪੈਂਦੇ ਪਿੰਡ ਧੌਲ ਕਲਾਂ ਨੂੰ ਅਪਣਾਇਆ ਹੈ। ਇਥੇ ਰਾਖਵੇਂ ਵਰਗ ਦੀ ਆਬਾਦੀ ਜ਼ਿਆਦਾ ਹੈ। ਇਕ ਬੁਲਾਰੇ ਨੇ ਕਿਹਾ ਕਿ ਕੈਪਟਨ ਨੇ ਵੋਟਰਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਪਿੰਡ ਲਈ ਵਿਸ਼ੇਸ਼ ਪੈਕੇਜ ਲਿਆਉਣ ਦੀ ਕੋਸ਼ਿਸ਼ ਕਰਨਗੇ। ਕੈਪਟਨ ਅਮਰਿੰਦਰ ਸਿੰਘ ਆਪਣੇ ਜੱਦੀ ਸ਼ਹਿਰ ਪਟਿਆਲਾ ਦੀ ਤਰਜ਼ 'ਤੇ ਧੌਲ ਕਲਾਂ ਪਿੰਡ ਦਾ ਵਿਕਾਸ ਕਰਨਾ ਚਾਹੁੰਦੇ ਹਨ।

ਕਾਂਗਰਸ ਦੇ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਈਸੇਵਾਲ ਪਿੰਡ ਨੂੰ ਚੁਣਿਆ ਹੈ ਜੋ ਪਰਮਵੀਰ ਚੱਕਰ ਜੇਤੂ ਫਲਾਇੰਗ ਅਫਸਰ ਨਿਰਮਲਜੀਤ ਸਿੰਘ ਸੇਖੋਂ ਸਮੇਤ ਕਈ ਸ਼ਹੀਦਾਂ ਦਾ ਪਿੰਡ ਹੈ। ਸ੍ਰੀ ਬਿੱਟੂ ਨੇ ਕਿਹਾ ਕਿ ਪਿੰਡ ਨੂੰ ਗੋਦ ਲੈਣ ਦਾ ਮਕਸਦ ਸ਼ਹੀਦਾਂ ਨੂੰ ਸਿਜਦਾ ਕਰਨਾ ਹੈ। ਕਾਂਗਰਸ ਦੇ ਜਲੰਧਰ ਤੋਂ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਨੇ ਫਿਲੌਰ ਨੇੜੇ ਪਿੰਡ ਗੰਨਾ

**ਸੰਸਦ ਮੈਂਬਰਾਂ ਵਿਚ ਪਿੰਡ ਗੋਦ ਲੈਣ ਦੀ ਲੱਗੀ ਦੌੜ**



ਨੂੰ ਚੁਣਿਆ ਹੈ ਜੋ ਅਪਰਾਧਕ ਕੇਸਾਂ ਲਈ ਮਸ਼ਹੂਰ ਹੈ। ਇਸ ਪਿੰਡ ਨੂੰ 10 ਸਾਲ ਪਹਿਲਾਂ ਪੰਜਾਬ ਪੁਲਿਸ ਨੇ ਵੀ ਅਪਣਾਇਆ ਸੀ। 'ਆਪ' ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ ਬੇਨੜਾ ਪਿੰਡ ਨੂੰ ਚੁਣਿਆ ਹੈ। ਇਸੇ ਤਰ੍ਹਾਂ ਪਟਿਆਲਾ ਦੇ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਮਰੋੜੀ ਪਿੰਡ ਨੂੰ ਗੋਦ ਲੈ ਕੇ ਇਸ ਨਸ਼ਿਆਂ ਤੋਂ ਮੁਕਤ ਕਰਨ ਦਾ ਅਹਿਦ ਲਿਆ ਹੈ। ਅਕਾਲੀ ਦਲ ਦੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਨੇ ਜਲੰਧਰ ਦੇ ਪਿੰਡ ਧੀਣਾ ਨੂੰ ਚੁਣਿਆ ਹੈ। ਇਸੇ ਤਰ੍ਹਾਂ ਭਾਜਪਾ ਦੇ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਆਦਮਵਾਲ ਪਿੰਡ ਨੂੰ ਗੋਦ ਲਿਆ ਹੈ। ਸਿਆਸਤ ਤੋਂ ਉੱਪਰ ਉੱਠ ਕੇ ਕੁਝ ਸੰਸਦ ਮੈਂਬਰਾਂ ਨੇ ਸ਼ਹੀਦਾਂ ਦੇ ਜੱਦੀ ਪਿੰਡਾਂ ਨੂੰ ਅਪਣਾਇਆ ਹੈ ਜਦਕਿ ਕੁਝ ਨੇ ਨਸ਼ਿਆਂ ਦੀ ਮਾਰ ਹੇਠ ਆਏ ਜਾਂ ਸਭ ਤੋਂ ਵਧ ਅਪਰਾਧਕ ਕੇਸਾਂ ਵਾਲੇ ਪਿੰਡਾਂ ਨੂੰ ਚੁਣਿਆ ਹੈ। ਕੁਝ ਅਜਿਹੇ ਪਿੰਡਾਂ ਦੀ ਵੀ ਚੋਣ ਕੀਤੀ ਗਈ ਹੈ ਜਿਹੜੇ ਪੰਜਾਬ ਦੇ ਨਕਸ਼ੇ 'ਤੇ ਕਦੇ ਹੀ ਦਿੱਸਦੇ ਹਨ। ਸਾਰੇ ਗੋਦ ਲਏ ਗਏ ਪਿੰਡਾਂ ਵਿਚ ਇਕ ਸਮਾਨਤਾ ਹੈ, ਉਹ ਹੈ ਦਲਿਤਾਂ ਦੀ ਆਬਾਦੀ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਯੋਜਨਾ ਤਹਿਤ ਆਪਣੇ ਹਲਕਿਆਂ ਦੇ ਇਕ-ਇਕ ਪਿੰਡ ਨੂੰ ਅਪਣਾਇਆ ਹੈ। ਪਾਰਟੀ ਸੂਤਰਾਂ ਨੇ ਦੱਸਿਆ ਕਿ ਸੋਨੀਆ ਗਾਂਧੀ ਨੇ ਆਪਣੇ ਹਲਕੇ ਦੇ ਜਗਤਪੁਰ ਬਲਾਕ ਦੇ ਪਿੰਡ ਉਡਵਾ ਤੇ ਰਾਹੁਲ ਗਾਂਧੀ ਨੇ ਅਮੇਠੀ ਲੋਕ ਸਭਾ ਹਲਕੇ ਵਿਚ ਜਗਦੀਸ਼ਪੁਰ ਬਲਾਕ ਵਿਚ ਡੀਹ ਪਿੰਡ ਨੂੰ ਅਪਣਾਇਆ ਹੈ।

## ਹਰਸਿਮਰਤ ਨੇ ਅਕਾਲੀ ਦਲ ਵਿਰੋਧੀ ਪਿੰਡ ਅਪਨਾਇਆ

ਕੇਂਦਰੀ ਫੂਡ ਪ੍ਰਾਸੈਸਿੰਗ ਮੰਤਰੀ ਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੱਡਾ ਜੇਰਾ ਦਿਖਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਵਿਰੋਧੀ ਪਿੰਡ ਮਾਨ ਨੂੰ ਅਪਨਾਇਆ ਹੈ। ਪੰਚਾਇਤੀ ਚੋਣਾਂ ਦੌਰਾਨ ਹੋਈ ਹਿੰਸਾ ਤੋਂ ਬਾਅਦ ਤਕਰੀਬਨ ਡੇਢ ਸੌ ਕਾਂਗਰਸੀ ਪਰਿਵਾਰ ਪਿੰਡ ਛੱਡ ਕੇ ਚਲੇ ਗਏ ਸਨ। ਉਂਜ ਦੇਖਿਆ ਜਾਵੇ ਤਾਂ ਮਾਨ ਪਿੰਡ, ਬਾਦਲ ਪਿੰਡ ਤੋਂ ਮਸਾਂ ਦੋ ਕੁ ਕਿਲੋਮੀਟਰ ਦੂਰ ਹੈ ਪਰ ਦੋਵਾਂ ਦੀ ਹੋਣੀ ਵੱਖੋ-ਵੱਖਰੀ ਹੈ। ਜਿਥੇ ਬਾਦਲ ਪਿੰਡ ਵਿਚ ਹਰ ਸਹੂਲਤ ਮੌਜੂਦ ਹੈ ਉੱਥੇ ਮਾਨ ਪਿੰਡ ਵਿਚ ਅਜੇ ਵੀ ਕੱਚੀਆਂ ਸੜਕਾਂ ਤੇ ਟੋਭੇ ਹਨ।



ਕੇਂਦਰੀ ਮੰਤਰੀ ਨੇ ਮਾਨ ਪਿੰਡ ਦੀ ਨੁਹਾਰ ਬਦਲਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਢਲੀਆਂ ਸਹੂਲਤਾਂ ਦੇ ਨਾਲ ਮਹਿਲਾਵਾਂ ਨੂੰ ਆਤਮ-ਨਿਰਭਰ ਬਣਾਇਆ ਜਾਏਗਾ ਤੇ ਲਿੰਗ ਅਨੁਪਾਤ ਦਾ ਫ਼ਰਕ ਮਿਟਾ ਕੇ ਸਾਰਿਆਂ ਦੀ ਸਿੱਖਿਆ ਯਕੀਨੀ ਬਣਾਈ ਜਾਏਗੀ।


AN OFFER THAT KEEPS EVERYONE SMILING!
Enjoy the best in Punjabi and Hindi TV with Dish.
Punjabi Mega Pack
$24.99/mo
Hindi Elite Pack
3 MONTHS FREE
APPLIES TO THE 4TH, 5TH AND 6TH MONTHS
$34.99/mo EVERYDAY PRICE
gPunjab
TASHAN
jus punjabi
PTC PUNJABI
JUS 24x7
WILLOW HD
StarPlusHD
ZEE TV
aapka colors
Life OK
TV ASIA HD
SAB
one
NEW rishtey
Requires 24-month commitment, credit qualification, and subscription to qualifying American programming.
FREE
100+ Bollywood Movies On Demand
Professional Installation in up to 6 rooms
All offers require 24-month commitment and credit qualification. Monthly fees apply based on number of rooms.
LIMITED-TIME OFFER.
ORDER NOW!
1-888-621-5401
MUST MENTION OFFER CODE AT TIME OF ORDER
SAVE 3
Cannot be combined with other Offer Codes
dish
International programming requires additional $10/mo International Basic package or any America's Top package.
Important Terms and Conditions: International 4th, 5th, and 6th Months Free: Valid for activation and installation of qualifying DISH service. Requires subscription to a qualifying American or DishLATINO package in addition to a qualifying International package. For the 4th, 5th, and 6th months you will receive a monthly credit equal to the cost of the selected package. You will be responsible for any monthly or upfront costs beyond the value of the credit. Promotional Offers: Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offer ends 1/14/15.
© 2014 DISH Network L.L.C. All rights reserved.

# ਗੁਰਦੁਆਰਾ ਸੈਨ ਹੋਜ਼ੇ ਵਿਚ ਗੁਰੂ ਨਾਨਕ ਮੁਫਤ ਮੈਡੀਕਲ ਕਲੀਨਕ ਦਾ ਉਦਘਾਟਨ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸਾਹਿਬ ਵਿਚ ਗੁਰੂ ਨਾਨਕ ਮੁਫਤ ਮੈਡੀਕਲ ਕਲੀਨਕ ਦਾ ਉਦਘਾਟਨ ਕੀਤਾ ਗਿਆ। ਇਸ ਉਦਘਾਟਨੀ ਸਮਾਰੋਹ ਸਮੇਂ ਗੁਰਦੁਆਰਾ ਪ੍ਰਬੰਧਕਾਂ ਤੋਂ ਇਲਾਵਾ ਵੱਖ-ਵੱਖ ਬਿਮਾਰੀਆਂ ਦੇ ਮਾਹਰ ਡਾਕਟਰਾਂ ਨੇ ਹਿੱਸਾ ਲਿਆ। ਆਧੁਨਿਕ ਸਾਜ਼ੋ-ਸਮਾਨ ਨਾਲ ਉਪਲਬਧ ਇਸ ਕਲੀਨਕ ਵਿਚ ਲੋੜਵੰਦ ਆਪਣੀਆਂ ਬਿਮਾਰੀਆਂ ਦਾ ਚੈਕਅੱਪ ਕਰਵਾ ਸਕਣਗੇ, ਖਾਸ ਕਰਕੇ ਜਿੰਨਾ ਕੋਲ ਮੈਡੀਕਲ ਇੰਸ਼ੋਰੈਂਸ ਨਹੀਂ ਹੈ।


ਇਸੇ ਦੌਰਾਨ ਪ੍ਰਬੰਧਕਾਂ ਨੇ ਸਿੱਖੀ ਪ੍ਰਚਾਰ ਲਈ ਪੰਜ ਕਿਲੋਮੀਟਰ ਪੈਦਲ ਮਾਰਚ ਕੀਤਾ ਜਿਸ ਵਿਚ ਵੱਖ ਵੱਖ ਧਰਮਾਂ ਦੇ ਲੋਕਾ ਨੇ ਹਿੱਸਾ ਲਿਆ। ਇਸ ਸਮੇਂ ਉਘੇ ਸਮਾਜ ਸੇਵੀ ਇੰਦਰਜੀਤ ਸਿੰਘ ਥਿੰਦ ਨੇ ਕਮੇਟੀ ਵੱਲੋਂ ਕਰਵਾਏ ਗਏ ਮਹਾਨ ਕਾਰਜਾਂ ਦੀ ਸ਼ਲਾਘਾ ਕਰਦਿਆ ਕਿਹਾ ਕਿ ਅਜਿਹੇ ਕਾਰਜਾਂ ਨਾਲ ਜਿੱਥੇ ਸਿੱਖੀ ਦਾ ਪ੍ਰਚਾਰ ਹੋਵੇਗਾ ਉਥੇ ਲੋੜਵੰਦਾਂ ਦੀ ਸਹਾਇਤਾ ਵੀ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜ ਕਿਲੋਮੀਟਰ ਤੁਰਨ ਸਮੇਂ ਜੋ ਮਾਇਆ ਇਕੱਠੀ ਹੋਈ ਹੈ ਉਸ ਨਾਲ ਬੇਘਰੇ ਲੋਕਾਂ ਨੂੰ ਕੰਬਲ ਵੰਡੇ ਜਾਣਗੇ।




ਗੁਰੂ ਨਾਨਕ ਮੁਫਤ ਮੈਡੀਕਲ ਕਲੀਨਕ ਦੇ ਉਦਘਾਟਨ ਸਮੇਂ ਪ੍ਰਬੰਧਕ ਕਮੇਟੀ ਅਤੇ ਹੋਰ ਪਤਵੰਤੇ



WEBSITE: DHOLRADIO.ORG
Dhol Radio
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
Request Song
Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210
Listen On Phone
Music 24/7
Application for android and iPhone- Dhol Radio



Jammu Chiropractic
ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?
ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।
*We Accept Personal Injury (PI) Cases*
Medicare & Most Private Insurances Accepted
*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545





Dhillon Truck Stop
Dhillon Road Service
Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 575-815-8536

The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available

1984 ਦੇ ਸਿੱਖ ਨਸਲਘਾਤ ਦੀ ਯਾਦ ਵਿਚ ਉਤਰੀ ਅਮਰੀਕਾ ਦੇ ਸਿੱਖ ਨੌਜਵਾਨਾਂ ਵੱਲੋਂ ਪਹਿਲੀ ਵਾਰ ਕਰਵਾਈ ਜਾ ਰਹੀ ਖੋਜ ਕਾਨਫਰੰਸ

# ਜਾਗੋ ਕਾਨਫਰੰਸ-2014

**30 ਨਵੰਬਰ 2014 (ਐਤਵਾਰ)**
ਸਵੇਰੇ 10 ਵਜੇ ਤੋਂ ਸ਼ਾਮੀ 6 ਵਜੇ ਤੱਕ

**ਜੇਮਜ਼ ਲੋਗਨ ਹਾਈ ਸਕੂਲ**
ਯੂਨੀਅਨ ਸਿਟੀ (ਕੈਲੀਫੋਰਨੀਆ)

**JAGO is a movement and youth-led conference that aims to bring together different organizations, artists and activists that aims to discuss the social and political issues that face the Sikh Nation today, and set a collective agenda to move forward.**

ਇਹ ਨਵੀਂ ਖੋਜ ਤੇ ਵਿਲੱਖਣ ਢੰਗ ਨਾਲ ਉਲੀਕਿਆ ਸਮਾਗਮ ਹੋਵੇਗਾ, ਜਿਸ ਵਿਚ ਨੌਜਵਾਨ ਵਿਦਿਆਰਥੀ/ਵਿਦਿਅਰਥਣਾਂ, ਕਲਾਕਾਰਾਂ ਤੇ ਪੰਥਕ ਜਥੇਬੰਦੀਆਂ ਵੱਲੋਂ ਪੰਜਾਬ ਅਤੇ ਸਿੱਖ ਕੌਮ ਦੇ ਮੌਜੂਦਾ ਸਮਾਜਿਕ ਤੇ ਰਾਜਨੀਤਕ ਮਸਲਿਆਂ ਬਾਰੇ ਵਿਚਾਰ ਕਰਦਿਆਂ ਕੌਮ ਦੇ ਸਾਂਝੇ ਮੁੱਦੇ ਵੱਲ ਅੱਗੇ ਵਧਿਆ ਜਾਵੇਗਾ।

ਇਸ ਕਾਨਫਰੰਸ ਵਿਚ ਸਿੱਖ ਨੌਜਵਾਨਾਂ ਤੇ ਸਿੱਖ ਬੀਬੀਆਂ ਦਾ ਪਹੁੰਚ ਕੇ ਵਿਚਾਰਾਂ ਦੀ ਸਾਂਝ ਪਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਸ ਕਾਨਫਰੰਸ ਵਿਚ ਸਿੱਖ ਬੀਬੀਆਂ ਦਾ ਸਿੱਖ ਸੰਘਰਸ਼ ਵਿਚ ਪਾਇਆ ਹਿੱਸਾ ਅਤੇ ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਸੰਕਟ, ਵਿਸ਼ੇਸ਼ ਤੌਰ ਉਤੇ ਵਿਚਾਰੇ ਜਾਣਗੇ। ਇਸ ਵਿਚ ਹੇਠ ਲਿਖੇ ਖੋਜੀ ਆਪਣੇ ਵਿਚਾਰ ਦੇਣਗੇ:

1. ਕਿਰਨ ਰਾਏ- ਸਿੱਖ ਐਕਟੀਵਿਸਟ ਨੈਟਵਰਕ
2. ਰੂਪੀ ਕੌਰ- ਸਲੈਮ ਪੋਇਟ ਐਂਡ ਐਕਟੀਵਿਸਟ
3. ਦਮਨਜੀਤ ਸਿੰਘ- ਯੂਨੀਵਰਸਿਟੀ ਆਫ ਕੈਲੀਫੋਰਨੀਆ ਸੈਂਟਾ ਕਰੂਜ਼
4. ਨੀਨਾ ਕੌਰ- ਕੈਲੀਫੋਰਨੀਆ ਸਕੂਲ ਆਫ ਪ੍ਰੋਫੈਸ਼ਨਲ ਸਾਈਕਾਲੋਜੀ
5. ਪੁਨੀਤ ਕੌਰ ਖਾਲਸਾ- ਇਨਸਾਫ, ਯੂਨੀਵਰਸਿਟੀ ਆਫ ਕੈਲੀਫੋਰਨੀਆ ਡੇਵਿਸ
6. ਜਾਸਮੀਨ ਕੌਰ- ਯੂਨੀਵਰਸਿਟੀ ਆਫ ਫਰੇਜ਼ਰ ਵੈਲੀ, ਕੈਨੇਡਾ
7. ਕੰਵਰਰੂਪ ਕੌਰ- ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ
8. ਢਾਡੀ ਸਰਬਜੀਤ ਸਿੰਘ ਸਾਜਨ (ਢਾਡੀ ਵਾਰਾਂ)

**ਜਰੂਰੀ ਨੋਟ**
ਚਾਹ ਪਾਣੀ ਤੇ ਲੰਗਰ ਦਾ ਪੂਰਾ ਪ੍ਰਬੰਧ ਹੋਵੇਗਾ



**ਸੰਪਰਕ ਕਰੋ:**
jagoconference@gmail.com
Ph: 510-648-0953







## ਚੇ ਗੁਵੇਰਾ ਦੀਆਂ ਤਸਵੀਰਾਂ

# ਇਨਕਲਾਬ ਦਾ ਅਕਸ

ਕਲਾ ਪਰਿਕਰਮਾ


**ਸਮੁੱਚੇ ਸੰਸਾਰ ਵਿਚ ਇਨਕਲਾਬ ਦਾ ਅਕਸ ਬਣਿਆ ਮਿਸਾਲੀ ਆਗੂ ਚੇ ਗੁਵੇਰਾ ਇਕ ਵਾਰ ਫਿਰ ਚਰਚਾ ਵਿਚ ਹੈ। ਉਸ ਦੀਆਂ ਆਖਰੀ ਵਕਤ ਵਾਲੀਆਂ ਕੁਝ ਤਸਵੀਰਾਂ ਸਪੇਨ ਵਿਚ ਸਾਹਮਣੇ ਆਈਆਂ ਹਨ। ਇਹ ਤਸਵੀਰਾਂ ਏ.ਐਫ.ਪੀ. ਦੇ ਫੋਟੋਗ੍ਰਾਫਰ ਮਾਰਕ ਹੱਟਨ ਨੇ ਉਸ ਸਮੇਂ ਖਿੱਚੀਆਂ ਸਨ ਜਦੋਂ ਚੇ ਗੁਵੇਰਾ ਨੂੰ ਗੋਲੀਆਂ ਮਾਰਨ ਬਾਅਦ ਸਟਰੈਚਰ 'ਤੇ ਲਿਆਂਦਾ ਜਾ ਰਿਹਾ ਸੀ। ਅਸੀਂ ਇਥੇ ਚੇ ਗੁਵੇਰਾ ਦੀ ਇਕ ਹੋਰ ਪ੍ਰਸਿੱਧ ਤਸਵੀਰ ਦੀ ਚਰਚਾ ਕਰ ਰਹੇ ਹਾਂ ਜੋ ਅੱਜ ਵੀ ਸੰਸਾਰ ਭਰ ਦੇ ਇਨਕਲਾਬੀਆਂ ਲਈ ਪ੍ਰੇਰਨਾ ਦਾ ਸੋਮਾ ਹੈ। -ਸੰਪਾਦਕ**



*ਅਲਬਰਟੋ ਕੋਰਡਾ ਵੱਲੋਂ ਖਿੱਚੀ ਚੇ ਗੁਵੇਰਾ ਦੀ ਇਤਿਹਾਸਕ ਅਸਲ ਤਸਵੀਰ।*

ਅਰਜਨਟੀਨਾ ਵਿਚ ਜਨਮੇ ਅਤੇ ਕਿਊਬਾ ਦੇ ਇਨਕਲਾਬ ਵਿਚ ਵੱਡਾ ਯੋਗਦਾਨ ਪਾਉਣ ਵਾਲੇ ਮਿਸਾਲੀ ਕਮਿਊਨਿਸਟ ਆਗੂ ਚੇ ਗੁਵੇਰਾ ਨਾਲ ਕਈ ਕਹਾਣੀਆਂ ਜੁੜੀਆਂ ਹੋਈਆਂ ਹਨ। ਬੋਲੀਵੀਆ ਦੇ ਜੰਗਲਾਂ ਵਿਚ ਜਦੋਂ ਅਮਰੀਕਾ ਦੀ ਖੁਫੀਆ ਏਜੰਸੀ ਸੀ.ਆਈ.ਏ. ਨੇ 8 ਅਕਤੂਬਰ 1967 ਵਿਚ ਉਸ ਨੂੰ ਫੜ ਕੇ ਗੋਲੀ ਮਾਰੀ ਤਾਂ ਉਸ ਵੇਲੇ ਉਸੇ ਦੀ ਉਮਰ 39 ਸਾਲ ਸੀ ਅਤੇ ਉਦੋਂ ਤੱਕ ਉਹ ਸੰਸਾਰ ਭਰ ਦੇ ਇਨਕਲਾਬੀਆਂ ਲਈ ਪ੍ਰੇਰਨਾ ਸਰੋਤ ਬਣ ਚੁੱਕਾ ਸੀ। ਉਸ ਵੇਲੇ ਅਮਰੀਕੀ ਅਧਿਕਾਰੀਆਂ ਨੇ ਚੇ ਗੁਵੇਰਾ ਦੇ ਹੱਥ ਵੱਢ ਕੇ ਉਸ ਦੀ ਦੇਹ ਕਿਸੇ ਅਣਦੱਸੀ ਥਾਂ ਦਫਨਾ ਦਿੱਤੀ ਸੀ। ਉਸ ਦੀਆਂ ਅਸਥੀਆਂ ਬਾਰੇ ਪਤਾ ਆਖਰਕਾਰ 1997 ਵਿਚ ਜਾ ਕੇ ਲੱਗਾ। ਇਨ੍ਹਾਂ ਅਸਥੀਆਂ ਦੀ ਪਛਾਣ ਇਹੀ ਸੀ ਕਿ ਸਰੀਰ ਨਾਲੋਂ ਹੱਥ ਵੱਢੇ ਹੋਏ ਸਨ। ਹੱਥ ਵੱਢਣ ਤੋਂ ਪਹਿਲਾਂ ਚੇ ਗੁਵੇਰਾ ਦੀ ਲਾਸ਼ ਪੱਤਰਕਾਰਾਂ ਨੂੰ ਦਿਖਾਈ ਗਈ ਸੀ। ਉਸ ਵੇਲੇ ਦੀਆਂ ਕੁਝ ਤਸਵੀਰਾਂ ਅਖਬਾਰਾਂ ਵਿਚ ਛਪੀਆਂ ਸਨ, ਪਰ ਹੁਣ ਉਸ ਦੀਆਂ ਕੁਝ ਹੋਰ ਤਸਵੀਰਾਂ ਸਪੇਨ ਦੇ ਇਕ ਕਸਬੇ ਵਿਚੋਂ ਮਿਲੀਆਂ ਹਨ ਜਿਹੜੀਆਂ ਅਜੇ ਤੱਕ ਕਿਤੇ ਨਸ਼ਰ ਨਹੀਂ ਸਨ ਹੋਈਆਂ। ਇਹ ਤਸਵੀਰਾਂ ਏ.ਐਫ.ਪੀ. ਦੇ ਫੋਟੋਗ੍ਰਾਫਰ ਮਾਰਕ ਹੱਟਨ ਨੇ ਖਿੱਚੀਆਂ ਸਨ। ਇਨ੍ਹਾਂ ਤਸਵੀਰਾਂ ਵਿਚ ਚੇ ਗੁਵੇਰੇ ਦੇ ਜੈਕਟ ਪਾਈ ਹੋਈ ਹੈ ਅਤੇ ਉਸ ਦੀਆਂ ਅੱਖਾਂ ਖੁੱਲ੍ਹੀਆਂ ਹਨ।

ਉਂਜ, ਚੇ ਗੁਵੇਰਾ ਦੀ ਜਿਹੜੀ ਤਸਵੀਰ ਸਭ ਤੋਂ ਵੱਧ ਮਸ਼ਹੂਰ ਹੋਈ, ਉਹ ਕਿਊਬਾ ਦੇ ਫੋਟੋਗ੍ਰਾਫਰ ਅਲਬਰਟੋ ਕੋਰਡਾ (14 ਸਤੰਬਰ 1928-25 ਮਈ 2001) ਨੇ ਖਿੱਚੀ ਸੀ। ਹੁਣ ਤੱਕ ਇਸ ਤਸਵੀਰ ਦੇ ਜਿੰਨੇ ਪ੍ਰਿੰਟ ਛਪ ਚੁੱਕੇ ਹਨ, ਮਾਰਲਿਨ ਮੁਨਰੋ ਦੀ ਤਸਵੀਰ ਨੂੰ ਛੱਡ ਕੇ ਕਿਸੇ ਹੋਰ ਤਸਵੀਰ ਦੇ ਅੱਜ ਤੱਕ ਨਹੀਂ ਛਪੇ ਹਨ। ਇਹ ਤਸਵੀਰ ਸੰਸਾਰ ਭਰ ਦੇ ਇਨਕਲਾਬੀਆਂ ਲਈ ਪ੍ਰੇਰਨਾ ਸਰੋਤ ਤਾਂ ਬਣੀ ਹੀ ਹੈ, ਕਾਰੋਬਾਰੀਆਂ ਨੇ ਵੀ ਆਪਣਾ ਕਾਰੋਬਾਰ ਵਧਾਉਣ ਲਈ ਇਸ ਤਸਵੀਰ ਦੀ ਰੱਜ ਕੇ (ਦੁਰ)ਵਰਤੋਂ ਕੀਤੀ ਹੈ। ਅਲਬਰਟੋ ਕੋਰਡਾ ਇਹ ਤਸਵੀਰ ਇਉਂ ਵਪਾਰਕ ਪੱਧਰ 'ਤੇ ਵਰਤਣ ਖਿਲਾਫ ਆਵਾਜ਼ ਵੀ ਬੁਲੰਦ ਕਰਦਾ ਰਿਹਾ। ਕੋਰਡਾ ਨੇ 2000 ਵਿਚ ਵੋਦਕਾ ਕੰਪਨੀ 'ਸਮਿਰਨਫ' ਖਿਲਾਫ ਕੇਸ ਵੀ ਦਰਜ ਕਰਵਾਇਆ ਸੀ। ਇਸ



*ਅਲਬਰਟੋ ਕੋਰਡਾ ਆਪਣੇ ਕੈਮਰੇ ਨਾਲ।*

ਕੰਪਨੀ ਨੇ ਚੇ ਗੁਵੇਰਾ ਦੀ ਤਸਵੀਰ ਬੋਤਲਾਂ ਉਤੇ ਲਾਉਣੀ ਸ਼ੁਰੂ ਕਰ ਦਿੱਤੀ ਸੀ। ਕੋਰਡਾ ਦਾ ਕਹਿਣਾ ਹੈ ਕਿ ਉਸ ਲਈ ਇਸ ਤਰ੍ਹਾਂ ਦੀ ਇਸ਼ਤਿਹਾਰਬਾਜ਼ੀ ਬਰਦਾਸ਼ਤ ਤੋਂ ਬਾਹਰ ਸੀ। ਬਾਅਦ ਵਿਚ ਕੰਪਨੀ ਨੇ ਉਸ ਤੋਂ ਮੁਆਫੀ ਮੰਗ ਲਈ ਅਤੇ ਸਮਝੌਤਾ ਕਰ ਲਿਆ। ਇਵਜ਼ ਵਿਚ ਕੋਰਡਾ ਨੂੰ 50 ਹਜ਼ਾਰ ਡਾਲਰ ਮਿਲੇ ਜੋ ਉਸ ਨੇ ਕਿਊਬਾ ਦੇ ਸਿਹਤ ਵਿਭਾਗ ਨੂੰ ਸੌਂਪ ਦਿੱਤੇ।

ਉਂਜ, ਇਸ ਤਸਵੀਰ ਦਾ ਵੀ ਆਪਣਾ ਇਤਿਹਾਸ ਹੈ। ਇਹ ਤਸਵੀਰ 5 ਮਾਰਚ 1960 ਨੂੰ ਖਿੱਚੀ ਗਈ ਸੀ। ਦਰਅਸਲ, ਫਰਾਂਸ ਤੋਂ ਹਥਿਆਰਾਂ ਦਾ ਭਰਿਆ ਜਹਾਜ਼ ਹਵਾਨਾ (ਕਿਊਬਾ) ਆ ਰਿਹਾ ਸੀ ਕਿ ਸਾਬੋਤਾਜ ਦੀ ਘਟਨਾ ਕਾਰਨ ਡੁੱਬ ਗਿਆ ਅਤੇ ਇਸ ਦੇ 136 ਸਵਾਰ ਮਾਰੇ ਗਏ। ਕਿਊਬਾ ਦੇ ਰਾਸ਼ਟਰਪਤੀ ਫੀਦਲ ਕਾਸਤਰੋ, ਫਰਾਂਸ ਦਾ ਵਿਦਵਾਨ ਜਾਂ ਪਾਲ ਸਾਰਤਰ ਤੇ ਉਸ ਦੀ ਪਤਨੀ ਸਿਮੋਨ ਬਬੂਆ, ਚੇ ਗੁਵੇਰਾ ਅਤੇ ਹੋਰ ਆਗੂ ਫੌਤ ਹੋਏ ਇਨ੍ਹਾਂ ਵਿਅਕਤੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਇਕ ਸਮਾਗਮ ਵਿਚ ਗਏ ਸਨ। ਉਥੇ ਚੇ ਗੁਵੇਰਾ ਬੱਸ ਕੁਝ ਕੁ ਸਕਿੰਟਾਂ ਲਈ ਸਟੇਜ ਉਤੇ ਅੱਗੇ ਤੱਕ ਆਇਆ ਸੀ ਅਤੇ ਪਲ ਝਪਕਦਿਆਂ ਹੀ ਕੋਰਡਾ ਨੇ ਤਸਵੀਰ ਖਿਚ ਲਈ। ਇਸ ਤਸਵੀਰ ਵਿਚ ਇਕ ਹੋਰ ਵਿਅਕਤੀ ਦਾ ਥੋੜ੍ਹਾ ਜਿਹਾ ਚਿਹਰਾ ਅਤੇ ਦਰਖ਼ਤ ਦੇ ਪੱਤੇ ਦਿਖਾਈ ਦਿੰਦੇ ਹਨ, ਪਰ ਮਗਰੋਂ ਕੋਰਡਾ ਨੇ ਸਿਰਫ ਚੇ ਗੁਵੇਰਾ ਦੀ ਤਸਵੀਰ ਰੱਖ ਲਈ ਅਤੇ ਆਲੇ-ਦੁਆਲਿਓਂ ਕਟਿੰਗ ਕਰ ਦਿੱਤੀ। ਕੋਰਡਾ ਤਸਵੀਰ ਖਿੱਚਣ ਦੇ ਉਸ ਵਕਤ ਬਾਰੇ ਦੱਸਦਾ ਹੈ ਕਿ ਚੇ ਗੁਵੇਰਾ ਦੇ ਚਿਹਰੇ ਉਤੇ ਉਸ ਵੇਲੇ ਸ਼ਾਂਤੀ ਤਾਂ ਸੀ, ਪਰ ਚਿਹਰਾ ਬਹੁਤ ਸਖਤ ਦਿਖਾਈ ਦੇ ਰਿਹਾ ਸੀ ਅਤੇ ਉਸੇ ਵੇਲੇ ਉਹਨੇ ਇਹ ਤਸਵੀਰ ਖਿੱਚ ਲਈ। ਉਸ ਨੇ 'ਰੈਵੋਲਿਊਸ਼ਨ' ਨਾਂ ਦੀ ਅਖਬਾਰ ਵਿਚ ਇਹ ਤਸਵੀਰ ਛਪਣ ਲਈ ਭੇਜੀ ਜਿਥੇ ਉਹ ਕੰਮ ਕਰਦਾ ਸੀ। ਅਖਬਾਰ ਦੇ ਸੰਪਾਦਕ ਨੇ ਇਹ ਤਸਵੀਰ ਰੱਦ ਕਰ ਦਿੱਤੀ। ਪਿਛੋਂ ਕੋਰਡਾ ਨੇ ਇਹ ਤਸਵੀਰ ਸਾਂਭੀ ਰੱਖੀ। ਫਿਰ ਫਰੇਮ ਕਰਵਾ ਕੇ ਆਪਣੇ ਕਮਰੇ ਵਿਚ ਲਾ ਲਈ। ਚੇ ਗੁਵੇਰਾ ਦੀ ਮੌਤ ਤੋਂ ਬਾਅਦ ਇਹ ਤਸਵੀਰ ਬਹੁਤ ਮਸ਼ਹੂਰ ਹੋ ਗਈ ਅਤੇ ਇਸ ਦਾ ਚੇ ਗੁਵੇਰਾ ਵਾਂਗ ਹੀ ਇਤਿਹਾਸ ਬਣ ਗਿਆ।

***-ਜਗਜੀਤ ਸਿੰਘ ਸੇਖੋਂ***

## ਆਖਰੀ ਸਲਾਮੀ...

*ਅਮਰੀਕੀ ਖੁਫੀਆ ਏਜੰਸੀ ਸੀ.ਆਈ.ਏ. ਨੇ ਚੇ ਗੁਵੇਰਾ ਨੂੰ ਬੋਲੀਵੀਆ ਦੀ ਫੌਜ ਦੀ ਮੱਦਦ ਨਾਲ, ਬੋਲੀਵੀਆ ਦੇ ਜੰਗਲਾਂ ਵਿਚੋਂ 8 ਅਕਤੂਬਰ 1967 ਨੂੰ ਗ੍ਰਿਫਤਾਰ ਕਰ ਲਿਆ ਸੀ, ਪਰ ਅਮਰੀਕੀ ਹੁਕਮਾਂ ਤੋਂ ਬਾਅਦ ਅਗਲੇ ਹੀ ਦਿਨ 9 ਅਕਤੂਬਰ ਨੂੰ ਉਸ ਨੂੰ ਗੋਲੀ ਮਾਰ ਦਿੱਤੀ ਗਈ। ਪੱਤਰਕਾਰਾਂ ਅੱਗੇ ਚੇ ਗੁਵੇਰਾ ਦੀ ਦੇਹ ਨੂੰ ਟਰਾਫੀ ਵਾਂਗ ਪੇਸ਼ ਕੀਤਾ ਗਿਆ। ਉਸ ਵਕਤ ਉਸ ਦੀਆਂ ਅੱਖਾਂ ਖੁੱਲ੍ਹੀਆਂ ਸਨ। ਇਹ ਤਸਵੀਰਾਂ ਏ.ਐਫ.ਪੀ. ਦੇ ਪੱਤਰਕਾਰ ਮਾਰਕ ਹੱਟਨ ਨੇ ਖਿੱਚੀਆਂ ਸਨ ਜਿਨ੍ਹਾਂ ਵਿਚੋਂ ਕੁਝ ਤਸਵੀਰਾਂ ਅਖਬਾਰਾਂ ਵਿਚ ਛਪ ਗਈ ਸਨ। ਹੁਣ ਸਪੇਨ ਵਿਚੋਂ ਜਿਹੜੀਆਂ ਤਸਵੀਰਾਂ ਮਿਲੀਆਂ ਹਨ, ਉਹ ਅੱਜ ਤੱਕ ਕਿਤੇ ਨਹੀਂ ਸਨ ਛਪੀਆਂ।*



## ਆਖ ਤਸਵੀਰਾਂ ਬੋਲਦੀਆਂ

**ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਨਵੰਬਰ 2014 ਹੈ। -ਸੰਪਾਦਕ**

### ਕੈਪਸ਼ਨ ਮੁਕਾਬਲਾ-144



*ਤਖਤੇ-ਸ਼ਾਹੀਂ ਅਤੇ ਸਿਆਸਤ,*
*ਨੇਤਾ-ਅਫਰਸ਼ਾਹੀ ਦੇ ਲਈ ਮੇਵਾ ਹੈ।*
*ਧੱਕੇਸ਼ਾਹੀ, ਜ਼ੁਲਮ, ਤਸ਼ੱਦਦ, ਪੰਜਾਬ 'ਚ ਯਾਰੋ*
*'ਰਾਜ ਨਹੀਂ ਇਹ ਸੇਵਾ' ਹੈ।*

### ਕੈਪਸ਼ਨ ਮੁਕਾਬਲਾ-142



ਕੋਰੇ ਘੜੇ ਦਾ ਪਾਣੀ ਹੈ ਸੀ
ਮਹਿਕਾਂ ਦੇ ਨਾਲ ਭਰਿਆ।
ਹਵਾ ਦੇ ਵਿਚੋਂ ਸਾਹ ਸੀ ਲੈਂਦਾ
ਪਾਣੀ ਰਹਿੰਦਾ ਠਰਿਆ।
ਤੜਕ ਭੜਕ ਨੇ ਮਾਰੀ ਦੁਨੀਆਂ
ਰੰਗਾਂ ਨਾਲ ਸ਼ਿੰਗਾਰ ਦਿੱਤਾ।
ਸੂਰਤ ਭਾਵੇਂ ਸੋਹਣੀ ਲਗਦੀ
ਪਰ ਸੀਰਤ ਤਾਈਂ ਮਾਰ ਦਿੱਤਾ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਬੀਤੇ ਸਮੇਂ ਦੀ ਗੱਲ ਹੋਈ ਇਹ
ਜਦੋਂ ਘੜੇ ਘੁਮਿਆਰ ਬਣਾਉਂਦੇ ਸੀ।
ਪਿੱਲੇ ਘੜੇ 'ਚ ਠੰਡਾ ਮਿੱਠੜਾ ਪਾਣੀ
ਉਦੋਂ ਗਰੀਬ ਦਾ ਫਰਿਜ਼ ਅਖਵਾਉਂਦੇ ਸੀ।
ਜੇਠ-ਹਾੜ ਦੀ ਧੁੱਪ ਵਿਚ ਪੀ ਜਿਸ ਨੂੰ
ਰਾਹੀ ਰੱਬ ਦਾ ਸ਼ੁਕਰ ਮਨਾਉਂਦੇ ਸੀ।
ਬੱਸ ਬਣੇ ਸ਼ਿੰਗਾਰ ਅਜਾਇਬ ਘਰਾਂ ਦਾ
ਜੋ ਕਦੇ ਸੋਹਣੀ ਤਾਈਂ ਅਜ਼ਮਾਉਂਦੇ ਸੀ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਕੱਚੇ ਘੜੇ ਤਾਂ ਕੱਚ ਹੀ ਕਮਾਉਣਾ
ਓੜਕ ਪੱਕੇ ਘੜੇ ਕੰਮ ਆਉਣਾ।
ਜਿਵੇਂ ਯਾਰੀ ਪੱਕੀ ਤੇ ਯਾਰ ਪੱਕੇ
ਇਵੇਂ ਕੱਚੇ ਰਹਿਣਾ ਆਖਰ ਕੱਚੇ।
ਆਖਰ ਪੱਕੇ ਘੜੇ ਦੀ ਕਦਰ ਹੀ ਪੈਣੀ
ਜੰਮਣ ਤੋਂ ਮਰਨ ਤੱਕ ਹਰ ਇਕ ਦੀ
ਇਹਦੇ ਨਾਲ ਜੁੜੀ ਕਹਾਣੀ।
ਫਰਿਜ਼ ਨਾਲੋਂ ਸਾਫ ਤੇ ਠੰਡਾ
ਇਸ ਪੱਕੇ ਘੜੇ ਦਾ ਪਾਣੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਜਲ ਦੀ ਸੇਵਾ ਸੋਚ ਕਿਸੇ ਨੇ
ਪਾਣੀ ਦੇ ਰੱਖੇ ਭਰ ਕੇ ਦੋ ਘੜੇ।
ਰਾਹਗੀਰਾਂ ਦੀ ਪਿਆਸ ਬੁਝਾਉਣ ਨੂੰ
ਦੋ ਗਿਲਾਸ ਵੀ ਨਾਲ ਲਿਆ ਧਰੇ।

***-ਹਰਮੀਕ ਸਿੰਘ ਵਿੱਕੀ***
***ਸਟਾਕਟਨ, ਕੈਲੀਫੋਰਨੀਆ।***

---

ਪਰਦੇਸ 'ਚ ਜੰਮੀ ਧੀ ਪੁੱਛੇ
ਇਹ ਕੀ ਐ 'ਰੈਡ ਬਾਲ' ਜਿਹਾ।
ਪੰਜਾਬ ਦੀ ਜੰਮੀ ਮਾਂ ਦੱਸੇ
ਧੀਏ, ਇਹ ਪਿੰਡ ਦਾ ਫਰਿਜ਼ ਹੈ।
ਇਕ ਦਾ ਕੋਈ ਇਕ 'ਓਨਰ' ਨਹੀਂ
ਇਹ ਪਬਲਿਕ ਪ੍ਰਾਪਰਟੀ ਵਾਂਗ ਹੈ।

***-ਗੁਰਸਿਮਰਤ ਕੌਰ***
***ਯੂਬਾ ਸਿਟੀ, ਕੈਲੀਫੋਰਨੀਆ।***

---

ਮਿੱਟੀ ਦਾ ਘੜਾ, ਸਟੀਲ ਦਾ ਗਿਲਾਸ।
ਮਿਟਾਅ ਦਿੰਦੇ ਸੀ ਝੱਟ ਹੀ ਪਿਆਸ।
ਇਹ ਸਭ ਕੁਝ ਫੇਰ ਦੇਖਾਂਗੇ ਕਦੀ
ਦਿਲ ਵਿਚ ਹਾਲੇ ਵੀ ਹੈ ਇਹ ਆਸ।

***-ਇੰਦਰਜੀਤ ਮੰਗਾ***
***ਪਿਟਸਬਰਗ, ਕੈਲੀਫੋਰਨੀਆ।***

---

ਗਰਮੀ ਦੇ ਮੌਸਮ ਵਿਚ
ਪਾਣੀ ਘੜੇ ਦਾ ਚੰਗਾ ਜੀ।
ਫਰਿਜ਼ ਨਾਲੋਂ ਘੜੇ ਦਾ ਪਾਣੀ
ਲੋੜ ਮੁਤਾਬਕ ਠੰਡਾ ਜੀ।

***-ਇਸ਼ਮੀਤ ਕੌਰ ਨਿਊ ਯਾਰਕ।***

# ਸ਼ੇਰ-ਏ-ਪੰਜਾਬ ਦਾ ਜਨਮ ਦਿਹਾੜਾ ਮਨਾਉਣਾ ਭੁੱਲੀ ਪੰਜਾਬ ਸਰਕਾਰ



**ਸੰਗਰੂਰ:** ਅਕਾਲੀ-ਭਾਜਪਾ ਸਰਕਾਰ ਇਸ ਵਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਿਹਾੜਾ ਮਨਾਉਣਾ ਹੀ ਭੁੱਲ ਗਈ। ਮੁੱਖ ਮੰਤਰੀ ਵੱਲੋਂ ਹਰ ਵਰ੍ਹੇ ਸ਼ੇਰ-ਏ-ਪੰਜਾਬ ਦਾ ਜਨਮ ਦਿਹਾੜਾ ਮਨਾਉਣ ਦੇ ਐਲਾਨ ਸਮੇਂ ਦੀ ਧੂੜ ਵਿਚ ਗੁਆਚ ਗਏ ਹਨ। ਮੁੱਖ ਮੰਤਰੀ ਦੇ ਐਲਾਨ ਨੂੰ 17 ਵਰ੍ਹੇ ਬੀਤਣ ਤੋਂ ਬਾਅਦ ਅਜੇ ਤੱਕ ਮਹਾਰਾਜਾ ਰਣਜੀਤ ਸਿੰਘ ਦਾ ਘੋੜੇ 'ਤੇ ਸਵਾਰ ਕਾਂਸੀ ਦਾ ਬੁੱਤ ਵੀ ਨਹੀਂ ਲੱਗ ਸਕਿਆ। ਮਿਲੀ ਜਾਣਕਾਰੀ ਮੁਤਾਬਕ ਅਕਾਲੀ ਦਲ ਦੀ ਸਰਕਾਰ ਵੱਲੋਂ ਵੱਖ-ਵੱਖ ਸਮੇਂ ਆਪਣੇ ਕਾਰਜਕਾਲ ਦੌਰਾਨ ਚਾਰ ਵਾਰ 1997, 2001, 2007 ਤੇ 2013 ਵਿਚ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਿਹਾੜਾ ਉਨ੍ਹਾਂ ਦੇ ਜਨਮ ਸਥਾਨ ਪਿੰਡ ਬਡਰੁੱਖਾਂ ਵਿਚ ਸਰਕਾਰੀ ਤੌਰ 'ਤੇ ਰਾਜ ਪੱਧਰੀ ਸਮਾਗਮ ਕਰਕੇ ਮਨਾਇਆ ਜਾ ਚੁੱਕਿਆ ਹੈ।

ਸਮਾਗਮਾਂ ਦੌਰਾਨ ਚਾਰ ਵਾਰ ਇਹੋ ਐਲਾਨ ਕੀਤਾ ਗਿਆ ਕਿ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਵਿਚ ਇਕ ਸੁੰਦਰ ਪਾਰਕ ਬਣਾ ਕੇ ਉਸ ਵਿਚ ਉਨ੍ਹਾਂ ਦਾ ਘੋੜੇ 'ਤੇ ਸਵਾਰ ਕਾਂਸੀ ਦਾ ਬੁੱਤ ਲਾਇਆ ਜਾਵੇਗਾ ਪਰ 17 ਸਾਲ ਬੀਤਣ ਤੋਂ ਬਾਵਜੂਦ ਇਹ ਬੁੱਤ ਬਡਰੁੱਖਾਂ ਨਹੀਂ ਪੁੱਜ ਸਕਿਆ। ਮੁੱਖ ਮੰਤਰੀ ਵੱਲੋਂ ਹਰ ਵਰ੍ਹੇ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਿਹਾੜਾ ਮਨਾਉਣ ਦੇ ਐਲਾਨ ਵੀ ਸਮੇਂ ਦੀ ਧੂੜ ਵਿਚ ਗੁਆਚ ਗਏ ਹਨ। ਸੰਨ 2007 ਵਿਚ ਮੁੱਖ ਮੰਤਰੀ ਵੱਲੋਂ ਇਹ ਐਲਾਨ ਵੀ ਕੀਤਾ ਗਿਆ ਸੀ ਕਿ ਸ਼ੇਰ-ਏ-ਪੰਜਾਬ ਦੀ ਯਾਦ ਵਿਚ ਪਿੰਡ ਬਡਰੁੱਖਾਂ ਵਿਚ ਤਿੰਨ ਕਰੋੜ ਦੀ ਲਾਗਤ ਨਾਲ ਇਕ ਆਦਰਸ਼ ਸਕੂਲ ਬਣਾਇਆ ਜਾਵੇਗਾ। ਇਸ ਤੋਂ ਪਹਿਲਾਂ ਸ. ਬਾਦਲ ਵੱਲੋਂ ਮੈਡੀਕਲ ਕਾਲਜ ਬਣਾਉਣ ਤੇ ਸ਼੍ਰੋਮਣੀ ਕਮੇਟੀ ਵੱਲੋਂ ਲੜਕੀਆਂ ਦਾ ਸਕੂਲ ਖੋਲ੍ਹਣ ਦੇ ਐਲਾਨ ਵੀ ਹੋ ਚੁੱਕੇ ਹਨ ਪਰ ਇਹ ਐਲਾਨ ਕਾਗਜ਼ਾਂ ਤੱਕ ਹੀ ਸੀਮਤ ਰਹਿ ਗਏ ਹਨ।

ਪਿੰਡ ਦੀ ਸਰਪੰਚ ਬੀਬੀ ਹਰਬੰਸ ਕੌਰ ਦਾ ਕਹਿਣਾ ਹੈ ਕਿ ਸ਼ੇਰ-ਏ-ਪੰਜਾਬ ਯਾਦਗਾਰੀ ਪਾਰਕ ਦੀ ਚਾਰਦੀਵਾਰੀ ਹੋ ਚੁੱਕੀ ਹੈ ਜਿਸ ਵਿਚ ਪਲਾਂਟੇਸ਼ਨ ਤੇ ਹੋਰ ਕੰਮ ਬਾਕੀ ਹੈ। ਇਸ ਤੋਂ ਇਲਾਵਾ ਸ਼ੇਰ-ਏ-ਪੰਜਾਬ ਯਾਦਗਾਰੀ ਸਟੇਡੀਅਮ ਦੀ ਸਿਰਫ਼ ਚਾਰਦੀਵਾਰੀ ਹੋਈ ਹੈ। ਪੰਚਾਇਤ ਦੀ ਮੰਗ ਹੈ ਕਿ ਪਾਰਕ ਤੇ ਸਟੇਡੀਅਮ ਨੂੰ ਮੁਕੰਮਲ ਕਰਨ ਲਈ ਗ੍ਰਾਂਟ ਦਿੱਤੀ ਜਾਵੇ, ਪਾਰਕ ਵਿਚ ਸ਼ੇਰ-ਏ-ਪੰਜਾਬ ਦਾ ਬੁੱਤ ਸਥਾਪਤ ਕੀਤਾ ਜਾਵੇ। ਪਿੰਡ ਵਿਚ ਮੌਜੂਦ ਇਤਿਹਾਸਕ ਕਿਲ੍ਹੇ ਦੇ ਉਸ ਬੁਰਜ ਨੂੰ ਵੀ ਸਰਕਾਰ ਜਾਂ ਸ਼੍ਰੋਮਣੀ ਕਮੇਟੀ ਵੱਲੋਂ ਸੰਭਾਲਣ ਦੀ ਲੋੜ ਨਹੀਂ ਸਮਝੀ ਗਈ, ਜਿਸ ਵਿਚ ਇਤਿਹਾਸਕਾਰਾਂ ਨੇ ਮਹਾਰਾਜਾ ਰਣਜੀਤ ਸਿੰਘ ਦਾ 13 ਨਵੰਬਰ 1776 ਨੂੰ ਜਨਮ ਹੋਣਾ ਦੱਸਿਆ ਹੈ। ਪਿੰਡ ਵਾਸੀਆਂ ਦੀ ਮੰਗ ਹੈ ਕਿ ਸ਼ੇਰ-ਏ-ਪੰਜਾਬ ਦੀ ਐਸੀ ਆਲੀਸ਼ਾਨ ਯਾਦਗਾਰ ਸਥਾਪਤ ਕੀਤੀ ਜਾਵੇ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖ ਕੌਮ ਦੇ ਗੌਰਵਮਈ ਇਤਿਹਾਸਕ ਵਿਰਸੇ ਤੋਂ ਜਾਣੂ ਕਰਵਾ ਸਕੇ। ਪਿੰਡ ਬਡਰੁੱਖਾਂ ਦੇ ਵਸਨੀਕ ਆਪਣੇ ਪਿੰਡ ਦੀ ਧੀ ਮਾਤਾ ਰਾਜ ਕੌਰ ਦੀ ਕੁੱਖੋਂ ਪੈਦਾ ਹੋਏ ਸਿੱਖ ਕੌਮ ਦੇ ਇਸ ਮਹਾਨ ਯੋਧੇ ਨੂੰ ਕਦੇ ਵੀ ਨਹੀਂ ਭੁੱਲ ਸਕਦੇ।

## ਮੁੱਖ ਮੰਤਰੀ ਦੇ ਵਿਦੇਸ਼ ਦੌਰੇ ਕਾਰਨ ਨਹੀਂ ਮਨਾਇਆ ਜਨਮ ਦਿਹਾੜਾ: ਢੀਂਡਸਾ

**ਸੰਗਰੂਰ:** ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਇਸ ਵਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਚੀਨ ਦੌਰੇ 'ਤੇ ਗਏ ਹੋਣ ਕਾਰਨ ਸ਼ੇਰ-ਏ-ਪੰਜਾਬ ਦਾ ਜਨਮ ਦਿਹਾੜਾ ਸਰਕਾਰੀ ਤੌਰ 'ਤੇ ਨਹੀਂ ਮਨਾਇਆ ਜਾ ਸਕਿਆ ਪਰ ਅਗਲੀ ਵਾਰ ਸਰਕਾਰੀ ਪੱਧਰ 'ਤੇ ਵੱਡਾ ਸਮਾਗਮ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੀ ਸੋਚ ਹੈ ਕਿ ਸ਼ੇਰ-ਏ-ਪੰਜਾਬ ਦੇ ਜਨਮ ਸਥਾਨ ਪਿੰਡ ਬਡਰੁੱਖਾਂ ਨੂੰ ਮਾਡਲ ਗ੍ਰਾਮ ਵਜੋਂ ਵਿਕਸਿਤ ਕੀਤਾ ਜਾਵੇ। ਸ਼ੇਰ-ਏ-ਪੰਜਾਬ ਦੇ ਜਨਮ ਸਥਾਨ ਵਾਲੇ ਖੰਡਰ ਹੋਏ ਕਿਲ੍ਹੇ ਦੇ ਬੁਰਜ ਦੀ ਸੰਭਾਲ ਬਾਰੇ ਸ. ਢੀਂਡਸਾ ਨੇ ਕਿਹਾ ਕਿ ਇਹ ਕਿਲ੍ਹਾ ਮਹਾਰਾਜਾ ਰਣਜੀਤ ਸਿੰਘ ਦੇ ਖਾਨਦਾਨ ਨਾਲ ਸਬੰਧਤ ਸਰਦਾਰਾਂ ਦੀ ਨਿੱਜੀ ਜਾਇਦਾਦ ਹੈ, ਜਿਸ ਵਿਚ ਸਰਕਾਰ ਕੋਈ ਦਖ਼ਲ ਨਹੀਂ ਦੇ ਸਕਦੀ। ਇਸ ਬਾਰੇ ਕਿਲ੍ਹੇ ਦੇ ਮਾਲਕਾਂ ਨਾਲ ਸਰਕਾਰੀ ਪੱਧਰ 'ਤੇ ਗੱਲ ਵੀ ਕੀਤੀ ਸੀ ਪਰ ਉਨ੍ਹਾਂ ਨੇ ਕੋਈ ਹਾਮੀ ਨਹੀਂ ਭਰੀ।

# ਅਮਰਿੰਦਰ ਦੀ ਕਿਤਾਬ 'ਆਨਰ ਐਂਡ ਫਿਡੈਲਿਟੀ' ਰਿਲੀਜ਼



**ਨਵੀਂ ਦਿੱਲੀ:** ਸੀਨੀਆਰ ਕਾਂਗਰਸੀ ਆਗੂ ਤੇ ਲੋਕ ਸਭਾ ਦੇ ਡਿਪਟੀ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸੁਤੰਤਰ ਭਾਰਤ ਵਿਚ ਕਿਸੇ ਵੀ ਸਰਕਾਰ ਨੇ ਵੱਖ-ਵੱਖ ਜੰਗਾਂ ਵਿਚ ਦੇਸ਼ ਦੀ ਖਾਤਰ ਸ਼ਹੀਦ ਹੋਏ ਭਾਰਤੀ ਸੈਨਿਕਾਂ ਦੀ ਯਾਦ ਵਿਚ ਯਾਦਗਾਰ ਬਣਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ। ਆਪਣੀ ਕਿਤਾਬ 'ਆਨਰ ਐਂਡ ਫਿਡੈਲਿਟੀ' ਨੂੰ ਜਾਰੀ ਕਰਦੇ ਸਮੇਂ ਉਨ੍ਹਾਂ ਕਿਹਾ ਕਿ ਇਹ ਗਲਤ ਹੈ ਕਿ ਜੇਕਰ ਕਿਸੇ ਨੇ ਅਜੇ ਤੱਕ 'ਵਾਰ ਮੈਮੋਰੀਅਲ' ਬਣਾਉਣ ਦਾ ਉਪਰਾਲਾ ਨਹੀਂ ਕੀਤਾ। ਸਾਰੇ ਸ਼ਹੀਦ ਸੈਨਿਕਾਂ ਨੂੰ ਸਨਮਾਨ ਮਿਲਣਾ ਚਾਹੀਦਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਨਵੀਂ ਸਰਕਾਰ ਛੇਤੀ ਵਾਰ ਮੈਮੋਰੀਅਲ ਬਣਾਉਣ ਲਈ ਕਦਮ ਚੁੱਕੇਗੀ। ਕੈਪਟਨ ਨੇ ਇਹ ਕਿਤਾਬ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਸਮਰਪਤ ਕੀਤੀ। ਕੈਪਟਨ ਨੇ 1962 ਵਿਚ ਚੀਨ ਖਿਲਾਫ ਭਾਰਤੀ ਫ਼ੌਜ ਦੀ ਹਾਰ ਬਾਰੇ ਹੇਂਡਰਸਨ ਬਰੁੱਕਸ ਦੀ ਰਿਪੋਰਟ ਦਾ ਖੁਲਾਸਾ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਦਸਤਾਵੇਜ਼ ਨੂੰ ਦਬਾਈ ਰੱਖਣ ਦਾ ਕੋਈ ਕਾਰਨ ਨਹੀਂ।

# ਸ਼ਰਾਬ ਪੀਣੀ ਸਿੱਖ ਮਰਿਆਦਾ ਦੇ ਉਲਟ: ਹਾਈਕੋਰਟ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਆਪਣੇ ਇਕ ਤਵਾਰੀਖੀ ਫੈਸਲੇ ਤਹਿਤ ਸਪੱਸ਼ਟ ਕਿਹਾ ਗਿਆ ਹੈ ਕਿ ਸ਼ਰਾਬ ਪੀਣਾ ਸਿੱਖ ਰਹਿਤ ਮਰਿਆਦਾ ਤੋਂ ਉਲਟ ਹੈ, ਭਾਵੇਂ ਸ਼੍ਰੋਮਣੀ ਕਮੇਟੀ ਦੇ ਕਿਸੇ ਮੁਲਾਜ਼ਮ ਨੇ ਆਪਣੀ ਡਿਊਟੀ ਦੇ ਸਮੇਂ ਤੋਂ ਬਾਅਦ ਹੀ ਸੇਵਨ ਕੀਤਾ ਹੋਏ। ਹਾਈਕੋਰਟ ਦੇ ਜਸਟਿਸ ਸਤੀਸ਼ ਕੁਮਾਰ ਮਿੱਤਲ ਤੇ ਜਸਟਿਸ ਦੀਪਕ ਸਿਬਲ ਵਾਲੇ ਡਵੀਜ਼ਨ ਬੈਂਚ ਵੱਲੋਂ ਇਹ ਫੈਸਲਾ ਇਕ ਸ਼੍ਰੋਮਣੀ ਕਮੇਟੀ ਮੁਲਾਜ਼ਮ ਪਿਆਰਾ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਵਿਰੁੱਧ ਦਾਇਰ ਕੀਤੀ ਅਪੀਲ ਉਤੇ ਸੁਣਾਇਆ ਗਿਆ ਹੈ। ਪਟੀਸ਼ਨਰ ਪਿਆਰਾ ਸਿੰਘ ਸ਼੍ਰੋਮਣੀ ਕਮੇਟੀ ਤਹਿਤ ਸੇਵਾਦਾਰ ਵਜੋਂ ਨੌਕਰੀ ਕਰਦਾ ਸੀ। 16 ਮਾਰਚ 2009 ਨੂੰ ਉਹ ਸ਼ਰਾਬੀ ਹਾਲਤ ਵਿਚ ਫੜਿਆ ਗਿਆ, ਉਸ ਨੇ ਲਿਖਤੀ ਤੌਰ 'ਤੇ ਵੀ ਸ਼ਰਾਬ ਦਾ ਸੇਵਨ ਕੀਤਾ ਹੋਣ ਦੀ ਗੱਲ ਸਵੀਕਾਰ ਕੀਤੀ ਹੈ। ਉਸ ਨੂੰ ਉਸੇ ਵੇਲੇ ਡਾਕਟਰੀ ਜਾਂਚ ਲਈ ਅੰਮ੍ਰਿਤਸਰ ਦੇ ਸਿਵਲ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਵੱਲੋਂ ਜਾਂਚ ਮਗਰੋਂ ਵੀ ਸ਼ਰਾਬ ਪੀਤੀ ਹੋਣ ਦੀ ਪੁਸ਼ਟੀ ਕੀਤੀ ਗਈ। ਦੋਸ਼ ਤੈਅ ਹੋਣ ਮਗਰੋਂ ਅਕਤੂਬਰ 2009 ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ।

# ਸਿੱਖ ਬੀਬੀਆਂ ਉਤੇ ਠੱਗੀ ਦੇ ਦੋਸ਼

**ਸਿੰਗਾਪੁਰ:** ਸਿੰਗਾਪੁਰ ਦੀ ਇਕ ਅਦਾਲਤ ਵੱਲੋਂ ਮਲੇਸ਼ੀਆ ਦੀਆਂ ਦੋ ਸਿੱਖ ਔਰਤਾਂ ਉੱਤੇ ਇਕ ਗੁਰਦੁਆਰੇ ਨਾਲ 35 ਹਜ਼ਾਰ ਸਿੰਗਾਪੁਰੀ ਡਾਲਰ ਦੀ ਠੱਗੀ ਮਾਰਨ ਦੇ ਦੋਸ਼ ਲਾਏ ਗਏ ਹਨ। ਜਸਵਿੰਦਰ ਕੌਰ ਢਿੱਲੋਂ (29) ਤੇ ਸੰਜੀਤ ਜਸਬੀਰ ਕੌਰ (34) ਨਾਮੀ ਇਨ੍ਹਾਂ ਔਰਤਾਂ ਨੇ 2010 ਵਿਚ ਜਾਅਲੀ ਚੈੱਕਾਂ ਰਾਹੀਂ ਇਹ ਠੱਗੀ ਮਾਰੀ। ਉਨ੍ਹਾਂ ਨੇ ਗੁਰਦੁਆਰੇ ਦੇ ਅੰਦਰੂਨੀ ਆਡਿਟ ਲਈ ਇਕ ਝੂਠਾ ਵੋਚਰ ਵੀ ਤਿਆਰ ਕੀਤਾ ਸੀ ਜਿਸ ਵਿਚ ਇਹ ਰਕਮ ਇਕ ਸਟੇਸ਼ਨਰੀ ਸਪਲਾਇਰ ਨੂੰ ਦਿੱਤੀ ਗਈ ਸੀ। ਇਹ ਔਰਤਾਂ ਸਿੰਗਾਪੁਰ ਦੇ ਸੈਂਟਰਲ ਸਿੱਖ ਗੁਰਦੁਆਰਾ ਬੋਰਡ ਵਿਚ ਕਲਰਕ ਵਜੋਂ ਕੰਮ ਕਰਦੀਆਂ ਸਨ ਜੋ ਇਥੋਂ ਦੇ ਦੋ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਂਦਾ ਹੈ।

# ਅਸੁਰੱਖਿਅਤ ਇਮਾਰਤਾਂ 'ਚ ਪਿਆ ਹੈ ਵਿਰਾਸਤੀ ਖਜ਼ਾਨਾ



**ਪਟਿਆਲਾ:** ਪੁਰਾਤਤਵ ਵਿਭਾਗ ਦਾ ਪੁਰਾਣਾ ਰਿਕਾਰਡ ਤੇ ਹੋਰ ਬੇਸ਼ਕੀਮਤੀ ਵਸਤਾਂ ਇਥੇ ਅਸੁਰੱਖਿਅਤ ਇਮਾਰਤਾਂ ਵਿਚ ਪਈਆਂ ਹਨ। ਸਟਾਫ ਦੀ ਕਮੀ ਹੋਣ ਦੇ ਬਾਵਜੂਦ ਵੀ ਮੁਲਾਜ਼ਮਾਂ ਨੇ ਰਿਕਾਰਡ ਸਾਂਭਣ ਦਾ ਪੂਰਾ ਬੰਦੋਬਸਤ ਕੀਤਾ ਹੋਇਆ ਹੈ ਪਰ ਮੌਸਮ ਦੇ ਵਿਗੜਦੇ ਮਿਜ਼ਾਜ਼ ਮੁਲਾਜ਼ਮਾਂ ਨੂੰ ਚਿੰਤਾ ਵਿਚ ਪਾ ਦਿੰਦੇ ਹਨ। ਇਹ ਇਮਾਰਤ 100 ਸਾਲ ਤੋਂ ਵੀ ਪੁਰਾਣੀ ਦੱਸੀ ਜਾਂਦੀ ਹੈ, ਜਿਸ ਦੇ ਤਿੰਨ ਕਮਰਿਆਂ ਨੂੰ ਪੁੱਡਾ ਵੱਲੋਂ ਮੁਰੰਮਤ ਕਰਕੇ ਕੀਮਤੀ ਰਿਕਾਰਡ ਸਾਂਭਣ ਦਾ ਕੰਮ ਕੀਤਾ ਗਿਆ ਹੈ। ਪਹਿਲਾਂ ਹੀ ਪੁਰਾਤਤਵ ਵਿਭਾਗ 'ਤੇ ਦੋਸ਼ ਲੱਗਦੇ ਰਹੇ ਹਨ ਕਿ ਰਾਜਿੰਦਰਾ ਕੋਠੀ ਵਿਚੋਂ ਉਠਾਇਆ ਗਿਆ ਪੁਰਾਤਨ ਰਿਕਾਰਡ ਤੇ ਹੋਰ ਵਸਤਾਂ ਖ਼ਰਾਬ ਜਾਂ ਗੁੰਮ ਹੋ ਗਈਆਂ। ਹੁਣ ਵੀ ਤਿੰਨ ਥਾਵਾਂ 'ਤੇ ਪੁਰਾਤਤਵ ਵਿਭਾਗ ਦਾ ਸਾਮਾਨ ਮਿਲਦਾ ਹੈ, ਇਸ ਇਮਾਰਤ ਵਿਚ ਪਏ ਕੀਮਤੀ ਸਾਮਾਨ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਹੱਥ ਲਿਖਤ ਬੀੜਾਂ ਪਈਆਂ ਹਨ, ਜਿਨ੍ਹਾਂ ਵਿਚ ਇਕ ਬੀੜ 'ਤੇ ਸੰਨ 1666 ਦੀ ਹੋਣ ਬਾਰੇ ਅੰਕਿਤ ਹੈ। ਇਸੇ ਤਰ੍ਹਾਂ ਅੱਠ ਰਿਆਸਤਾਂ ਮਾਲੇਰਕੋਟਲਾ, ਨਾਲਾਗੜ੍ਹ, ਕਲਸੀਆ, ਨਾਭਾ, ਪਟਿਆਲਾ, ਜੀਂਦ, ਕਪੂਰਥਲਾ, ਫਰੀਦਕੋਟ ਦਾ ਪ੍ਰਬੰਧਕੀ, ਧਾਰਮਿਕ ਤੇ ਪਰਿਵਾਰਾਂ ਬਾਰੇ ਰਿਕਾਰਡ ਪਿਆ ਹੈ। ਲਾਹੌਰ ਦੇ ਮਸ਼ਹੂਰ ਲੋਹਾਰਾ ਮੁਸੱਵਰ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਬਚਪਨ ਤੋਂ ਲੈਕੇ ਬੁਢਾਪੇ ਤੱਕ ਦੀਆਂ ਬਣਾਈਆਂ ਗਈਆਂ ਦੁਰਲਭ ਪੇਂਟਿੰਗਾਂ ਵੀ ਪਈਆਂ ਹਨ।

ਗੁਰੂ ਗੋਬਿੰਦ ਸਿੰਘ, ਗਦਰ ਲਹਿਰ, ਮਹਾਰਾਜਾ ਰਣਜੀਤ ਸਿੰਘ, ਕੂਕਾ ਸ਼ਹੀਦੀਆਂ, 1857 ਨਾਲ ਸਬੰਧਤ ਦਿਆ ਐਂਡ ਸੰਨਜ਼ ਲਿੱਥੋ ਗਰਾਫਰ ਕੁਇਨ ਲੰਡਨ ਤੇ ਲੰਡਨ ਦੇ ਹੀ ਹੁਦਲਫ ਅਕਰਮਨ ਵੱਲੋਂ ਬਣਾਈਆਂ ਪਹਿਲੀ ਸਿੱਖ ਜੰਗ ਦੀਆਂ ਪੇਂਟਿੰਗਾਂ ਵੀ ਪਈਆਂ ਹਨ। ਗਜ਼ਟ ਨੋਟੀਫਿਕੇਸ਼ਨ ਪੰਜਾਬ ਸਰਕਾਰ 1857 ਤੋਂ ਹੁਣ ਤੱਕ ਪਏ ਹਨ। ਅਕਬਰ ਦੇ ਨੌਂ ਰਤਨਾਂ ਵਿਚੋਂ ਅਬੁੱਲ ਫਜ਼ੂਲ ਦੀ ਉਰਦੂ ਵਿਚ ਸੋਨੇ ਨਾਲ ਹੱਥ ਲਿਖਤ ਅਕਬਰ ਦਰਬਾਰ ਦੀਆਂ ਫੋਟੋਆਂ ਸਮੇਤ 'ਆਈਨੇ ਅਕਬਰੀ' ਵੀ ਇਥੇ ਪਈ ਹੈ। ਢਾਈ ਸੈਂਟੀਮੀਟਰ ਤੇ ਸਵਾ ਸੈਂਟੀਮੀਟਰ ਲੰਬੀ ਚੌੜੀ ਕੁਰਾਨ ਸ਼ਰੀਫ਼ ਪਈ ਹੈ। ਸ਼ਾਹ ਆਜ਼ਮ ਵੱਲੋਂ ਪਟਿਆਲਾ ਦੇ ਮਹਾਰਾਜਾ ਮਹਿੰਦਰ ਸਿੰਘ ਨੂੰ ਰਾਜਾ-ਏ-ਰਾਜਦਾਨ ਦਾ ਦਿੱਤਾ ਗਿਆ ਖ਼ਿਤਾਬ, ਜੋ ਸੋਨੇ ਦਾ ਹੈ, ਵੀ ਇਥੇ ਹੀ ਪਿਆ ਹੈ।

ਰਿਕਾਰਡ ਸਾਂਭਣ ਲਈ ਪਹਿਲਾਂ 45 ਸਰਕਾਰੀ ਕਰਮਚਾਰੀ ਹੁੰਦੇ ਸਨ, ਹੁਣ ਸਿਰਫ 19 ਅਧਿਕਾਰੀ ਤੇ ਕਰਮਚਾਰੀ ਰਹਿ ਗਏ ਹਨ। ਕੀਮਤੀ ਸਾਮਾਨ ਨੂੰ ਖ਼ਤਰਾ ਹੈ। ਮੁਲਾਜ਼ਮਾਂ ਦਾ ਕਹਿਣਾ ਹੈ ਕਿ ਇਥੇ ਕੀਮਤੀ ਸਾਮਾਨ ਪਿਆ ਹੈ, ਜੋ ਖੋਜਾਰਥੀਆਂ ਤੇ ਦੇਸ਼ ਵਿਦੇਸ਼ ਦੀਆਂ ਸਰਕਾਰਾਂ ਨੂੰ ਲੋੜੀਂਦਾ ਹੈ ਪਰ ਇਮਾਰਤ ਪੁਰਾਣੀ ਹੋਣ ਕਾਰਨ ਕੀਮਤੀ ਸਾਮਾਨ ਖ਼ਰਾਬ ਹੋਣ ਦਾ ਖ਼ਤਰਾ ਹੈ। ਰਾਜਿੰਦਰਾ ਕੋਠੀ ਵਿਚ 35000 ਤੋਂ ਵੱਧ ਕਿਤਾਬਾਂ ਤੇ ਹਜ਼ਾਰਾਂ ਫਾਈਲਾਂ ਪੁਰਾਤਤਵ ਕੋਲ ਸਨ।

# ਹਾਈਕੋਰਟ ਦੇ ਫੈਸਲੇ ਨਾਲ ਪੰਜਾਬ ਸਰਕਾਰ ਕਸੂਤੀ ਫਸੀ


**ਚੰਡੀਗੜ੍ਹ (ਬਿਊਰੋ):** ਪੰਜਾਬ-ਹਰਿਆਣਾ ਹਾਈਕੋਰਟ ਵੱਲੋਂ ਪੰਜਾਬ ਦੇ ਜੂਨੀਅਰ ਇੰਜਨੀਅਰਾਂ (ਜੇ.ਈ.) ਦੇ ਸਕੇਲਾਂ ਵਿਚ ਪਿਛਲੇ ਸਮੇਂ ਤੋਂ ਸੋਧ ਕਰਨ ਦੇ ਫ਼ੈਸਲੇ ਪਿੱਛੋਂ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੀ ਪੰਜਾਬ ਸਰਕਾਰ ਲਈ ਕਰੋੜਾਂ ਰੁਪਏ ਦਾ ਨਵਾਂ ਖਰਚਾ ਖੜ੍ਹਾ ਹੋ ਗਿਆ ਹੈ ਜਿਸ ਦਾ ਤੋੜ ਲੱਭਣ ਲਈ ਵਿੱਤ ਵਿਭਾਗ ਵੱਲੋਂ ਵਿਆਪਕ ਪੱਧਰ 'ਤੇ ਕਾਨੂੰਨੀ ਸਲਾਹ ਮਸ਼ਵਰਾ ਕੀਤਾ ਜਾ ਰਿਹਾ ਹੈ। ਇਸ ਮਾਮਲੇ ਵਿਚ ਸਰਕਾਰ ਲਈ ਸਭ ਤੋਂ ਵੱਡੀ ਮੁਸੀਬਤ ਇਹ ਹੈ ਕਿ ਹਾਈਕੋਰਟ ਦੇ ਫ਼ੈਸਲੇ ਨੂੰ ਜੇਈਜ਼ ਉਪਰ ਲਾਗੂ ਕਰਨ ਦੀ ਸੂਰਤ ਵਿਚ ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਦੇ ਤਨਖਾਹ ਢਾਂਚੇ ਦੀ ਪੈਰਿਟੀ ਖਿੰਡਣ ਦੇ ਆਸਾਰ ਬਣ ਸਕਦੇ ਹਨ, ਜਿਸ ਨਾਲ ਮੁਲਾਜ਼ਮਾਂ ਦੇ ਹੋਰ ਵਰਗ ਵੀ ਆਪਣੀ ਪੈਰਿਟੀ ਦੀ ਬਹਾਲੀ ਲਈ ਕਾਨੂੰਨੀ ਲੜਾਈ ਦੇ ਰਾਹ ਪੈ ਸਕਦੇ ਹਨ।

ਸਰਕਾਰ ਅਜਿਹੀ ਸਥਿਤੀ ਤੋਂ ਬਚਣਾ ਚਾਹੁੰਦੀ ਹੈ। ਕਈ ਸਾਲ ਪਹਿਲਾਂ ਸੁਪਰੀਮ ਕੋਰਟ ਨੇ ਪੰਜਾਬ ਦੇ ਭੂਮੀ ਤੇ ਜਲ ਸੰਭਾਲ ਵਿਭਾਗ ਦੇ ਜੇਈਜ਼ ਦੇ ਸਕੇਲਾਂ ਵਿਚ ਸੋਧ ਕਰਨ ਦਾ ਫ਼ੈਸਲਾ ਕੀਤਾ ਸੀ, ਜਿਸ ਨੂੰ ਸਰਕਾਰ ਨੂੰ ਲਾਗੂ ਕਰਨਾ ਪਿਆ ਸੀ। ਇਸ ਕਾਰਨ ਇਸ ਵਿਭਾਗ ਦੇ ਜੇਈਜ਼ ਨੂੰ ਵੱਡੇ ਗੱਫੇ ਮਿਲੇ ਸਨ। ਇਸ ਤੋਂ ਬਾਅਦ ਸਿੰਜਾਈ, ਲੋਕ ਨਿਰਮਾਣ ਤੇ ਪਬਲਿਕ ਹੈਲਥ ਵਿਭਾਗਾਂ ਸਮੇਤ ਹੋਰ ਇੰਜਨੀਅਰਿੰਗ ਵਿਭਾਗਾਂ ਤੇ ਅਰਧ-ਸਰਕਾਰੀ ਅਦਾਰਿਆਂ ਦੇ ਜੇਈਜ਼ ਵੱਲੋਂ ਭੂਮੀ ਤੇ ਜਲ ਸੰਭਾਲ ਵਿਭਾਗ ਦੇ ਜੇਈਜ਼ ਦੇ ਬਰਾਬਰ ਪਿਛਲੇ ਦਹਾਕਿਆਂ ਤੋਂ ਚੱਲਦੀ ਆ ਰਹੀ ਪੈਰਿਟੀ ਬਹਾਲ ਕਰਨ ਲਈ ਹਾਈਕੋਰਟ ਵਿਚ ਰਿੱਟਾਂ ਪਾਉਣ ਦਾ ਸਿਲਸਿਲਾ ਚਲਾਇਆ ਗਿਆ ਸੀ। ਪਹਿਲੇ ਦੌਰ ਵਿਚ 16 ਸਾਲ ਪਹਿਲਾਂ ਸਿੰਜਾਈ ਤੇ ਪਬਲਿਕ ਹੈਲਥ ਵਿਭਾਗਾਂ ਦੇ ਦੋ ਜੇਈਜ਼ ਨੇ ਸਾਲ 1998 ਵਿਚ ਭੂਮੀ ਤੇ ਜਲ ਸੰਭਾਲ ਵਿਭਾਗ ਦੇ ਜੇਈ ਬਰਾਬਰ ਸਕੇਲ ਦੇਣ ਲਈ ਹਾਈਕੋਰਟ ਵਿਚ ਰਿੱਟਾਂ ਪਾਈਆਂ ਸਨ। ਇਸ ਤੋਂ ਬਾਅਦ ਰਿੱਟਾਂ ਦਾ ਸਿਲਸਿਲਾ ਵਧਦਾ ਗਿਆ ਤੇ ਇਸ ਵੇਲੇ ਹਾਈਕੋਰਟ ਵਿਚ ਦਰਜਨਾਂ ਜੇਈਜ਼ ਵੱਲੋਂ ਅਜਿਹੀਆਂ 19 ਰਿੱਟਾਂ ਦਾਖਲ ਕੀਤੀਆਂ ਜਾ ਚੁੱਕੀਆਂ ਹਨ।

ਵੱਖ-ਵੱਖ ਵਿਭਾਗ ਦੇ ਜੇਈਜ਼ ਵੱਲੋਂ ਆਪਣੀਆਂ ਰਿੱਟਾਂ ਰਾਹੀ ਇਕ ਤਰਫੀ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਭੂਮੀ ਤੇ ਜਲ ਸੰਭਾਲ ਵਿਭਾਗ ਦੇ ਜੇਈਜ਼ ਨਾਲ ਦਹਾਕਿਆਂ ਤੋਂ ਚੱਲਦੀ ਆ ਰਹੀ ਪੇਅ ਪੈਰਿਟੀ ਬਹਾਲ ਕੀਤੀ ਜਾਵੇ ਕਿਉਂਕਿ ਉਨ੍ਹਾਂ ਦੀਆਂ ਯੋਗਤਾਵਾਂ ਤੇ ਡਿਊਟੀਆਂ ਬਰਾਬਰ ਹਨ। ਹਾਈਕੋਰਟ ਵੱਲੋਂ ਦੋ ਜੁਲਾਈ 2014 ਨੂੰ ਇਹ ਰਿੱਟਾਂ ਪ੍ਰਵਾਨ ਕਰਕੇ ਅਹਿਮ ਫ਼ੈਸਲਾ ਸੁਣਾਇਆ ਸੀ, ਜਿਸ ਤਹਿਤ ਵੱਖ-ਵੱਖ ਵਿਭਾਗਾਂ ਦੇ ਪਟੀਸ਼ਨਰਜ਼ (ਜੇਈਜ਼) ਨੂੰ ਇਕ ਜਨਵਰੀ 1986 ਤੋਂ ਭੂਮੀ ਤੇ ਜਲ ਸੰਭਾਲ ਵਿਭਾਗ ਦੇ ਜੇਈਜ਼ ਦੇ ਬਰਾਬਰ 2000-3500 ਤੇ ਇਕ ਜਨਵਰੀ 1991 ਤੋਂ 2200-4000 ਦੇ ਸਕੇਲ ਦੇਣ ਦੇ ਆਦੇਸ਼ ਦਿੱਤੇ ਸਨ। ਹਾਈਕੋਰਟ ਨੇ ਭੂਮੀ ਤੇ ਜਲ ਸੰਭਾਲ ਵਿਭਾਗ ਦੇ ਜੇਈਜ਼ ਵਾਂਗ ਪਟੀਸ਼ਨਰਜ਼ ਨੂੰ ਅੱਠ ਸਾਲਾਂ ਬਾਅਦ 3000-4500 ਰੁਪਏ ਤੇ 18 ਸਾਲਾਂ ਬਾਅਦ 3700-5300 ਰੁਪਏ ਦਾ ਸਕੇਲ ਦੇਣ ਲਈ ਵੀ ਕਿਹਾ ਹੈ। ਇਸ ਤੋਂ ਇਲਾਵਾ ਪੈਰਿਟੀ ਬਹਾਲੀ ਨਾਲ ਸਬੰਧਤ ਹੋਰ ਲਾਭ ਦੇਣ ਲਈ ਵੀ ਕਿਹਾ ਹੈ।

ਹਾਈਕੋਰਟ ਨੇ ਦੋ ਜੁਲਾਈ ਨੂੰ ਪੰਜਾਬ ਸਰਕਾਰ ਨੂੰ ਇਸ ਫ਼ੈਸਲੇ ਉਪਰ ਲੋੜੀਂਦੀ ਕਾਰਵਾਈ ਤਿੰਨ ਮਹੀਨਿਆਂ ਵਿਚ ਕਰਨ ਲਈ ਕਿਹਾ ਸੀ। ਪੰਜਾਬ ਸਰਕਾਰ ਵੱਲੋਂ ਇਸ ਸਮੇਂ ਦੌਰਾਨ ਕੋਈ ਫੈਸਲਾ ਨਾ ਲੈਣ ਕਾਰਨ ਦੋ ਪਟੀਸ਼ਨਰਜ਼ ਨੇ ਹਾਈ ਕੋਰਟ ਵਿਚ ਸਰਕਾਰ ਵਿਰੁੱਧ ਮਾਣਹਾਨੀ ਦੀਆਂ ਰਿੱਟਾਂ ਦਾਇਰ ਕੀਤੀਆਂ ਹਨ। ਹਾਈਕੋਰਟ ਨੇ ਇਨ੍ਹਾਂ ਰਿੱਟਾਂ ਉਪਰ ਸਰਕਾਰ ਨੂੰ ਅੱਠ ਹਫਤਿਆਂ ਵਿਚ ਸਟੇਟਸ ਰਿਪੋਰਟ ਦੇਣ ਲਈ ਕਿਹਾ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 15 ਅਪਰੈਲ ਨਿਰਧਾਰਤ ਕੀਤੀ ਹੈ। ਜੇਕਰ ਉਸ ਵੇਲੇ ਤੱਕ ਸਰਕਾਰ ਨੇ ਜਵਾਬ ਨਾ ਦਿੱਤਾ ਤਾਂ ਇਸ ਦਿਨ ਸਬੰਧਤ ਵਿਭਾਗਾਂ ਦੇ ਮੁੱਖ ਇੰਜਨੀਅਰਾਂ ਨੂੰ ਨਿੱਜੀ ਤੌਰ 'ਤੇ ਹਾਈਕੋਰਟ ਵਿਚ ਪੇਸ਼ ਹੋ ਕੇ ਜਵਾਬ ਦੇਣਾ ਪਵੇਗਾ।

## ਸਕੇਲਾਂ ਵਿਚ ਸੋਧ ਨਾਲ ਪਵੇਗਾ ਕਰੋੜਾਂ ਦਾ ਬੋਝ



# ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਮੁੜ ਸ਼ੁਰੂ

## ਗੁਰਬਖ਼ਸ਼ ਸਿੰਘ ਵੱਲੋਂ ਹੁਣ ਹਰਿਆਣੇ ਦੇ ਸ਼ਹਿਰ ਅੰਬਾਲਾ ਵਿਚ ਭੁੱਖ ਹੜਤਾਲ



**ਕੁਰੂਕਸ਼ੇਤਰ:** ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਤੇ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਯਤਨਸ਼ੀਲ ਭਾਈ ਗੁਰਬਖ਼ਸ਼ ਸਿੰਘ ਖਾਲਸਾ ਨੇ ਮੁੜ ਤੋਂ ਸੰਘਰਸ਼ ਸ਼ੁਰੂ ਕਰ ਦਿੱਤਾ ਹੈ ਤੇ ਉਹ ਇਤਿਹਾਸਕ ਗੁਰਦੁਆਰਾ ਲਖਨੌਰ ਸਾਹਿਬ ਪਾਤਿਸ਼ਾਹੀ 10ਵੀਂ ਨੇੜੇ ਅੰਬਾਲਾ ਸ਼ਹਿਰ ਵਿਖੇ ਭੁੱਖ ਹੜਤਾਲ 'ਤੇ ਬੈਠ ਗਏ ਹਨ।

ਦੱਸਣਯੋਗ ਹੈ ਕਿ ਪਿਛਲੇ ਸਾਲ ਵੀ ਭਾਈ ਗੁਰਬਖ਼ਸ਼ ਸਿੰਘ ਖਾਲਸਾ ਨੇ 14 ਨਵੰਬਰ ਨੂੰ ਹੀ ਗੁਰਦੁਆਰਾ ਅੰਬ ਸਾਹਿਬ ਮੋਹਾਲੀ (ਪੰਜਾਬ) ਵਿਖੇ ਭੁੱਖ ਹੜਤਾਲ ਸ਼ੁਰੂ ਕੀਤੀ ਸੀ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੇ ਜਥੇਦਾਰ ਸਿੰਘ ਸਾਹਿਬ ਗੁਰਬਚਨ ਸਿੰਘ ਨੇ ਬੰਦੀ ਸਿੰਘਾਂ ਦੀ ਪੱਕੀ ਰਿਹਾਈ ਦਾ ਵਾਅਦਾ ਕਰ ਕੇ ਖ਼ਤਮ ਕਰਵਾ ਦਿੱਤੀ ਸੀ। ਭਾਈ ਗੁਰਬਖ਼ਸ਼ ਸਿੰਘ ਖਾਲਸਾ ਨੇ ਦੱਸਿਆ ਕਿ ਜਥੇਦਾਰ ਸਾਹਿਬ ਵੱਲੋਂ ਆਪਣਾ ਵਾਅਦਾ ਪੂਰਾ ਨਾ ਕਰਨ ਕਰਕੇ ਉਨ੍ਹਾਂ ਨੇ ਫਿਰ ਤੋਂ ਇਹ ਸੰਘਰਸ਼ ਸ਼ੁਰੂ ਕੀਤਾ ਹੈ। ਇਸ ਵਾਰ ਇਹ ਸੰਘਰਸ਼ ਗੁਰਦੁਆਰਾ ਅੰਬ ਸਾਹਿਬ ਦੀ ਬਜਾਏ ਗੁਰਦੁਆਰਾ ਲਖਨੌਰ ਸਾਹਿਬ ਪਾਤਿਸ਼ਾਹੀ 10ਵੀਂ ਹਰਿਆਣਾ ਤੋਂ ਸ਼ੁਰੂ ਕੀਤਾ ਗਿਆ ਹੈ।

ਇਹ ਸੰਘਰਸ਼ ਹਰਿਆਣਾ ਵਿਚ ਸ਼ੁਰੂ ਕਰਨ ਦਾ ਫੈਸਲਾ ਇਸ ਲਈ ਲੈਣਾ ਪਿਆ, ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਤੇ ਪੰਜਾਬ ਦੇ ਕਿਸੇ ਵੀ ਡੇਰੇਦਾਰ ਨੇ ਉਨ੍ਹਾਂ ਨੂੰ ਸੰਘਰਸ਼ ਲਈ ਥਾਂ ਦੇਣ ਦੀ ਹਾਮੀ ਨਹੀਂ ਭਰੀ। ਉਨ੍ਹਾਂ ਨੂੰ ਹਾਮੀ ਭਰਨ ਦਾ ਮਤਲਬ ਸਿੱਧਾ ਸਰਕਾਰ ਨਾਲ ਟੱਕਰ ਲੈਣਾ ਹੈ, ਜਿਸ ਲਈ ਕੋਈ ਤਿਆਰ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਜੇਕਰ ਕਿਤੇ ਕੋਈ ਥਾਂ ਦੇਣ ਲਈ ਤਿਆਰ ਵੀ ਹੋਇਆ, ਤਾਂ ਪੰਜਾਬ ਸਰਕਾਰ ਨੇ ਉਨ੍ਹਾਂ 'ਤੇ ਦਬਾਅ ਬਣਾ ਕੇ ਉਨ੍ਹਾਂ ਤੋਂ ਨਾਂਹ ਕਰਵਾ ਦਿੱਤੀ। ਉਨ੍ਹਾਂ ਨੇ ਗੁਰਦੁਆਰਾ ਲਖਨੌਰ ਸਾਹਿਬ ਦੀ ਕਮੇਟੀ ਦਾ ਸੰਘਰਸ਼ ਲਈ ਥਾਂ ਦੇਣ ਲਈ ਧੰਨਵਾਦ ਕਰਦੇ ਹੋਏ ਸਾਰੀ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਸਾਰੀ ਕੌਮ ਇਕ ਨਿਸ਼ਾਨ ਸਾਹਿਬ ਹੇਠ ਇਕਠਿਆਂ ਹੋ ਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਹੰਭਲਾ ਮਾਰੇ।

## ਲਖਵਿੰਦਰ ਲੱਖਾ ਕਰੇਗਾ ਬਾਦਲ ਤੱਕ ਪਹੁੰਚ

**ਪਟਿਆਲਾ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਲਖਵਿੰਦਰ ਸਿੰਘ ਲੱਖਾ ਨੇ ਪੰਜਾਬ ਸਰਕਾਰ ਤੋਂ ਉਸ ਸਮੇਤ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਕੋਲ ਜੇਲ੍ਹ ਵਿਚ ਚੰਗੇ ਰਿਕਾਰਡ ਵਾਲੇ ਵਿਅਕਤੀਆਂ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰਨ ਦਾ ਅਧਿਕਾਰ ਹੈ। ਪੈਰੋਲ 'ਤੇ ਆਉਣ ਉਪਰੰਤ ਲੁਧਿਆਣਾ ਵਿਚ ਆਪਣੀ ਭੈਣ ਦੇ ਘਰ ਰਹਿ ਰਹੇ ਲਖਵਿੰਦਰ ਸਿੰਘ ਤੇ ਉਸਦੇ ਕੁਝ ਰਿਸ਼ਤੇਦਾਰ ਇਥੇ ਗੁਰੂ ਨਾਨਕ ਨਗਰ ਵਿਚ ਆਏ ਸਨ, ਜਿਥੇ ਉਹ ਬਚਪਨ ਤੋਂ ਰਹਿੰਦਾ ਰਿਹਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਜੇਲ੍ਹ ਵਿਚ ਚੰਗਾ ਵਿਹਾਰ ਕਰਨ ਵਾਲੇ ਕੈਦੀ ਨੂੰ ਸਰਕਾਰ ਪਹਿਲਾਂ ਰਿਹਾਅ ਕਰਨ ਦਾ ਅਧਿਕਾਰ ਰੱਖਦੀ ਹੈ। ਇਸ ਬਾਰੇ ਉਹ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਉਹ 14 ਦੀ ਬਜਾਏ 20 ਸਾਲਾਂ ਤੋਂ ਜੇਲ੍ਹ ਵਿਚ ਬੰਦ ਹੈ। ਉਸਨੇ ਇਸ ਮੁੱਦੇ 'ਤੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਦੀ ਇੱਛਾ ਵੀ ਜ਼ਾਹਰ ਕੀਤੀ। ਲਖਵਿੰਦਰ ਸਿੰਘ ਨੇ ਸ਼ਿਕਵਾ ਕੀਤਾ ਕਿ ਉਸ ਨੂੰ ਲੁਧਿਆਣਾ ਤੋਂ ਪਟਿਆਲਾ ਆਉਣ ਲਈ ਮਨਜ਼ੂਰੀ ਦੇਣ 'ਤੇ ਲੁਧਿਆਣਾ ਦੇ ਪ੍ਰਸ਼ਾਸਨ ਨੇ 14 ਦਿਨ ਲਾ ਦਿੱਤੇ, ਜਦੋਂਕਿ ਇਹ ਦੋ ਤੋਂ ਤਿੰਨ ਦਿਨਾਂ ਦਾ ਕੰਮ ਸੀ।

# ਕਸ਼ਮੀਰ ਭੇਜੀ ਰਾਹਤ ਸਮੱਗਰੀ ਪੀੜਤਾਂ ਤੱਕ ਨਾ ਪੁੱਜੀ

## ਕਸ਼ਮੀਰ ਦੀਆਂ ਸਿੱਖ ਜਥੇਬੰਦੀਆਂ ਨੇ ਲਾਏ ਦੋਸ਼



ਚੰਡੀਗੜ੍ਹ ਵਿਖੇ ਆਪਣੀ ਵਿਥਿਆ ਸੁਣਾ ਰਹੇ ਕਸ਼ਮੀਰੀ ਸਿੱਖ।

## ਸ਼੍ਰੋਮਣੀ ਕਮੇਟੀ ਨੇ ਦੋਸ਼ ਨਕਾਰੇ

ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸਿੱਖ ਜਥੇਬੰਦੀਆਂ ਤੇ ਸਿੱਖ ਸੰਗਤਾਂ ਵੱਲੋਂ ਭੇਜੇ ਟਰੱਕਾਂ ਬਾਰੇ ਤਾਂ ਉਹ ਕੁਝ ਨਹੀਂ ਕਹਿ ਸਕਦੇ, ਪਰ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਗਏ ਹਰ ਟਰੱਕ, ਉਸ ਟਰੱਕ ਵਿਚਲੀ ਰਾਹਤ ਸਮੱਗਰੀ ਤੇ ਉਹ ਸਮੱਗਰੀ ਕਿਹੜੇ ਕਿਹੜੇ ਸਥਾਨ 'ਤੇ ਵੰਡੀ ਗਈ, ਇਸ ਦਾ ਪੂਰਾ ਰਿਕਾਰਡ ਫੋਟੋਆਂ ਸਹਿਤ ਸ਼੍ਰੋਮਣੀ ਕਮੇਟੀ ਕੋਲ ਹੈ। ਕਮੇਟੀ ਵੱਲੋਂ ਭੇਜੀ ਰਾਹਤ ਸਮੱਗਰੀ ਪੀੜਤਾਂ ਤੋਂ ਬਿਨਾਂ ਹੋਰ ਕਿਸੇ ਕੋਲ ਨਹੀਂ ਜਾਣ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸਿੱਖ ਪੀੜਤਾਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਵਾਨ ਕੀਤੀ ਗਈ ਤਕਰੀਬਨ ਦੋ ਕਰੋੜ ਰੁਪਏ ਰਾਸ਼ੀ ਵੰਡਣ ਦਾ ਕੰਮ ਅਗਲੇ 5-7 ਦਿਨਾਂ ਵਿਚ ਅਰੰਭ ਦਿੱਤਾ ਜਾਵੇਗਾ।

**ਚੰਡੀਗੜ੍ਹ:** ਕਸ਼ਮੀਰੀ ਸਿੱਖਾਂ ਨੇ ਦੋਸ਼ ਲਾਇਆ ਹੈ ਕਿ ਹੜ੍ਹ ਨੇ ਉਜਾੜੇ ਲੋਕਾਂ ਨੂੰ ਦੇਸ਼ਾਂ-ਵਿਦੇਸ਼ਾਂ ਵਿਚੋਂ ਸਿੱਖ ਸੰਗਤਾਂ ਵੱਲੋਂ ਭੇਜੀ ਸਾਰੀ ਰਾਹਤ ਸਮੱਗਰੀ ਪੀੜਤਾਂ ਤੱਕ ਨਹੀਂ ਪਹੁੰਚੀ। ਚੰਡੀਗੜ੍ਹ ਦੇ ਸੈਨਿਕ ਰੈਸਟ-ਹਾਊਸ ਵਿਚ ਪੁੱਜੇ ਜੰਮੂ-ਕਸ਼ਮੀਰ ਸਿੱਖ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਭੁਪਿੰਦਰ ਸਿੰਘ, ਆਲ ਇੰਡੀਆ ਸਿੱਖ ਵਿਦਿਆਰਥੀ ਐਸੋਸੀਏਸ਼ਨ ਕਸ਼ਮੀਰ ਦੇ ਪ੍ਰਧਾਨ ਜਸਬੀਰ ਸਿੰਘ ਤੇ ਅਕਾਲੀ ਦਲ ਕਸ਼ਮੀਰ ਦੇ ਆਗੂ ਦੀਦਾਰ ਸਿੰਘ ਖਾਲਸਾ ਨੇ ਦੱਸਿਆ ਕਿ ਹੜ੍ਹ ਪੀੜਤਾਂ ਲਈ ਸਿੱਖ ਸੰਗਤਾਂ ਵੱਲੋਂ ਸਰਦ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਭੇਜੇ ਕੋਰੀਅਨ ਕੰਬਲ, ਕਾਲੀਨ, ਜੈਕਟਾਂ, ਪਸ਼ਮੀਨਾ ਸ਼ਾਲ, ਮੱਖਣ ਤੇ ਬੂਟਾਂ ਦੇ ਟਰੱਕ ਕਸ਼ਮੀਰ ਵਿਚ ਪਹੁੰਚੇ ਜ਼ਰੂਰ ਸਨ, ਪਰ ਇਹ ਸਾਮਾਨ ਉਨ੍ਹਾਂ ਬਾਜ਼ਾਰਾਂ ਵਿਚ ਵਿਕਦਾ ਦੇਖਿਆ ਤੇ ਗਰਮ ਕਪੜਿਆਂ ਦੇ ਟਰੱਕ ਉਨ੍ਹਾਂ ਖੇਤਰਾਂ ਵਿਚ ਪਹੁੰਚ ਗਏ, ਜਿਥੇ ਹੜ੍ਹ ਨੇ ਮਾਰ ਹੀ ਨਹੀਂ ਮਾਰੀ।

ਕਸ਼ਮੀਰ ਦੇ ਹੜ੍ਹ-ਪੀੜਤ ਸਿੱਖਾਂ ਦੇ ਵਫ਼ਦ ਨੇ ਰੋਸ ਪ੍ਰਗਟ ਕੀਤਾ ਹੈ ਕਿ ਜ਼ਿੰਦਗੀ ਦੀ ਗੱਡੀ ਪਟੜੀ 'ਤੇ ਲਿਆਉਣ ਲਈ ਉਨ੍ਹਾਂ ਕੋਲ ਨਾ ਤਾਂ ਸਹੀ ਤਰ੍ਹਾਂ ਰਾਸ਼ਨ ਤੇ ਵਸਤਾਂ ਪਹੁੰਚ ਰਹੀਆਂ ਹਨ ਤੇ ਨਾ ਹੀ ਕਿਸੇ ਤਰ੍ਹਾਂ ਦੀ ਸਰਕਾਰੀ ਸਹਾਇਤਾ ਅਜੇ ਮਿਲਣ ਲੱਗੀ ਹੈ।

ਜਿਹੜੀਆਂ ਵੀ ਸਮਾਜਸੇਵੀ ਜਥੇਬੰਦੀਆਂ ਨੇ ਵਿੱਤੀ ਮਦਦ ਦਿੱਤੀ ਹੈ, ਉਹ ਜਾਂ ਤਾਂ ਭਾਈ-ਭਤੀਜਾਵਾਦ ਜਾਂ ਫਿਰ ਆਗਾਮੀ ਵਿਧਾਨ ਸਭਾ ਚੋਣਾਂ ਹੋਣ ਕਾਰਨ ਸਿਆਸਤ ਦੀ ਭੇਟ ਚੜ੍ਹ ਰਹੀ ਹੈ। ਸਿੱਖ ਆਗੂਆਂ ਨੇ ਕਿਹਾ ਕਿ ਉਨ੍ਹਾਂ ਕੋਲ ਸਬੂਤ ਵਜੋਂ ਵੀਡੀਓਜ਼ ਵੀ ਮੌਜੂਦ ਹਨ, ਜਿਨ੍ਹਾਂ ਵਿਚ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਕਈ ਥਾਈਂ ਹੜ੍ਹ ਪੀੜਤਾਂ ਨੂੰ ਰਸਦ ਵੰਡਣ ਵਾਲੇ ਵਿਅਕਤੀ ਹੀ ਟਰੱਕਾਂ ਵਿਚਲੇ ਸਾਮਾਨ 'ਤੇ ਆਪਣਾ ਹੱਕ ਜਤਾਉਂਦਿਆਂ ਆਪਸ ਵਿਚ ਖਹਿੰਦੇ ਨਜ਼ਰ ਆਉਂਦੇ ਹਨ। ਆਗੂਆਂ ਨੇ ਦੋਸ਼ ਲਾਇਆ ਕਿ ਸੀ.ਆਰ.ਪੀ.ਐਫ. ਦੇ ਕੁਝ ਜਵਾਨਾਂ ਨੇ ਵੀ ਰਾਹਤ ਰਾਸ਼ੀ ਗਾਇਬ ਕੀਤੀ।

ਉਨ੍ਹਾਂ ਕਿਹਾ ਕਿ ਕਈ ਖੇਤਰਾਂ ਵਿਚ ਸਿੱਖਾਂ ਦੇ ਤਕਰੀਬਨ 150 ਘਰ ਅਜਿਹੇ ਹਨ, ਜਿਹੜੇ ਕਿ ਪੂਰੀ ਤਰ੍ਹਾਂ ਮਲੀਆ ਮੇਟ ਹੋ ਗਏ ਤੇ ਆਰਥਿਕ ਮੰਦਹਾਲੀ ਛਾ ਜਾਣ ਕਾਰਨ ਸਿੱਖ ਪਰਿਵਾਰ ਮਲਬਾ ਵੀ ਚੁਕਾਉਣ ਤੋਂ ਅਸਮਰੱਥ ਹਨ। ਸਿੱਖ ਆਗੂਆਂ ਨੇ ਕਿਹਾ ਕਿ ਜਿਨ੍ਹਾਂ ਸਿੱਖ ਹੜ੍ਹ ਪੀੜਤਾਂ ਵੱਲ ਅਜੇ ਤੱਕ ਕਿਸੇ ਦਾ ਧਿਆਨ ਹੀ ਨਹੀਂ ਗਿਆ, ਉਹ ਹੜ੍ਹ ਪੀੜਤ ਹਨ ਉਥੇ ਕਿਰਾਏ 'ਤੇ ਰਹਿਣ ਵਾਲੇ ਤਕਰੀਬਨ 500 ਸਿੱਖ ਪਰਿਵਾਰ, ਜਿਨ੍ਹਾਂ ਕੋਲ ਆਪਣਾ ਘਰ ਤਾਂ ਪਹਿਲਾਂ ਹੀ ਨਹੀਂ ਸੀ, ਪਰ ਉਨ੍ਹਾਂ ਕੋਲ ਜੋ ਸਾਮਾਨ ਸੀ ਉਹ ਵੀ ਤਹਿਸ ਨਹਿਸ ਹੋ ਗਿਆ। ਇਸ ਮੌਕੇ ਮੌਜੂਦ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਹੜ੍ਹ ਪੀੜਤ ਸਿੱਖਾਂ ਦੇ ਮੁੜ ਵਸੇਬੇ ਲਈ ਮਾਲੀ ਮਦਦ ਕਰਨੀ ਚਾਹੀਦੀ ਹੈ।

# ਗੁਰਦੁਆਰਾ ਦੂਖ ਨਿਵਾਰਨ ਵਿਚ ਨਾ ਬਣ ਸਕੀ ਸ਼ਹੀਦਾਂ ਦੀ ਯਾਦਗਾਰ

**ਪਟਿਆਲਾ:** ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਚ ਸ਼ਹੀਦਾਂ ਦੀ ਕੋਈ ਯਾਦਗਾਰ ਨਹੀਂ ਹੈ। ਗੁਰਦੁਆਰਾ ਸ਼੍ਰੋਮਣੀ ਪੰਥ ਬੁੱਢਾ ਦਲ ਬਗੀਚੀ ਤੋਂ ਮਿਲੇ ਇਤਿਹਾਸ ਮੁਤਾਬਕ ਦਸੰਬਰ 1845 ਵਿਚ ਦਲ ਖਾਲਸਾ ਤੇ ਅੰਗਰੇਜ਼ਾਂ ਵਿਚ ਮੁਦਕੀ, ਜ਼ਿਲ੍ਹਾ ਫ਼ਿਰੋਜ਼ਪੁਰ ਦੇ ਮੈਦਾਨ ਵਿਚ ਬੁੱਢਾ ਦਲ ਦੇ ਸਤਵੇਂ ਮੁਖੀ ਜਥੇਦਾਰ ਹਨੂਮਾਨ ਸਿੰਘ ਦੀ ਅਗਵਾਈ ਵਿਚ ਯੁੱਧ ਹੋਇਆ।

ਇਸ ਮਗਰੋਂ ਅਕਾਲੀ ਫ਼ੌਜ ਨੇ ਸਿੱਖ ਰਿਆਸਤਾਂ ਤੋਂ ਮਦਦ ਪ੍ਰਾਪਤ ਕਰਨ ਦੀ ਆਸ 'ਤੇ ਪਟਿਆਲਾ ਨਿਹੰਗਾਂ ਦੇ ਟੋਭੇ (ਪਾਣੀ ਦੀ ਢਾਬ) 'ਤੇ ਜਾ ਡੇਰੇ ਲਾਏ। ਇਥੇ ਹੁਣ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਹੈ। ਪਟਿਆਲਾ ਰਿਆਸਤ ਦੇ ਮਹਾਰਾਜਾ ਸਾਹਿਬ ਸਿੰਘ ਤੋਂ ਬਾਅਦ 30 ਮਈ 1813 ਵਿਚ ਰਾਜ ਗੱਦੀ 'ਤੇ ਬੈਠੇ ਮਹਾਰਾਜਾ ਕਰਮ ਸਿੰਘ ਅੰਗਰੇਜ਼ਾਂ ਨਾਲ ਇਕਮਿੱਕ ਸਨ। ਉਨ੍ਹਾਂ ਨੇ ਖ਼ਾਲਸਾ ਫ਼ੌਜ ਦੀ ਮਦਦ ਕਰਨ ਦੀ ਬਜਾਏ ਆਪਣੇ ਰਾਜ ਘਰਾਣੇ ਨੂੰ ਮਿਲੇ ਗੁਰੂ ਗੋਬਿੰਦ ਸਿੰਘ ਦੇ ਵਰਦਾਨ ਨੂੰ ਭੁੱਲ ਕੇ ਸਿੰਘਾਂ ਦੇ ਖ਼ਿਲਾਫ਼ ਭੁਗਤ ਕੇ ਅੰਗਰੇਜ਼ਾਂ ਦੀ ਮਦਦ ਕੀਤੀ। ਕਰਮ ਸਿੰਘ ਦੀਆਂ ਫ਼ੌਜਾਂ ਨੇ ਸਿੰਘਾਂ 'ਤੇ ਤੋਪਾਂ ਦੇ ਗੋਲੇ ਦਾਗੇ, ਜਿਸ ਕਰਕੇ ਇਥੇ ਹਜ਼ਾਰਾਂ ਸਿੰਘ ਸ਼ਹੀਦ ਹੋ ਗਏ।

ਇਤਿਹਾਸਕ ਤੱਥਾਂ ਅਨੁਸਾਰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਾਲੀ ਥਾਂ 'ਤੇ ਸ਼ਹੀਦ ਸਿੰਘਾਂ ਦੀ ਯਾਦਗਾਰ ਅੰਗੀਠਾ ਸਾਹਿਬ ਵੀ ਸੀ, ਜਿਥੇ ਬੋਹੜ ਦੇ ਨਾਲ ਸਿੰਘਾਂ ਦੀ ਯਾਦ ਵਿਚ ਜੋਤ ਜਗਾਈ ਜਾਂਦੀ ਸੀ। ਇਕ ਕਿਤਾਬ ਵਿਚ ਦਰਜ ਹੈ ਕਿ ਨੇੜਲੇ ਪਿੰਡ ਲਹਿਲ ਦੇ ਵਾਸੀਆਂ ਨੇ ਜਦੋਂ ਸ਼ਹੀਦਾਂ ਦੇ ਨਾਂ 'ਤੇ ਗੁਰਦੁਆਰਾ ਬਣਾਉਣਾ ਸ਼ੁਰੂ ਕੀਤਾ ਤਾਂ ਮਹਾਰਾਜਾ ਪਟਿਆਲਾ ਨੇ ਵਿਰੋਧ ਕੀਤਾ ਸੀ, ਕਿਉਂਕਿ ਉਨ੍ਹਾਂ ਦੇ ਪੁਰਖਿਆਂ ਦਾ ਨਾਮ ਇਤਿਹਾਸ ਵਿਚ ਬਦਨਾਮ ਹੋ ਜਾਣਾ ਸੀ।

ਇਸ ਮਗਰੋਂ ਦੋਵਾਂ ਧਿਰਾਂ ਦੀ ਸਹਿਮਤੀ ਮੁਤਾਬਕ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂ 'ਤੇ ਗੁਰਦੁਆਰਾ ਬਣਾਇਆ ਗਿਆ। ਇਥੇ ਨਵੀਂ ਇਮਾਰਤ ਬਣਾ ਕੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਚੋਂ ਸ਼ਹੀਦਾਂ ਦੀ ਯਾਦਗਾਰ ਮਿਟਾ ਦਿੱਤੀ ਗਈ। ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦਾ ਕਹਿਣਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦਾ ਅਸਲ ਇਤਿਹਾਸ ਹੀ ਖ਼ਤਮ ਕਰ ਦਿੱਤਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਹੈ ਕਿ ਇਸ ਸਥਾਨ 'ਤੇ ਵੱਡੀ ਗਿਣਤੀ ਵਿਚ ਸਿੰਘ ਸ਼ਹੀਦ ਹੋਣ ਬਾਰੇ ਪੰਜਾਬੀ ਯੂਨੀਵਰਸਿਟੀ ਵਿਚੋਂ ਖੋਜ ਕਰਵਾਈ ਜਾ ਸਕਦੀ ਹੈ।

# ਹੋਂਦ ਚਿੱਲੜ ਕਤਲੇਆਮ ਜਾਂਚ ਦਾ ਕੰਮ ਹੋਰ ਲਟਕਿਆ

**ਚੰਡੀਗੜ੍ਹ:** 1984 ਵਿਚ ਹੋਂਦ ਚਿੱਲੜ (ਹਰਿਆਣਾ) ਵਿਚ ਹੋਏ ਸਿੱਖ ਕਤਲੇਆਮ ਦੀ ਜਾਂਚ ਪ੍ਰਕਿਰਿਆ ਨੂੰ ਉਸ ਵੇਲੇ ਧੱਕਾ ਲੱਗਾ, ਜਦੋਂ ਇਸ ਮਾਮਲੇ ਦੀ ਅਹਿਮ ਕੜੀ ਮੰਨੇ ਜਾ ਰਹੇ ਹਰਿਆਣਾ ਦੇ ਮੁੱਖ ਸੂਚਨਾ ਕਮਿਸ਼ਨਰ ਐਸ.ਸੀ. ਚੌਧਰੀ ਜਾਂਚ ਕਮਿਸ਼ਨ ਦੇ ਹੁਕਮਾਂ ਦੇ ਬਾਵਜੂਦ ਕਮਿਸ਼ਨ ਦੀ ਅਦਾਲਤ ਵਿਚ ਪੇਸ਼ ਨਾ ਹੋਏ। ਚੌਧਰੀ ਉਸ ਵੇਲੇ ਹਰਿਆਣਾ ਦੇ ਜ਼ਿਲ੍ਹਾ ਰੇਵਾੜੀ ਦੇ ਡਿਪਟੀ ਕਮਿਸ਼ਨਰ ਸਨ ਤੇ ਬਾਅਦ ਵਿਚ ਉਹ ਹਰਿਆਣਾ ਦੇ ਚੀਫ਼ ਸੈਕਟਰੀ ਵਜੋਂ ਸੇਵਾਮੁਕਤ ਹੋਏ ਸਨ। ਗਰਗ ਕਮਿਸ਼ਨ ਅੱਗੇ ਪੇਸ਼ ਹੋਏ ਸਾਬਕਾ ਪੁਲਿਸ ਅਧਿਕਾਰੀ ਨੇ ਕਮਿਸ਼ਨ ਨੂੰ ਦੱਸਿਆ ਕਿ ਉਸ ਵੇਲੇ 32 ਸਿੱਖਾਂ ਦਾ ਸਸਕਾਰ ਚੌਧਰੀ ਦੇ ਹੁਕਮਾਂ 'ਤੇ ਹੀ ਕੀਤਾ ਗਿਆ ਸੀ।

ਜਾਣਕਾਰੀ ਅਨੁਸਾਰ ਇਕ ਮੈਂਬਰੀ ਕਮਿਸ਼ਨ ਨੇ ਹਿਸਾਰ ਵਿਚ ਸੁਣਵਾਈ ਕਰਦਿਆਂ ਕਿਹਾ ਕਿ ਚੌਧਰੀ ਦੇ ਦਫ਼ਤਰ ਵਾਲਿਆਂ ਨੇ ਕਮਿਸ਼ਨ ਦੀ ਤੌਹੀਨ ਕੀਤੀ ਹੈ। ਉਨ੍ਹਾਂ ਹੈਰਾਨੀ ਜਤਾਈ ਕਿ ਇੰਨੇ ਵੱਡੇ ਅਹੁਦੇ 'ਤੇ ਰਹਿ ਚੁੱਕੇ ਅਧਿਕਾਰੀ ਨੂੰ ਕਾਨੂੰਨ ਦਾ ਪਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜੇ ਤੱਕ ਇਕ ਮੈਂਬਰੀ ਕਮਿਸ਼ਨ ਦੀ ਮਿਆਦ ਵਿਚ ਵਾਧਾ ਨਹੀਂ ਕੀਤਾ ਗਿਆ ਹੈ ਤੇ ਉਨ੍ਹਾਂ 'ਸਥਿਤੀ ਵੱਸ' ਬਿਆਨ ਦਰਜ ਕੀਤੇ ਹਨ। ਕਮਿਸ਼ਨ ਨੇ ਮਿਆਦ ਵਿਚ ਵਾਧੇ ਦੀ ਉਮੀਦ ਜਤਾਈ। ਗਰਗ ਕਮਿਸ਼ਨ ਵੱਲੋਂ ਚੌਧਰੀ ਨੂੰ ਸੰਮਨ ਭੇਜੇ ਗਏ ਸਨ ਪਰ ਚੌਧਰੀ ਦੇ ਦਫ਼ਤਰ ਨੇ ਇਹ ਕਹਿੰਦਿਆਂ ਸੰਮਨ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਜਿਸ ਨੇ ਇਹ ਸੰਮਨ ਭੇਜੇ ਹਨ, ਉਸ ਨੂੰ ਵਾਪਸ ਦੇ ਦੇਵੋ। ਸੁਣਵਾਈ ਦੌਰਾਨ ਸਿੱਖ ਧਿਰ ਵੱਲੋਂ ਪੇਸ਼ ਹੋਏ ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਕਮਿਸ਼ਨ ਦੀ ਅਦਾਲਤ ਵਿਚ ਸਿੱਖਾਂ ਦੇ ਸਸਕਾਰ ਦੇ ਹੁਕਮ ਦੇਣ ਵਾਲੇ ਐਸ.ਸੀ. ਚੌਧਰੀ ਦੀ ਸੁਣਵਾਈ ਸੀ।

ਸੁਣਵਾਈ ਵਿਚ ਨਵੰਬਰ 1984 ਨੂੰ ਨਾਰਨੌਲ ਜ਼ਿਲ੍ਹੇ ਵਿਚ ਤਾਇਨਾਤ ਡੀ.ਐਸ.ਪੀ. ਰਾਮਭਜ ਜੋ ਕਿ ਸੇਵਾਮੁਕਤੀ ਮਗਰੋਂ ਅੱਜ-ਕੱਲ੍ਹ ਫਰੀਦਾਬਾਦ ਵਿਖੇ ਰਹਿ ਰਹੇ ਹਨ, ਕਮਿਸ਼ਨ ਦੇ ਸਨਮੁੱਖ ਪੇਸ਼ ਹੋਏ। ਕੇਸ ਬਾਰੇ ਦੱਸਦਿਆਂ ਉਸ ਨੇ ਕਿਹਾ ਕਿ ਮਾਮਲੇ ਤੋਂ ਪੰਦਰਾਂ ਦਿਨਾਂ ਬਾਅਦ ਬਦਲੀ ਹੋ ਜਾਣ ਕਾਰਨ ਉਸ ਨੂੰ ਇਸ ਕੇਸ ਬਾਰੇ ਕੁਝ ਵੀ ਨਹੀਂ ਪਤਾ। ਕਮਿਸ਼ਨ ਨੇ ਦੁਬਾਰਾ ਸੰਮਨ ਜਾਰੀ ਕਰ 12 ਦਸੰਬਰ ਨੂੰ ਹਰ ਹਾਲਤ ਵਿਚ ਨਿੱਜੀ ਤੌਰ 'ਤੇ ਪੇਸ਼ ਹੋਣ ਦਾ ਹੁਕਮ ਸੁਣਾਇਆ।



## ਗਰਗ ਕਮਿਸ਼ਨ ਦੀ ਮਿਆਦ ਬਾਰੇ ਫੈਸਲਾ ਨਾ ਹੋਇਆ

ਹੋਂਦ ਚਿੱਲੜ ਸਿੱਖ ਕਤਲੇਆਮ ਮਾਮਲੇ ਦੀ ਜਾਂਚ ਕਰ ਰਿਹਾ ਗਰਗ ਕਮਿਸ਼ਨ, ਜਿਸ ਦੀ ਮਿਆਦ ਬੀਤੀ 30 ਸਤੰਬਰ ਨੂੰ ਸਮਾਪਤ ਹੋ ਗਈ ਸੀ, ਬਾਰੇ ਹਰਿਆਣਾ ਸਰਕਾਰ ਨੇ ਅਜੇ ਤੱਕ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਹੈ। ਪਿਛਲੇ ਦਿਨੀਂ ਸਿੱਖ ਆਗੂਆਂ ਦਾ ਵਫ਼ਦ ਇਸ ਜਾਂਚ ਕਮਿਸ਼ਨ ਦੀ ਮਿਆਦ ਵਿਚ ਵਾਧੇ ਦਾ ਨੋਟੀਫਿਕੇਸ਼ਨ ਜਾਰੀ ਕਰਾਉਣ ਦੀ ਮੰਗ ਨੂੰ ਲੈ ਕੇ ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੂੰ ਮਿਲਿਆ ਸੀ ਤੇ ਉਨ੍ਹਾਂ ਨੋਟੀਫਿਕੇਸ਼ਨ ਜਾਰੀ ਕਰਨ ਦਾ ਭਰੋਸਾ ਵੀ ਦਿੱਤਾ ਸੀ, ਪਰ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ।

# ਸ਼ਹੀਦੀ ਦਿਹਾੜੇ ਤੇ ਪ੍ਰਕਾਸ਼ ਪੁਰਬ ਬਾਰੇ ਭੰਬਲਭੂਸੇ ਦਾ ਨਿਬੇੜਾ

**ਅੰਮ੍ਰਿਤਸਰ:** ਪੰਜ ਸਿੰਘ ਸਾਹਿਬਾਨ ਵੱਲੋਂ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਇਕੋ ਦਿਨ ਆਉਣ ਕਾਰਨ ਪ੍ਰਕਾਸ਼ ਪੁਰਬ ਦੀ ਤਰੀਕ 28 ਦਸੰਬਰ ਦੀ ਥਾਂ ਸੱਤ ਜਨਵਰੀ (23 ਪੋਹ) ਕਰ ਦਿੱਤੀ ਗਈ ਹੈ ਤੇ ਸਿੱਖ ਸੰਗਤਾਂ ਨੂੰ ਆਖਿਆ ਗਿਆ ਹੈ ਕਿ ਗੁਰਪੁਰਬ 23 ਪੋਹ ਨੂੰ ਮਨਾਇਆ ਜਾਵੇ। ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਕੇਸਗੜ੍ਹ ਦੇ ਜਥੇਦਾਰ ਗਿਆਨੀ ਮੱਲ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਮਾਨ ਸਿੰਘ ਤੇ ਗਿਆਨੀ ਰਘਬੀਰ ਸਿੰਘ ਸ਼ਾਮਲ ਸਨ।

ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 26, 27, 28 ਦਸੰਬਰ ਨੂੰ ਆ ਰਿਹਾ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਵੀ 28 ਦਸੰਬਰ ਨੂੰ ਹੈ। ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਇਕ ਪੱਤਰ ਭੇਜ ਕੇ ਮੰਗ ਕੀਤੀ ਗਈ ਸੀ ਕਿ ਪ੍ਰਕਾਸ਼ ਪੁਰਬ ਦੀ ਹੋਰ ਤਰੀਕ ਨਿਯਤ ਕੀਤੀ ਜਾਵੇ ਜਿਸ 'ਤੇ ਵਿਚਾਰ ਮਗਰੋਂ ਪੰਜ ਸਿੰਘ ਸਾਹਿਬਾਨ ਵੱਲੋਂ ਸਰਬਸੰਮਤੀ ਨਾਲ ਪ੍ਰਕਾਸ਼ ਪੁਰਬ ਸੱਤ ਜਨਵਰੀ ਨੂੰ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਸਿੱਖ ਸੰਗਤਾਂ ਤੇ ਸ਼੍ਰੋਮਣੀ ਕਮੇਟੀ ਨੂੰ ਆਖਿਆ ਕਿ ਉਹ ਆਪਣੇ ਅਦਾਰਿਆਂ ਵਿਚ ਇਹ ਗੁਰਪੁਰਬ 23 ਪੋਹ ਨੂੰ ਹੀ ਮਨਾਉਣ ਪਰ ਜੇਕਰ ਸੰਗਤਾਂ ਇਹ ਗੁਰਪੁਰਬ 28 ਦਸੰਬਰ ਨੂੰ ਮਨਾਉਣਾ ਚਾਹੁਣ ਤਾਂ ਉਹ ਉਸ ਦਿਨ ਵੀ ਮਨਾ ਸਕਦੀਆਂ ਹਨ, ਇਸ 'ਤੇ ਕੋਈ ਮਨਾਹੀ ਨਹੀਂ ਹੋਵੇਗੀ।

ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਮਗਵਿੰਦਰ ਸਿੰਘ ਖਾਪੜਖੇੜੀ ਦਾ ਮਾਮਲਾ ਵਿਚਾਰਿਆ ਗਿਆ ਜਿਨ੍ਹਾਂ 'ਤੇ ਦੋਸ਼ ਹੈ ਕਿ ਇਕ ਭੋਗ ਸਮਾਗਮ ਸਮੇਂ ਉਨ੍ਹਾਂ ਨੇ ਗੁਰਦੁਆਰਾ ਛੇਹਰਟਾ ਸਾਹਿਬ ਵਿਖੇ ਮੇਜ਼ ਲਾ ਕੇ ਸੰਗਤਾਂ ਨੂੰ ਲੰਗਰ ਛਕਾਇਆ ਸੀ। ਖਾਪੜਖੇੜੀ ਨੇ ਭੁੱਲ ਦੀ ਮੁਆਫ਼ੀ ਮੰਗੀ ਹੈ ਜਿਸਨੂੰ ਪ੍ਰਵਾਨ ਕਰਦਿਆਂ ਉਸ ਨੂੰ ਗੁਰਦੁਆਰਾ ਛੇਹਰਟਾ ਵਿਖੇ ਗੋਲਕ ਵਿਚ 101 ਰੁਪਏ ਭੇਟ ਕਰਨ ਤੇ ਖਿਮਾ ਜਾਚਨਾ ਦੀ ਅਰਦਾਸ ਕਰਵਾਉਣ ਦਾ ਆਦੇਸ਼ ਦਿੱਤਾ ਗਿਆ ਹੈ। ਇਸੇ ਤਰ੍ਹਾਂ ਚੂੜੇ ਵਾਲਾ ਬਾਜ਼ਾਰ ਸਥਿਤ ਇਕ ਕੰਪਨੀ ਦੇ ਮਾਲਕ ਨੂੰ ਧਾਰਮਿਕ ਸਜ਼ਾ ਲਾਈ ਗਈ ਹੈ। ਉਸ 'ਤੇ ਦੋਸ਼ ਹੈ ਕਿ ਉਸ ਦੀ ਕੰਪਨੀ ਦੇ ਗੋਦਾਮ ਵਿਚ ਗੁਟਕੇ ਤੇ ਹੋਰ ਧਾਰਮਿਕ ਸਾਹਿਤ ਰੱਖਿਆ ਸੀ ਜਿਸ ਵੱਲ ਧਿਆਨ ਨਾ ਦੇਣ ਕਰਕੇ ਇਸ ਨੂੰ ਚੂਹਿਆਂ ਵੱਲੋਂ ਕੁਤਰ ਦਿੱਤਾ ਗਿਆ। ਮਾਲਕਾਂ ਵੱਲੋਂ ਲਿਖਤੀ ਮੁਆਫ਼ੀ ਮੰਗੀ ਗਈ ਹੈ ਤੇ ਉਨ੍ਹਾਂ ਨੂੰ ਇਕ ਅਖੰਡ ਪਾਠ ਕਰਵਾਉਣ ਤੇ ਇਕ ਹਫ਼ਤਾ ਰੋਜ਼ਾਨਾ ਇਕ ਘੰਟਾ ਜੂਠੇ ਬਰਤਨਾਂ ਦੀ ਸੇਵਾ ਕਰਨ ਤੇ ਮਗਰੋਂ 1100 ਰੁਪਏ ਦੀ ਦੇਗ ਕਰਾ ਕੇ ਖਿਮਾ ਜਾਚਨਾ ਦੀ ਅਰਦਾਸ ਕਰਵਾਉਣ ਦੀ ਤਨਖਾਹ ਲਾਈ ਗਈ ਹੈ।

ਆਲ ਇੰਡੀਆ ਸਿੱਖ ਕਾਨਫਰੰਸ ਦੇ ਪ੍ਰਧਾਨ ਤੇ ਕੌਮੀ ਪੱਤ੍ਰਿਕਾ ਦੇ ਸੰਪਾਦਕ ਗੁਰਚਰਨ ਸਿੰਘ ਬੱਬਰ ਵੱਲੋਂ ਜਥੇਦਾਰਾਂ ਖ਼ਿਲਾਫ਼ ਲਿਖੀ ਇਤਰਾਜ਼ਯੋਗ ਸ਼ਬਦਾਵਲੀ ਲਈ ਮੁਆਫ਼ੀ ਮੰਗਣ ਤੋਂ ਬਾਅਦ ਉਸ ਨੂੰ ਅੱਗੇ ਤੋਂ ਅਜਿਹੀ ਸ਼ਬਦਾਵਲੀ ਨਾ ਲਿਖਣ ਦੀ ਹਦਾਇਤ ਕਰ ਕੇ ਮੁਆਫ਼ ਕਰ ਦਿੱਤਾ ਗਿਆ ਹੈ। ਰਾਜਸਥਾਨ ਦੇ ਗੁਰਦੁਆਰਾ ਬੁੱਢਾ ਜੌਹੜ ਦੇ ਵਿਦਿਅਕ ਟਰੱਸਟ ਦੇ ਵਿਵਾਦ ਦੇ ਮਾਮਲੇ ਵਿਚ ਨਵੀਂ ਕਮੇਟੀ ਦਾ ਗਠਨ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਸਰਬ ਸੁੱਖ ਚੈਰੀਟੇਬਲ ਟਰੱਸਟ ਬਾਰੇ ਆਈਆਂ ਸ਼ਿਕਾਇਤਾਂ ਦੇ ਆਧਾਰ 'ਤੇ ਟਰੱਸਟ ਦੇ ਪੁਰਾਣੇ ਮੈਂਬਰਾਂ ਤੇ ਭਾਈ ਬਲਬੀਰ ਸਿੰਘ ਨੂੰ ਆਪਣਾ ਪੱਖ ਸਪਸ਼ਟ ਕਰਨ ਲਈ ਅਕਾਲ ਤਖ਼ਤ 'ਤੇ ਸੱਦਿਆ ਗਿਆ ਹੈ।

*ਸਿੰਘ ਸਾਹਿਬਾਨ ਵੱਲੋਂ ਪ੍ਰਕਾਸ਼ ਪੁਰਬ ਸੱਤ ਜਨਵਰੀ ਨੂੰ ਮਨਾਉਣ ਦਾ ਫ਼ੈਸਲਾ*



# ਪੰਜਾਬ ਪੁਲਿਸ ਵਲੋਂ ਆਈ.ਜੀ. ਗੌਤਮ ਚੀਮਾ 'ਬਰੀ'

**ਚੰਡੀਗੜ੍ਹ:** ਆਈ.ਜੀ.ਪੀ. ਗੌਤਮ ਚੀਮਾ 'ਤੇ ਅਗਵਾ ਤੇ ਬਲਾਤਕਾਰ ਜਿਹੇ ਸਜ਼ਾਯੋਗ ਤੇ ਘਿਨੌਣੇ ਅਪਰਾਧਾਂ ਦੇ ਮਾਮਲੇ ਬਣੇ ਹੋਏ ਹਨ, ਪਰ ਉਸ ਦਾ ਵਿਭਾਗ ਉਸ ਵਿਰੁੱਧ ਚਾਰਜਸ਼ੀਟ ਤਿਆਰ ਕਰਨ ਸਮੇਂ ਅਜਿਹਾ ਸਾਰਾ ਕੁਝ ਭੁੱਲ ਗਿਆ ਜਾਪਦਾ ਹੈ।

ਪੰਜਾਬ ਪੁਲਿਸ ਵਿਭਾਗ ਵੱਲੋਂ ਤਿਆਰ ਚਾਰਜਸ਼ੀਟ ਜੋ ਪ੍ਰਵਾਨਗੀ ਤੇ ਅੰਤਮ ਤੌਰ 'ਤੇ ਚੀਮਾ ਨੂੰ ਜਾਰੀ ਕੀਤੇ ਜਾਣ ਲਈ ਗ੍ਰਹਿ ਵਿਭਾਗ ਨੂੰ ਭੇਜੀ ਗਈ ਸੀ, ਵਿਚ ਉਸ ਨੂੰ "ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਲਈ" ਚਾਰਜਸ਼ੀਟ ਕੀਤਾ ਗਿਆ ਹੈ। ਉਸ ਵਿਰੁੱਧ ਸਮੇਂ-ਸਮੇਂ 'ਤੇ ਦਰਜ ਵੱਖ-ਵੱਖ ਐਫਆਈਆਰਜ਼ ਦਾ ਇਸ ਵਿਚ ਕੋਈ ਜ਼ਿਕਰ ਨਹੀਂ ਹੈ। ਸਥਿਤੀ ਭਾਂਪਦਿਆਂ ਗ੍ਰਹਿ ਵਿਭਾਗ ਨੇ ਇਕ ਪੱਤਰ ਵਧੀਕ ਡਾਇਰੈਕਟਰ ਜਨਰਲ ਪੁਲਿਸ (ਏ.ਡੀ.ਜੀ.ਪੀ.), ਪ੍ਰਸ਼ਾਸਨ ਐਮ.ਕੇ. ਤਿਵਾੜੀ ਨੂੰ ਭੇਜ ਕੇ ਪੁੱਛਿਆ ਹੈ ਕਿ ਚੀਮਾ ਵਿਰੁੱਧ ਦਰਜ ਵੱਖ-ਵੱਖ ਵਹਿਸ਼ੀਆਨਾ ਤੇ ਸਜ਼ਾਯੋਗ ਅਪਰਾਧਾਂ ਦੇ ਦਰਜ ਕੇਸਾਂ ਦਾ ਇਸ ਚਾਰਜਸ਼ੀਟ ਵਿਚ ਜ਼ਿਕਰ ਕਿਉਂ ਨਹੀਂ ਕੀਤਾ ਗਿਆ।

ਪਹਿਲੀ ਸਤੰਬਰ ਨੂੰ ਮੁਹਾਲੀ ਪੁਲਿਸ ਨੇ ਚੀਮਾ ਵਿਰੁੱਧ ਜਬਰੀ ਦਾਖ਼ਲ ਹੋਣਾ, ਕਿਸੇ ਨੂੰ ਸੱਟਾਂ ਮਾਰਨੀਆਂ, ਅਗਵਾ, ਗਲਤ ਢੰਗ ਨਾਲ ਬੰਦੀ ਬਣਾਉਣਾ, ਜਨਤਕ ਸੇਵਕ ਦੇ ਡਿਊਟੀ ਨਿਭਾਉਣ ਦੇ ਅਮਲ ਵਿਚ ਅੜਿੱਕਾ ਪਾਉਣਾ ਤੇ ਫੌਜਦਾਰੀ ਸਾਜ਼ਿਸ਼ ਰਚਣ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਸੀ। ਚੀਮਾ ਤੇ ਦੋ ਹੋਰਾਂ ਵਿਰੁੱਧ ਮੁਹਾਲੀ ਪੁਲਿਸ ਨੇ ਰਿਐਲਟਰ ਦਵਿੰਦਰ ਸਿੰਘ ਗਿੱਲ ਦੀ ਪਤਨੀ ਨਾਲ ਛੇੜਖਾਨੀ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ।

ਚੀਮਾ ਵਿਰੁੱਧ ਇਹ ਦੋ ਐਫਆਈਆਰਜ਼ ਦਵਿੰਦਰ ਸਿੰਘ ਗਿੱਲ ਵੱਲੋਂ ਕੀਤੇ ਗਏ ਜ਼ਮੀਨ ਘੁਟਾਲੇ ਮਗਰੋਂ ਦਰਜ ਹੋਈਆਂ ਸਨ। ਜਿਉਂ ਹੀ ਨਿਊ ਚੰਡੀਗੜ੍ਹ ਵਿਚ ਇਹ ਘੁਟਾਲਾ ਸਾਹਮਣੇ ਆਇਆ, ਰਿਐਲਟਰ ਦੀ ਪਤਨੀ ਨੇ ਚੀਮਾ ਵਿਰੁੱਧ ਕਈ ਸ਼ਿਕਾਇਤਾਂ ਦਰਜ ਕਰਾਈਆਂ ਸਨ। ਅਸਲ ਵਿਚ ਚੀਮਾ, ਗਿੱਲ ਦਾ ਦੋਸਤ ਤੋਂ ਦੁਸ਼ਮਣ ਬਣ ਗਿਆ ਸੀ।

# ਕਾਂਗਰਸ ਹਾਈਕਮਾਨ ਅਜੇ ਬਾਜਵਾ 'ਤੇ ਹੀ ਮਿਹਰਬਾਨ

**ਨਵੀਂ ਦਿੱਲੀ:** ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਸੂਬਾ ਪਾਰਟੀ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਹਰੇਕ ਨੂੰ ਨਾਲ ਲੈ ਕੇ ਚੱਲਣ ਲਈ ਕਿਹਾ ਹੈ। ਪੰਜਾਬ ਪਾਰਟੀ ਲੀਡਰਸ਼ਿਪ ਵਿਰੁੱਧ ਵੱਧ ਰਹੇ ਵਿਰੋਧ ਨੂੰ ਵੇਖਦੇ ਹੋਏ ਸੀਨੀਅਰ ਕਾਂਗਰਸੀ ਆਗੂਆਂ ਨਾਲ ਮੀਟਿੰਗ ਵਿਚ ਰਾਹੁਲ ਗਾਂਧੀ ਨੇ ਸੂਬੇ ਦੇ ਮਾਮਲਿਆਂ ਬਾਰੇ ਉਨ੍ਹਾਂ ਦਾ ਪੱਖ ਸੁਣਿਆ। ਇਸ ਮੀਟਿੰਗ ਵਿਚ ਸੀਨੀਅਰ ਆਗੂ ਅਸ਼ਵਨੀ ਕੁਮਾਰ ਤੇ ਪਰਨੀਤ ਕੌਰ ਵੀ ਸ਼ਾਮਲ ਸਨ। ਰਾਹੁਲ ਨੇ ਪੰਜਾਬ ਕਾਂਗਰਸ ਪ੍ਰਦੇਸ਼ ਨੂੰ ਕਿਹਾ ਹੈ ਕਿ ਉਹ ਪਾਰਟੀ ਦੇ ਕਿਸੇ ਮੈਂਬਰ ਨੂੰ ਮੁਅੱਤਲ ਕਰਨ ਜਾਂ ਹਟਾਉਣ ਵੇਲੇ ਜਾਂ ਨਵੀਂ ਨਿਯੁਕਤੀ ਤੋਂ ਪਹਿਲਾਂ ਸਾਰੇ ਸੀਨੀਅਰ ਆਗੂਆਂ ਨਾਲ ਗੱਲਬਾਤ ਜ਼ਰੂਰ ਕਰਿਆ ਕਰਨ। ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਵੀ ਇਸ ਮੀਟਿੰਗ ਵਿਚ ਹਾਜ਼ਰ ਸਨ।

ਸੂਬਾ ਕਾਂਗਰਸ ਪ੍ਰਧਾਨਾਂ ਕੋਲ ਇਹ ਅਧਿਕਾਰ ਹਨ ਕਿ ਉਹ ਬਲਾਕ ਪੱਧਰ ਦੇ ਪਾਰਟੀ ਅਹੁਦੇਦਾਰ ਹਟਾ ਜਾਂ ਨਿਯੁਕਤ ਕਰ ਸਕਦੇ ਹਨ। ਜ਼ਿਲ੍ਹਾ ਪੱਧਰ ਦੇ ਆਗੂਆਂ ਵਿਰੁੱਧ ਕਾਰਵਾਈ ਲਈ ਕੇਂਦਰੀ ਹਾਈਕਮਾਨ ਦੀ ਮਨਜ਼ੂਰੀ ਲਾਜ਼ਮੀ ਹੁੰਦੀ ਹੈ। ਬਾਜਵਾ ਦੀ ਲੀਡਰਸ਼ਿਪ 'ਤੇ ਛਿੜੇ ਰੇੜਕੇ ਦੇ ਮੱਦੇਨਜ਼ਰ ਇਹ ਮੀਟਿੰਗ ਅਹਿਮ ਸਮਝੀ ਜਾਂਦੀ ਹੈ। ਪੰਜਾਬ ਵਿਚ ਪਾਰਟੀ ਦੇ ਇਕ ਸੀਨੀਅਰ ਆਗੂ ਨੇ ਕਿਹਾ ਕਿ ਪਾਰਟੀ ਪ੍ਰਧਾਨ ਖ਼ਿਲਾਫ਼ ਕਦੇ ਵੀ ਬਲਾਕ ਪ੍ਰਧਾਨਾਂ ਨੇ ਸੜਕ 'ਤੇ ਨਿੱਤਰ ਕੇ ਕਾਲੀਆਂ ਝੰਡੀਆਂ ਨਹੀਂ ਦਿਖਾਈਆਂ ਸਨ ਪਰ ਇਹ ਲੁਧਿਆਣਾ ਵਿਚ ਹੁਣੇ ਵਾਪਰਿਆ ਸੀ।

ਸ੍ਰੀ ਬਾਜਵਾ ਨੇ ਲੁਧਿਆਣਾ ਦੇ ਬਲਾਕ ਪ੍ਰਧਾਨਾਂ ਨੂੰ ਬਰਤਰਫ਼ ਕਰ ਦਿੱਤਾ ਸੀ। ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰੀ ਲੀਡਰਸ਼ਿਪ ਇਸ ਸਮੇਂ ਬਾਜਵਾ ਦੀ ਪਿੱਠ ਪੂਰ ਰਹੀ ਹੈ ਕਿਉਂਕਿ ਉਹ ਇਹ ਪ੍ਰਭਾਵ ਨਹੀਂ ਦੇਣਾ ਚਾਹੁੰਦੀ ਕਿ ਉਹ ਦਬਾਅ ਹੇਠ ਆ ਰਹੀ ਹੈ। ਜਨਾਬ ਅਹਿਮਦ ਨੇ ਆਖਿਆ ਕਿ ਸੂਬਾਈ ਲੀਡਰਸ਼ਿਪ ਖ਼ਿਲਾਫ਼ ਅਵੱਗਿਆ ਤੇ ਅਨੁਸ਼ਾਸਨਹੀਣਤਾ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਂਜ ਸੀਨੀਅਰ ਆਗੂਆਂ ਮੁਤਾਬਕ ਬਾਜਵਾ ਖ਼ਿਲਾਫ਼ ਬਗ਼ਾਵਤ ਨੂੰ ਨਜ਼ਰਅੰਦਾਜ਼ ਕਰਨਾ ਔਖਾ ਹੈ।

# ਮਨੁੱਖੀ ਆਜ਼ਾਦੀ ਦਾ ਹੱਕ ਪੂਰਦਾ ਹੈ ਸ਼ਾਹ ਮੁਹੰਮਦ ਦਾ ਜੰਗਨਾਮਾ

**ਅੰਮ੍ਰਿਤਸਰ:** ਇਥੇ ਖ਼ਾਲਸਾ ਕਾਲਜ ਵਿਚ ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚ ਪੰਜਾਬੀਅਤ ਦਾ ਸੰਕਲਪ ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ ਵਿਚ ਵਿਦਵਾਨਾਂ ਦੀ ਰਾਇ ਸੀ ਕਿ ਜੰਗਨਾਮਾ ਸਿੰਘਾਂ ਤੇ ਫਿਰੰਗੀਆਂ ਨੂੰ ਇਤਿਹਾਸਕ ਦਸਤਾਵੇਜ਼ ਮੰਨਿਆ ਜਾ ਸਕਦਾ ਹੈ ਪਰ ਇਹ ਇਤਿਹਾਸ ਦੀ ਕਿਤਾਬ ਨਹੀਂ ਹਨ। ਇਹ ਵੀ ਕਿਹਾ ਗਿਆ ਕਿ ਸ਼ਾਹ ਮੁਹੰਮਦ ਨੇ ਬਿਨਾਂ ਕਿਸੇ ਦਾ ਪੱਖ ਪੂਰਿਆਂ ਤੇ ਵਿਤਕਰੇ ਤੋਂ ਜੰਗਨਾਮੇ ਵਿਚ ਉਸ ਵੇਲੇ ਦੇ ਹਾਲਾਤ ਦਾ ਵਰਨਣ ਕੀਤਾ ਹੈ। ਉਨ੍ਹਾਂ ਦੀ ਰਾਇ ਸੀ ਕਿ ਸ਼ਾਹ ਮੁਹੰਮਦ ਅਣਖ ਦਾ ਸ਼ਾਇਰ ਸੀ, ਜਿਸ ਨੇ ਜੰਗਨਾਮੇ ਰਾਹੀਂ ਪੰਜਾਬੀਆਂ ਨੂੰ ਹਲੂਣਾ ਦਿੱਤਾ ਸੀ। ਅੱਜ ਫਿਰ ਲੋੜ ਹੈ ਕਿ ਪੰਜਾਬੀ ਆਪਣੀ ਮਰ ਰਹੀ ਅਣਖ ਨੂੰ ਜਗਾਉਣ ਲਈ ਜ਼ੁਰਅੱਤ ਕਰਨ।

ਇਹ ਸੈਮੀਨਾਰ ਖ਼ਾਲਸਾ ਕਾਲਜ ਦੇ ਪੰਜਾਬੀ ਅਧਿਐਨ ਵਿਭਾਗ ਤੇ ਸ਼ਾਹ ਮੁਹੰਮਦ ਯਾਦਗਾਰੀ ਚੈਰੀਟੇਬਲ ਟਰੱਸਟ ਵੱਲੋਂ ਸਾਂਝੇ ਤੌਰ 'ਤੇ ਕਰਵਾਇਆ ਗਿਆ ਸੀ। ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਸ਼ਾਹ ਮੁਹੰਮਦ ਵੇਲੇ ਦੇ ਪੰਜਾਬ ਦੇ ਦੁਖਾਂਤ ਦੇ ਮੱਦੇਨਜ਼ਰ ਪੰਜਾਬ ਦੀ ਮੌਜੂਦਾ ਸਥਿਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਪੰਜਾਬੀਆਂ ਨੂੰ ਮਰ ਰਹੀ ਆਪਣੀ ਅਣਖ ਨੂੰ ਬਚਾਉਣ ਲਈ ਹੰਭਲਾ ਮਾਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬੀ ਆਪਣੀ ਵਿਰਾਸਤ ਨੂੰ ਭੁੱਲ ਗਏ ਹਨ, ਇਸੇ ਲਈ ਅਣਖ ਮਰ ਰਹੀ ਹੈ ਤੇ ਪੰਜਾਬ ਖੁਰ ਰਿਹਾ ਹੈ। ਪੰਜਾਬੀਆਂ ਕੋਲ ਬਹਾਦਰੀ ਤੇ ਕੁਰਬਾਨੀਆਂ ਦਾ ਜੋ ਜਜ਼ਬਾ ਸੀ, ਉਹ ਦੂਜਿਆਂ ਦੇ ਕੰਮ ਆਇਆ। ਉਨ੍ਹਾਂ ਪੰਜਾਬੀਆਂ ਨੂੰ ਚਿਤਾਵਨੀ ਦਿੱਤੀ ਕਿ ਪੰਜਾਬ ਨੂੰ ਜਿਸ ਨੀਅਤ ਨਾਲ ਕੁੱਟਿਆ, ਲੁੱਟਿਆ, ਤੋੜਿਆ ਤੇ ਖਰੀਦਿਆ ਜਾ ਰਿਹਾ ਹੈ, ਪੰਜਾਬ ਬਚੇਗਾ ਨਹੀਂ। ਉਨ੍ਹਾਂ ਹੋਕਾ ਦਿੱਤਾ ਕਿ ਪੰਜਾਬੀ ਲੋਕ ਪ੍ਰਣ ਕਰਨ ਕਿ ਪੰਜਾਬ ਨੂੰ ਮਰਨ ਨਹੀਂ ਦੇਣਗੇ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਮੁਖੀ ਤੇ ਆਲੋਚਕ ਡਾ. ਹਰਭਜਨ ਸਿੰਘ ਭਾਟੀਆ ਨੇ ਕਿਹਾ ਕਿ ਸ਼ਾਹ ਮੁਹੰਮਦ ਦਾ ਜੰਗਨਾਮਾ ਗੁਲਾਮੀ ਤੇ ਜ਼ੁਲਮਾਂ ਦੇ ਵਿਰੋਧ ਵਿਚ ਲਿਖਿਆ ਮਾਨਵੀ ਕੀਮਤਾਂ, ਸਰੋਕਾਰਾਂ, ਮਨੁੱਖ ਦੀ ਆਜ਼ਾਦੀ ਦਾ ਹੱਕ ਪੂਰਦਾ ਹੈ। ਸ਼ਾਹ ਮੁਹੰਮਦ ਪੰਜਾਬੀਅਤ ਦਾ ਸ਼ਾਇਰ ਸੀ, ਜਿਸ ਨੇ ਸਮਕਾਲ ਨੂੰ ਚਿਤਰਿਆ ਤੇ ਇਹ ਸਰਬ ਕਾਲ ਤੱਕ ਫੈਲਿਆ, ਜਿਸ ਦੀ ਅੱਜ ਦੇ ਸੰਦਰਭ ਵਿਚ ਵੀ ਉਹੀ ਪ੍ਰਸੰਗਕਤਾ ਹੈ। ਇਸੇ ਲਈ ਇਹ ਸ਼ਾਹਕਾਰ ਸਦੀਵੀ ਬਣਿਆ। ਉਨ੍ਹਾਂ ਕਿਹਾ ਕਿ ਇਸ ਨੂੰ ਇਤਿਹਾਸਕ ਦਸਤਾਵੇਜ਼ ਮੰਨਿਆ ਜਾ ਸਕਦਾ ਹੈ ਪਰ ਇਹ ਇਤਿਹਾਸ ਦੀ ਪੁਸਤਕ ਨਹੀਂ। ਇਸ ਪੁਸਤਕ ਦੇ ਸਰੋਕਾਰ ਸਰਬ ਕਾਲ ਤੱਕ ਫੈਲੇ ਹੋਏ ਹਨ। ਪੰਜਾਬੀ ਸਹਿਤ ਅਕਾਦਮੀ, ਲੁਧਿਆਣਾ ਦੇ ਪ੍ਰਧਾਨ ਡਾ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਸ਼ਾਹ ਮੁਹੰਮਦ ਨੇ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪੰਜਾਬੀ ਵਿਚ ਆਈ ਤੀਜੀ ਜਾਤ ਤੋਂ ਬਚਾਅ ਲਈ ਹਲੂਣਾ ਦਿੱਤਾ। ਉਨ੍ਹਾਂ ਕਿਹਾ ਕਿ ਸ਼ਾਹ ਮੁਹੰਮਦ ਨੇ ਇਸ ਜੰਗਨਾਮੇ ਵਿਚ ਆਪਣੀ ਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਕੀਤਾ ਹੈ ਪਰ ਅੱਜ ਦੇ ਮਨੁੱਖ ਵਿਚੋਂ ਇਹ ਸੰਵੇਦਨਸ਼ੀਲਤਾ ਮਨਫ਼ੀ ਹੋ ਗਈ ਹੈ।

# ਵਰਦੀ ਘਪਲਾ: ਬਾਦਲ 'ਤੇ ਐਫ.ਆਈ.ਆਰ. ਰੁਕਵਾਉਣ ਦੇ ਦੋਸ਼

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਨੂੰ ਮੰਗ ਪੱਤਰ ਦੇ ਕੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਿੱਖਿਆ ਵਿਭਾਗ ਵਿਚ ਲੱਖਾਂ ਰੁਪਏ ਦੇ ਹੋਏ ਘਪਲੇ ਦੇ ਮਾਮਲੇ ਵਿਚ ਪੁਲਿਸ ਨੂੰ ਐਫ.ਆਈ.ਆਰ. ਦਰਜ ਕਰਨ ਤੋਂ ਰੋਕ ਰਹੇ ਹਨ। ਉਨ੍ਹਾਂ ਮੁਤਾਬਕ ਕੇਂਦਰ ਸਰਕਾਰ ਤੋਂ ਆਈ ਗ੍ਰਾਂਟ ਤਹਿਤ ਅਪਰੈਲ 2012 ਵਿਚ ਗੁਰਦਾਸਪੁਰ ਦੇ ਅਨੁਸੂਚਿਤ ਜਾਤੀ ਤੇ ਗਰੀਬ ਸਕੂਲੀ ਵਿਦਿਆਰਥੀਆਂ ਨੂੰ ਵਰਦੀਆਂ ਮੁਹੱਈਆ ਕਰਨ ਲਈ 4.89 ਕਰੋੜ ਰੁਪਏ ਜਾਰੀ ਕੀਤੇ ਸਨ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵੱਲੋਂ 17 ਅਪਰੈਲ 2012 ਨੂੰ ਐਸ.ਐਸ.ਪੀ. ਗੁਰਦਾਸਪੁਰ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਸੀ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਸਕੂਲਾਂ ਦੇ ਅਨੁਸੂਚਿਤ ਜਾਤੀਆਂ ਦੇ ਲੜਕੇ ਤੇ ਲੜਕੀਆਂ ਨੂੰ ਵਰਦੀਆਂ ਮੁਹੱਈਆ ਕਰਨ ਤੇ ਰਮਸਾ ਤਹਿਤ ਭੇਜੇ ਫਰਨੀਚਰ ਬਾਰੇ ਘਪਲੇਬਾਜ਼ੀ ਹੋਈ ਹੈ। ਦੋਸ਼ ਸਨ ਕਿ ਉਸ ਵੇਲੇ ਦੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਗੁਰਦਾਸਪੁਰ ਛਿੰਦੋ ਸਾਹਨੀ ਤੇ ਹੋਰ ਮੁਲਾਜ਼ਮਾਂ ਨੇ ਸਰਕਾਰੀ ਫੰਡਾਂ ਦੀ ਦੁਰਵਰਤੋਂ ਕੀਤੀ ਹੈ। ਇਸ ਤਹਿਤ ਸਰਕਾਰ ਨੇ ਛਿੰਦੋ ਸਾਹਨੀ ਦੀਆਂ ਸੇਵਾਵਾਂ ਪਹਿਲਾਂ ਹੀ ਖ਼ਤਮ ਕਰ ਦਿੱਤੀਆਂ ਸਨ ਤੇ ਹੋਰ ਮੁਲਾਜ਼ਮਾਂ ਨੂੰ ਮੁਅੱਤਲ ਕੀਤਾ ਗਿਆ ਹੈ।

# ਗਵਰਨਰ ਨਿੱਕੀ ਹੇਲੀ ਵੱਲੋਂ ਪੰਜਾਬ ਨਾਲ ਸਹਿਯੋਗ ਦਾ ਭਰੋਸਾ

**ਚੰਡੀਗੜ੍ਹ:** ਅਮਰੀਕਾ ਦੇ ਸੂਬੇ ਸਾਊਥ ਕੈਰੋਲਾਈਨਾ ਦੀ ਗਵਰਨਰ ਸ੍ਰੀਮਤੀ ਨਿੱਕੀ ਹੇਲੀ ਨੇ ਸਾਊਥ ਕੈਰੋਲਾਈਨਾ ਤੇ ਪੰਜਾਬ ਵਿਚ ਦੁਵੱਲੇ ਸਮਾਜਿਕ-ਆਰਥਿਕ ਸਬੰਧਾਂ ਨੂੰ ਮਜ਼ਬੂਤ ਬਣਾਉਣ ਲਈ ਦੋਵੇਂ ਸੂਬਿਆਂ ਵਿਚ ਸਭਿਆਚਾਰਕ ਆਦਾਨ ਪ੍ਰਦਾਨ ਤੋਂ ਇਲਾਵਾ ਸਿੱਖਿਆ, ਹੁਨਰ ਵਿਕਾਸ ਸਿਖਲਾਈ, ਪਸ਼ੂ ਪਾਲਣ ਤੇ ਫੂਡ ਪ੍ਰਾਸੈਸਿੰਗ ਦੇ ਖੇਤਰਾਂ ਵਿਚ ਆਪਸੀ ਸਹਿਯੋਗ ਤੇ ਭਾਈਵਾਲੀ ਦਾ ਐਲਾਨ ਕੀਤਾ ਹੈ। ਇਹ ਐਲਾਨ ਸ੍ਰੀਮਤੀ ਹੇਲੀ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣੇ ਨਿਵਾਸ ਸਥਾਨ 'ਤੇ ਉਨ੍ਹਾਂ ਦੇ ਸਨਮਾਨ ਵਿਚ ਰੱਖੀ ਸਭਿਆਚਾਰਕ ਸ਼ਾਮ ਦੀ ਪ੍ਰਧਾਨਗੀ ਕਰਦਿਆਂ ਕੀਤਾ।



ਨਿੱਕੀ ਹੇਲੀ ਨੇ ਕਿਹਾ ਕਿ ਉਹ ਤਕਰੀਬਨ ਚਾਰ ਦਹਾਕਿਆਂ ਬਾਅਦ ਆਪਣੀ ਮਾਤ ਭੂਮੀ 'ਤੇ ਪਰਤੀ ਹੈ। ਇਥੇ ਉਸ ਨੂੰ ਬਹੁਤ ਪਿਆਰ ਮਿਲਿਆ ਹੈ, ਜਿਸ ਨੂੰ ਉਹ ਸਾਰੀ ਉਮਰ ਯਾਦ ਰੱਖੇਗੀ। ਉਸ ਨੇ ਕਿਹਾ ਕਿ ਉਸ ਨੂੰ ਪੰਜਾਬ ਦੀ ਧੀ ਹੋਣ 'ਤੇ ਮਾਣ ਹੈ ਤੇ ਉਸ ਦੀਆਂ ਜੜ੍ਹਾਂ ਅੱਜ ਵੀ ਪੰਜਾਬ ਨਾਲ ਜੁੜੀਆਂ ਹੋਈਆਂ ਹਨ। ਇਸ ਤੋਂ ਪਹਿਲਾਂ ਉਸ ਨੇ ਉਪ-ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਦੀ ਸਰਕਾਰੀ ਰਿਹਾਇਸ਼ ਵਿਖੇ ਜਾ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਨਿੱਕੀ ਨੇ ਆਖਿਆ ਕਿ ਉਸ ਦਾ ਸੂਬਾ ਹਵਾਈ ਤਕਨਾਲੋਜੀ, ਦਵਾਈ ਨਿਰਮਾਣ, ਸੈਰ ਸਪਾਟਾ ਤੇ ਖੇਤੀ ਪ੍ਰੋਸੈਸਿੰਗ ਸਨਅਤ ਦੀ ਸਥਾਪਨਾ ਵਿਚ ਪੰਜਾਬ ਨੂੰ ਸਹਿਯੋਗ ਦੇਣ ਦਾ ਇੱਛੁਕ ਹੈ। ਸਾਊਥ ਕੈਰੋਲੀਨਾ ਵਪਾਰਕ ਸਾਂਝ ਲਈ ਵਫ਼ਦਾਂ ਦੇ ਆਦਾਨ-ਪ੍ਰਦਾਨ ਦੀ ਵਕਾਲਤ ਕੀਤੀ। ਉਨ੍ਹਾਂ ਸੁਖਬੀਰ ਸਿੰਘ ਬਾਦਲ ਨੂੰ ਸਾਊਥ ਕੈਰੋਲੀਨਾ ਆਉਣਾ ਦਾ ਰਸਮੀ ਸੱਦਾ ਵੀ ਦਿੱਤਾ ਤੇ ਦੱਸਿਆ ਕਿ ਕਿਸ ਤਰ੍ਹਾਂ ਸਾਊਥ ਕੈਰੋਲੀਨਾ ਹਵਾਈ ਜਹਾਜ਼ ਤੇ ਮਹਿਮਾਨ ਨਿਵਾਜ਼ੀ ਸੈਕਟਰਾਂ ਵਿਚ ਰੁਜ਼ਗਾਰ ਦੇ ਨਵੇਂ ਮੌਕੇ ਸਿਰਜਣ ਦੇ ਯੋਗ ਹੈ। ਨਿੱਕੀ ਹੇਲੇ ਨੇ ਪੰਜਾਬ ਵਿਚ ਆਉਣ 'ਤੇ ਖ਼ੁਸ਼ੀ ਜ਼ਾਹਰ ਕੀਤੀ। ਜਦੋਂ ਉਹ ਆਖਰੀ ਵਾਰ ਪੰਜਾਬ ਆਈ ਸੀ ਤਾਂ ਉਸ ਵੇਲੇ ਉਸ ਦੀ ਉਮਰ ਦੋ ਵਰ੍ਹੇ ਸੀ। ਉਹ ਪਰਸੋਂ ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣਗੇ।

# ਮਜ਼ਹਬ ਦੇ ਨਾਂ ਉਤੇ ਬਦਲਾਖੋਰੀ

ਪਾਕਿਸਤਾਨ ਵਿਚ ਜਿਸ 'ਬਦਲੇ ਦੀ ਕਾਰਵਾਈ' ਦੀ ਚਰਚਾ ਹਰ ਜ਼ੁਬਾਨ 'ਤੇ ਸੀ, ਉਹ ਹੁਣ ਦਸਤਕ ਦੇ ਚੁੱਕੀ ਹੈ। ਵਾਹਗਾ ਬਾਰਡਰ 'ਤੇ ਆਤਮਘਾਤੀ ਹਮਲੇ 'ਚ 60 ਤੋਂ ਵੱਧ ਬੇਕਸੂਰ ਲੋਕਾਂ ਦੀਆਂ ਜਾਨਾਂ ਗਈਆਂ, ਤੇ ਫਿਰ ਅਗਲੇ ਹੀ ਦਿਨ ਕਸੂਰ ਵਿਚ ਜਨੂੰਨੀਆਂ ਦੀ ਭੜਕੀ ਭੀੜ ਨੇ ਕੁਫਰ ਦੇ ਨਾਂ ਹੇਠ ਇਸਾਈ ਜੋੜੇ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪਾਕਿਸਤਾਨ ਦੇ ਸੁਰੱਖਿਆ ਤੰਤਰ

ਆਰਿਫ ਨਿਜ਼ਾਮੀ

ਨੇ ਪਹਿਲਾਂ ਹੀ ਇਹ ਖ਼ਦਸ਼ਾ ਪ੍ਰਗਟਾਇਆ ਸੀ ਕਿ ਉਤਰੀ ਵਜ਼ੀਰਿਸਤਾਨ 'ਚ ਜਹਾਦੀਆਂ ਵਿਰੁਧ ਫੌਜੀ ਕਾਰਵਾਈ ਦੇ ਸਿੱਧੇ ਨਤੀਜੇ ਦੇ ਰੂਪ ਵਿਚ ਬਦਲੇ ਦੀਆਂ ਕਾਰਵਾਈਆਂ ਹੋਣਗੀਆਂ। ਸੁਰੱਖਿਆ ਤੰਤਰ ਦਾ ਇਹ ਅਨੁਮਾਨ ਸਹੀ ਸੀ ਕਿ ਵੱਖ-ਵੱਖ ਰੰਗਾਂ ਦੇ ਤਾਲਿਬਾਨ ਪੂਰੇ ਪਾਕਿਸਤਾਨ ਵਿਚ ਸਥਿਤ ਆਪਣੇ ਟਿਕਾਣਿਆਂ ਵਿਚੋਂ ਬਾਹਰ ਨਿਕਲ ਕੇ ਜੁਆਬੀ ਹਮਲੇ ਕਰਨਗੇ। ਆਖਰਕਾਰ, ਉਨ੍ਹਾਂ ਨੇ ਇਨ੍ਹਾਂ ਹਮਲਿਆਂ ਨੂੰ ਅੰਜਾਮ ਦਿੱਤਾ।

ਉਂਜ ਹਿੰਸਾ ਦੀਆਂ ਇਨ੍ਹਾਂ ਘਟਨਾਵਾਂ ਨੂੰ ਜੇ ਹੋਰ ਗੱਲਾਂ ਨਾਲੋਂ ਤੋੜ ਕੇ ਬਿਲਕੁਲ ਸੌੜੇ ਦਾਅ-ਪੇਚ ਵਜੋਂ ਦੇਖਿਆ ਜਾਂਦਾ ਹੈ ਤਾਂ ਇਹ ਬਹੁਤ ਵੱਡੀ ਗਲਤੀ ਹੋਵੇਗੀ। ਕਈ ਅਰਥਾਂ ਵਿਚ ਜਹਾਦੀਆਂ ਦਾ ਜੁਆਬੀ ਹੱਲਾ ਪੂਰੇ ਪਾਕਿਸਤਾਨ ਵਿਚ ਕਈ ਸਾਲਾਂ ਤੋਂ ਜਾਰੀ ਸੱਤਾਧਾਰੀ ਫੌਜੀ ਅਤੇ ਸਿਵਲੀਅਨ ਅਮੀਰ ਵਰਗ ਦੀਆਂ ਗੈਰ-ਦੂਰਅੰਦੇਸ਼ ਨੀਤੀਆਂ, ਘਿਨਾਉਣੇ ਇਰਾਦਿਆਂ ਅਤੇ ਧੋਖੇ ਭਰੇ ਸ਼ਾਸਨ ਦੇ ਸਿੱਟੇ ਵਜੋਂ ਪਤਨਮੁਖੀ ਸਰਕਾਰੀ ਤੰਤਰ ਦਾ ਸੂਚਕ ਹੈ। ਬਿਨਾਂ ਸ਼ੱਕ ਜ਼ਹਿਰ ਦਾ ਜਿਹੜਾ ਬੀਅ ਬੀਜਿਆ ਗਿਆ ਸੀ, ਉਹ ਹੁਣ ਵੱਡੇ ਰੁੱਖ ਦੇ ਰੂਪ ਵਿਚ ਸਭ ਦੇ ਸਾਹਮਣੇ ਹੈ। ਸੜ੍ਹਾਂਦ ਦੀ ਪ੍ਰਕਿਰਿਆ ਤਾਂ ਕਈ ਸਾਲ ਪਹਿਲਾਂ ਹੀ ਸ਼ੁਰੂ ਹੋ ਗਈ ਸੀ, ਹੁਣ ਇਹ ਸਮਾਜ ਵਿਚ ਨਾ ਸਿਰਫ ਵਿਆਪਕ ਅਸਹਿਣਸ਼ੀਲਤਾ ਦੀ ਰਾਏ ਦੇ ਰੂਪ 'ਚ ਪ੍ਰਗਟ ਹੋ ਰਹੀ ਹੈ, ਸਗੋਂ ਜੀਵਨ ਦੇ ਹਰ ਖੇਤਰ ਵਿਚ ਅਤਿਵਾਦੀਆਂ ਦਾ ਬੋਲਬਾਲਾ ਹੈ। ਪਾਕਿਸਤਾਨ ਦੀ ਸੁਰੱਖਿਆ ਦੀ ਹੀ ਗੱਲ ਕਰਦੇ ਹਾਂ। ਜਦੋਂ ਫੌਜ ਦੇਸ਼ ਭਰ ਵਿਚੋਂ ਅਤਿਵਾਦੀਆਂ ਨੂੰ ਖਦੇੜਨ ਦੀ ਕਾਰਵਾਈ 'ਚ ਲੱਗੀ ਹੋਈ ਹੈ, ਐਨ ਉਸੇ ਸਮੇਂ ਅਮਰੀਕਾ ਨੇ ਇਸ 'ਤੇ ਦੋਗਲੇਪਣ ਦਾ ਦੋਸ਼ ਲਗਾਉਂਦਿਆਂ ਕਿਹਾ ਹੈ ਕਿ ਇਹ ਭਾਰਤ ਅਤੇ ਅਫਗਾਨਿਸਤਾਨ 'ਤੇ ਆਧਾਰਤ ਕੁਝ ਖ਼ਾਸ ਅਤਿਵਾਦੀ ਧੜਿਆਂ ਨੂੰ ਹਮਾਇਤ ਦੇ ਰਿਹਾ ਹੈ। ਇਸਲਾਮਾਬਾਦ ਨੇ ਇਨ੍ਹਾਂ ਦੋਸ਼ਾਂ ਦਾ ਜ਼ੋਰਦਾਰ ਖੰਡਨ ਤਾਂ ਕੀਤਾ, ਪਰ ਸਪਸ਼ਟ ਤੌਰ 'ਤੇ ਉਹ ਬਹੁਤ ਦੁਖੀ ਤੇ ਅਪਮਾਨਿਤ ਮਹਿਸੂਸ ਕਰ ਰਿਹਾ ਹੈ।

ਖੇਤਰ ਵਿਚ ਨਾ ਸਿਰਫ ਪਾਕਿਸਤਾਨ ਅਲੱਗ-ਥਲੱਗ ਹੋ ਗਿਆ ਹੈ, ਸਗੋਂ ਇਸ ਦਾ ਸਰਪ੍ਰਸਤ ਅਮਰੀਕਾ ਅਸਿੱਧੇ ਰੂਪ 'ਚ ਹੁਣ ਨਵੀਂ ਦਿੱਲੀ ਦੇ ਪੱਖ ਵਿਚ ਝੁਕਿਆ ਹੋਇਆ ਹੈ ਅਤੇ ਇਹੋ ਗੱਲ ਪਾਕਿਸਤਾਨ ਨੂੰ ਦੋਹਰਾ ਸਦਮਾ ਪਹੁੰਚਾ ਰਹੀ ਹੈ। ਚੀਨ ਅਤੇ ਇਰਾਨ ਸਮੇਤ ਇਸ ਦੇ ਸਾਰੇ ਗੁਆਂਢੀ ਇਸ ਦੇ ਇਸ ਦਾਅਵੇ 'ਤੇ ਭਰੋਸਾ ਕਰਨ ਲਈ ਤਿਆਰ ਨਹੀਂ ਕਿ ਉਹ ਖ਼ੁਦ ਅਤਿਵਾਦ ਦਾ ਸ਼ਿਕਾਰ ਹੈ ਅਤੇ ਅਤਿਵਾਦੀਆਂ ਵਿਰੁਧ ਲੜ ਰਿਹਾ ਹੈ। ਕੀ ਇਹੋ ਢੁੱਕਵਾਂ ਸਮਾਂ ਨਹੀਂ ਕਿ ਅਸੀਂ ਨਾ ਸਿਰਫ ਆਪਣੀਆਂ ਨੁਕਸਦਾਰ ਸੁਰੱਖਿਆ ਧਾਰਨਾਵਾਂ ਦਾ ਨਕਸ਼ਾ ਨਵੇਂ ਸਿਰਿਓਂ ਬਣਾਈਏ ਅਤੇ ਨਾਲ ਹੀ ਇਸ 'ਤੇ ਆਧਾਰਤ ਵਿਦੇਸ਼ ਨੀਤੀ 'ਚ ਵੀ ਤਬਦੀਲੀ ਕਰੀਏ? ਉਂਜ ਦਿੱਲੀ ਵਿਚ ਸੱਤਾ 'ਤੇ ਕਾਬਜ਼ ਸਰਕਾਰ, ਆਪਣੇ-ਆਪ ਵਿਚ ਪਾਕਿਸਤਾਨ ਦੇ ਜਨੂੰਨ ਨੂੰ ਭੜਕਾਉਣ ਵਾਲੀ ਚੀਜ਼ ਹੀ ਹੈ।



ਸ਼ਮ੍ਹਾਂ ਬੀਬੀ ਤੇ ਸ਼ਹਿਜ਼ਾਦ ਮਸੀਹ ਜਿਨ੍ਹਾਂ ਨੂੰ ਭੱਠੇ 'ਚ ਜਲਾ ਦਿੱਤਾ ਗਿਆ।

ਭਾਰਤ ਨੂੰ ਪਾਕਿਸਤਾਨ ਦਾ ਨੰਬਰ ਇਕ ਦੁਸ਼ਮਣ ਮੰਨਣ ਵਾਲੇ ਨੀਤੀਘਾੜੇ ਭਾਰਤ ਵਿਰੁਧ ਭੜਕਾਊ ਬਿਆਨਬਾਜ਼ੀ ਕਰ ਕੇ ਅਥਾਹ ਸੰਤੁਸ਼ਟ ਹੁੰਦੇ ਹਨ। ਪਾਕਿਸਤਾਨੀ ਫੌਜ ਬਾਹਰਲੀਆਂ ਚੁਣੌਤੀਆਂ ਦੇ ਮੱਦੇਨਜ਼ਰ ਆਪਣੀ ਚੌਕਸੀ 'ਚ ਕਮੀ ਨਹੀਂ ਕਰ ਸਕਦੀ, ਫਿਰ ਵੀ ਇਸ ਨੂੰ ਇਸ ਭਰਮ ਤੋਂ ਮੁਕਤ ਹੋਣਾ ਪਵੇਗਾ ਕਿ ਰਾਸ਼ਟਰ ਹਿਤ ਦੀ ਰਾਖੀ ਕਰਨ ਦੀ ਇਕੋ-ਇਕ ਠੇਕੇਦਾਰੀ ਇਸੇ ਕੋਲ ਹੈ ਅਤੇ ਅਜਿਹਾ ਕਰਦਿਆਂ ਇਸ ਨੂੰ ਸਿਵਲੀਅਨ ਅਦਾਰਿਆਂ ਦੇ ਵਧਣ-ਫੁੱਲਣ ਤੇ ਰਾਸ਼ਟਰ ਦੀ ਸੁਰੱਖਿਆ ਦੀ ਸਰਕਾਰੀ ਧਾਰਨਾ ਦੀਆਂ ਹੱਦਾਂ ਤੋਂ ਉਪਰ ਉਠ ਕੇ ਵਿਕਾਸ ਕਰਨ ਲਈ ਮਾਹੌਲ ਤਿਆਰ ਕਰਨਾ ਪਵੇਗਾ।

ਜਹਾਦੀ ਜਥੇਬੰਦੀਆਂ ਦਾ ਸਮਰਥਨ ਕਰਨ ਅਤੇ ਉਨ੍ਹਾਂ ਨੂੰ ਸਰਕਾਰੀ ਨੀਤੀ ਦੇ ਯੰਤਰ ਵਜੋਂ ਇਸਤੇਮਾਲ ਕਰਨ ਨਾਲ ਯਕੀਨੀ ਤੌਰ 'ਤੇ ਤਬਾਹਕੁਨ ਨਤੀਜੇ ਦੇਖਣ ਨੂੰ ਮਿਲੇ ਹਨ। ਇਹ ਪ੍ਰਕਿਰਿਆ ਅਮਰੀਕਾ ਦੀ ਛਤਰ-ਛਾਇਆ ਹੇਠ ਹੀ ਸਾਬਕਾ ਤਾਨਾਸ਼ਾਹ ਮਰਹੂਮ ਜ਼ਿਆ-ਉਲ-ਹੱਕ ਦੇ ਅਧੀਨ ਅਫਗਾਨੀ ਜਹਾਦ ਨਾਲ ਸ਼ੁਰੂ ਹੋਈ ਸੀ।

ਅਮਰੀਕਾ ਵਿਚ 9/11 ਦੇ ਹਮਲੇ ਤੋਂ ਬਾਅਦ ਜਹਾਦੀ ਧੜੇ ਆਪਣੇ ਸਾਬਕਾ ਸਰਪ੍ਰਸਤਾਂ ਦੀ ਧੌਣ ਨੂੰ ਹੀ ਹੱਥ ਪਾਉਣ ਲੱਗੇ। ਪਾਕਿਸਤਾਨੀ ਸਮਾਜ ਵਿਚ ਫੈਲੀ ਅਸਹਿਣਸ਼ੀਲਤਾ, ਝੂਠੀ ਧਾਰਮਿਕਤਾ ਅਤੇ ਗੈਰ-ਸੰਤੁਲਿਤ ਤਰਜੀਹਾਂ ਕਿਸੇ ਤੋਂ ਲੁਕੀਆਂ ਨਹੀਂ ਹਨ। ਜ਼ਿਆ-ਉਲ-ਹੱਕ ਦੇ ਉਤਰਾਧਿਕਾਰੀਆਂ ਦੀਆਂ ਵੱਖ-ਵੱਖ ਕਿਸਮਾਂ ਅਤੇ ਕੁਝ ਹੱਦ ਤਕ ਕਥਿਤ ਉਦਾਰਵਾਦੀ ਸਿਆਸੀ ਪਾਰਟੀਆਂ ਨਾਲ ਸਬੰਧਤ ਸਿਆਸੀ ਅਮੀਰ ਵਰਗ ਨੇ ਘੱਟ ਤੋਂ ਘੱਟ ਵਿਰੋਧ ਦਾ ਰਾਹ ਅਪਨਾਈ ਰੱਖਿਆ। ਇਸ ਲਈ ਇਨ੍ਹਾਂ ਲੋਕਾਂ ਨੂੰ ਗੁਨਾਹ ਦੇ ਕਲੰਕ ਤੋਂ ਬਰੀ ਨਹੀਂ ਕੀਤਾ ਜਾ ਸਕਦਾ।

ਇੰਨਾ ਹੀ ਕਹਿਣਾ ਕਾਫੀ ਹੋਵੇਗਾ ਕਿ ਅੱਜ ਦਾ ਪਾਕਿਸਤਾਨ ਇਸ ਦੇ ਬਾਨੀਆਂ ਦੇ ਸੁਪਨੇ ਤੋਂ ਬਹੁਤ ਦੂਰ ਭਟਕ ਚੁੱਕਾ ਹੈ। ਕਾਇਦ-ਏ-ਆਜ਼ਮ ਮੁਹੰਮਦ ਅਲੀ ਜਿਨਾਹ ਨੇ ਸੈਕੂਲਰ ਨੀਤੀਆਂ ਅਤੇ ਘੱਟ-ਗਿਣਤੀਆਂ ਸਮੇਤ ਸਾਰੇ ਨਾਗਰਿਕਾਂ ਲਈ ਸਾਧਾਰਨ ਅਧਿਕਾਰਾਂ ਦਾ ਵਾਅਦਾ ਕੀਤਾ ਸੀ ਪਰ ਹੁਣ ਇਹ ਗੱਲਾਂ ਸਿਆਸੀ ਗੱਲਬਾਤ ਵਿਚੋਂ ਚੁਣ-ਚੁਣ ਕੇ ਕੱਢ ਦਿੱਤੀਆਂ ਗਈਆਂ ਹਨ।

ਕੁਝ ਹੀ ਦਿਨ ਪਹਿਲਾਂ ਮੈਨੂੰ ਉਦੋਂ ਭਾਰੀ ਸਦਮਾ ਲੱਗਾ, ਜਦੋਂ ਮੈਂ ਇਕ ਮੁੱਖ ਧਾਰਾ ਵਾਲੇ ਟੀ.ਵੀ. ਐਂਕਰ ਨੂੰ ਆਪਣੇ ਪ੍ਰੋਗਰਾਮ ਵਿਚ ਸਲਮਾਨ ਤਾਸੀਰ ਦੀ ਹੱਤਿਆ ਨੂੰ ਜਾਇਜ਼ ਠਹਿਰਾਉਂਦਿਆਂ ਦੇਖਿਆ। ਜ਼ਿਆ-ਉਲ-ਹੱਕ ਵਲੋਂ ਆਪਣੀ ਸੱਤਾ ਨੂੰ ਬਰਕਰਾਰ ਰੱਖਣ ਲਈ ਇਸਲਾਮ ਦੇ ਨਾਂ 'ਤੇ ਜੋ ਧਾਰਾਵਾਂ ਸੰਵਿਧਾਨ ਵਿਚ ਜੋੜੀਆਂ ਗਈਆਂ ਸਨ, ਸਿਆਸੀ ਅਮੀਰ ਵਰਗ ਉਨ੍ਹਾਂ ਦਾ ਵਿਰੋਧ ਕਰਨ ਜਾਂ ਉਨ੍ਹਾਂ ਨੂੰ ਬਾਹਰ ਕੱਢਣ ਦੀ ਹਿੰਮਤ ਨਹੀਂ ਕਰ ਰਿਹਾ। ਇਨ੍ਹਾਂ ਹੀ ਧਾਰਾਵਾਂ ਦੀ ਦੁਰਵਰਤੋਂ ਕਰ ਕੇ ਅਤਿਵਾਦੀਆਂ ਨੇ ਆਪਣਾ ਏਜੰਡਾ ਅੱਗੇ ਵਧਾਇਆ ਹੈ।

ਬੇਸ਼ੱਕ ਕੁਝ ਸਨਮਾਨਜਨਕ ਅਪਵਾਦ ਮੌਜੂਦ ਹਨ, ਫਿਰ ਵੀ ਸਿਆਸਤਦਾਨਾਂ ਨੇ ਵਧਦੀ ਅਸਹਿਣਸ਼ੀਲਤਾ 'ਤੇ ਰੋਕ ਲਗਾਉਣ ਦੇ ਮਾਮਲੇ 'ਚ ਬਹੁਤ ਡਰਪੋਕਾਂ ਵਾਲੀ ਪਹੁੰਚ ਅਪਨਾਈ ਰੱਖੀ ਹੈ। ਘਿਸੇ-ਪਿਟੇ ਅੰਦਾਜ਼ ਵਿਚ ਨਿੰਦਾਜਨਕ ਬਿਆਨ ਦੇਣ ਤੋਂ ਇਲਾਵਾ ਉਨ੍ਹਾਂ ਦੀਆਂ ਨੀਤੀਆਂ 'ਚ ਅਤਿਵਾਦ ਦੇ ਅਣਗਿਣਤ ਸਿਰਾਂ ਵਾਲੇ ਦੈਂਤ ਵਿਰੁਧ ਲੜਨ ਦੀ ਸਿਆਸੀ ਇੱਛਾ-ਸ਼ਕਤੀ ਬਿਲਕੁਲ ਨਹੀਂ ਸੀ। ਇਸੇ ਦਾ ਨਤੀਜਾ ਹੈ ਕਿ ਸਮਾਜਕ ਖੇਤਰ 'ਚ ਬਜਟ ਵਿਵਸਥਾਵਾਂ ਸ਼ਰਮਨਾਕ ਹੱਦ ਤਕ ਘੱਟ ਹਨ। ਸਿੱਖਿਆ ਲਈ ਜੋ ਮਾਮੂਲੀ ਜਿਹਾ ਬਜਟ ਜਾਰੀ ਕੀਤਾ ਗਿਆ ਹੈ, ਉਹ ਵੀ ਪੱਛਮੀ ਪੰਜਾਬ ਦੇ ਕਥਿਤ 'ਦਾਨਿਸ਼ ਸਕੂਲਾਂ' ਦੇ ਨਾਂ 'ਤੇ ਫਜ਼ੂਲ ਖਰਚਿਆ ਜਾ ਰਿਹਾ ਹੈ। ਮੋਟਰਵੇਜ਼, ਮੈਟਰੋ, ਬੱਸਾਂ, ਬੁਲੇਟ ਟ੍ਰੇਨ ਵਰਗੀਆਂ ਠਾਠ-ਬਾਠ ਵਾਲੀਆਂ ਸਕੀਮਾਂ ਸਾਡੇ ਹਾਕਮਾਂ ਨੂੰ ਬਹੁਤ ਪਸੰਦ ਆਉਂਦੀਆਂ ਹਨ, ਪਰ ਸਾਰੇ ਸਿਆਸਤਦਾਨਾਂ ਦੀ ਇਕ ਸਾਂਝੀ ਗੱਲ ਇਹ ਹੈ ਕਿ ਉਨ੍ਹਾਂ ਕੋਲ ਦੂਰਅੰਦੇਸ਼ੀ ਨਾਂ ਦੀ ਕੋਈ ਚੀਜ਼ ਨਹੀਂ ਹੈ।

ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਬੇਸ਼ੱਕ ਬਹੁਤ ਉਚੇ-ਉਚੇ ਦਾਅਵੇ ਕਰਦੀ ਹੈ ਕਿ ਉਹ ਤਬਦੀਲੀ ਦੀ ਵਾਹਕ ਹੈ, ਪਰ ਖੈਬਰ ਪਖਤੂਨਖਵਾ ਵਿਚ ਇਸ ਨੇ ਸਿੱਖਿਆ ਦਾ ਕੰਮ ਪੂਰੀ ਤਰ੍ਹਾਂ ਆਪਣੀ ਗੱਠਜੋੜ ਸਹਿਯੋਗੀ ਜਮਾਇਤੇ-ਇਸਲਾਮੀ ਦੇ ਰਹਿਮੋ-ਕਰਮ 'ਤੇ ਛੱਡਿਆ ਹੋਇਆ ਹੈ ਜਿਸ ਦੇ ਸਿੱਟੇ ਵਜੋਂ ਅਤਿਵਾਦ ਦਾ ਜੜ੍ਹੋਂ ਸਫਾਇਆ ਕਰਨ ਦੀ ਫੌਜੀ ਮੁਹਿੰਮ ਦੇ ਬਾਵਜੂਦ ਪਾਕਿਸਤਾਨ ਇਕ ਸੱਤਾਤੰਤਰ ਵਜੋਂ ਲੋਕਾਂ ਦੇ ਦਿਲੋ-ਦਿਮਾਗ ਨੂੰ ਜਿੱਤਣ ਦੀ ਲੜਾਈ ਹਾਰਦਾ ਹੀ ਜਾ ਰਿਹਾ ਹੈ।

ਪਾਕਿਸਤਾਨੀ ਸਮਾਜ ਬੜੀ ਤੇਜ਼ੀ ਨਾਲ ਗਰੀਬੀ ਤੇ ਬੇਵਕੂਫੀ ਭਰੇ ਅਤਿਵਾਦ ਦੀ ਲਗਾਤਾਰ ਫੈਲਦੀ ਬਿਮਾਰੀ ਦੀ ਦਲਦਲ 'ਚ ਫਸਦਾ ਜਾ ਰਿਹਾ ਹੈ। ਨੀਤੀਘਾੜਿਆਂ ਦੀ ਕਈ ਵਰ੍ਹਿਆਂ ਦੀ ਲਾਪਰਵਾਹੀ, ਸੰਵੇਦਨਹੀਣਤਾ ਅਤੇ ਗਲਤ ਤਰਜੀਹਾਂ ਦੇ ਸਿੱਟੇ ਜੀਵਨ ਦੇ ਹਰ ਖੇਤਰ 'ਚ ਸਾਹਮਣੇ ਆ ਰਹੇ ਹਨ। ਹੁਣ ਤਾਂ ਪਾਕਿਸਤਾਨ 'ਚ ਊਰਜਾ ਦੇ ਨਾਲ-ਨਾਲ ਪਾਣੀ ਦੀ ਵੀ ਘਾਟ ਪੈਦਾ ਹੋ ਗਈ ਹੈ ਅਤੇ ਲੰਮੀ ਹਨੇਰੀ ਸੁਰੰਗ ਦੇ ਅਗਲੇ ਸਿਰੇ 'ਤੇ ਆਸ ਦੀ ਕੋਈ ਕਿਰਨ ਤਕ ਦਿਖਾਈ ਨਹੀਂ ਦਿੰਦੀ। ਇਕ ਤੋਂ ਬਾਅਦ ਇਕ ਸਿਵਲੀਅਨ ਅਤੇ ਫੌਜੀ ਸਰਕਾਰਾਂ ਸਿਆਸੀ ਹੋਂਦ ਬਣਾਈ ਰੱਖਣ ਲਈ ਬੜੀ ਆਸਾਨੀ ਨਾਲ ਬੁਨਿਆਦੀ ਢਾਂਚੇ ਦੀਆਂ ਯੋਜਨਾਵਾਂ ਨੂੰ ਅਣਡਿੱਠ ਕਰਦੀਆਂ ਰਹੀਆਂ ਹਨ। ਕੁਦਰਤੀ ਗੈਸ ਅਤੇ ਪਾਣੀ ਵਰਗੇ ਅਨਮੋਲ ਸੋਮਿਆਂ ਨੂੰ ਗਲਤ ਤਰਜੀਹਾਂ ਦੀ ਭੇਟ ਚੜ੍ਹਾ ਦਿੱਤਾ ਗਿਆ ਹੈ। ਊਰਜਾ ਖੇਤਰ ਵਿਚ ਧੋਖੇਬਾਜ਼ ਦਲਾਲਾਂ ਨੇ ਸਰਕਾਰੀ ਸਰਪ੍ਰਸਤੀ ਹੋਣ ਕਰ ਕੇ ਆਮ ਆਦਮੀ ਦੀ ਕੀਮਤ 'ਤੇ ਦੋਵੀਂ ਹੱਥੀਂ ਲੁੱਟ ਮਚਾਈ। ਪਾਣੀ ਦੇ ਸੋਮਿਆਂ ਬਾਰੇ ਕਿਸੇ ਤਰ੍ਹਾਂ ਦੀ ਆਮ ਸਹਿਮਤੀ ਨਾ ਬਣ ਸਕਣ ਕਰਕੇ ਇਹ ਸੋਮੇ ਜ਼ਾਇਆ ਹੋ ਰਹੇ ਹਨ।

ਨੌਜਵਾਨ ਬਿਲਾਵਲ ਭੁੱਟੋ ਨੇ ਪੀ.ਪੀ.ਪੀ. ਦੇ ਚੇਅਰਪਰਸਨ ਵਜੋਂ ਸਿੰਧ ਦੇ ਮੁੱਖ ਮੰਤਰੀ ਕਾਇਮ ਅਲੀ ਸ਼ਾਹ ਨੂੰ ਥਾਰ ਪਾਰਕਰ ਜ਼ਿਲੇ ਵਿਚ ਸੋਕੇ ਦੀ ਸਥਿਤੀ ਨਾਲ ਨਜਿੱਠਣ ਦੇ ਮਾਮਲੇ 'ਚ ਦਿਖਾਈ ਲਾਪਰਵਾਹੀ ਦੇ ਮੁੱਦੇ 'ਤੇ 'ਕਾਰਨ ਦੱਸੋ ਨੋਟਿਸ' ਭੇਜਿਆ। ਸ਼ਾਹ ਨੇ ਇਨਕਾਰ ਕੀਤਾ ਹੈ ਕਿ ਸੋਕਾ ਪੀੜਤ ਇਸ ਜ਼ਿਲੇ 'ਚ ਕਿਸੇ ਇਕ ਬੱਚੇ ਦੀ ਮੌਤ ਵੀ ਭੁੱਖ ਕਾਰਨ ਹੋਈ ਹੈ। ਉਹ ਦਾਅਵਾ ਕਰ ਰਹੇ ਹਨ ਕਿ ਇਹ ਮੌਤਾਂ ਗਰੀਬੀ ਕਾਰਨ ਹੋਈਆਂ ਹੋ ਸਕਦੀਆਂ ਹਨ, ਨਾ ਕਿ ਭੁੱਖਮਰੀ ਕਾਰਨ। ਸਿਰਫ ਉਹੀ ਜਾਣਦੇ ਹਨ ਕਿ ਇਨ੍ਹਾਂ ਗੱਲਾਂ 'ਚ ਕਿੱਥੇ ਅਤੇ ਕਿੰਨਾ ਫਰਕ ਹੈ। ਇਸ ਮੁੱਦੇ 'ਤੇ ਸ਼ਾਹ ਦੀ ਪਹੁੰਚ ਪਾਕਿਸਤਾਨ 'ਚ ਸੱਤਾਧਾਰੀ ਸਾਮੰਤਵਾਦੀ/ਉਦਯੋਗਿਕ ਸਿਆਸੀ ਧਨਾਢ ਵਰਗ ਦੀ ਨੁਕਸਦਾਰ ਮਾਨਸਿਕਤਾ ਦੀ ਹੀ ਸੂਚਕ ਹੈ। ਇਸ ਬਿਮਾਰੀ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਹਨ ਕਿ ਜੇ ਸੱਤਾਧਾਰੀਆਂ ਵਲੋਂ ਗਲਤ ਤਰਜੀਹਾਂ ਨੂੰ ਫੌਰਨ ਨਾ ਪਛਾਣਿਆ ਗਿਆ ਤਾਂ ਕਿਸੇ ਵੀ ਤਰ੍ਹਾਂ ਬਚਿਆ ਨਹੀਂ ਜਾ ਸਕੇਗਾ।

ਹੁਣ ਸਭ ਨੂੰ ਪੁਰਾਣੀ ਲੀਕ ਤੋਂ ਹਟ ਕੇ ਸੋਚਣਾ ਪਵੇਗਾ। ਚਾਹੇ ਉਹ ਸਿਵਲੀਅਨ ਲੀਡਰਸ਼ਿਪ ਹੋਵੇ ਜਾਂ ਫੌਜੀ ਲੀਡਰਸ਼ਿਪ। ਮਸ਼ਵਰੇ ਦੀ ਪ੍ਰਕਿਰਿਆ ਹੋਣੀ ਚਾਹੀਦੀ ਹੈ ਪਰ ਨੀਤੀਆਂ ਉਹੀ ਤੈਅ ਕਰਨ ਜਿਨ੍ਹਾਂ ਨੂੰ ਫਤਵਾ ਮਿਲਿਆ ਹੈ। ਪਾਕਿਸਤਾਨ ਦਲਦਲ 'ਚੋਂ ਤਾਂ ਹੀ ਨਿਕਲ ਸਕਦਾ ਹੈ, ਜੇ ਸਾਰੇ ਅਦਾਰੇ ਇਕਜੁੱਟ ਹੋ ਕੇ ਆਪਣੇ ਜ਼ਿੰਮੇ ਲੱਗੇ ਕੰਮਾਂ ਨੂੰ ਅੰਜਾਮ ਦੇਣਗੇ ਅਤੇ ਜਿਨਾਹ ਦੇ ਆਦਰਸ਼ਾਂ ਦੀ ਰੌਸ਼ਨੀ 'ਚ ਆਪਣੀਆਂ ਤਰਜੀਹਾਂ ਦੀ ਸਮੀਖਿਆ ਕਰਨਗੇ।

---

# ਗਠਜੋੜ ਸਿਆਸਤ ਦਾ ਕੰਮ ਤਮਾਮ?

ਮਹਾਰਾਸ਼ਟਰ 'ਚ ਸ਼ਿਵ ਸੈਨਾ-ਭਾਜਪਾ ਦਾ 25 ਸਾਲ ਪੁਰਾਣਾ ਗਠਜੋੜ ਟੁੱਟਣਾ ਭਾਜਪਾ ਦੀ ਇਸ ਚਿਰਸਥਾਈ ਯੋਜਨਾ ਦੀ ਪੁਸ਼ਟੀ ਕਰਦਾ ਹੈ ਕਿ ਉਹ ਆਪਣੇ ਸਹਿਯੋਗੀਆਂ ਤੋਂ ਅੱਡ ਹੋ ਕੇ ਹੋਰਾਂ ਨੂੰ ਪਿੱਛੇ ਛੱਡ ਕੇ ਖ਼ੁਦ ਕੌਮੀ ਪਾਰਟੀ ਵਜੋਂ ਉਭਰਨਾ ਚਾਹੁੰਦੀ ਹੈ। ਮਹਾਰਾਸ਼ਟਰ ਅਤੇ ਹਰਿਆਣਾ ਵਿਧਾਨ ਸਭਾ ਦੀਆਂ ਚੋਣ ਰੈਲੀਆਂ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਬਿੰਦੂ 'ਤੇ ਦਬਾਅ ਬਣਾਉਣ ਲਈ ਭਾਰਤ ਦੀ ਸਿਆਸਤ ਵਿਚ ਗਠਜੋੜ ਦਾ ਯੁੱਗ ਖਤਮ ਹੋਣ ਦੀ ਗੱਲ 'ਤੇ ਜ਼ੋਰ ਦਿੱਤਾ। ਮੋਦੀ ਦੇ ਨਾਲ-ਨਾਲ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਕਾਂਗਰਸ ਵਲੋਂ ਪੈਦਾ ਕੀਤੇ ਸਿਆਸੀ ਖਲਾਅ ਨੂੰ ਭਰਨ ਲਈ ਬੜੀ ਤੇਜ਼ੀ ਨਾਲ ਸਰਗਰਮ ਹੋ ਰਹੇ ਹਨ ਜਿਸ ਨੇ ਨਾ ਸਿਰਫ 2014

ਕਲਿਆਣੀ ਸ਼ੰਕਰ

ਦੀਆਂ ਆਮ ਚੋਣਾਂ, ਸਗੋਂ ਉਸ ਤੋਂ ਬਾਅਦ ਦੋ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਸ਼ਰਮਨਾਕ ਹਾਰ ਦਾ ਸਾਹਮਣਾ ਕੀਤਾ।

ਇਹ ਤਾਂ ਤੈਅ ਹੈ ਕਿ ਭਾਜਪਾ ਸ਼ਾਇਦ ਇੰਨੀ ਛੇਤੀ ਆਪਣੇ ਸਹਿਯੋਗੀਆਂ ਨੂੰ ਨਕਾਰੇਗੀ ਨਹੀਂ ਪਰ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਸਹਿਯੋਗੀਆਂ ਨੇ ਮੋਦੀ ਸਰਕਾਰ ਵਿਚ ਆਪਣੀ ਵੁਕਅਤ ਗੁਆ ਲਈ ਹੈ। ਇਕ ਸਮਾਂ ਸੀ, ਜਦੋਂ ਭਾਜਪਾ ਕਈ ਪਾਰਟੀਆਂ ਲਈ ਅਛੂਤ ਸੀ, ਪਰ ਇਸ ਦੇ ਉਦਾਰਵਾਦੀ ਚਿਹਰੇ ਅਟਲ ਬਿਹਾਰੀ ਵਾਜਪਾਈ ਨੇ 90ਵਿਆਂ ਦੇ ਅਖੀਰ ਵਿਚ ਨਾ ਸਿਰਫ ਸਹਿਯੋਗੀਆਂ ਨੂੰ ਪ੍ਰੇਰਿਆ, ਸਗੋਂ 1998 ਵਿਚ 24 ਪਾਰਟੀਆਂ ਦੇ ਗਠਜੋੜ ਵਾਲੀ ਸਰਕਾਰ ਵੀ ਬਣਾਈ। ਮਜ਼ੇ ਦੀ ਗੱਲ ਇਹ ਹੈ ਕਿ ਮੋਦੀ ਦੀ ਅਗਵਾਈ ਵਾਲੀ ਸਰਕਾਰ 'ਚ 29 ਭਾਈਵਾਲ ਹਨ ਜਿਨ੍ਹਾਂ ਵਿਚੋਂ 2 ਪਹਿਲਾਂ ਹੀ ਛੱਡ ਚੁੱਕੇ ਹਨ। ਭਾਈਵਾਲਾਂ ਦੀ ਲੋੜ 2014 ਦੀਆਂ ਆਮ ਚੋਣਾਂ ਤੋਂ ਪਹਿਲਾਂ ਉਦੋਂ ਮਹਿਸੂਸ ਹੋਈ, ਜਦੋਂ ਭਾਜਪਾ ਨੂੰ ਆਪਣੇ ਬਲਬੂਤੇ ਬਹੁਮਤ ਮਿਲਣ ਦੀ ਪੱਕੀ ਸੰਭਾਵਨਾ ਨਹੀਂ ਸੀ। ਭਾਜਪਾ ਹੁਣ ਨਵੀਂ ਰਣਨੀਤੀ ਅਪਨਾ ਰਹੀ ਹੈ ਕਿ ਸਹਿਯੋਗੀ ਬਣਾਉਣ ਦੀ ਬਜਾਏ ਉਹ ਹੋਰ ਪਾਰਟੀਆਂ ਦੇ ਅਹਿਮ ਆਗੂਆਂ ਨੂੰ ਆਪਣੇ 'ਚ ਸ਼ਾਮਿਲ ਕਰ ਰਹੀ ਹੈ।

ਮੋਦੀ ਦੇ ਕੌਮੀ ਮੰਚ 'ਤੇ ਸਾਹਮਣੇ ਆਉਣ ਤੋਂ ਬਾਅਦ ਬਹੁਤ ਕੁਝ ਬਦਲਣਾ ਸ਼ੁਰੂ ਹੋਇਆ। ਪਹਿਲਾ ਸੰਕੇਤ ਉਦੋਂ ਮਿਲਿਆ, ਜਦੋਂ ਜਨਤਾ ਦਲ (ਯੂ) ਨੇ ਭਜਾਪਾ ਨਾਲੋਂ ਨਾਤਾ ਤੋੜ ਲਿਆ। ਇਹ ਜੂਆ ਭਾਜਪਾ ਦੇ ਕੰਮ ਆ ਗਿਆ, ਕਿਉਂਕਿ ਇਸ ਨੇ ਬਿਹਾਰ ਅਤੇ ਹੋਰ ਥਾਂਵਾਂ 'ਤੇ ਵਧੀਆ ਕਾਰਗੁਜ਼ਾਰੀ ਦਿਖਾਈ। ਮੋਦੀ ਸਰਕਾਰ ਦੇ ਗਠਨ ਤੋਂ ਬਾਅਦ ਸਹਿਯੋਗੀਆਂ ਤੋਂ ਦੂਰੀ ਬਣਾਉਣ ਦਾ ਰੁਝਾਨ ਹੋਰ ਵੀ ਪ੍ਰਤੱਖ ਹੋ ਗਿਆ। ਮੋਦੀ ਦੀ ਸਫਲਤਾ ਤੋਂ ਉਤਸ਼ਾਹਤ ਪਾਰਟੀ ਨੇ ਮਹਾਰਾਸ਼ਟਰ ਅਤੇ ਹਰਿਆਣਾ ਵਿਚ ਇਕੱਲਿਆਂ ਚੋਣ ਲੜਨ ਦਾ ਫੈਸਲਾ ਕੀਤਾ ਅਤੇ ਇਹ ਜੂਆ ਇਕ ਵਾਰ ਫਿਰ ਕੰਮ ਆ ਗਿਆ। ਇਹ ਇਸ ਤੱਥ ਦੇ ਬਾਵਜੂਦ ਸੀ ਕਿ ਦੋਹਾਂ ਸੂਬਿਆਂ 'ਚ ਭਾਜਪਾ ਕੋਲ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵਜੋਂ ਪੇਸ਼ ਕਰਨ ਵਾਸਤੇ ਕੋਈ ਕ੍ਰਿਸ਼ਮਈ ਨੇਤਾ ਨਹੀਂ ਸੀ।

ਇਸ ਤੱਥ ਦੇ ਬਾਵਜੂਦ ਕਿ ਭਾਜਪਾ-ਹਜਕਾਂ ਗਠਜੋੜ ਨੇ ਹਰਿਆਣਾ ਦੀਆਂ 10 ਲੋਕ ਸਭਾ ਸੀਟਾਂ ਵਿਚੋਂ 7 ਉਤੇ ਜਿੱਤ ਦਰਜ ਕੀਤੀ ਅਤੇ 40.9 ਫੀਸਦੀ ਵੋਟਾਂ ਹਾਸਿਲ ਕੀਤੀਆਂ, ਭਾਜਪਾ ਨੇ ਹਜਕਾਂ ਨਾਲੋਂ ਸਬੰਧ ਤੋੜ ਲਏ। ਭਾਜਪਾ ਦਾ ਜੂਆ ਇਕ ਵਾਰ ਫਿਰ ਚੱਲ ਗਿਆ ਕਿਉਂਕਿ ਭਾਜਪਾ ਨੂੰ ਤਾਂ ਖ਼ੁਦ ਹਰਿਆਣਾ 'ਚ ਇੰਨੇ ਵਧੀਆ ਨਤੀਜੇ ਆਉਣ ਦੀ ਉਮੀਦ ਨਹੀਂ ਸੀ ਜਿੱਥੇ ਇਸ ਨੇ ਹੁਣ ਮੁਕੰਮਲ ਬਹੁਮਤ ਨਾਲ ਸਰਕਾਰ ਬਣਾਈ ਹੈ।

> *ਭਾਜਪਾ ਅਤੇ ਇਸ ਦੇ ਇਕ ਹੋਰ ਪੁਰਾਣੇ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ ਦਰਮਿਆਨ ਵੀ ਸਭ ਕੁਝ ਚੰਗਾ ਨਜ਼ਰ ਨਹੀਂ ਆ ਰਿਹਾ। ਪੰਜਾਬ ਵਿਚ ਸੂਬਾਈ ਭਾਜਪਾ ਪ੍ਰਧਾਨ ਦੀਆਂ ਕੁਝ ਟਿੱਪਣੀਆਂ ਸੰਕੇਤ ਦਿੰਦੀਆਂ ਹਨ ਕਿ ਭਾਜਪਾ ਛੇਤੀ ਹੀ ਅਕਾਲੀ ਦਲ ਨੂੰ ਪਟਕਣੀ ਦੇ ਸਕਦੀ ਹੈ। ਪਾਰਟੀ ਇਸ ਗੱਲ ਨੂੰ ਲੈ ਕੇ ਪ੍ਰੇਸ਼ਾਨ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਹੁਣੇ-ਹੁਣੇ ਹੋਈਆਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿਚ ਇਨੈਲੋ ਦਲ ਲਈ ਪ੍ਰਚਾਰ ਕੀਤਾ।*

ਲੰਮੇ ਸਮੇਂ ਤੋਂ ਸਹਿਯੋਗੀ ਸ਼ਿਵ ਸੈਨਾ ਨਾਲ ਮਹਾਰਾਸ਼ਟਰ ਵਿਚ ਸਬੰਧ ਤੋੜਨਾ ਵੀ ਭਾਜਪਾ ਦਾ ਜੂਆ ਸੀ। ਭਾਜਪਾ ਦੇ ਸੀਨੀਅਰ ਨੇਤਾ ਐਲ.ਕੇ. ਅਡਵਾਨੀ ਹਾਲਾਂਕਿ ਇਸ ਸਬੰਧ ਨੂੰ ਜਾਰੀ ਰੱਖਣਾ ਚਾਹੁੰਦੇ ਸਨ ਪਰ ਮੋਦੀ ਸਰਕਾਰ 'ਚ ਉਨ੍ਹਾਂ ਦੀ ਕੋਈ ਗੱਲ ਸੁਣਨ ਵਾਲਾ ਨਹੀਂ। ਇਸ ਤੋਂ ਇਲਾਵਾ ਸ਼ਿਵ ਸੈਨਾ ਮੁਖੀ ਊਧਵ ਠਾਕਰੇ ਨੇ ਵੀ ਆਪਣੇ ਚੋਣ ਪ੍ਰਚਾਰ ਦੌਰਾਨ ਮੋਦੀ ਅਤੇ ਅਮਿਤ ਸ਼ਾਹ ਦੀ ਆਲੋਚਨਾ ਕਰ ਕੇ ਆਪਣੀ ਬੇੜੀ 'ਚ ਵੱਟੇ ਪਾ ਲਏ। ਹੁਣ ਭਾਜਪਾ ਸੂਬੇ ਵਿਚ ਜੂਨੀਅਰ ਭਾਈਵਾਲ ਦੀ ਬਜਾਏ ਪ੍ਰਭਾਵਸ਼ਾਲੀ ਪਾਰਟੀ ਵਜੋਂ ਉਭਰੀ ਹੈ ਅਤੇ ਸ਼ਿਵ ਸੈਨਾ ਦੂਜੇ ਨੰਬਰ 'ਤੇ ਖਿਸਕ ਗਈ ਹੈ।

ਭਾਜਪਾ ਅਤੇ ਇਸ ਦੇ ਇਕ ਹੋਰ ਪੁਰਾਣੇ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ ਦਰਮਿਆਨ ਵੀ ਸਭ ਕੁਝ ਚੰਗਾ ਨਜ਼ਰ ਨਹੀਂ ਆ ਰਿਹਾ। ਪੰਜਾਬ ਵਿਚ ਸੂਬਾਈ ਭਾਜਪਾ ਪ੍ਰਧਾਨ ਦੀਆਂ ਕੁਝ ਟਿੱਪਣੀਆਂ ਸੰਕੇਤ ਦਿੰਦੀਆਂ ਹਨ ਕਿ ਭਾਜਪਾ ਛੇਤੀ ਹੀ ਅਕਾਲੀ ਦਲ ਨੂੰ ਪਟਕਣੀ ਦੇ ਸਕਦੀ ਹੈ। ਪਾਰਟੀ ਇਸ ਗੱਲ ਨੂੰ ਲੈ ਕੇ ਪ੍ਰੇਸ਼ਾਨ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਹੁਣੇ-ਹੁਣੇ ਹੋਈਆਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿਚ ਇਨੈਲੋ ਦਲ ਲਈ ਪ੍ਰਚਾਰ ਕੀਤਾ। ਮੋਦੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਮੰਤਰੀ ਮੰਡਲ ਵਿਚ ਹੋਰ ਜ਼ਿਆਦਾ ਅਹੁਦਿਆਂ ਦੀ ਪੇਸ਼ਕਸ਼ ਨਹੀਂ ਕੀਤੀ, ਜਿਵੇਂ ਉਨ੍ਹਾਂ ਨੇ ਤੈਲਗੂ ਦੇਸਮ ਪਾਰਟੀ ਦੇ ਮਾਮਲੇ ਵਿਚ ਕੀਤਾ ਸੀ।

ਭਾਜਪਾ ਦੱਖਣ ਵਿਚ ਪੈਰ ਜਮਾਉਣ ਦੀ ਕੋਸ਼ਿਸ਼ ਵਿਚ ਹੈ ਅਤੇ ਅਜਿਹਾ ਉਹ ਸਿਰਫ ਕਰਨਾਟਕ ਵਿਚ ਕਰ ਸਕੀ ਹੈ ਜਿੱਥੇ ਇਸ ਨੇ 2008 'ਚ ਦੱਖਣ ਵਿਚ ਆਪਣੀ ਪਹਿਲੀ ਸਰਕਾਰ ਬਣਾਈ ਸੀ, ਪਰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਇਹ ਹਾਰ ਗਈ। ਤਾਮਿਲਨਾਡੂ 'ਚ ਅੰਨਾ ਡੀ.ਐਮ.ਕੇ. ਦੀ ਪ੍ਰਧਾਨ ਜੈਲਲਿਤਾ ਨੂੰ ਆਮਦਨ ਤੋਂ ਜ਼ਿਆਦਾ ਜਾਇਦਾਦ ਦੇ ਮਾਮਲੇ 'ਚ ਸਜ਼ਾ, ਡੀ.ਐਮ.ਕੇ. ਦੀਆਂ ਮੁਸ਼ਕਿਲਾਂ ਅਤੇ ਕਾਂਗਰਸ ਦੀ ਗੈਰ-ਮੌਜੂਦਗੀ ਤੋਂ ਸੰਕੇਤ ਮਿਲਦਾ ਹੈ ਕਿ ਭਾਜਪਾ ਉਥੇ ਆਪਣੇ ਗਠਜੋੜ ਭਾਈਵਾਲਾਂ ਤੋਂ ਬਿਨਾਂ ਅੱਗੇ ਵਧਣ ਦੀ ਤਿਆਰੀ ਕਰ ਰਹੀ ਹੈ।

ਬਿਨਾਂ ਸ਼ੱਕ ਇਕ ਪਾਰਟੀ ਦੇ ਸੱਤਾ ਵਿਚ ਆਉਣ ਨਾਲ ਸਿਆਸੀ ਸਥਿਰਤਾ ਅਤੇ ਛੇਤੀ ਫੈਸਲਾ ਲੈਣ ਦੀ ਪ੍ਰਕਿਰਿਆ ਬਹਾਲ ਹੋਵੇਗੀ, ਪਰ ਇਸ ਫੈਸਲੇ 'ਤੇ ਪਹੁੰਚਣਾ ਜਲਦਬਾਜ਼ੀ ਹੋਵੇਗੀ ਕਿ ਗਠਜੋੜ ਦਾ ਯੁੱਗ ਖਤਮ ਹੋ ਗਿਆ ਹੈ। ਇਸ ਗੱਲ ਨੂੰ ਲੈ ਕੇ ਪਹਿਲਾਂ ਹੀ ਘੁਸਰ-ਮੁਸਰ ਸ਼ੁਰੂ ਹੋ ਗਈ ਹੈ ਕਿ ਭਾਜਪਾ ਵੀ ਕਾਂਗਰਸ ਹਾਈਕਮਾਨ ਵਾਲਾ ਕਲਚਰ ਵਿਕਸਿਤ ਕਰ ਰਹੀ ਹੈ ਜਿਸ ਵਿਚ ਮੋਦੀ ਨੂੰ ਗੁਜਰਾਤ, ਮਹਾਰਾਸ਼ਟਰ, ਹਰਿਆਣਾ ਤੇ ਗੋਆ ਵਿਚ ਆਪਣੀ ਪਸੰਦ ਦੇ ਮੁੱਖ ਮੰਤਰੀ ਨਾਮਜ਼ਦ ਕਰਨ ਵਾਲੇ ਵਜੋਂ ਦੇਖਿਆ ਜਾ ਰਿਹਾ ਹੈ। ਅੱਜ ਭਾਜਪਾ ਆਪਣੀ ਚੜ੍ਹਤ ਵਾਲੇ ਦਰਜੇ ਕਾਰਨ ਉਤਸ਼ਾਹ 'ਚ ਹੋਵੇਗੀ ਪਰ ਜਿਹੜੇ ਸਹਿਯੋਗੀਆਂ ਨੂੰ ਅੱਜ ਬੋਝ ਵਜੋਂ ਦੇਖਿਆ ਜਾ ਰਿਹਾ ਹੈ, ਜੇ ਕਿਤੇ ਸਿਆਸਤ ਇਕ ਵਾਰ ਫਿਰ 'ਤਾਰ-ਤਾਰ' ਹੋ ਜਾਂਦੀ ਹੈ, ਤਾਂ ਸ਼ਾਇਦ ਸਫਲਤਾ ਲਈ ਉਹੀ ਅਹਿਮ ਬਣ ਜਾਣ।

# ਧਨ, ਧਰਮ ਤੇ ਗੁਰਬਾਣੀ

*'ਪੰਜਾਬ ਟਾਈਮਜ਼' ਦੇ ਅੰਕ ਨੰਬਰ 38 ਵਿਚ ਛਪੇ ਕਾਨਾ ਸਿੰਘ ਦੇ ਲੇਖ 'ਵੱਡਿਆਂ ਦਾ ਲਾਂਘਾ' ਤੋਂ ਬਾਅਦ ਧਨ ਅਤੇ ਇਖਲਾਕ ਦੇ ਰਿਸ਼ਤੇ ਬਾਰੇ ਬਹਿਸ ਦੀ ਇਕ ਤੂਈ ਤੁਰ ਨਿਕਲੀ ਸੀ। ਇਹ ਸੰਵਾਦ ਭਾਵੇਂ ਮਾਸਟਰ ਨਿਰਮਲ ਸਿੰਘ ਲਾਲੀ ਅਤੇ ਡਾ. ਗੋਬਿੰਦਰ ਸਿੰਘ ਸਮਰਾਓ ਵਿਚਕਾਰ ਹੀ ਚੱਲਿਆ, ਪਰ ਇਸ ਸੰਵਾਦ ਵਿਚ ਜਿਸ ਤਰ੍ਹਾਂ ਧਨ, ਧਰਮ, ਗੁਰਬਾਣੀ ਤੇ ਕੁਝ ਹੋਰ ਮਸਲਿਆਂ ਬਾਰੇ ਚਰਚਾ ਉਭਰੀ ਹੈ, ਅਸੀਂ ਸਮਝਦੇ ਹਾਂ ਕਿ ਇਹ ਗੱਲਾਂ ਪਾਠਕਾਂ ਨਾਲ ਜ਼ਰੂਰ ਸਾਂਝੀਆਂ ਕੀਤੀਆਂ ਜਾਣ। ਇਸੇ ਸਿਲਸਿਲੇ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਦੀ ਇਕ ਹੋਰ ਲੰਮੀ ਟਿੱਪਣੀ ਸਾਡੇ ਪਾਸ ਪੁੱਜੀ ਹੈ ਜਿਸ ਵਿਚ ਉਨ੍ਹਾਂ ਇਸ ਪ੍ਰਸੰਗ ਨੂੰ ਰਤਾ ਕੁ ਅਗਾਂਹ ਵਧਾਇਆ ਹੈ। ਇਸ ਟਿੱਪਣੀ ਵਿਚ ਉਨ੍ਹਾਂ ਆਪਣੀਆਂ ਪਹਿਲੀਆਂ ਟਿੱਪਣੀਆਂ ਦੇ ਹੱਕ ਵਿਚ ਦਲੀਲਾਂ ਦੇਣ ਦਾ ਯਤਨ ਕੀਤਾ ਹੈ। -ਸੰਪਾਦਕ*

## ਪ੍ਰਤੀਕਰਮ

ਮਾਸਟਰ ਨਿਰਮਲ ਸਿੰਘ ਲਾਲੀ ਦੇ ਕਾਨਾ ਸਿੰਘ ਦੇ ਲੇਖ ਦੇ ਪ੍ਰਤੀਕਰਮ ਬਾਰੇ ਮੇਰਾ ਪੱਤਰ ਛਾਪਣ ਲਈ ਆਪ ਜੀ ਦਾ ਧੰਨਵਾਦ। ਇਸ ਪੱਤਰ ਬਾਰੇ ਮਾਸਟਰ ਜੀ ਨੇ 25 ਅਕਤੂਬਰ ਦੇ 'ਪੰਜਾਬ ਟਾਈਮਜ਼' ਵਿਚ ਛਪੇ ਆਪਣੇ ਜਵਾਬ ਵਿਚ ਵਿਸ਼ੇ ਦੀ ਗੱਲ ਛੱਡ ਕੇ ਜ਼ਾਤੀ ਹਮਲਿਆਂ ਦਾ ਸਹਾਰਾ ਲਿਆ ਹੈ। ਜਦੋਂ ਕਿਸੇ ਸੰਵਾਦ ਵਿਚ ਇੱਦਾਂ ਹੋਣ ਲੱਗੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸੰਵਾਦ ਰਚੈਤਾ ਕੋਲ ਜਾਂ ਤਾਂ ਵਿਚਾਰ ਹੈ ਨਹੀਂ, ਤੇ ਜਾਂ ਤਕਨੀਕ। ਇਸ ਲਈ ਅਜਿਹੇ ਸੰਵਾਦ ਨੂੰ ਅੱਗੇ ਤੋਰਨਾ ਉਚਿਤ ਨਹੀਂ ਹੁੰਦਾ। ਮੈਂ ਬੱਸ ਉਨ੍ਹਾਂ ਦੀਆਂ ਤਾਜ਼ਾ ਟਿੱਪਣੀਆਂ ਬਾਰੇ ਸਪਸ਼ਟੀਕਰਨ ਦੇ ਕੇ ਇਸ ਟਾਪਿਕ ਨੂੰ ਬੰਦ ਕਰਦਾ ਹਾਂ।

ਮਾਸਟਰ ਲਾਲੀ ਨੇ ਇਲਜ਼ਾਮ ਲਾਇਆ ਹੈ ਕਿ ਮੈਂ ਆਪਣੇ ਪੱਤਰ ਵਿਚ ਕਾਨਾ ਸਿੰਘ ਦਾ ਪੱਖ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਪੂਰਿਆ ਹੈ ਜੋ ਸਹੀ ਨਹੀਂ ਹੈ। ਪੱਖ ਪੂਰਨ ਦਾ ਕੰਮ ਜਾਂ ਤਾਂ ਅੰਧ-ਵਿਸ਼ਵਾਸੀ ਕਰਦੇ ਹਨ ਜਾਂ ਵਕੀਲ, ਮੈਂ ਇਨ੍ਹਾਂ ਵਿਚੋਂ ਕੋਈ ਵੀ ਨਹੀਂ। ਮੈਂ ਤਾਂ ਨਿਰਪੇਖਤਾ ਨਾਲ ਤੱਥ ਪੇਸ਼ ਕਰ ਕੇ ਮਾਸਟਰ ਜੀ ਨੂੰ ਉਨ੍ਹਾਂ ਦੀਆਂ ਆਪਣੀਆਂ ਦਲੀਲਾਂ ਦੇ ਦੂਜੇ ਪੱਖਾਂ ਦੇ ਰੂ-ਬਰੂ ਕਰਾਇਆ ਸੀ, ਪਰ ਉਹ ਇਸ ਗੱਲ ਤੋਂ ਖ਼ਫਾ ਹੋ ਗਏ, ਤੇ ਮੁੱਦਿਆਂ ਤੋਂ ਪਾਸਾ ਵੱਟ ਕੇ ਵਿਅਕਤੀਗਤ ਵਿਸ਼ੇਸ਼ਣਾਂ 'ਤੇ ਉਤਰ ਆਏ। ਚਲੋ, ਇਹ ਉਨ੍ਹਾਂ ਦਾ ਵਡੱਪਣ ਸਹੀ। ਮੈਂ ਉਹੀ ਨੁਕਤੇ ਉਨ੍ਹਾਂ ਦੇ ਵਿਚਾਰ ਲਈ ਦੁਬਾਰਾ ਪੇਸ਼ ਕਰ ਦਿੰਦਾ ਹਾਂ।

ਕਾਨਾ ਸਿੰਘ ਦਾ ਮੱਤ ਸੀ ਕਿ ਜੋ ਲੋਕ ਪੈਸੇ ਦੀ ਸੰਭਾਲ ਨਹੀਂ ਕਰਦੇ, ਉਨ੍ਹਾਂ ਦਾ ਨਾ ਕੋਈ ਅਸੂਲ ਹੁੰਦਾ ਹੈ, ਨਾ ਇਖਲਾਕ। ਇਸ ਗੱਲ ਦਾ ਵਿਰੋਧ ਕਰਦਿਆਂ ਮਾਸਟਰ ਲਾਲੀ ਨੇ ਗੁਰੂ ਨਾਨਕ ਦੇਵ ਦੇ 'ਸੱਚੇ ਸੌਦੇ' ਵਾਲੀ ਸਾਖੀ ਦੀ ਉਦਾਹਰਨ ਦਿਤੀ, ਪਰ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਗੁਰੂ ਸਾਹਿਬ ਨੇ ਤਾਂ ਪੈਸਾ ਵਿਗਾੜਿਆ ਨਹੀਂ ਸੀ, ਸਗੋਂ 'ਸੱਚੇ ਵਪਾਰ' ਵਿਚ ਲਾਇਆ ਸੀ, ਤਾਂ ਇਸ ਗੱਲ ਦਾ ਉਨ੍ਹਾਂ ਕੋਈ ਜਵਾਬ ਨਾ ਦਿੱਤਾ। ਜਵਾਬ ਉਨ੍ਹਾਂ ਨੇ ਗੁਰੂ ਸਾਹਿਬ ਦੇ ਪਿਤਾ ਦੀ ਉਦਾਹਰਨ ਦਾ ਵੀ ਕੋਈ ਨਹੀਂ ਦਿੱਤਾ ਜਿਨ੍ਹਾਂ ਨੇ ਪੈਸਾ ਜੋੜਦੇ ਹੋਏ ਵੀ ਇਖਲਾਕ ਦਾ ਪੱਲਾ ਨਹੀਂ ਸੀ ਛੱਡਿਆ। ਮਾਸਟਰ ਲਾਲੀ ਨੇ ਇਸ ਗੱਲ ਦੀ ਵੀ ਹਾਮੀ ਨਹੀਂ ਭਰੀ ਕਿ ਉਹ ਗੁਰੂ ਸਾਹਿਬ ਦੀ ਇਹ ਸਾਖੀ ਉਨ੍ਹਾਂ ਧਰਮੀ ਜਿਊੜਿਆਂ ਨੂੰ ਸੁਣਾਉਣਗੇ ਜਿਹੜੇ ਗੁਰੂ ਘਰਾਂ ਦੀਆਂ ਗੋਲਕਾਂ ਬਟੋਰ ਕੇ ਨਿੱਜੀ ਧਨ ਇਕੱਠਾ ਕਰਦੇ ਹਨ, ਤੇ ਬਾਣੀ ਦੇ ਉਪਦੇਸ਼ਾਂ ਨੂੰ ਢਾਹ ਲਾਉਂਦੇ ਹਨ। ਨਾ ਹੀ ਉਨ੍ਹਾਂ ਨੇ ਇਹ ਗੱਲ ਗੌਲੀ ਕਿ ਉਹ ਗੁਰੂ ਸਾਹਿਬ ਦੀ ਸਾਖੀ ਦਾ ਇਹ ਸਬਕ ਉਨ੍ਹਾਂ ਚੁਣੇ ਹੋਏ ਸ਼੍ਰੋਮਣੀ ਗੁਰਸਿੱਖਾਂ ਨੂੰ ਸਮਝਾਉਣਗੇ ਜਿਹੜੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਦਹਾਕਿਆਂ ਤੋਂ ਇਕ ਸਿਆਸੀ 'ਚਿੱਟ' ਉਤੇ ਆਪਣਾ 'ਇਖਲਾਕੀ ਫਰਜ਼' ਨਿਛਾਵਰ ਕਰਦੇ ਆ ਰਹੇ ਹਨ।

ਸੰਕੋਚ-ਵਸ ਇਸ ਵਾਰ ਮੈਂ ਆਪਣੇ ਪਿੰਡ ਦੇ ਮੰਗਤੇ ਅਤੇ ਉਸ ਜਿਹੇ ਹੋਰ ਲੱਖਾਂ ਬਦਕਿਸਮਤਾਂ ਦੀ ਗੱਲ ਨਹੀਂ ਦੁਹਰਾਵਾਂਗਾ ਜਿਹੜੇ ਆਪਣਾ ਧਨ ਰੋੜ੍ਹ ਕੇ ਭਿਖ-ਮੰਗੀ, ਚੋਰੀ, ਡਾਕੇ, ਫਿਰੌਤੀ ਤੇ ਰਾਹ-ਜਨੀ ਜਿਹੇ ਘਿਨਾਉਣੇ ਕੰਮਾਂ ਦੇ ਰਸਤੇ ਪੈ ਜਾਂਦੇ ਹਨ। ਸ਼ਾਇਦ ਇਨ੍ਹਾਂ ਕੁਕਰਮੀਆਂ ਨੂੰ ਤਾਂ ਮਾਸਟਰ ਲਾਲੀ ਇਖਲਾਕਹੀਣ ਹੀ ਨਹੀਂ ਸਮਝਦੇ, ਕਿਉਂਕਿ ਇਨ੍ਹਾਂ ਬਾਰੇ ਤਾਂ ਉਹ ਉਕਾ ਹੀ ਖਾਮੋਸ਼ ਰਹੇ। ਹਰ ਬਾਰ ਉਹ ਗੁਰਬਾਣੀ ਦੀ ਤੁਕ 'ਮਾਇਆਧਾਰੀ ਅਤਿ ਅੰਨਾ ਬੋਲਾ' ਲਿਖ ਕੇ 'ਪੈਸੇ ਤੇ ਇਖਲਾਕ' ਦਾ ਅੰਤਰ-ਵਿਰੋਧ ਦੱਸਣ ਦੀ ਕੋਸ਼ਿਸ਼ ਕਰਦੇ ਹਨ ਪਰ ਇਹ ਵੀ ਪ੍ਰਸੰਗ ਤੋਂ ਨਿਖੇੜੀ ਹੋਣ ਕਰ ਕੇ ਢੁੱਕਵੀਂ ਨਹੀਂ। ਤੀਜੇ ਪਾਤਸ਼ਾਹ ਦੀ ਇਸ ਪੂਰੀ ਤੁਕ ਨੂੰ ਜੇ ਪੜ੍ਹਿਆ ਜਾਵੇ ਤਾਂ ਅਰਥ ਇਹ ਨਿਕਲਦਾ ਹੈ ਕਿ ਮਾਇਆਧਾਰੀ ਦੇ ਮਨ ਵਿਚ ਖਲਬਲੀ ਹੋਣ ਕਾਰਨ ਉਸ ਦਾ ਧਿਆਨ ਨਹੀਂ ਲਗਦਾ। ਇਖਲਾਕ ਦਾ ਤਾਂ ਇਥੇ ਉਕਾ ਕੋਈ ਭਾਵ ਹੀ ਨਹੀਂ ਨਿਕਲਦਾ। ਉਂਜ ਮਾਸਟਰ ਲਾਲੀ ਦੀ ਜਾਣਕਾਰੀ ਵਿਚ ਇਹ ਗੱਲ ਵੀ ਲਿਆਉਣੀ ਬਣਦੀ ਹੈ ਕਿ ਜਿਸ 'ਇਖਲਾਕ' ਬਾਰੇ ਉਹ ਇੰਨਾ ਭਾਵੁਕ ਹੋ ਰਹੇ ਹਨ, ਉਸ ਸ਼ਬਦ ਦਾ ਤਾਂ ਗੁਰਬਾਣੀ ਵਿਚ ਕਿਤੇ ਕੋਈ ਜ਼ਿਕਰ ਹੀ ਨਹੀਂ ਹੈ।

ਮਾਸਟਰ ਲਾਲੀ ਨੇ ਲਿਖਿਆ ਸੀ ਕਿ ਗੁਰਬਾਣੀ ਅਨੁਸਾਰ ਪਰਮਾਤਮਾ ਤੇ ਪਦਾਰਥ, ਭਾਵ ਨਿਰੰਕਾਰ ਤੇ ਸੰਸਾਰ ਦਾ ਕੋਈ ਰਿਸ਼ਤਾ ਨਹੀਂ। ਮੈਂ ਕਿਹਾ ਸੀ ਕਿ ਗੁਰਬਾਣੀ ਤਾਂ ਸਗੋਂ ਨਿਰੰਕਾਰ ਨੂੰ ਪਦਾਰਥ ਦੇ ਕਣ-ਕਣ ਵਿਚ ਸਮਾਇਆ ਮੰਨਦੀ ਹੈ। ਇਸ ਲਈ ਇਨ੍ਹਾਂ ਨੂੰ ਅੱਡ-ਅੱਡ ਕਰ ਕੇ ਵਿਚਾਰਨਾ ਅਸੰਭਵ ਹੈ। ਗੁਰੂ ਜੀ ਲਿਖਦੇ ਹਨ- ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨਾ ਜਾਈ ਲਖਿਆ॥ ਗੁਰੂ ਸਾਹਿਬ ਇਹ ਵੀ ਫਰਮਾਉਂਦੇ ਹਨ- ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ ਇਥੇ ਆਕਾਰ ਦਾ ਭਾਵ ਮਨੁੱਖ, ਜਾਨਵਰ, ਬਨਸਪਤੀ, ਜਲ, ਧਰਤੀ, ਚੰਦ ਤਾਰੇ ਆਦਿ ਹਨ ਜੋ ਰਚਨਾ ਵਲੋਂ ਸਭ ਪਦਾਰਥ ਹੀ ਹਨ। ਗੁਰੂ ਜੀ ਅੱਗੇ ਇਸੇ ਪਉੜੀ ਦੇ ਅੰਤ 'ਤੇ ਲਿਖਦੇ ਹਨ ਕਿ ਜੇ ਇਹ ਹੁਕਮ ਬੁੱਝ ਲਿਆ ਜਾਵੇ ਤਾਂ ਕੋਈ ਆਪਣੇ ਕੋਲੋਂ ਹੀ ਬਣਾ ਕੇ ਗੱਲ ਨਾ ਕਹੇ। ਉਸ ਸਦੀਵੀ ਹੁਕਮ ਦਾ ਬੋਧ ਵੀ ਇਨ੍ਹਾਂ ਸਿਰਜੇ ਆਕਾਰਾਂ ਤੇ ਵਰਤਾਰਿਆਂ ਦੇ ਅਧਿਐਨ ਰਾਹੀਂ ਹੀ ਸੰਭਵ ਹੈ; ਭਾਵ ਜੇ ਆਕਾਰ ਹੀ ਨਾ ਹੋਣ, ਤਾਂ ਨਿਰੰਕਾਰ ਦਾ ਕਿਵੇਂ ਪਤਾ ਚਲੇ। ਗੁਰੂ ਜੀ ਲਿਖਦੇ ਹਨ- ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥ ਭਾਵ ਕਰਤੇ ਨੇ ਭਾਂਤ-ਭਾਂਤ ਦੀਆਂ ਜਿਨਸੀ (ਪਦਾਰਥੀ) ਚੀਜ਼ਾਂ ਪੈਦਾ ਕੀਤੀਆਂ ਹਨ, ਪਰ ਕਿਥੋਂ? ਖੁਦ ਆਪਣੇ ਆਪ ਵਿਚੋਂ ਜਿਵੇਂ ਬਰਫ ਤੋਂ ਪਾਣੀ, ਕਿਉਂਕਿ ਕਰਤੇ ਤੋਂ ਬਿਨਾਂ ਤਾਂ ਹੋਰ ਕੁਝ ਹੈ ਹੀ ਨਹੀਂ। ਗੁਰੂ ਜੀ ਦਵੰਦਵਾਦ ਦੇ ਹਾਮੀ ਨਹੀਂ। ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਲਿਖ ਕੇ ਤਾਂ ਗੁਰੂ ਸਾਹਿਬ ਨੇ ਬਾਣੀ ਵਿਚ ਪਦਾਰਥ ਦੇ ਮਹੱਤਵ ਨੂੰ ਪੂਰਾ ਹੀ ਉਜਾਗਰ ਕਰ ਦਿਤਾ ਹੈ। ਹੋਰ ਤਾਂ ਹੋਰ ਗੁਰੂ ਸਾਹਿਬਾਨ ਨੇ ਤਾਂ 'ਨਾਮੁ' ਜਿਹੀ ਸ੍ਰੇਸ਼ਟ ਅਧਿਆਤਮਕ ਧਾਰਨਾ ਨੂੰ ਵੀ ਕਈ ਵਾਰ 'ਪਦਾਰਥ' ਦੀ ਸੰਗਯਾ ਦਿਤੀ ਹੈ। ਕੀ ਗੁਰਬਾਣੀ ਅਨੁਸਾਰ ਪਦਾਰਥ ਦੀ ਸਥਿਤੀ ਬਾਰੇ ਮਾਸਟਰ ਲਾਲੀ ਨੂੰ ਹੁਣ ਵੀ ਕੋਈ ਸ਼ੱਕ ਹੈ? ਪਰ ਉਨ੍ਹਾਂ ਨੇ ਇਹ ਗੱਲ ਆਪਣੇ ਹਿਰਦੇ ਵਿਚ ਵਸਾਉਣ ਦੀ ਬਜਾਏ ਮੈਨੂੰ ਹੀ ਪਦਾਰਥਵਾਦੀ ਹੋਣ ਦਾ ਉਲਾਂਭਾ ਦਿੱਤਾ ਹੈ।

ਮੈਂ ਆਪਣੇ ਪੱਤਰ ਵਿਚ ਨਿੱਜੀ ਸੰਪਤੀ ਕਮਾਉਣ ਤੇ ਸੰਭਾਲਣ ਨੂੰ ਸਮਾਜਕ ਤੌਰ 'ਤੇ ਜਾਇਜ਼ ਤੇ ਲਾਭਕਾਰੀ ਕਾਰਜ ਦੱਸਦਿਆਂ ਯੂਨਾਨੀ ਦਾਰਸ਼ਨਿਕ ਅਰਸਤੂ, ਮੱਧਕਾਲੀਨ ਸੰਤ ਭਗਤ ਕਬੀਰ, ਪੱਛਮੀ ਵਿਦਵਾਨ ਫਰੈਡ੍ਰਿਕ ਐਂਗਲਜ਼ ਤੇ ਕਾਰਲ ਮਾਰਕਸ ਦੇ ਵਿਚਾਰਾਂ ਦਾ ਜ਼ਿਕਰ ਕੀਤਾ ਸੀ। ਮਾਸਟਰ ਲਾਲੀ ਨੇ ਆਪਣੇ ਪ੍ਰਤੀਕਰਮ ਵਿਚ ਨਾ ਮੈਨੂੰ ਅਰਸਤੂਵਾਦੀ ਕਿਹਾ ਨਾ ਕਬੀਰਵਾਦੀ, ਸਿੱਧਾ ਮਾਰਕਸਵਾਦੀ ਜਾ ਠਹਿਰਾਇਆ। ਉਨ੍ਹਾਂ ਅਜਿਹਾ ਕਿਉਂ ਕੀਤਾ, ਇਸ ਦਾ ਜਵਾਬ ਮੈਂ ਉਨ੍ਹਾਂ ਕੋਲੋਂ ਨਹੀਂ ਮੰਗਦਾ। ਸਭ ਜਾਣਦੇ ਹਨ ਕਿ ਜੇ ਗੁਰਬਾਣੀ ਵਿਚਾਰ ਵਿਚ ਗਿਆਨ-ਬੋਧ ਵਲੋਂ ਹੱਥ ਤੰਗ ਹੋਵੇ, ਤਾਂ ਦੂਜੇ ਨੂੰ ਮਾਰਕਸਵਾਦੀ ਗਰਦਾਨਣ ਦਾ ਪੈਂਤੜਾ ਹੀ ਵਧੀਆ ਕੰਮ ਕਰਦਾ ਹੈ, ਪਰ ਵਿਚਾਰਾਂ ਦੇ ਮੁਲੰਕਣ ਦੀ ਇਹ ਵਿਧੀ ਗੁਰਬਾਣੀ ਅਨੁਕੂਲ ਨਹੀਂ ਹੈ, ਕਿਉਂਕਿ ਇਹ ਵਿਧੀ ਤਰਕਸੰਗਤ ਤੇ ਨਿਰਪੇਖ ਨਹੀਂ। ਗੁਰੂ ਸਾਹਿਬ ਨੇ ਫਰਮਾਇਆ ਹੈ- ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨਾ ਸੋਹੈ॥ ਭਾਵ ਜੇ ਕੋਈ ਗਿਆਨ ਗੋਸ਼ਟੀ ਵਿਚ ਹਉਮੈ ਜਾਂ ਕੁਤਰਕ ਵਰਤਦਾ ਹੈ, ਉਹ ਅੱਗੇ ਚਲ ਕੇ ਫਸ ਜਾਂਦਾ ਹੈ। ਜੇ ਮਾਸਟਰ ਲਾਲੀ ਸਮਝਦੇ ਹਨ ਕਿ ਉਹ ਨਹੀਂ ਫਸੇ, ਤਾਂ ਸਪਸ਼ਟ ਕਰਨ ਕਿ ਪੂੰਜੀ ਦਾ ਸਮਰਥਨ ਕਰਦਾ ਹੋਇਆ ਮੈਂ ਮਾਰਕਸਵਾਦੀ ਕਿਵੇਂ ਹੋਇਆ ਤੇ ਮਾਰਕਸ ਵਾਂਗੂੰ ਪੂੰਜੀ ਦਾ ਨਿਖੇਧ ਕਰਨ ਵਾਲੇ ਉਹ ਆਪ ਮਾਰਕਸਵਾਦੀ ਕਿਵੇਂ ਨਾ ਹੋਏ?

ਦਰਅਸਲ ਮਾਸਟਰ ਲਾਲੀ ਨੇ ਅਜਿਹਾ ਤਰਕਹੀਣ ਪ੍ਰਤੀਕਰਮ ਇਸ ਪ੍ਰਚਲਤ ਧਾਰਨਾ ਦੇ ਪ੍ਰਭਾਵ ਵਿਚ ਆ ਕੇ ਕੀਤਾ ਲਗਦਾ ਹੈ ਕਿ ਮਾਰਕਸਵਾਦ ਤੇ ਗੁਰਬਾਣੀ ਦੋ ਆਤਮ-ਵਿਰੋਧੀ ਵਿਚਾਰਧਾਰਾਵਾਂ ਹਨ, ਪਰ ਗੁਰੂ ਸਾਹਿਬ ਨੇ 'ਸੁਣੀਐ' ਤੇ 'ਮੰਨੈ' ਦੀਆਂ ਪਉੜੀਆਂ ਵਿਚ ਸਾਨੂੰ ਵਿਚਾਰਾਂ ਨੂੰ ਪਰਖਣ ਦੀ ਵਿਗਿਆਨਕ ਵਿਧੀ ਦੱਸੀ ਹੈ। ਇਸ ਅਨੁਸਾਰ ਸੁਣੀ ਸੁਣਾਈ ਗੱਲ 'ਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਉਸ ਨੂੰ ਵਿਵੇਕ ਅਨੁਸਾਰ ਹਰ ਪਹਿਲੂ ਤੋਂ ਵਿਚਾਰ ਲੈਣਾ ਜ਼ਰੂਰੀ ਹੈ। ਉਨ੍ਹਾਂ ਅਨੁਸਾਰ ਜੇ ਲੋਕ ਇਸ ਤਰ੍ਹਾਂ ਵਿਚਾਰਨ ਲੱਗ ਜਾਣ ਤਾਂ ਉਹ ਨਾ ਧੌਲੇ ਬਲਦ ਦੀ ਗਾਥਾ ਵਿਚ ਵਿਸ਼ਵਾਸ ਕਰਨ, ਤੇ ਨਾ ਸੂਰਜ ਨੂੰ ਪਾਣੀ ਦੇਣ। ਇਸ ਵਿਧੀ ਮੁਤਾਬਿਕ ਮਾਸਟਰ ਜੀ ਨਿਰਪੱਖ ਤੇ ਹਉਮੈ-ਮੁਕਤ ਹੋ ਕੇ ਸੋਚਣ ਕਿ ਜੇ ਉਪਰੋਕਤ ਦੋਵੇਂ ਵਿਚਾਰਧਾਰਾਵਾਂ ਪੂੰਜੀ ਦਾ ਵਿਰੋਧ ਕਰਦੀਆਂ ਹਨ, ਦੋਵੇਂ ਹੱਥਾਂ ਦੀ ਕਿਰਤ ਕਰਨ ਵਿਚ ਵਿਸ਼ਵਾਸ ਰੱਖਦੀਆਂ ਹਨ, ਦੋਵੇਂ ਵੰਡ ਕੇ ਛੱਕਣ 'ਤੇ ਜ਼ੋਰ ਦਿੰਦੀਆਂ ਹਨ, ਦੋਵੇਂ ਕਿਰਤ ਨੂੰ ਮੁੱਖ ਰੱਖਦੀਆਂ ਹਨ, ਦੋਵੇਂ ਕਿਰਤੀਆਂ ਨੂੰ ਮਾਣ ਬਖਸ਼ਦੀਆਂ ਹਨ, ਦੋਵੇਂ ਨਿਓਟਿਆਂ ਦੀ ਓਟ ਹੋਣ ਦਾ ਦਮ ਭਰਦੀਆਂ ਹਨ, ਦੋਵੇਂ ਮੱਨੁਖਤਾ ਦੀ ਭਲਾਈ ਤੇ ਸਮਾਜਕ ਵਿਕਾਸ ਲਈ ਚੜ੍ਹਦੀ ਕਲਾ ਦਾ ਰਾਹ ਦਰਸਾਉਂਦੀਆਂ ਹਨ, ਦੋਵੇਂ ਸ਼ੋਸ਼ਣ ਦੇ ਵਿਰੋਧ ਵਿਚ ਡਟਦੀਆਂ ਹਨ ਤੇ ਦੋਵੇਂ ਨਿਤਾਣੇ ਮਜ਼ਲੂਮਾਂ ਨੂੰ ਜ਼ੁਲਮ ਵਿਰੁਧ ਜਥੇਬੰਦ ਹੋਣ ਦਾ ਹੋਕਾ ਦਿੰਦੀਆਂ ਹਨ ਤਾਂ ਇਨ੍ਹਾਂ ਵਿਚ ਕੁਝ ਗੱਲਾਂ ਤਾਂ ਸਾਂਝੀਆਂ ਹੋਣਗੀਆਂ। ਮੰਨਿਆ ਇਹ ਦੋਵੇਂ ਪੂਰਨ ਤੌਰ 'ਤੇ ਇਕ-ਰੂਪ ਨਹੀਂ, ਫਿਰ ਵੀ ਐਨੀ ਕੀ ਗੱਲ ਹੈ ਕਿ ਸਮੂਹ ਸਮਾਨਤਾਵਾਂ ਤੋਂ ਮੂੰਹ ਫੇਰਦੇ ਹੋਏ ਮਾਸਟਰ ਲਾਲੀ ਮਾਰਕਸਵਾਦ ਨੂੰ ਇਸ ਕਦਰ ਘਿਨਾਉਣਾ ਸਮਝਣ ਕਿ ਇਸ ਦੇ ਪ੍ਰਛਾਵੇਂ ਤੋਂ ਵੀ ਡਰਨ? ਪੰਜਵੇਂ ਪਾਤਸ਼ਾਹ ਨੇ ਤਾਂ ਹਿੰਦੁਸਤਾਨ ਭਰ ਵਿਚੋਂ ਸਾਂਝੇ ਆਸ਼ੇ ਵਾਲੇ ਸਭ ਸੰਤਾਂ ਦੀਆਂ ਬਾਣੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਕੇ ਸਨਮਾਨ ਬਖਸ਼ਿਆ ਸੀ, ਪਰ ਉਹ ਆਪ ਅਜੋਕੀਆਂ ਸਮ-ਖਿਆਲੀ ਵਿਚਾਰਧਾਰਾਵਾਂ ਨੂੰ ਅਛੂਤ ਸਮਝਦੇ ਹੋਏ ਉਨ੍ਹਾਂ ਨੂੰ ਹਊਏ ਦੇ ਤੌਰ 'ਤੇ ਵਰਤ ਰਹੇ ਹਨ। ਇਹ ਕੀ ਵਰਤਾਰਾ ਹੈ? ਆਪਣੀ ਇਸ ਸੋਚ ਦਾ ਖੁਲਾਸਾ ਉਨ੍ਹਾਂ ਨੂੰ ਕਰਨਾ ਬਣਦਾ ਹੈ।

ਮਾਸਟਰ ਲਾਲੀ ਨੇ ਲਿਖਿਆ ਹੈ ਕਿ ਮਾਰਕਸ ਦਇਆ, ਦਾਨ, ਸਬਰ, ਸੰਤੋਖ, ਵੰਡ ਕੇ ਛਕਣ ਤੇ ਸਰਬੱਤ ਦੇ ਭਲੇ ਵਰਗੇ ਵਿਅਕਤੀਗਤ ਗੁਣਾਂ ਨੂੰ ਗਲਤ ਸਮਝਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਉਹ ਨਿਰਦਇਤਾ, ਕੰਜੂਸੀ, ਲਾਲਚ, ਬੇਸਬਰੀ, ਖੋਹ-ਖਿੰਜੀ, ਸਾਕਤਤਾ ਤੇ ਸਵਾਰਥ ਵਰਗੇ ਔਗੁਣਾਂ ਦਾ ਹਾਮੀ ਹੈ! ਮੈਂ ਤੀਹ ਸਾਲ ਲਗਾਤਾਰ ਯੂਨੀਵਰਸਿਟੀ ਤੇ ਕਾਲਜਾਂ ਵਿਚ ਕਾਰਲ ਮਾਰਕਸ ਪੜ੍ਹਾਇਆ ਹੈ ਤੇ ਉਸ ਦੀਆਂ ਮੌਲਿਕ ਲਿਖਤਾਂ ਕਈ ਵਾਰ ਪੜ੍ਹੀਆਂ ਹਨ। ਮੈਨੂੰ ਤਾਂ ਉਸ ਦੀਆਂ ਪੁਸਤਕਾਂ ਵਿਚ ਕਿਧਰੇ ਅਜਿਹੀ ਕੋਈ ਗੱਲ ਮਿਲੀ ਨਹੀਂ। ਹਾਂ, ਇਸਾਈ ਮੱਤ ਦੇ ਸਬੰਧ ਵਿਚ ਮਾਰਕਸ ਦਾ ਵਿਚਾਰ ਸੀ ਕਿ ਦਾਨ, ਦਇਆ, ਸਬਰ, ਪਰਮਾਰਥ, ਸਰਬ-ਕਲਿਆਣ, ਮਿਲਵਰਤਣ ਤੇ ਭਾਈਚਾਰੇ ਵਰਗੀਆਂ ਕਦਰਾਂ ਕੀਮਤਾਂ ਸਰਬ-ਸ਼੍ਰੇਸ਼ਟ ਤਾਂ ਹਨ, ਪਰ ਇਨ੍ਹਾਂ ਨੂੰ ਉਪਦੇਸ਼ਾਂ ਰਾਹੀਂ ਅਮਲੀ ਜਾਮਾ ਨਹੀਂ ਪਹਿਨਾਇਆ ਜਾ ਸਕਦਾ। ਇਸ ਲਈ ਫਿਊਡਲ ਸਮਾਜਾਂ ਵਿਚ ਇਹ ਕਦਰਾਂ ਯੂਟੋਪੀਆਈ ਬਣ ਕੇ ਰਹਿ ਗਈਆਂ ਹਨ, ਭਾਵ ਜਗੀਰਦਾਰੀ ਸਮਾਜ ਵਿਚ ਇਨ੍ਹਾਂ ਦੀ ਕਲਪਨਾ ਹੀ ਕੀਤੀ ਜਾ ਸਕਦੀ ਹੈ, ਪ੍ਰਾਪਤੀ ਨਹੀਂ। ਉਸ ਨੇ ਇਨ੍ਹਾਂ ਦੀ ਯਥਾਰਥਕ ਉਪਲਭਧੀ ਲਈ ਕਿਰਤੀ ਇਨਕਲਾਬ ਰਾਹੀਂ ਸ਼ੋਸ਼ਣ-ਰਹਿਤ ਸਮਾਜ ਦੀ ਸਿਰਜਣਾ ਦਾ ਰਾਹ ਦੱਸਿਆ। ਉਸ ਦਾ ਮਿਹਨਤਕਸ਼ ਕਿਰਤੀ ਗੁਰੂ ਨਾਨਕ ਦੇ ਸਮਕਾਲੀ ਭਾਈ ਲਾਲੋ ਵਰਗਾ ਹੀ ਸੀ ਜਿਸ ਦੀ ਕਿਰਤ ਨੂੰ ਗੁਰੂ ਸਾਹਿਬ ਨੇ ਆਪ ਸਤਿਕਾਰਿਆ ਸੀ। ਅਜਿਹੇ ਕਿਰਤੀਆਂ ਲਈ ਸਾਵੇ ਜੀਵਨ ਦੇ ਗੁਰੂ ਨਾਨਕ ਦੇ ਸੰਕਲਪ ਨੂੰ ਪੂਰਾ ਕਰਨ ਲਈ ਹੀ ਛੇਵੇਂ ਪਾਤਸ਼ਾਹ ਤੇ ਦਸਮੇਸ਼ ਪਿਤਾ ਨੇ ਤਾਕਤ ਤੇ ਜ਼ੁਲਮ ਵਿਰੁਧ ਤਲਵਾਰ ਉਠਾਉਣ ਦਾ ਫੈਸਲਾ ਕੀਤਾ ਸੀ। ਇਸ ਲਈ ਕਾਰਲ ਮਾਰਕਸ ਨੇ ਨੇਕ ਕਦਰਾਂ-ਕੀਮਤਾਂ ਦਾ ਵਿਰੋਧ ਨਹੀਂ ਸੀ ਕੀਤਾ, ਸਗੋਂ ਉਨ੍ਹਾਂ ਨੂੰ ਹਕੀਕੀ ਰੂਪ ਵਿਚ ਪ੍ਰਾਪਤ ਕਰਨ ਲਈ ਸਮਕਾਲੀਨ ਦਾਰਸ਼ਨਿਕਾਂ ਰਾਹੀਂ ਅਪਨਾਈ ਜਾਂਦੀ ਵਿਧੀ ਦੀ ਆਲੋਚਨਾ ਕੀਤੀ ਸੀ। ਜ਼ਾਤੀ ਤੌਰ 'ਤੇ ਵੀ ਉਸ ਨੇ ਪ੍ਰੰਪਰਾਗਤ ਸਦ-ਗੁਣਾਂ ਨੂੰ ਕਦੇ ਅਣਗੌਲਿਆ ਨਹੀਂ ਕੀਤਾ। ਜੇ ਕੀਤਾ ਹੁੰਦਾ, ਤਾਂ ਉਸ ਦੇ ਘਰ ਹਰ ਰੋਜ਼ ਦਰਜਨਾਂ ਲੋੜਵੰਦਾਂ ਦਾ ਲੰਗਰ ਨਾ ਲਗਦਾ, ਭੁੱਖਮਰੀ ਨਾਲ ਉਸ ਦੇ ਬੱਚੇ ਉਸ ਦੇ ਸਾਹਮਣੇ ਦਮ ਨਾ ਤੋੜਦੇ, ਉਹ ਮਿੱਤਰ ਦੀ ਸਹਾਇਤਾ ਦੇ ਬਲਬੂਤੇ ਜੀਵਨ ਨਾ ਕੱਟਦਾ, ਜੱਦੀ ਜਾਇਦਾਦ ਤੋਂ ਮਿਲੇ ਧਨ ਨੂੰ ਸਭ ਲੋੜਵੰਦਾਂ ਦੇ ਵਰਤਣ ਲਈ ਟੋਕਰੀ ਵਿਚ ਪਾ ਕੇ ਘਰ ਦੇ ਵਿਚਕਾਰ ਨਾ ਰੱਖਦਾ, ਰਾਹ ਜਾਂਦਿਆਂ ਰੁਕ ਕੇ ਯਤੀਮ ਬੱਚਿਆਂ ਨੂੰ ਜੇਬ 'ਚੋਂ ਦੁਆਨੀ-ਚੁਆਨੀ ਦੇ ਕੇ ਸਿਰ ਨਾ ਪਲੋਸਦਾ ਅਤੇ ਸਮਾਜ-ਪਰਿਵਰਤਨ ਦੀ ਧੁਨ ਵਿਚ ਉਮਰ ਭਰ ਖੋਜ ਕਾਰਜ ਲਈ ਅਜਾਇਬਘਰਾਂ ਦੀ ਖਾਕ ਨਾ ਛਾਣਦਾ; ਭਾਵ ਪੀਐਚ.ਡੀ. ਹੋਣ ਨਾਤੇ ਕੋਈ ਚਿੱਟ-ਕਾਲਰੀ ਕੰਮ ਕਰ ਕੇ ਸੌਖਾ ਜੀਵਨ ਬਤੀਤ ਕਰਦਾ। ਉਸ ਬਾਰੇ ਇਹ ਤੱਥ ਮੈਂ ਸਿੱਖ ਵਿਦਵਾਨ ਪ੍ਰੋਫੈਸਰ ਹਰਪਾਲ ਸਿੰਘ ਪੰਨੂ ਦੇ ਕਾਰਲ ਮਾਰਕਸ ਦੀ ਜੀਵਨੀ ਬਾਰੇ 'ਪੰਜਾਬ ਟਾਈਮਜ਼' ਵਿਚ ਪਿੱਛੇ ਜਿਹੇ ਛਪੇ ਅੱਧੀ ਦਰਜਨ ਲੇਖਾਂ ਦੇ ਹਵਾਲੇ ਨਾਲ ਲਿਖੇ ਹਨ। ਜੇ ਉਨ੍ਹਾਂ 'ਤੇ ਵੀ ਯਕੀਨ ਨਹੀਂ ਤਾਂ ਮਾਸਟਰ ਲਾਲੀ ਆਪ ਕਾਰਲ ਮਾਰਕਸ ਦੀਆਂ ਲਿਖਤਾਂ ਪੜ੍ਹ ਕੇ ਤਸੱਲੀ ਕਰ ਲੈਣ ਜੋ ਸਭ ਇੰਟਰਨੈਟ 'ਤੇ ਪਈਆਂ ਹਨ।

> ***ਮੈਂ ਸਿੱਖੀ ਨੂੰ ਮੰਨਤਾਂ ਮੰਨਣ ਦਾ ਸਾਧਨ ਨਹੀਂ ਮੰਨਦਾ ਤੇ ਨਾ ਕਰਮ-ਕਾਂਡਾਂ ਦਾ ਸ੍ਰੋਤ, ਕਿਉਂਕਿ ਇਹ ਗੁਰਬਾਣੀ ਦੀ ਅਵਹੇਲਨਾ ਹੈ। ਗੁਰਬਾਣੀ ਦਾ ਆਧਾਰ ਜਪੁਜੀ ਦਾ ਵਿਗਿਆਨ ਹੈ ਜੋ ਵਿਗਿਆਨਕ ਸੂਝ ਤੋਂ ਬਿਨਾਂ ਕਿਸੇ ਦੀ ਸਮਝ ਨਹੀਂ ਆਵੇਗਾ। ਫਿਰ ਵੀ ਮੈਂ ਸਮਝਦਾ ਹਾਂ, ਕਿ ਧੰਨ ਹਨ ਉਹ ਲੋਕ ਜਿਹੜੇ ਬਾਣੀ ਪੜ੍ਹਦੇ-ਸੁਣਦੇ ਹਨ, ਕਿਉਂਕਿ ਜਾਣੇ-ਅਣਜਾਣੇ ਉਹ ਅਜਿਹੀ ਲਿਖਤ ਨਾਲ ਤਾਂ ਜੁੜਦੇ ਹਨ ਜੋ ਬ੍ਰਹਿਮੰਡ ਦਾ ਬੌਧਿਕ ਕੋਹਿਨੂਰ ਹੈ।***

ਇਹ ਸਭ ਕੁਝ ਮੈਂ ਕਾਰਲ ਮਾਰਕਸ ਦੀ ਉਪਮਾ ਕਰਨ ਲਈ ਨਹੀਂ ਲਿਖਿਆ ਸਗੋਂ ਮਾਸਟਰ ਲਾਲੀ ਦੇ ਹਉਮੈਵਾਦੀ ਭੁਲੇਖੇ ਦੂਰ ਕਰਨ ਲਈ ਲਿਖਿਆ ਹੈ। ਭੁਲੇਖਾ ਉਨ੍ਹਾਂ ਨੂੰ ਇਹ ਵੀ ਹੈ ਕਿ ਮੈਂ ਨਾਸਤਿਕ ਹਾਂ ਤੇ ਮੇਰਾ ਗੁਰਬਾਣੀ ਵਿਚ ਕੋਈ ਵਿਸ਼ਵਾਸ ਨਹੀਂ। ਹੈ ਤਾਂ ਇਹ ਉਨ੍ਹਾਂ ਦੀ ਜ਼ਿਆਦਤੀ, ਕਿਉਂਕਿ ਕਿਸੇ ਦੇ ਵਿਸ਼ਵਾਸ 'ਤੇ ਤਾਂ ਅਮਰੀਕੀ ਸਰਕਾਰ ਵੀ ਕਿੰਤੂ-ਪ੍ਰੰਤੂ ਨਹੀਂ ਕਰ ਸਕਦੀ, ਪਰ ਉਨ੍ਹਾਂ ਦੀ ਕਿਆਸ-ਅਰਾਈ ਨੂੰ ਦੂਰ ਕਰਨ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਵਿਸ਼ਵਾਸ ਅਨੁਸਾਰ ਸਿੱਖੀ ਦੇ ਬਾਨੀ, ਗੁਰੂ ਨਾਨਕ ਦੇਵ ਆਪਣੇ ਗਿਆਨ ਤੇ ਸਿਖਿਆਵਾਂ ਕਾਰਨ ਜਗਤ ਦੇ ਅਗਲੇ ਪਿਛਲੇ ਸਭ ਪੀਰਾਂ, ਫਿਲਾਸਫਰਾਂ ਤੇ ਵਿਗਿਆਨੀਆਂ ਦੇ ਸਿਰਤਾਜ ਹਨ। ਉਨ੍ਹਾਂ ਦੀ ਬਾਣੀ ਤੋਂ ਬਿਨਾਂ ਸੰਸਾਰ ਵਿਚ ਕੋਈ ਸਹੀ ਸੇਧ ਨਹੀਂ ਹੈ। ਮੇਰੇ ਵਿਸ਼ਵਾਸ ਵਿਚ ਗੁਰੂ ਸਾਹਿਬ ਦੀ ਸ਼੍ਰੋਮਣੀ ਬਾਣੀ ਜਪੁਜੀ ਸਾਹਿਬ ਤੁਲ ਤਾਂ ਕੋਈ ਲਿਖਤ ਲਿਖੀ ਹੀ ਨਹੀਂ ਗਈ ਤੇ ਨਾ ਕਦੇ ਲਿਖੀ ਜਾਵੇਗੀ। ਦੁਨੀਆਂ ਵਾਰ-ਵਾਰ ਮਿਟੇ ਤੇ ਮਿਟ-ਮਿਟ ਕੇ ਬਣੇ, ਫਿਰ ਵੀ ਇਸ ਦੇ ਸੱਚ ਨੂੰ ਕੋਈ ਆਂਚ ਨਹੀਂ ਆਵੇਗੀ। ਮੇਰਾ ਵਿਸ਼ਵਾਸ ਹੈ ਕਿ ਜੁਗੋ-ਜੁਗ ਲੱਖਾਂ ਫਿਲਾਸਫਰ, ਕਰੋੜਾਂ ਕਾਰਲ ਮਾਰਕਸ ਤੇ ਅਣਗਿਣਤ ਵਿਗਿਆਨੀ ਇਸ ਦੇ ਸੱਤ ਕਥਨਾਂ ਦੀ ਈਨ ਭਰਦੇ ਰਹਿਣਗੇ ਤੇ ਇਸ ਨੂੰ ਆਪਣਾ ਚਾਨਣ ਮੁਨਾਰਾ ਸਮਝ ਕੇ ਇਸ ਦੇ ਮਨਸ਼ਿਆਂ ਅਨੁਸਾਰ ਆਪਣੇ ਖੋਜ ਕਾਰਜ ਕਰਦੇ ਰਹਿਣਗੇ। ਮੇਰੇ ਵਿਸ਼ਵਾਸ ਵਿਚ ਇਸ ਦੀ ਪ੍ਰਕ੍ਰਿਤੀ ਅਕਾਲ ਪੁਰਖ ਵਾਂਗ "ਹੈ ਭੀ ਸਚੁ" ਤੇ "ਹੋਸੀ ਭੀ ਸਚੁ" ਵਾਲੀ ਹੈ। ਕੋਈ ਹਰਫੇ-ਆਖਰ ਵਿਚ ਵਿਸ਼ਵਾਸ ਕਰੇ ਨਾ ਕਰੇ, ਪਰ ਮੈਂ ਯਕੀਨ ਰੱਖਦਾ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰੰਭ ਹੀ ਹਰਫੇ-ਆਖਰ ਨਾਲ ਹੁੰਦਾ ਹੈ। ਮੈਨੂੰ ਪਤਾ ਹੈ ਕਿ ਮੇਰਾ ਇਹ ਯਕੀਨ ਬੁੱਧੀਜੀਵੀ ਵਰਗ ਦੇ ਗਲੇ ਨਹੀਂ ਉਤਰੇਗਾ, ਪਰ ਇਹ ਵਿਸ਼ਵਾਸ ਮੈਂ ਆਪਣੀ 'ਜ਼ਮੀਰ' ਪਿੱਛੇ ਲੱਗ ਕੇ ਨਹੀਂ ਬਣਾਇਆ, ਸਗੋਂ ਮੇਰੀ ਅਠਾਰਾਂ ਸਾਲ ਦੀ ਲਗਾਤਾਰ ਖੋਜ ਤੋਂ ਬਾਅਦ ਇਸ ਨੂੰ ਮੇਰੀ 'ਜ਼ਮੀਰ' ਨੇ ਅਪਨਾਇਆ ਹੈ। ਲੋਕ ਕਹਿੰਦੇ ਹਨ, ਸਿੱਖੀ ਨੂੰ ਅਮੁਕ ਧਰਮਾਂ ਜਾਂ ਵਿਚਾਰਧਾਰਾਵਾਂ ਤੋਂ ਖਤਰਾ ਹੈ; ਮੈਂ ਸਮਝਦਾ ਹਾਂ ਇਹ ਉਨ੍ਹਾਂ ਦੀ ਅਗਿਆਨਤਾ ਹੈ। ਮੇਰਾ ਵਿਸ਼ਵਾਸ ਹੈ ਕਿ ਸਿੱਖੀ ਦੇ ਸਿਧਾਂਤ ਇੰਨੇ ਸੱਚੇ ਤੇ ਉਚੇ ਵਿਗਿਆਨਕ ਸੱਚ ਹਨ ਕਿ ਇਨ੍ਹਾਂ ਤੀਕਰ ਕੋਈ ਪਹੁੰਚ ਹੀ ਨਹੀਂ ਸਕਦਾ। ਮੈਂ ਸਿੱਖੀ ਨੂੰ ਮੰਨਤਾਂ ਮੰਨਣ ਦਾ ਸਾਧਨ ਨਹੀਂ ਮੰਨਦਾ ਤੇ ਨਾ ਕਰਮ-ਕਾਂਡਾਂ ਦਾ ਸ੍ਰੋਤ, ਕਿਉਂਕਿ ਇਹ ਗੁਰਬਾਣੀ ਦੀ ਅਵਹੇਲਨਾ ਹੈ। ਗੁਰਬਾਣੀ ਦਾ ਆਧਾਰ ਜਪੁਜੀ ਦਾ ਵਿਗਿਆਨ ਹੈ ਜੋ ਵਿਗਿਆਨਕ ਸੂਝ ਤੋਂ ਬਿਨਾਂ ਕਿਸੇ ਦੀ ਸਮਝ ਨਹੀਂ ਆਵੇਗਾ। ਫਿਰ ਵੀ ਮੈਂ ਸਮਝਦਾ ਹਾਂ, ਕਿ ਧੰਨ ਹਨ ਉਹ ਲੋਕ ਜਿਹੜੇ ਬਾਣੀ ਪੜ੍ਹਦੇ-ਸੁਣਦੇ ਹਨ, ਕਿਉਂਕਿ ਜਾਣੇ-ਅਣਜਾਣੇ ਉਹ ਅਜਿਹੀ ਲਿਖਤ ਨਾਲ ਤਾਂ ਜੁੜਦੇ ਹਨ ਜੋ ਬ੍ਰਹਿਮੰਡ ਦਾ ਬੌਧਿਕ ਕੋਹਿਨੂਰ ਹੈ। ਆਪਣੇ ਵਿਸ਼ਵਾਸ ਦੇ ਇਹ ਅੰਸ਼ ਮੈਂ ਕੋਈ ਵਕਤੀ ਦਲੀਲ ਦੇਣ ਲਈ ਨਹੀਂ ਲਿਖ ਰਿਹਾ। ਇਹ ਮੇਰੀ ਖੋਜ ਪੁਸਤਕ 'ਟਰੂਥ ਅਬੱਵ ਆਲ' ਦਾ ਸਾਰ ਹਨ ਜੋ ਐਮੇਜ਼ਾਨ 'ਤੇ ਵੀ ਉਪਲਬਧ ਹੈ।

ਅੰਤ ਵਿਚ ਇਕ ਗੱਲ ਹੋਰ। ਮਾਸਟਰ ਲਾਲੀ ਨੇ ਆਪਣੇ ਵਿਚਾਰਾਂ ਨੂੰ ਆਪਣੀ ਜ਼ਮੀਰ 'ਚੋਂ ਉਪਜੇ ਹੋਣ ਦੀ ਦੁਹਾਈ ਪਾ ਕੇ ਮੈਨੂੰ ਬੁੱਧੀਮਤਾ ਦੇ ਸਹਾਰੇ ਉਨ੍ਹਾਂ ਦੇ ਵਿਚਾਰਾਂ ਨੂੰ ਨਕਾਰਨ ਦਾ ਮਿਹਣਾ ਮਾਰਿਆ ਹੈ। ਕਿਉਂਕਿ ਗੁਰਬਾਣੀ ਵਿਚ ਤਾਂ 'ਜ਼ਮੀਰ' ਨਾਂ ਦਾ ਕੋਈ ਸ਼ਬਦ ਹੈ ਨਹੀਂ, ਇਸ ਲਈ ਇਸ ਗੱਲ ਦਾ ਸਪਸ਼ਟੀਕਰਨ ਮੈਂ 18ਵੀਂ ਸਦੀ ਦੇ ਫਰਾਂਸੀਸੀ ਵਿਦਵਾਨ ਰੂਸੋ ਦੇ ਹਵਾਲੇ ਨਾਲ ਕਰਦਾ ਹਾਂ। ਰੂਸੋ ਅਨੁਸਾਰ ਸਵਾਰਥ, ਹਮਦਰਦੀ ਤੇ ਘੁਮੰਡ (ਹਉਮੈ) ਮਨੁੱਖ ਦੇ ਬੁਨਿਆਦੀ ਜਜ਼ਬੇ ਹਨ। ਇਨ੍ਹਾਂ ਤਿੰਨਾਂ ਵਿਚ ਜਦੋਂ ਟਕਰਾਓ ਪੈਦਾ ਹੋ ਜਾਵੇ ਤਾਂ ਜ਼ਮੀਰ ਨਾਂ ਦਾ ਚੌਥਾ ਤੱਤ ਹਰਕਤ ਵਿਚ ਆਉਂਦਾ ਹੈ। ਇਹ ਨੇੜੇ-ਤੇੜੇ ਦੀਆਂ ਗਿਣਤੀਆਂ-ਮਿਣਤੀਆਂ ਰਾਹੀਂ ਇਨ੍ਹਾਂ ਦੇ ਸੰਕਟ ਦਾ ਹੱਲ ਲੱਭ ਦਿੰਦਾ ਹੈ। ਜ਼ਮੀਰ ਸ਼ਕਤੀਸ਼ਾਲੀ ਤੱਤ ਜ਼ਰੂਰ ਹੈ ਪਰ 'ਅੰਨ੍ਹਾ-ਬੋਲਾ' ਹੋਣ ਕਰ ਕੇ ਇਸ ਦੀ ਚੌਧਰ ਬੰਦੇ ਦੇ ਚੌਗਿਰਦੇ ਤੋਂ ਬਾਹਰ ਨਹੀਂ ਚੱਲਦੀ; ਭਾਵ ਕੋਈ ਬੰਦਾ ਆਪਣੀ ਜ਼ਮੀਰ ਨੂੰ ਆਪ ਤਾਂ ਗੰਭੀਰਤਾ ਨਾਲ ਅਨੁਭਵ ਕਰਦਾ ਹੈ, ਇਸ ਮੁਤਾਬਿਕ ਚਲ ਵੀ ਸਕਦਾ ਹੈ, ਪਰ ਉਹ ਦੂਜਿਆਂ ਨੂੰ ਇਸ ਬਾਰੇ ਕੁਝ ਦੱਸ ਨਹੀਂ ਸਕਦਾ। ਇਸ ਕਾਰਨ ਬੰਦਿਆਂ ਦੇ ਪਰਸਪਰ ਸੰਚਾਰ ਵਿਚ ਖਲਾਅ ਪੈਦਾ ਹੋ ਜਾਂਦਾ ਹੈ ਜੋ ਸਮਾਜਕ ਤਣਾਅ ਨੂੰ ਜਨਮ ਦਿੰਦਾ ਹੈ। ਇਸ ਖਲਾਅ ਨੂੰ ਦੂਰ ਕਰਨ ਲਈ ਬੰਦੇ ਦੇ ਮਨ ਅੰਦਰ ਬੁੱਧੀ ਦਾ ਅੰਸ਼ ਉਭਰਦਾ ਹੈ। ਇਹ ਸਰਬ-ਉਚ ਤੱਤ ਰੋਸ਼ਨੀ ਦਾ ਪ੍ਰਤੀਕ ਹੈ ਜੋ ਅੰਦਰੂਨੀ ਵਲਵਲਿਆਂ ਨੂੰ ਵਿਵੇਕ ਦੀ ਰਾਹ ਦਿਖਾ ਕੇ ਤਰਕਸੰਗਤ ਵਿਚਾਰਾਂ ਤੇ ਦਲੀਲਾਂ ਵਿਚ ਤਬਦੀਲ ਕਰਦਾ ਹੈ। ਇੰਜ ਕਹੋ ਕਿ ਬੁੱਧੀ ਵਿਚੋਂ ਉਪਜਿਆ ਵਿਵੇਕ ਮਨੁੱਖ ਨੂੰ ਜ਼ਮੀਰ ਦੇ ਹਉਮੈਵਾਦੀ ਅੰਸ਼ਾਂ ਤੋਂ ਮੁਕਤ ਹੋਣ ਦੀ ਸਮਰੱਥਾ ਦਿੰਦਾ ਹੈ ਤੇ ਉਨ੍ਹਾਂ ਨੂੰ ਸਮਾਜਕ ਤੌਰ 'ਤੇ ਲਾਭਦਾਇਕ ਗਿਆਨ ਵਿਚ ਤਬਦੀਲ ਕਰ ਕੇ ਮਨੁੱਖਤਾ ਵਿਚ ਆਲਮੀ ਪੱਧਰ ਦਾ ਸੰਚਾਰ ਸੰਭਵ ਕਰਦਾ ਹੈ। ਰੂਸੋ ਦੇ ਇਸ ਵਿਸ਼ਲੇਸ਼ਣ ਨੇ ਮਨੁੱਖੀ ਵਿਹਾਰ ਨੂੰ ਸਮਝਣ ਵਿਚ ਹਮੇਸ਼ਾ ਹੀ ਮੇਰਾ ਰਾਹ ਸੁਖਾਲਾ ਕੀਤਾ ਹੈ। ਇਸ ਲਈ ਮੈਂ ਮਾਸਟਰ ਲਾਲੀ ਦੇ ਦੱਸਣ ਬਿਨਾਂ ਹੀ ਸਮਝ ਗਿਆ ਸਾਂ ਕਿ ਉਨ੍ਹਾਂ ਨੇ ਆਪਣਾ ਉਹ ਪ੍ਰਤੀਕਰਮ ਆਪ ਨਹੀਂ ਸੀ ਲਿਖਿਆ, ਸਗੋਂ ਉਨ੍ਹਾਂ ਦੀ ਜ਼ਮੀਰ ਨੇ ਉਨ੍ਹਾਂ ਤੋਂ ਲਿਖਾਇਆ ਸੀ।

# ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪਰਮਾਤਮ-ਸਤਿ, ਮਨੁੱਖ ਦੇ ਅਕਾਲ ਪੁਰਖ ਨਾਲ ਸਬੰਧ, ਮਨੁੱਖ ਦਾ ਇਸ ਸੰਸਾਰ ਨਾਲ ਸਬੰਧ, ਮਨੁੱਖ ਦਾ ਮਨੁੱਖ ਨਾਲ ਰਿਸ਼ਤਾ ਅਤੇ ਕੁਦਰਤ ਨਾਲ ਰਿਸ਼ਤਾ ਆਦਿ ਨੂੰ ਸਮਝਾਉਣ ਲਈ ਆਮ ਜੀਵਨ ਵਿਚੋਂ ਅਲੰਕਾਰ ਤੇ ਪ੍ਰਤੀਕ, ਆਮ ਲੋਕ-ਯਾਨ ਵਿਚੋਂ ਉਦਾਹਰਣਾਂ ਲਈਆਂ ਗਈਆਂ ਹਨ। ਇਹ ਸ਼ਬਦ ਗੁਰੂ ਨਾਨਕ ਸਾਹਿਬ ਵੱਲੋਂ ਰਾਗੁ ਵਡਹੰਸੁ ਵਿਚ 'ਅਲਾਹਣੀਆ' ਸਿਰਲੇਖ ਹੇਠ ਰਚੀ ਬਾਣੀ ਵਿਚ ਹੈ। 'ਅਲਾਹਣੀਆਂ' ਸ਼ੋਕ ਦੇ ਬੋਲ ਹੁੰਦੇ ਹਨ ਜੋ ਕਿਸੇ ਦੀ ਵੀ ਮੌਤ ਸਮੇਂ ਬੋਲੇ ਜਾਂਦੇ ਹਨ। ਉਸੇ ਤਰਜ਼ 'ਤੇ ਗੁਰੂ ਨਾਨਕ ਸਾਹਿਬ ਨੇ ਵੈਰਾਗ ਦੇ ਇਹ ਸ਼ਬਦ ਉਚਾਰੇ ਹਨ ਜੋ ਮਨੁੱਖ ਨੂੰ ਸਮਝਾਉਣ ਲਈ ਰਚੇ ਗਏ ਹਨ। ਇਸ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਨੇ ਦੱਸਿਆ ਹੈ ਕਿ ਉਹ ਕਰਤਾਰ ਧੰਨ ਹੈ, ਸੱਚਾ ਰਾਜਾ ਅਤੇ ਸਦਾ ਕਾਇਮ ਰਹਿਣ ਵਾਲਾ ਹੈ ਜਿਸ ਨੇ ਇਸ ਸੰਸਾਰ ਦੀ ਸਿਰਜਣਾ ਕਰਕੇ ਸਾਰੇ ਜਗਤ ਨੂੰ ਆਹਰੇ ਲਾਇਆ ਹੋਇਆ ਹੈ। ਜਦੋਂ ਕਿਸੇ ਜੀਵ ਨੂੰ ਉਸ ਵੱਲੋਂ ਬਖਸ਼ਿਸ਼ ਕੀਤਾ ਹੋਇਆ ਸਮਾਂ ਮੁੱਕ ਜਾਂਦਾ ਹੈ, ਉਮਰ ਦੀ ਪਿਆਲੀ ਭਰ ਗਈ, ਸਾਹ ਮੁੱਕ ਗਏ ਤਾਂ ਇਹ ਪਿਆਰਾ ਮਿੱਤਰ ਫੜ ਕੇ ਅੱਗੇ ਲਾ ਲਿਆ ਜਾਂਦਾ ਹੈ। ਜਦੋਂ ਅਕਾਲ ਪੁਰਖ ਦਾ ਲਿਖਿਆ ਹੁਕਮ ਆਉਂਦਾ ਹੈ ਤਾਂ ਦੇਹ ਦੇ ਪਿਆਰੇ ਸਾਥੀ ਜੀਵ-ਆਤਮਾ ਨੂੰ ਫੜ ਕੇ ਅੱਗੇ ਲਾ ਲਿਆ ਜਾਂਦਾ ਹੈ ਅਤੇ ਜੀਵ-ਆਤਮਾ ਦੇ ਵਿਛੜ ਜਾਣ 'ਤੇ ਸਭ ਸਾਕ-ਸਬੰਧੀ, ਸੱਜਣ-ਮਿੱਤਰ ਵਿਛੋੜੇ ਵਿਚ ਰੋਣ ਲੱਗ ਜਾਂਦੇ ਹਨ।

ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ ਕਿ ਹੇ ਮੇਰੀ ਮਾਂ! (ਦੁੱਖ ਵਿਚ ਮਾਂ ਹੀ ਸਭ ਤੋਂ ਵੱਧ ਯਾਦ ਆਉਂਦੀ ਹੈ ਅਤੇ ਆਪਣੇ ਮਨ ਦੀ ਵੇਦਨਾ ਵੀ ਮਨੁੱਖ ਸਭ ਤੋਂ ਵੱਧ ਆਪਣੀ ਮਾਂ ਨਾਲ ਹੀ ਸਾਂਝੀ ਕਰਦਾ ਹੈ। ਪੰਜਾਬੀ ਸਭਿਆਚਾਰ ਵਿਚ ਮਾਂਵਾਂ ਧੀ-ਪੁੱਤ ਨੂੰ ਅਸੀਸ ਹੀ ਇਹ ਦਿੰਦੀਆਂ ਹਨ ਕਿ 'ਤੈਨੂੰ ਮਾਂ ਕਦੇ ਯਾਦ ਨਾ ਆਵੇ' ਜਿਸ ਦਾ ਅਰਥ ਹੈ ਕਿ ਧੀ-ਪੁੱਤ ਨੂੰ ਕਦੇ ਜ਼ਿੰਦਗੀ ਵਿਚ ਦੁੱਖ ਨਾ ਆਵੇ।) ਜਦੋਂ ਉਮਰ ਦੇ ਦਿਨ ਮੁੱਕ ਜਾਂਦੇ ਹਨ ਤਾਂ ਕਾਇਆ ਅਤੇ ਹੰਸ ਅਰਥਾਤ ਸਰੀਰ ਅਤੇ ਜੀਵ-ਆਤਮਾ ਦਾ ਸਦਾ ਲਈ ਵਿਛੋੜਾ ਹੋ ਜਾਂਦਾ ਹੈ। ਇਸ ਅੰਤਮ ਸਮੇਂ ਤੋਂ ਪਹਿਲਾਂ ਪਹਿਲਾਂ ਜੋ ਕਰਮ ਜੀਵ ਨੇ ਕਮਾਇਆ ਹੁੰਦਾ ਹੈ, ਉਸ ਅਨੁਸਾਰ ਜਿਹੋ ਜਿਹੇ ਸੰਸਕਾਰਾਂ ਦਾ ਲੇਖ ਉਸ ਦੇ ਮੱਥੇ ਲਿਖਿਆ ਜਾਂਦਾ, ਉਹੋ ਜਿਹਾ ਫਲ ਜੀਵ ਨੂੰ ਪ੍ਰਾਪਤ ਹੋ ਜਾਂਦਾ ਹੈ। ਉਹ ਸਿਰਜਣਹਾਰ ਪਾਤਿਸ਼ਾਹ ਜਿਸ ਨੇ ਇਸ ਸੰਸਾਰ ਦੀ ਰਚਨਾ ਕਰਕੇ ਸੰਸਾਰ ਨੂੰ ਆਹਰੇ ਲਾਈ ਰੱਖਿਆ ਹੈ, ਉਹ ਸਲਾਹੁਣਯੋਗ ਹੈ,

ਧੰਨੁ ਸਿਰੰਦਾ ਸਚਾ ਪਾਤਿਸਾਹੁ
ਜਿਨਿ ਜਗੁ ਧੰਧੈ ਲਾਇਆ॥
ਮੁਹਲਤਿ ਪੁਨੀ ਪਾਈ ਭਰੀ
ਜਾਨੀਅੜਾ ਘਤਿ ਚਲਾਇਆ॥
ਜਾਨੀ ਘਤਿ ਚਲਾਇਆ ਲਿਖਿਆ ਆਇਆ
ਰੁੰਨੇ ਵੀਰ ਸਬਾਏ॥
ਕਾਂਇਆ ਹੰਸ ਥੀਆ ਵੇਛੋੜਾ
ਜਾਂ ਦਿਨ ਪੁੰਨੇ ਮੇਰੀ ਮਾਏ॥
ਜੇਹਾ ਲਿਖਿਆ ਤੇਹਾ ਪਾਇਆ
ਜੇਹਾ ਪੁਰਬਿ ਕਮਾਇਆ॥
ਧੰਨੁ ਸਿਰੰਦਾ ਸਚਾ ਪਾਤਿਸਾਹੁ
ਜਿਨਿ ਜਗੁ ਧੰਧੈ ਲਾਇਆ॥੧॥
(ਪੰਨਾ ੫੭੯)

ਗੁਰੂ ਸਾਹਿਬ ਜੀਵਾਂ ਨੂੰ ਸੰਬੋਧਨ ਕਰਦੇ ਹਨ ਕਿ ਹੇ ਮੇਰੇ ਭਰਾਵੋ! ਸਦਾ ਕਾਇਮ ਰਹਿਣ ਵਾਲੇ ਉਸ ਅਕਾਲ ਪੁਰਖ ਦਾ ਸਿਮਰਨ ਕਰੋ ਜੋ ਸਭ ਦਾ ਮਾਲਕ ਹੈ। ਇਸ ਸੰਸਾਰ ਤੋਂ ਸਭ ਨੇ ਕੂਚ ਕਰਨਾ ਹੈ। ਇਹ ਸੰਸਾਰ ਦਾ ਆਹਰ ਥੋੜ੍ਹ-ਚਿਰਾ ਹੈ, ਇਸੇ ਲਈ ਇਹ ਝੂਠਾ ਹੈ, ਚਾਰ ਦਿਨਾਂ ਲਈ ਹੈ, ਇਥੋਂ ਅੱਗੇ ਜਾਣਾ ਨਿਸ਼ਚਿਤ ਹੈ। ਇਸ ਦੁਨੀਆਂ ਵਿਚ ਜੀਵ ਅਰਥਾਤ ਅਸੀਂ ਸਭ ਮਹਿਮਾਨਾਂ ਵਾਂਗ ਹਾਂ ਕਿਉਂਕਿ ਇੱਕ ਦਿਨ ਸਭ ਨੇ ਪ੍ਰਲੋਕ ਜ਼ਰੂਰ ਚਲੇ ਜਾਣਾ ਹੈ, ਇਸੇ ਲਈ ਕਿਸੇ ਕਿਸਮ ਦਾ ਦੁਨਿਆਵੀ ਮਾਣ ਕਰਨਾ ਵਿਅਰਥ ਹੈ। ਇਸ ਸੰਸਾਰ 'ਤੇ ਰਹਿੰਦਿਆਂ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ, ਉਸ ਨੂੰ ਸਦਾ ਯਾਦ ਕਰਨਾ ਚਾਹੀਦਾ ਹੈ ਜਿਸ ਦਾ ਸਿਮਰਨ ਕਰਨ ਨਾਲ ਉਸ ਅਕਾਲ ਪੁਰਖ ਦੀ ਹਜ਼ੂਰੀ ਵਿਚ ਆਤਮਕ ਅਨੰਦ ਮਿਲਦਾ ਹੈ। ਉਸ ਦੇ ਦਰਬਾਰ ਅਰਥਾਤ ਪਰਲੋਕ ਵਿਚ ਕਿਸੇ ਦਾ ਹੁਕਮ ਨਹੀਂ ਚੱਲਦਾ, ਉਸ ਦੇ ਦਰਬਾਰ ਵਿਚ ਆਪੋ ਆਪਣੇ ਕੀਤੇ ਕੰਮਾਂ ਅਨੁਸਾਰ ਹੀ ਬੀਤਦੀ ਹੈ। ਉਸ ਅਕਾਲ ਪੁਰਖ ਜੋ ਸਭ ਦਾ ਮਾਲਕ ਹੈ, ਦਾ ਸਿਮਰਨ ਕਰੋ ਕਿਉਂਕਿ ਇਥੋਂ ਸਭ ਨੇ ਕੂਚ ਕਰ ਜਾਣਾ ਹੈ,

ਸਾਹਿਬੁ ਸਿਮਰਹੁ ਮੇਰੇ ਭਾਈਹੋ
ਸਭਨਾ ਏਹੁ ਪਇਆਣਾ॥
ਏਥੈ ਧੰਧਾ ਕੂੜਾ ਚਾਰਿ ਦਿਹਾ
ਆਗੈ ਸਰਪਰ ਜਾਣਾ॥
ਆਗੈ ਸਰਪਰ ਜਾਣਾ ਜਿਉ
ਮਿਹਮਾਣਾ ਕਾਹੇ ਗਾਰਬੁ ਕੀਜੈ॥
ਜਿਤੁ ਸੇਵਿਐ ਦਰਗਹ ਸੁਖੁ ਪਾਈਐ
ਨਾਮੁ ਤਿਸੈ ਕਾ ਲੀਜੈ॥
ਆਗੈ ਹੁਕਮੁ ਨ ਚਲੈ ਮੂਲੇ
ਸਿਰਿ ਸਿਰਿ ਕਿਆ ਵਿਹਾਣਾ॥
ਸਾਹਿਬੁ ਸਿਮਰਿਹੁ ਮੇਰੇ ਭਾਈਹੋ
ਸਭਨਾ ਏਹੁ ਪਇਆਣਾ॥੨॥

ਗੁਰੂ ਸਾਹਿਬ ਫਰਮਾਉਂਦੇ ਹਨ ਕਿ ਦੁਨੀਆਂ ਦੇ ਮਨੁੱਖਾਂ ਵੱਲੋਂ ਉਦਮ ਕਰਨਾ ਅਰਥਾਤ ਮਨੁੱਖ ਜਿਹੜੇ ਯਤਨ ਕਰਦਾ ਹੈ, ਉਹ ਇੱਕ ਬਹਾਨਾ ਹੀ ਹੈ ਪਰ ਹੁੰਦਾ ਤਾਂ ਉਹੀ ਕੁਝ ਹੈ ਜੋ ਉਸ ਅਕਾਲ ਪੁਰਖ ਨੂੰ ਚੰਗਾ ਲਗਦਾ ਹੈ। ਉਹ ਅਕਾਲ ਪੁਰਖ ਇੱਕ ਸਦੀਵੀ ਹਸਤੀ ਅਤੇ ਸਿਰਜਣਹਾਰ ਹੈ ਜੋ ਧਰਤੀ, ਅਕਾਸ਼, ਪਾਣੀ ਆਦਿ ਆਪਣੀ ਸਾਰੀ ਰਚਨਾ ਵਿਚ ਵਿਆਪਕ ਹੈ। ਉਹ ਜੋ ਸਭ ਦਾ ਰਚਣਹਾਰਾ ਹੈ-ਅਦ੍ਰਿਸ਼ਟ ਅਤੇ ਬੇਅੰਤ ਹੈ, ਕੋਈ ਵੀ ਮਨੁੱਖ ਉਸ ਦੇ ਗੁਣਾਂ ਦਾ ਅੰਤ ਨਹੀਂ ਪਾ ਸਕਦਾ। ਇਸ ਸੰਸਾਰ 'ਤੇ ਜਨਮ ਲੈਣਾ ਉਨ੍ਹਾਂ ਮਨੁੱਖਾਂ ਦਾ ਹੀ ਸਫਲ ਹੁੰਦਾ ਹੈ ਜਿਹੜੇ ਆਪਣੀ ਸੁਰਤਿ ਨੂੰ ਪਰਮਾਤਮ-ਸੁਰਤਿ ਵਿਚ ਜੋੜ ਕੇ ਇੱਕ ਮਨ ਇੱਕ ਚਿੱਤ ਹੋ ਕੇ ਉਸ ਦੇ ਨਾਮ ਦਾ ਸਿਮਰਨ ਕਰਦੇ ਹਨ। ਉਹ ਕਰਤਾਰ ਆਪ ਹੀ ਇਸ ਸੰਸਾਰ ਨੂੰ ਬਣਾਉਂਦਾ ਹੈ ਅਤੇ ਫਿਰ ਆਪ ਹੀ ਢਾਹ ਦਿੰਦਾ ਹੈ, ਢਾਹ ਕੇ ਫਿਰ ਸਿਰਜ ਲੈਂਦਾ ਹੈ ਅਤੇ ਆਪਣੇ ਹੁਕਮ ਵਿਚ ਹੀ ਮਨੁੱਖਾਂ ਨੂੰ ਚੰਗੇ ਬਣਾਉਂਦਾ ਹੈ।

ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ
ਹੀਲੜਾ ਏਹੁ ਸੰਸਾਰੋ॥
ਜਲਿ ਥਲਿ ਮਹੀਅਲਿ ਰਵਿ ਰਹਿਆ
ਸਾਚੜਾ ਸਿਰਜਣਹਾਰੋ॥
ਸਾਚਾ ਸਿਰਜਣਹਾਰੋ ਅਲਖ ਅਪਾਰੋ
ਤਾ ਕਾ ਅੰਤੁ ਨ ਪਾਇਆ॥
ਆਇਆ ਤਿਨ ਕਾ ਸਫਲੁ ਭਇਆ ਹੈ
ਇਕ ਮਨਿ ਜਿਨੀ ਧਿਆਇਆ॥
ਢਾਹੇ ਢਾਹਿ ਉਸਾਰੇ ਆਪੇ
ਹੁਕਮਿ ਸਵਾਰਣਹਾਰੋ॥
ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ
ਹੀਲੜਾ ਏਹੁ ਸੰਸਾਰੋ॥੩॥

ਗੁਰੂ ਨਾਨਕ ਸਾਹਿਬ ਅੱਗੇ ਬਿਆਨ ਕਰਦੇ ਹਨ ਕਿ ਆਪਣੇ ਪਿਆਰੇ ਸਬੰਧੀਆਂ ਦੇ ਵਿਛੜ ਜਾਣ 'ਤੇ ਉਨ੍ਹਾਂ ਦੀ ਮੌਤ ਕਾਰਨ ਹਰ ਕੋਈ ਰੋਂਦਾ ਹੈ ਪਰ ਇਹ ਰੋਣਾ ਅਤੇ ਵੈਰਾਗ ਕਿਸੇ ਕੰਮ ਨਹੀਂ ਆਉਂਦਾ, ਵਿਅਰਥ ਹੈ। ਇਹ ਵੈਰਾਗ ਵਿਚ ਆਉਣਾ ਉਸੇ ਮਨੁੱਖ ਦਾ ਅਸਲੀ ਹੈ ਜੋ ਪਿਆਰ ਨਾਲ, ਉਸ ਅਕਾਲ ਪੁਰਖ ਦੇ ਮਿਲਾਪ ਦੀ ਖ਼ਾਤਰ ਵੈਰਾਗ ਵਿਚ ਆਉਂਦਾ ਹੈ। ਗੁਰੂ ਸਾਹਿਬ ਅੱਗੇ ਸਮਝਾਉਂਦੇ ਹਨ ਕਿ ਹੇ ਭਾਈ! ਪ੍ਰੇਮ ਦੀ ਖ਼ਾਤਰ ਰੋਣਾ ਸਾਰਥਕ ਹੈ ਪਰ ਦੁਨੀਆਂ ਦੇ ਧਨ ਪਦਾਰਥ ਖ਼ਾਤਰ ਜੋ ਰੋਵੀਦਾ ਹੈ, ਉਹ ਵਿਅਰਥ ਚਲਿਆ ਜਾਂਦਾ ਹੈ। ਅਕਾਲ ਪੁਰਖ ਵੱਲੋਂ ਭੁੱਲਿਆ ਹੋਇਆ ਸੰਸਾਰ ਮਾਇਆ ਦੀ ਖ਼ਾਤਰ ਰੋਂਦਾ ਹੈ ਜੋ ਕਿ ਵਿਅਰਥ ਹੈ। ਮਨੁੱਖ ਨੂੰ ਚੰਗੇ-ਮੰਦੇ ਦੀ ਪਹਿਚਾਣ ਨਹੀਂ ਆਉਂਦੀ ਅਤੇ ਉਹ ਇਸ ਸਰੀਰ ਨੂੰ ਵਿਅਰਥ ਹੀ ਨਾਸ ਕਰ ਲੈਂਦਾ ਹੈ। ਜੋ ਮਨੁੱਖ ਇਸ ਸੰਸਾਰ 'ਤੇ ਆਉਂਦਾ ਹੈ ਉਸ ਨੇ ਇੱਕ ਦਿਨ ਚਲੇ ਜਾਣਾ ਹੈ, ਮਨੁੱਖ ਇਸ ਨਾਸਵੰਤ ਸੰਸਾਰ ਦੇ ਮੋਹ ਵਿਚ ਪੈ ਕੇ ਵਾਧੂ ਦਾ ਮਾਣ ਕਰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਮਨੁੱਖ ਨੂੰ ਅਸਲੀ ਵੈਰਾਗ ਵਿਚ ਸਮਝਣਾ ਚਾਹੀਦਾ ਹੈ ਜੋ ਪ੍ਰੇਮ ਦੀ ਖ਼ਾਤਰ ਵੈਰਾਗ ਵਿਚ ਆਉਂਦਾ ਹੈ,

ਨਾਨਕ ਰੁੰਨਾ ਬਾਬਾ ਜਾਣੀਐ
ਜੇ ਰੋਵੈ ਲਾਇ ਪਿਆਰੋ॥
ਵਾਲੇਵੇ ਕਾਰਣਿ ਬਾਬਾ ਰੋਈਐ
ਰੋਵਣੁ ਸਗਲ ਬਿਕਾਰੋ॥
ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ
ਮਾਇਆ ਕਾਰਣਿ ਰੋਵੈ॥
ਚੰਗਾ ਮੰਦਾ ਕਿਛੁ ਸੂਝੈ ਨਾਹੀ
ਇਹੁ ਤਨੁ ਏਵੈ ਖੋਵੈ॥
ਐਥੈ ਆਇਆ ਸਭੁ ਕੋ ਜਾਸੀ
ਕੂੜਿ ਕਰਹੁ ਅਹੰਕਾਰੋ॥
ਨਾਨਕ ਰੁੰਨਾ ਬਾਬਾ ਜਾਣੀਐ
ਜੇ ਰੋਵੈ ਲਾਇ ਪਿਆਰੋ॥੪॥੧॥
(ਪੰਨਾ ੫੭੯)

# ਗੁਰਬਾਣੀ ਪੜ੍ਹਦਿਆਂ ਲਗਾਂ-ਮਾਤਰਾਂ ਦਾ ਧਿਆਨ ਰੱਖਣਾ

## ਦਿਵਾਨੀ ਅਤੇ ਦੀਵਾਨੀ

**ਦਿਵਾਨੀ:** ਗੁਰੂ ਗ੍ਰੰਥ ਸਾਹਿਬ ਵਿਚ 'ਦਿਵਾਨੀ' ਸ਼ਬਦ ਦੋ ਵਾਰੀ ਆਇਆ ਹੈ। ਅਰਥ ਦੋਵੇਂ ਥਾਂਵਾਂ 'ਤੇ ਹੈ- ਝੱਲੀ, ਕਮਲ਼ੀ, ਬਾਵਰੀ।

(1) ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ॥ (ਪੰਨਾ ੫੨੭)

ਪਦ ਅਰਥ: ਦਿਵਾਨੀ- ਕਮਲ਼ੀ। ਢੋਲੀਐ- ਢੋਲਾ, ਪਿਆਰਾ ਪ੍ਰੀਤਮ। ਆਵਲ ਬਾਵਲ- ਝੱਲੀ, ਬਾਵਲੀ।

ਅਰਥ- ਮੈਂ ਪਿਆਰੇ ਪ੍ਰੀਤਮ ਦੀ ਭਾਲ ਵਿਚ ਝੱਲੀ ਹੋਈ ਫਿਰਦੀ ਹਾਂ।

(2) ਸਾਸੁ ਦਿਵਾਨੀ ਬਾਵਰੀ ਸਿਰ ਤੇ ਸੰਕ ਟਲੀ॥ (ਪੰਨਾ ੯੩੧)

ਪਦਅਰਥ: ਸਾਸੁ- ਮਾਇਆ। ਦਿਵਾਨੀ- ਕਮਲੀ। ਬਾਵਰੀ- ਬਾਵਲੀ, ਝੱਲੀ। ਸਿਰ ਤੇ- ਸਿਰ ਤੋਂ। ਸੰਕ- ਸਹਿਮ।

ਅਰਥ- ਗੁਰੂ ਦੀ ਸ਼ਰਨ ਪੈਣ ਦਾ ਇਹ ਲਾਭ ਹੈ ਕਿ ਜੀਵ ਇਸਤਰੀ ਦੀ ਪਹਿਲੀ ਨੱਕ-ਨਮੂਜ ਰੱਖਣ ਵਾਲੀ ਮੱਤ ਮੁੱਕ ਜਾਂਦੀ ਹੈ। ਉਸ ਦੇ ਸਿਰੋਂ ਮੋਹ ਮਾਇਆ ਦਾ ਡਰ ਟਲ ਜਾਂਦਾ ਹੈ।

**ਦੀਵਾਨੀ:** ਇਹ ਸ਼ਬਦ ਕੇਵਲ ਇੱਕ ਵਾਰੀ ਹੀ ਵਰਤਿਆ ਗਿਆ ਹੈ। ਅਰਬੀ ਭਾਸ਼ਾ ਦੇ ਸ਼ਬਦ 'ਦੀਬਾਨ' ਤੋਂ ਬਣਿਆ ਹੈ। ਅਰਥ ਹੈ- ਕਚਹਿਰੀ ਵਿਚ ਰਹਿਣ ਵਾਲਾ, ਹਜ਼ੂਰੀ ਵਿਚ ਰਹਿਣ ਵਾਲਾ, ਹਰੀ ਚਰਨਾਂ ਵਿਚ ਜੁੜੇ ਰਹਿਣ ਵਾਲਾ।

ਕੈ ਜਾਨੈ ਆਪਨ ਧਨੀ
ਕੈ ਦਾਸੁ ਦੀਵਾਨੀ ਹੋਇ॥ (ਪੰਨਾ ੧੩੭੩)

ਪਦਅਰਥ: ਸਾਰੀ- ਸਾਜੀ ਹੋਈ ਮੋਹ ਮਾਇਆ ਰੂਪ ਅੱਗ। ਕੈ- ਜਾਂ ਤਾਂ। ਆਪਨ ਧਨੀ- ਖ਼ੁਦ ਹਰੀ ਪ੍ਰਭੂ। ਕੈ- ਜਾਂ ਫਿਰ। ਦਾਸੁ- ਹਰੀ ਦਾ ਭਗਤ।

ਅਰਥ-ਸਾਰੇ ਜਗਤ ਨੂੰ ਸੇਕ ਲਾਉਣ ਵਾਲੀ ਮੋਹ ਮਾਇਆ ਰੂਪੀ ਅੱਗ ਪ੍ਰਭੂ ਨੇ ਹੀ ਬਣਾਈ ਹੈ ਤੇ ਇਸ ਤੋਂ ਬਚਣ ਦੀ ਵਿਧੀ ਹਰ ਕੋਈ ਨਹੀਂ ਜਾਣਦਾ। ਹੇ ਕਬੀਰ! ਆਖ ਕਿ ਇਸ ਤੋਂ ਬਚਣ ਦਾ ਢੰਗ ਜਾਂ ਤਾਂ ਪ੍ਰਭੂ ਆਪ ਜਾਣਦਾ ਹੈ ਜਾਂ ਪ੍ਰਭੂ ਚਰਨਾਂ ਵਿਚ ਚਿੱਤ ਜੋੜੀ ਰੱਖਣ ਵਾਲਾ ਭਗਤ ਜਾਣਦਾ ਹੈ।

---

## ਬਾਬੁਲ, ਬਾਬੁਲੁ, ਬਾਬੁਲਿ ਬਾਬੁਲਾ ਅਤੇ ਬਾਬੋਲਾ

**ਬਾਬੁਲ:** ਸਬੰਧ ਕਾਰਕ, ਕੇਵਲ ਇੱਕ ਵਾਰੀ ਪੰਨਾ ੯੩੫ ਉਤੇ 'ਬਾਬੁਲ ਕੈ ਘਰਿ' ਰੂਪ ਵਿਚ ਵਰਤਿਆ ਗਿਆ ਹੈ। ਸਿੰਧੀ ਭਾਸ਼ਾ ਦਾ ਸ਼ਬਦ ਹੈ। ਅਰਥ- ਬਾਬੁਲ ਦੇ, ਪਿਤਾ ਦੇ।

**ਬਾਬੁਲੁ:** ਪੁਲਿੰਗ, ਨਾਂਵ, ਇੱਕਵਚਨ। ਕੇਵਲ ਇੱਕ ਵਾਰੀ ਗੁਰਬਾਣੀ ਵਿਚ ਪੰਨਾ ਨੰਬਰ ੭੭੮ ਉਤੇ ਵਰਤਿਆ ਹੈ। ਅਰਥ- ਪਿਤਾ।

**ਬਾਬੁਲਿ:** ਕਰਤਾਕਾਰਕ, ਇੱਕਵਚਨ ਹੈ। ਕੇਵਲ ਇੱਕ ਵਾਰੀ ਪੰਨਾ ਨੰਬਰ ੭੬੪ ਉਤੇ 'ਬੁਬੁਲਿ ਦਿਤੜੀ ਦੂਰਿ' ਤੁਕ ਨੰਬਰ ੧ ਵਿਚ ਵਰਤਿਆ ਹੈ। ਅਰਥ ਹੈ- ਬਾਬੁਲ ਨੇ, ਪਿਤਾ ਨੇ।

**ਬਾਬੁਲਾ:** ਸੰਬੋਧਨਕਾਰਕ, ਇੱਕਵਚਨ, ਪੁਲਿੰਗ ਹੈ। ਪੰਜ ਵਾਰੀ ਪੰਨਾ ਨੰਬਰ ੭੮ ਅਤੇ ੭੯ ਉਤੇ ਵਰਤਿਆ ਗਿਆ ਹੈ। ਅਰਥ- ਹੇ ਪਿਤਾ ਜੀ!

**ਬਾਬੋਲਾ:** ਇਹ ਸ਼ਬਦ ੩ ਵਾਰੀ ਪੰਨਾ ੭੮ ਅਤੇ ੭੯ ਉਤੇ ਵਰਤਿਆ ਗਿਆ ਹੈ। ਵਿਆਕਰਣਕ ਬਣਤਰ ਤੇ ਅਰਥ 'ਬਾਬੁਲਾ' ਸ਼ਬਦ ਵਾਲੇ ਹੀ ਹਨ ਪਰ ਬੋਲਣ ਵਿਚ ਇੱਕ ਮਾਤਰਾ ਲੰਬਾ ਹੈ।

{ਬਾਬੁਲਾ= ਬਾ(੨)+ਬੁ(੧)+ਲਾ(੨)=੫ ਮਾਤਰਾਂ}

{ਬਾਬੋਲਾ= ਬਾ(੨)+ਬੋ(੨)+ਲਾ(੨)=੬ ਮਾਤਰਾਂ}

---

## ਪਾਹੁਨ, ਪਾਹਨੁ, ਪਾਹਨ

**ਪਾਹੁਨ:** ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ 4 ਵਾਰੀ ਵਰਤਿਆ ਗਿਆ ਹੈ। ਸੰਸਕ੍ਰਿਤ ਵਿਚ ਇਹ ਸ਼ਬਦ 'ਪ੍ਰਾਯੁਣ' (ਅਰਥ-ਅਤਿਥੀ, ਮਹਿਮਾਨ) ਅਤੇ ਪਾਲੀ ਭਾਸ਼ਾ ਵਿਚ 'ਪਾਹੁਣੇਯ' ਹੈ।

ਗੁਰਬਾਣੀ ਵਿਚ ਇਹ 'ਪਾਹੁਣ' ਵੀ ਲਿਖਿਆ ਮਿਲਦਾ ਹੈ। ਇਸ ਸ਼ਬਦ ਦਾ ਔਂਕੜ ਬੋਲਣ ਨਾਲ ਹੀ ਅਰਥ 'ਪ੍ਰਾਹੁਣੇ' ਬਣੇਗਾ ਤੇ ਨਾ ਬੋਲਣ ਤੇ ਅਰਥ 'ਪੱਥਰ' ਬਣੇਗਾ। ਮੂੰਹ ਵਿਚੋਂ ਕੱਢੀ ਗਈ ਮਾਤਰਾ ਅਨੁਸਾਰ ਹੀ ਅਰਥ ਬਣਦੇ ਹਨ ਤੇ ਜੋ ਮਾਤਰਾ ਬੋਲੀ ਹੀ ਨਹੀਂ ਗਈ ਉਹ ਅਰਥ ਵਿਚ ਸ਼ਾਮਲ ਨਹੀਂ ਹੋ ਸਕਦੀ। ਜੇ 'ਪਾਹੁਨ' ਨੂੰ 'ਪਾਹਨ' ਬੋਲ ਕੇ ਅਰਥ 'ਪ੍ਰਾਹੁਣੇ' ਨਹੀਂ ਬਣ ਸਕਦਾ ਤਾਂ 'ਭਗਤਿ' ਨੂੰ 'ਭਗਤ' ਪੜ੍ਹਨ ਤੇ ਅਰਥ 'ਬੰਦਗੀ' ਤੇ 'ਮੂਰਤਿ' ਨੂੰ 'ਮੂਰਤ' ਬੋਲ ਕੇ ਅਰਥ 'ਤਸਵੀਰ' ਵੀ ਨਹੀਂ ਬਣ ਸਕਦਾ। ਲੱਗੀ ਮਾਤਰਾ ਬੋਲਣੀ ਹੀ ਪਵੇਗੀ। ਪਾਵਨ ਪੰਕਤੀਆਂ ਹਨ,

(ੳ) ਬਰਸੈ ਮੇਘੁ ਸਖੀ
ਘਰਿ ਪਾਹੁਨ ਆਏ॥ (ਪੰਨਾ ੧੨੬੬)
(ਅ) ਜਿਸ ਨੋ ਤੂੰ ਅਸਥਿਰੁ ਕਰਿ ਮਾਨਹਿ
ਤੇ ਪਾਹੁਨ ਦੋ ਦਾਹਾ॥ (ਪੰਨਾ ੪੦੧)

ਪਾਹੁਨ ਦੋ ਦਾਹਾ- ਦੋ ਦਿਨਾਂ ਦੇ ਪ੍ਰਾਹੁਣੇ।

**ਪਾਹਨੁ:** ਨਾਂਵ ਇੱਕ ਵਚਨ ਪੁਲਿੰਗ, ਅਰਥ ਹੈ 'ਇੱਕ ਪੱਥਰ', ਕੇਵਲ ਦੋ ਵਾਰੀ ਗੁਰਬਾਣੀ ਵਿਚ ਆਇਆ ਹੈ।

ਇਹ ਸ਼ਬਦ ਸੰਸਕ੍ਰਿਤ ਭਾਸ਼ਾ ਵਿਚ 'ਪਾਸ਼ਾਣ' ਅਤੇ ਸਿੰਧੀ ਭਾਸ਼ਾ ਵਿਚ 'ਪਾਹਣੁ' ਲਿਖਿਆ ਜਾਂਦਾ ਹੈ। ਜਿਵੇਂ,

ਜੈਸੇ ਪਾਹਨੁ ਜਲ ਮਹਿ ਰਾਖਿਓ
ਭੇਦੈ ਨਾਹਿ ਤਿਹ ਪਾਨੀ॥

**ਪਾਹਨ:** ਪੁਲਿੰਗ ਬਹੁ ਵਚਨ ਨਾਂਵ, ਅਰਥ ਹੈ 'ਬਹੁਤੇ ਪੱਥਰ', 11 ਵਾਰ ਵਰਤਿਆ ਗਿਆ ਹੈ। ਜਿਵੇਂ,

ਕ੍ਰਿਪਾ ਕ੍ਰਿਪਾ ਕਰਿ ਗੁਰੂ ਮਿਲਾਏ
ਹਮ ਪਾਹਨ ਸਬਦਿ ਗੁਰ ਤਾਰੇ॥

*-ਪ੍ਰੋ. ਕਸ਼ਮੀਰਾ ਸਿੰਘ*
*ਫੋਨ: 801-414-0171*

# ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ

**ਗਉੜੀ ਗੁਆਰੇਰੀ ਮਹਲਾ ੫**
ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ॥
ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ॥
ਤੂੰ ਮੇਰੀ ਪਤਿ ਤੂਹੈ ਮੇਰਾ ਗਹਣਾ॥
ਤੁਝ ਬਿਨੁ ਨਿਮਖੁ ਨ ਜਾਈ ਰਹਣਾ॥੧॥
ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ॥
ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ॥੧॥ਰਹਾਉ॥
ਜਿਉ ਤੁਮ ਰਾਖਹੁ ਤਿਵ ਹੀ ਰਹਨਾ॥
ਜੋ ਤੁਮ ਕਹਹੁ ਸੋਈ ਮੋਹਿ ਕਰਨਾ॥
ਜਹ ਪੇਖਉ ਤਹਾ ਤੁਮ ਬਸਨਾ॥
ਨਿਰਭਉ ਨਾਮੁ ਜਪਉ ਤੇਰਾ ਰਸਨਾ॥੨॥
ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ॥
ਰੰਗ ਰਸਾ ਤੂੰ ਮਨਹਿ ਅਧਾਰੁ॥
ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ॥
ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ॥੩॥
ਮਨ ਤਨ ਅੰਤਰਿ ਤੁਹੀ ਧਿਆਇਆ॥
ਮਰਮੁ ਤੁਮਾਰਾ ਗੁਰ ਤੇ ਪਾਇਆ॥
ਸਤਿਗੁਰ ਤੇ ਦ੍ਰਿੜਿਆ ਇਕੁ ਏਕੈ॥
ਨਾਨਕ ਦਾਸ ਹਰਿ ਹਰਿ ਹਰਿ ਟੇਕੈ॥੪॥

ਗੁਰਦੇਵ ਪਿਤਾ ਉਸ ਮਿਹਰਵਾਨ ਪ੍ਰਭੂ ਨੂੰ ਮੁਖਾਤਬ ਹੁੰਦੇ ਆਖਦੇ ਹਨ- ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ, ਹੇ ਮੇਰੇ ਸੋਹਣੇ ਪ੍ਰਭੂ ਜੀਓ! ਤੂੰ ਹੀ ਮੇਰਾ ਪਿਆਰਾ ਸਾਥੀ ਹੈਂ, ਤੂੰ ਹੀ ਮੇਰਾ ਮਿੱਤਰ ਹੈਂ। ਪ੍ਰਭੂ ਜੀ! ਤੂੰ ਹੀ ਮੇਰਾ ਪ੍ਰੀਤਮ ਹੈਂ ਤੇ ਮੇਰਾ ਪਿਆਰ ਵੀ ਤੇਰੇ ਨਾਲ ਹੀ ਹੈ; ਤੂੰ ਮੇਰੀ ਪਤਿ ਤੂਹੈ ਮੇਰਾ ਗਹਣਾ, ਹੇ ਮੇਰੇ ਸੋਹਣੇ ਪ੍ਰਭੂ ਜੀਓ! ਤੂੰ ਹੀ ਮੇਰੀ ਇਜ਼ਤ ਪਤ ਹੈਂ, ਤੇ ਤੂੰ ਹੀ ਮੇਰਾ ਗਹਿਣਾ ਹੈਂ; ਤੁਝ ਬਿਨੁ ਨਿਮਖੁ ਨ ਜਾਈ ਰਹਣਾ, ਹੇ ਮੇਰੇ ਪ੍ਰਭ ਜੀਓ! ਮੈਂ ਤਾਂ ਤੈਥੋਂ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦਾ।

ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ॥
ਤੂੰ ਮੇਰੇ ਸਾਹਿਬ
ਤੂੰ ਮੇਰੇ ਖਾਨ॥੧॥ਰਹਾਉ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਸਾਨੂੰ ਪ੍ਰਭੂ ਪ੍ਰੇਮ ਕਰਨ ਦਾ ਢੰਗ ਦਰਸਾਉਂਦੇ ਹਨ- ਹੇ ਜਗਤ ਦੇ ਸੁਆਮੀ ਮੇਰੇ ਮਿਹਰਵਾਨ ਪ੍ਰੀਤਮ ਜੀਓ! ਤੂੰ ਤਾਂ ਮੇਰਾ ਅਤਿ ਪਿਆਰਾ ਤੇ ਸੋਹਣਾ ਲਾਲ ਹੈਂ, ਤੇ ਪ੍ਰਭੂ ਤੂੰ ਹੀ ਮੇਰੇ ਪ੍ਰਾਣਾਂ ਦਾ ਸਹਾਰਾ ਹੈਂ। ਹੇ ਮੇਰੇ ਅਤਿ ਪਿਆਰੇ ਪ੍ਰਭ ਜੀਓ! ਤੂੰ ਤਾਂ ਸਭ ਤੋਂ ਉਚੇ ਰੁਤਬੇ ਵਾਲਾ ਮੇਰਾ ਸਾਹਿਬ ਹੈਂ ਅਤੇ ਅਟਲ ਅਡੋਲ ਤਖ਼ਤ 'ਤੇ ਬੈਠਾ ਤੂੰ ਹੀ ਮੇਰਾ ਖਾਨ ਹੈਂ।

ਜਿਉ ਤੁਮ ਰਾਖਹੁ ਤਿਵ ਹੀ ਰਹਨਾ॥
ਜੋ ਤੁਮ ਕਹਹੁ ਸੋਈ ਮੋਹਿ ਕਰਨਾ॥
ਜਹ ਪੇਖਉ ਤਹਾ ਤੁਮ ਬਸਨਾ॥
ਨਿਰਭਉ ਨਾਮੁ ਜਪਉ ਤੇਰਾ ਰਸਨਾ॥੨॥

ਹੇ ਮੇਰੇ ਪ੍ਰਾਣਾਂ ਦੇ ਆਧਾਰ ਪ੍ਰਭ ਜੀਓ! ਜਿਵੇਂ ਤੂੰ ਮੈਨੂੰ ਰੱਖਦਾ ਹੈਂ, ਉਵੇਂ ਹੀ ਮੈਂ ਰਹਿੰਦਾ ਹਾਂ। ਹੇ ਮੇਰੇ ਸਾਹਿਬ ਮੇਰੇ ਮਾਲਕ ਜੀ! ਮੈਂ ਉਹੀ ਕਰਦਾ ਹਾਂ ਜੋ ਤੂੰ ਮੈਨੂੰ ਹੁਕਮ ਕਰਦਾ ਹੈਂ; ਜ਼ੱਰੇ-ਜ਼ੱਰੇ ਵਿਚ ਸਮਾਏ ਹੋਏ ਪ੍ਰੀਤਮ ਜੀਓ! ਮੈਂ ਤਾਂ ਜਿਸ ਪਾਸੇ ਵੀ ਵੇਖਦਾ ਹਾਂ, ਉਧਰ ਹੀ ਮੈਨੂੰ ਤੂੰ ਵੱਸਦਾ ਦਿਖਾਈ ਦਿੰਦਾ ਹੈਂ। ਹੇ ਮੇਰੇ ਪ੍ਰਾਣ ਆਧਾਰ ਪ੍ਰਭੂ ਜੀਓ! ਤੇਰੇ ਸੋਹਣੇ ਨਾਮ ਨੂੰ ਮੈਂ ਆਪਣੀ ਜੀਭਾ ਨਾਲ ਜਪਦਾ ਰਹਿੰਦਾ ਹਾਂ।

ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ॥
ਰੰਗ ਰਸਾ ਤੂੰ ਮਨਹਿ ਅਧਾਰੁ॥
ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ॥
ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ॥੩॥

ਹੇ ਮੇਰੇ ਮਿਹਰਵਾਨ ਪ੍ਰਭੂ ਜੀਓ! ਤੂੰ ਹੀ ਮੇਰੇ ਲਈ ਦੁਨੀਆਂ ਦੇ ਨੌਂ ਖ਼ਜ਼ਾਨੇ ਹੈਂ, ਤੇ ਖ਼ਜ਼ਾਨਿਆਂ ਨਾਲ ਭਰਿਆ ਪਿਆ ਮੇਰਾ ਭੰਡਾਰਾ ਵੀ ਤੂੰ ਹੀ ਹੈਂ। ਸੰਸਾਰ ਦੀ ਪ੍ਰਤਿਪਾਲਣਾ ਕਰਨ ਵਾਲੇ ਪ੍ਰਭੂ ਜੀਓ! ਤੂੰ ਹੀ ਮੇਰੇ ਲਈ ਸਾਰੀ ਦੁਨੀਆਂ ਦੇ ਰੰਗ ਭੀ ਹੈਂ ਤੇ ਰਸ ਭੀ ਹੈਂ, ਮੇਰੇ ਇਸ ਮੇਲ ਦਾ ਸਹਾਰਾ ਵੀ ਤੂੰ ਹੀ ਹੈਂ; ਪ੍ਰਭੂ ਜੀ! ਤੂੰ ਹੀ ਮੇਰੀ ਸੋਭਾ ਹੈਂ, ਤੂੰ ਹੀ ਮੇਰੀ ਵਡਿਆਈ ਹੈਂ, ਮੇਰੀ ਸੁਰਤਿ ਤੇਰੇ ਨਾਲ ਜੁੜੀ ਹੈ, ਤੂੰ ਹੀ ਮੇਰਾ ਓਟ ਤੇ ਆਸਰਾ ਹੈਂ।

ਮਨ ਤਨ ਅੰਤਰਿ ਤੁਹੀ ਧਿਆਇਆ॥
ਮਰਮੁ ਤੁਮਾਰਾ ਗੁਰ ਤੇ ਪਾਇਆ॥
ਸਤਿਗੁਰ ਤੇ ਦ੍ਰਿੜਿਆ ਇਕੁ ਏਕੈ॥
ਨਾਨਕ ਦਾਸ ਹਰਿ ਹਰਿ ਹਰਿ ਟੇਕੈ॥੪॥

ਹੇ ਮੇਰੇ ਪ੍ਰਤਿਪਾਲਕ ਪ੍ਰਭ ਜੀਓ! ਮੈਂ ਆਪਣੇ ਮਨ ਵਿਚ, ਆਪਣੇ ਤਨ ਵਿਚ ਤੈਨੂੰ ਹੀ ਸਿਮਰਦਾ ਰਹਿਦਾ ਹਾਂ; ਮਰਮੁ ਤੁਮਾਰਾ ਗੁਰ ਤੇ ਪਾਇਆ, ਮੇਰੇ ਪ੍ਰਭੂ ਜੀਓ! ਇਹ ਅਗੰਮੀ ਭੇਤ ਮੈਨੂੰ ਆਪਣੇ ਗੁਰੂ ਕੋਲੋਂ ਲੱਭਿਆ ਹੈ; ਸਤਿਗੁਰ ਤੇ ਦ੍ਰਿੜਿਆ ਇਕੁ ਏਕੈ, ਜਿਸ ਜੀਵ ਨੇ ਗੁਰੂ ਪਾਸੋਂ ਉਸ ਇਕ ਹਰੀ ਪਰਮਾਤਮਾ ਦਾ ਨਾਂ ਆਪਣੇ ਹਿਰਦੇ ਵਿਚ ਪੱਕਾ ਕਰਨ ਲਈ ਪ੍ਰਾਪਤ ਕਰ ਲਿਆ ਹੈ; ਹੇ ਨਾਨਕ! ਉਸ ਸੇਵਕ ਦੇ ਲਈ ਹਰੀ ਪਰਮਾਤਮਾ ਦਾ ਪਿਆਰਾ ਨਾਮ ਹੀ ਸਹਾਰਾ ਬਣ ਜਾਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਗੁਰਬਾਣੀ ਗਿਆਨ

# ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ

ਵਿਚਾਰ-ਚਰਚਾ

***ਮਨ ਤੋਂ ਪਾਰ ਚਲੇ ਜਾਣਾ ਹੀ ਸਮਰਪਣ ਹੈ। ਸਮਰਪਣ ਦਾ ਨਾਂ ਹੈ ਸ਼ਰਧਾ, ਚੇਲਾ ਹੋ ਜਾਣਾ, ਸ਼ਿਸ਼ਤਵ ਹੋ ਜਾਣਾ, ਸਿੱਖ ਹੋ ਜਾਣਾ। ਜੋ ਆਪਣੀ ਆਕੜ ਵਿਚ ਜੀਅ ਰਿਹਾ ਹੈ, ਉਹ ਸਿੱਖ ਨਹੀਂ। ਤੁਹਾਡੇ ਬਸਤਰ, ਚੋਲਾ, ਪਾਠ, ਅਭਿਆਸ, ਦਾਨ-ਪੁੰਨ ਕਰਨ ਪਿੱਛੇ ਤੁਹਾਡਾ ਹੰਕਾਰ ਖੜ੍ਹਾ ਹੈ। ਤੁਸੀਂ ਕੁਝ ਵੀ ਸੁਣਨ ਨੂੰ ਤਿਆਰ ਨਹੀਂ ਹੋ। ਜੋ ਸੁਣ ਨਹੀਂ ਸਕਦਾ, ਉਹ ਮੰਨ ਕਿਸ ਤਰ੍ਹਾਂ ਲਵੇਗਾ? ਬੁੱਧੀ-ਬਿਬੇਕ ਨਾਲ ਮੰਨਿਆ ਨਹੀਂ, ਤਾਂ ਸਮਰਪਣ ਕਿਸ ਤਰ੍ਹਾਂ ਕਰੇਗਾ? ਸਿੱਖ ਉਹ ਹੈ ਜੋ ਪੂਰਨ ਹਿਰਦੇ ਨਾਲ ਉਸ ਦੀ ਸਿੱਖਿਆ ਨੂੰ ਸੁਣਦਾ ਹੈ, ਮੰਨਦਾ ਹੈ ਅਤੇ ਸਮਰਪਣ ਕਰਦਾ ਹੈ।***

ਵੱਡੇ ਘਰਾਂ ਵਿਚ ਰਹਿਣ ਨਾਲ ਸੋਚ ਵੱਡੀ ਨਹੀਂ ਹੋ ਜਾਂਦੀ, ਹਉਮੈ ਜ਼ਰੂਰ ਵੱਡੀ ਹੋ ਜਾਂਦੀ ਹੈ।

ਕੌੜੀ ਨਿੰਮ ਨੂੰ ਕਦੀ ਪਤਾਸੇ ਨਹੀਂ ਲਗਦੇ।

ਤੀਰਥੀਂ ਨਹਾਉਣ ਨਾਲ ਮਨ ਦੀ ਮੈਲ ਨਹੀਂ ਜਾਣੀ, ਸ਼ਾਇਦ ਤਨ ਦੀ ਮੈਲ ਉਤਰ ਜਾਏ।

ਟਿੱਡੇ ਨੂੰ ਅੱਕ ਹੀ ਚੰਗਾ ਲੱਗਦਾ ਹੈ, ਉਲੂ ਨੂੰ ਸੂਰਜ ਨਹੀਂ ਦਿਖਦਾ।

ਸਾਧਾਂ ਦੇ ਡੇਰਿਆਂ ਦੇ ਚੱਕਰ ਮਾਰਨ ਨਾਲ ਮੁਕਤੀ ਨਹੀਂ ਮਿਲਣੀ, ਮਨ ਦੀ ਭਟਕਣਾ ਜ਼ਰੂਰ ਵਧ ਜਾਣੀ ਹੈ।



ਚਿੱਟਾ ਚੋਲਾ ਪਾਉਣ ਨਾਲ ਬਾਬੇ ਤਾਂ ਬਣ ਜਾਉਗੇ, ਮਨ ਦਾ ਰੋਣਾ ਕਿਵੇਂ ਮਿਟਾਉਗੇ।

**ਪ੍ਰੋ. ਹਰਪਾਲ ਸਿੰਘ**
**ਫੋਨ: 916-478-1640**

ਕੱਕਰਾਂ ਵਿਚ ਬੀਜਿਆ ਬੀਅ ਨਹੀਂ ਉਗਦਾ, ਕਰੀਰ ਨੂੰ ਬਸੰਤ ਰੁੱਤ ਵਿਚ ਫੁੱਲ ਨਹੀਂ ਲਗਦੇ।

ਰੂਹ ਦਾ ਪ੍ਰਛਾਵਾਂ ਨਹੀਂ ਹੁੰਦਾ, ਝੂਠ ਦੇ ਪੈਰ ਨਹੀਂ ਹੁੰਦੇ।

ਸੁੱਕੇ ਰੁੱਖਾਂ ਦੀ ਨਾ ਛਾਂ ਹੁੰਦੀ ਹੈ, ਨਾ ਪ੍ਰਛਾਵਾਂ।

ਪਿਛਲੇ ਪਹਿਰੀਂ ਜੀਣਾ ਸਿਆਣਪ ਨਹੀਂ, ਆਉਣ ਵਾਲਾ ਕੱਲ੍ਹ ਤੁਹਾਡਾ ਆਪਣਾ ਨਹੀਂ।

ਤਨ ਦੀ ਭੁੱਖ ਤਾਂ ਮਿਟ ਜਾਏਗੀ, ਮਨ ਦੀ ਭੁੱਖ ਕਿਵੇਂ ਮਿਟਾਉਗੇ?

ਢਿੱਡ ਵੱਡਾ ਹੋ ਜਾਏ ਤਾਂ ਅਕਲ ਛੋਟੀ ਹੋ ਜਾਂਦੀ ਹੈ।

ਸੱਪ ਦੇ ਸਿਰ ਵਿਚ ਮਨੀ ਹੈ, ਜ਼ਹਿਰ ਵੰਡਣਾ ਉਸ ਦਾ ਸੁਭਾਅ ਹੈ।

ਝੂਠ ਕਿਤੇ ਬਾਹਰੋਂ ਨਹੀਂ ਆਉਂਦਾ, ਅੰਦਰ ਦੀ ਮੈਲ ਬਾਹਰ ਆ ਜਾਂਦੀ ਹੈ।

ਉਚੀ ਆਸ, ਵੱਡਾ ਸਰਾਪ ਹੈ। ਪ੍ਰਭੂ ਨੂੰ ਖੋਜਣ ਤੁਰ ਪਏ ਹੋ, ਆਪਣੇ ਆਪ ਦਾ ਪਤਾ ਨਹੀਂ। ਇਕ ਪਿਆਸ ਅੰਦਰ ਹੈ, ਇਕ ਭਟਕਣ ਬਾਹਰ ਹੈ। ਮੋਕਸ਼ ਦੀ ਸੋਝੀ ਨਹੀਂ, ਆਪਣੇ ਦੁੱਖ ਦੂਜਿਆਂ ਨੂੰ ਦੇ ਰਹੇ ਹੋ। ਇਕ ਰਸਤਾ ਹੈ ਮੁਕਤੀ ਦਾ, ਮੁਕਤੀ ਸੰਸਾਰ ਤੋਂ ਛੁਟਕਾਰਾ ਪ੍ਰਾਪਤ ਕਰਨਾ ਨਹੀਂ; ਸਗੋਂ ਭੈਅ ਤੋਂ, ਹੰਕਾਰ ਤੋਂ ਛੁਟਕਾਰਾ ਪਾਉਣਾ ਹੀ ਮੁਕਤ ਹੋਣਾ ਹੈ। ਭੈਅ ਕਿਸ ਤੋਂ, ਹੰਕਾਰ ਕਿਸੇ ਤੋਂ? ਇੱਛਾਵਾਂ ਤੋਂ, ਲਾਲਸਾਵਾਂ ਤੋਂ, ਖਾਹਿਸ਼ਾਂ ਤੋਂ? ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ? ਸੂਰਜ ਦੀ ਇਕ ਕਿਰਨ ਵੀ ਮਿਲ ਜਾਏ, ਤਾਂ ਸੂਰਜ ਤੀਕਰ ਪਹੁੰਚਣ ਦਾ ਮਾਰਗ ਮਿਲ ਜਾਂਦਾ ਹੈ। ਆਪਣੀ ਅਗਿਆਨਤਾ ਨੂੰ ਸਵੀਕਾਰ ਕਰ ਲੈਣਾ ਹੀ ਗਿਆਨ ਦੀ ਪੌੜੀ ਦਾ ਪਹਿਲਾ ਪੌਡਾ ਹੈ। ਆਪਣਾ ਆਪ, ਆਪਣਾ ਦੁੱਖ, ਆਪਣੀ ਪਿਆਸ, ਆਪਣੀ ਉਲਝਣ ਮਿਟ ਜਾਏਗੀ, ਜੇ ਪ੍ਰੇਮ ਅਤੇ ਸਮਰਪਣ ਦੇ ਧਾਰਨੀ ਹੋ ਜਾਉਗੇ।

ਮਨ ਤੋਂ ਪਾਰ ਚਲੇ ਜਾਣਾ ਹੀ ਸਮਰਪਣ ਹੈ। ਸਮਰਪਣ ਦਾ ਨਾਂ ਹੈ ਸ਼ਰਧਾ, ਚੇਲਾ ਹੋ ਜਾਣਾ, ਸ਼ਿਸ਼ਤਵ ਹੋ ਜਾਣਾ, ਸਿੱਖ ਹੋ ਜਾਣਾ। ਜੋ ਆਪਣੀ ਆਕੜ ਵਿਚ ਜੀਅ ਰਿਹਾ ਹੈ, ਉਹ ਸਿੱਖ ਨਹੀਂ। ਤੁਹਾਡੇ ਬਸਤਰ, ਚੋਲਾ, ਪਾਠ, ਅਭਿਆਸ, ਦਾਨ-ਪੁੰਨ ਕਰਨ ਪਿੱਛੇ ਤੁਹਾਡਾ ਹੰਕਾਰ ਖੜ੍ਹਾ ਹੈ। ਤੁਸੀਂ ਕੁਝ ਵੀ ਸੁਣਨ ਨੂੰ ਤਿਆਰ ਨਹੀਂ ਹੋ। ਜੋ ਸੁਣ ਨਹੀਂ ਸਕਦਾ, ਉਹ ਮੰਨ ਕਿਸ ਤਰ੍ਹਾਂ ਲਵੇਗਾ? ਬੁੱਧੀ-ਬਿਬੇਕ ਨਾਲ ਮੰਨਿਆ ਨਹੀਂ, ਤਾਂ ਸਮਰਪਣ ਕਿਸ ਤਰ੍ਹਾਂ ਕਰੇਗਾ? ਸਿੱਖ ਉਹ ਹੈ ਜੋ ਪੂਰਨ ਹਿਰਦੇ ਨਾਲ ਉਸ ਦੀ ਸਿੱਖਿਆ ਨੂੰ ਸੁਣਦਾ ਹੈ, ਮੰਨਦਾ ਹੈ ਅਤੇ ਸਮਰਪਣ ਕਰਦਾ ਹੈ।

ਫੈਸਲਾ ਕਰਨ ਵਾਲਾ ਬੱਸ ਤੂੰ ਹੈਂ, ਬੱਸ ਤੂੰ ਹੀ ਤੂੰ ਹੈਂ।

ਸਿੰਙੀ ਸੁਰਤਿ ਅਨਾਹਦਿ ਵਾਜੈ
ਘਟਿ ਘਟਿ ਜੋਤਿ ਤੁਮਾਰੀ॥
(ਰਾਮ ਕਲੀ ਮਹਲਾ 1, ਪੰਨਾ 907)
ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥ (ਜੁਪਜੀ)
ਜਿਉ ਪਸਰੀ ਸੂਰਜ ਕਿਰਣਿ ਜੋਤਿ॥
ਤਿਉ ਘਟਿ ਘਟਿ ਰਮਈਆ ਓਤਿ ਪੋਤਿ॥
(ਬਸੰਤ ਮਹਲਾ 4, ਪੰਨਾ 1177)

ਰਚਨਹਾਰਾ ਸਮਰਪਣ ਨਾਲ ਮਿਲਦਾ ਹੈ, ਪਹਿਲਾਂ ਨਿੱਜ ਤੋਂ ਮੁਕਤੀ ਪਾਉ।

ਹਉਮੈ ਬੂਝੈ ਤਾਂ ਦਰੁ ਸੂਝੈ॥
ਗਿਆਨ ਵਿਹੂਣਾ ਕਥਿ ਕਥਿ ਲੂਝੈ।
ਨਾਨਕ ਹੁਕਮੀ ਲਿਖੀਐ ਲੇਖੁ॥
ਜੇਹਾ ਵੇਖਹਿ ਤੇਹਾ ਵੇਖੁ॥

ਸੁਲਤਾਨਪੁਰ ਵਿਚ 'ਤੇਰਾ ਤੇਰਾ' ਕਰਦਾ ਨਾਨਕ ਤੇਰਾ ਹੀ ਹੋ ਗਿਆ। 'ਜੋ ਤੇਰੀ ਮਰਜ਼ੀ', ਬੱਸ ਇਹੀ ਸਮਰਪਣ ਹੈ। ਗੁਆਉਗੇ ਆਪਣੇ ਕਾਰਨ, ਮਿਲੇਗਾ ਉਸ ਦੀ ਰਹਿਮਤ ਨਾਲ। ਜੇ ਮੈਂ ਗੁਆ ਰਿਹਾ ਹਾਂ, ਤਾਂ ਮੈਂ ਹੀ ਕੁਝ ਪੁੱਠਾ ਹਾਂ। ਚਾਂਦਨੀ ਚੌਕ ਵਿਚ ਬੈਠਾ ਸਤਿਗੁਰੂ ਉਸ ਦੇ ਭਾਣੇ ਨੂੰ, ਉਸ ਦੇ ਹੁਕਮ ਨੂੰ ਦੇਖ ਰਿਹਾ ਸੀ। ਕੋਈ ਤਣਾਉ, ਕੋਈ ਚਿੰਤਾ, ਕੋਈ ਦੁੱਖ ਨਹੀਂ। ਜੋ ਹੋ ਰਿਹਾ ਹੈ, ਜੋ ਹੋਣ ਜਾ ਰਿਹਾ ਹੈ, ਸਭ ਉਸ ਦੀ ਰਜ਼ਾ ਹੈ। ਤੇਰੀ ਰਹਿਮਤ, ਮੇਰਾ ਸਮਰਪਣ।

ਜੋ ਉਪਜਿਓ ਸੋ ਬਿਨਸਿ ਹੈ
ਪਰੋ ਆਜੁ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ
ਛਾਡਿ ਸਗਲ ਜੰਜਾਲ॥
(ਸਲੋਕ ਮਹਲਾ 9)

ਸਾਧੋ ਇਹੁ ਤਨੁ ਮਿਥਿਆ ਜਾਨਉ॥
ਯਾ ਭੀਤਰਿ ਜੋ ਰਾਮੁ ਬਸਤੁ ਹੈ
ਸਾਚੋ ਤਾਹਿ ਪਛਾਨੋ॥ਰਹਾਉ॥
ਇਹ ਜਗੁ ਹੈ ਸੰਪਤਿ ਸੁਪਨੇ ਕੀ
ਦੇਖਿ ਕਹਾ ਐਡਾਨੋ॥
ਸੰਗਿ ਤਿਹਾਰੈ ਕਛੂ ਨ ਚਾਲੈ
ਤਾਹਿ ਕਹਾ ਲਪਟਾਨੋ॥
ਉਸਤਤਿ ਨਿੰਦਾ ਦੋਊ ਪਰਹਰਿ
ਹਰ ਕੀਰਤਿ ਉਰਿ ਆਨੋ॥
ਜਨ ਨਾਨਕ ਸਭ ਹੀ ਮੈ ਪੂਰਨ
ਏਕ ਪੁਰਖ ਭਾਗਵਾਨੋ॥
(ਰਾਗੁ ਬਸੰਤੁ, ਹਿੰਡੋਲ ਮਹਲਾ 9)

ਥੋੜ੍ਹੇ ਦਿਨ ਉਸ ਦੇ ਹੁਕਮ ਨੂੰ ਮੰਨ ਲਵੋ। ਜਿਵੇਂ ਰੱਖੇ, ਜਿਥੇ ਲੈ ਜਾਏ, ਜਾ ਰਹੋ। ਤੁਹਾਡੀ ਕੋਸ਼ਿਸ਼ ਬੇਕਾਰ ਹੈ। ਬਹੁਤ ਕਰ ਕੇ ਦੇਖ ਲਿਆ। ਜਿਹੋ ਜਿਹੇ ਸੀ, ਉਹੋ ਜਿਹੇ ਹੀ ਰਹੇ; ਸਗੋਂ ਉਸ ਤੋਂ ਵੀ ਜ਼ਿਆਦਾ ਬਿਮਾਰ ਹੋ ਗਏ। ਮਿਲ ਗਿਆ, ਉਸ ਦਾ ਵੀ ਤਣਾਉ। ਜੋ ਨਾ ਮਿਲਿਆ, ਉਸ ਦਾ ਵੀ ਤਣਾਉ। ਪਾਗਲਪਣ ਦੀ ਹਾਲਤ ਹੋ ਗਈ ਹੈ। ਅੰਦਰ-ਬਾਹਰ ਰੋਗੀ ਹੋ ਗਿਆ ਹੈ। ਜੋ ਕਰੋਗੇ, ਤੁਸੀਂ ਹੀ ਕਰੋਗੇ। ਤੁਹਾਡਾ ਸੱਚ ਅੰਦਰ ਮਰ ਗਿਆ ਹੈ।

ਹੁਕਮੀ ਹੋ ਜਾਣਾ, ਧਾਰਮਿਕ ਹੋ ਜਾਣਾ ਹੈ। ਲੜਨਾ ਸੰਸਾਰੀ ਹੋ ਜਾਣਾ ਹੈ। ਜੇ ਉਸ ਨਾਲ ਸੰਘਰਸ਼ ਕਰੋਗੇ ਤਾਂ ਉਸ ਨੂੰ ਪਾ ਨਹੀਂ ਸਕੋਗੇ। ਹੁਕਮੀ ਹੋ ਗਏ, ਅੰਦਰ ਚਾਨਣ ਹੋ ਗਿਆ, ਸਾਫ ਹੋ ਗਿਆ, ਸੰਘਰਸ਼ ਦਾ ਤਿਆਗ ਪ੍ਰੇਮ ਦੀ ਉਚਾਈ ਨੂੰ ਛੂਹ ਲੈਣਾ ਹੈ। ਪ੍ਰੇਮੀ ਹੋ ਜਾਣਾ, ਉਸ ਦਾ ਹੋ ਜਾਣਾ ਹੈ। 'ਮੈਂ' ਤਾਂ ਕੰਧ ਹੈ। ਤੂੰ ਤੂੰ ਹੈਂ, ਮੈਂ ਮੈਂ ਹਾਂ। ਦੋਹਾਂ ਵਿਚ ਜਨਮਾਂ ਦਾ ਫਾਸਲਾ ਹੈ।

ਪ੍ਰੇਮ ਹਮੇਸ਼ਾ ਝੁਕਣ ਲਈ ਰਾਜ਼ੀ ਹੈ। ਹੰਕਾਰ ਕਦੇ ਵੀ ਝੁਕਣ ਨੂੰ ਰਾਜ਼ੀ ਨਹੀਂ ਹੁੰਦਾ।

ਪ੍ਰੇਮ ਜਦੋਂ ਦਿੰਦਾ ਹੈ, ਤਦ ਖੁਸ਼ ਹੋ ਜਾਂਦਾ ਹੈ। ਹੰਕਾਰ ਜਦ ਕੁਝ ਲੈ ਜਾਂਦਾ ਹੈ, ਤਦ ਖੁਸ਼ ਹੁੰਦਾ ਹੈ।

ਪ੍ਰੇਮ ਵਿਚ ਕੋਈ ਛੋਟਾ ਵੱਡਾ ਨਹੀਂ। ਜੋ ਆ ਜਾਵੇ, ਉਸ ਨਾਲ ਸਬੰਧ ਜੁੜ ਜਾਂਦਾ ਹੈ। ਹੰਕਾਰ ਹਮੇਸ਼ਾ ਆਪਣੇ ਨਾਲੋਂ ਵੱਡਿਆਂ ਨਾਲ ਸਬੰਧ ਜੋੜਨ ਦੀ ਕੋਸ਼ਿਸ਼ ਕਰਦਾ ਹੈ।

ਪ੍ਰੇਮੀ ਸਮਰਾਟ ਹੈ, ਹੰਕਾਰੀ ਭਿਖਾਰੀ ਹੈ।

ਪ੍ਰੇਮ ਦੇਣ ਦੀ ਭਾਸ਼ਾ ਹੈ, ਹੰਕਾਰ ਲੈਣ ਦੀ ਭਾਸ਼ਾ ਹੈ।

ਫੱਗਣ ਦੀ ਰੁੱਤ ਵਾਂਗ ਨਿੱਘਾ-ਨਿੱਘਾ ਪਿਆਰ ਸੀ ਪਤਨੀ ਨਾਲ। ਕੋਸਾ-ਕੋਸਾ, ਮਿੱਠਾ-ਮਿੱਠਾ, ਨਸ਼ਿਆਇਆ ਪਿਆਰ ਸੀ। ਮਨ ਆਨੰਦਤ ਸੀ। ਪ੍ਰੇਮ ਵਿਚ ਇਕ ਪਲ ਦਾ ਵਿਛੋੜਾ, ਸਦੀਆਂ ਦਾ ਵਿਛੋੜਾ ਲਗਦਾ ਸੀ। ਸੌਂਦੇ ਜਾਗਦੇ, ਖਾਂਦੇ ਪੀਂਦੇ; ਹਰ ਪਲ, ਹਰ ਘੜੀ, ਹਰ ਤਰਫ਼ ਪਤਨੀ ਦਾ ਹੀ ਚਿਹਰਾ ਨਜ਼ਰ ਆਉਂਦਾ ਸੀ। ਪਤਨੀ ਰੱਬ ਦਾ ਰੂਪ ਹੋਈ ਬੈਠੀ ਸੀ। ਹਰ ਰੋਜ਼ ਦੀ ਕਹਾਣੀ ਸੀ ਇਹ।

ਮਨ ਦੇ ਕਲੇਸ਼, ਮਨ ਦੀ ਪੀੜਾ ਨੇ ਉਦੋਂ ਘੇਰ ਲਿਆ ਜਦੋਂ ਪਤਨੀ ਨੂੰ ਪੇਕੇ ਘਰ ਜਾਣਾ ਪਿਆ। ਕਿਵੇਂ ਜੀਵਾਂਗਾ? ਕੀ ਕਰਾਂਗਾ? ਕਿਥੇ ਜਾਵਾਂਗਾ? ਮਨ ਦਾ ਦਵੰਦ ਟਿਕਣ ਨਹੀਂ ਸੀ ਦਿੰਦਾ। ਆਤਮਾ ਟੋਟੇ-ਟੋਟੇ ਹੋਈ ਪਈ ਸੀ। ਘਰ ਵਾਲਿਆਂ ਨੇ ਸਮਝਾਇਆ, ਪਤਨੀ ਨੇ ਬੁਚਕਾਰਿਆ। ਕੁਝ ਰਾਹਤ ਮਿਲੀ। ਬੇਚੈਨ ਮਨ ਨਾਲ ਪਤਨੀ ਨੂੰ ਰੁਖਸਤ ਕੀਤਾ। ਰਾਤ ਆਈ, ਤਾਂ ਆ ਕੇ ਠਹਿਰ ਗਈ। ਰਾਤ ਦੀ ਇਕੱਲ ਨੇ ਸੌਣ ਨਾ ਦਿੱਤਾ। ਮਨ ਕਹਾਣੀਆਂ ਪਾਉਣ ਲੱਗਾ- ਜੇ ਉਸ ਬਿਨ ਮੇਰਾ ਇਹ ਹਾਲ ਹੈ, ਤਾਂ ਉਹ ਵੀ ਮੇਰੇ ਬਿਨਾਂ ਬੇਚੈਨ ਹੋਵੇਗੀ, ਯਾਦ ਕਰਦੀ ਹੋਵੇਗੀ। ਜਾਵਾਂ, ਉਸ ਨੂੰ ਲੈ ਆਵਾਂ। ਰਹਿ ਨਹੀਂ ਹੁੰਦਾ। ਪਤਨੀ ਦੇ ਬੋਲ ਸੁਣਾਈ ਦਿੰਦੇ। ਪ੍ਰਣ ਕੀਤਾ ਸੀ ਕਿ ਉਸ ਦੇ ਪੇਕੇ ਮਿਲਣ ਨਹੀਂ ਜਾਵਾਂਗਾ। ਲੋਕ ਬੋਲੀ ਮਾਰਨਗੇ। ਲਗਦਾ ਸੀ, ਜਿਵੇਂ ਕੁਹਾੜੇ 'ਤੇ ਪੈਰ ਮਾਰ ਲਿਆ ਹੋਵੇ।

ਰੋਂਦੇ-ਕੁਰਲਾਉਂਦੇ ਰਾਤ ਗੁਜ਼ਰ ਗਈ। ਦਿਨੇ ਸੂਰਜ ਦੀ ਧੁੱਪ ਉਦਾਸ ਲਗਦੀ ਸੀ। ਹਵਾਵਾਂ ਵਿਚ ਹਉਕੇ ਸਨ। ਖੇਤਾਂ ਵਿਚ ਖਿੜੇ ਸਰੋਂ ਦੇ ਫੁੱਲ ਮੁਰਝਾਏ ਲਗਦੇ ਸਨ। ਔਖੇ ਹੋ ਕੇ ਦਿਨ ਗੁਜ਼ਰਿਆ। ਰਿਹਾ ਨਾ ਗਿਆ। ਸਬਰ ਦਾ ਪਿਆਲਾ ਟੁੱਟ ਗਿਆ। ਸ਼ਾਮ ਨੂੰ ਮੋਢੇ 'ਤੇ ਪਰਨਾ ਰੱਖ, ਪਤਨੀ ਦੇ ਪਿੰਡ ਵੱਲ ਹੋ ਤੁਰਿਆ। ਸੋਚਿਆ, ਉਸ ਦਾ ਵੀ ਤਾਂ ਮੇਰੇ ਬਿਨਾਂ ਬੁਰਾ ਹਾਲ ਹੋਵੇਗਾ। ਜਾ ਮਿਲਾਂ, ਇੰਤਜ਼ਾਰ ਕਰਦੀ ਹੋਵੇਗੀ। ਪਤਨੀ ਦੇ ਪਿੰਡ ਪਹੁੰਚਦੇ-ਪਹੁੰਚਦੇ ਹਨੇਰਾ ਗੂੜ੍ਹਾ ਹੋ ਗਿਆ ਸੀ। ਮਾੜੀ ਕਿਸਮਤ, ਕੁਦਰਤ ਨੇ ਮੀਂਹ ਦਾ ਪੜਛਾ ਖੋਲ੍ਹ ਦਿੱਤਾ ਸੀ। ਕੱਪੜੇ ਭਿੱਜ ਗਏ ਸਨ। ਧਰਵਾਸ ਹੋਇਆ, ਪਤਨੀ ਦੇ ਚੁਬਾਰੇ ਦੀ ਬੱਤੀ ਜਲ ਰਹੀ ਸੀ। ਮੈਨੂੰ ਪਤਾ ਸੀ ਉਹ ਵੀ ਬੇਚੈਨ ਹੈ, ਪ੍ਰੇਸ਼ਾਨ ਹੈ। ਇੰਤਜ਼ਾਰ ਵਿਚ ਬੱਤੀ ਜਗਾ ਰੱਖੀ ਹੈ। ਘਰ ਦਾ ਬੂਹਾ ਬੰਦ ਸੀ। ਚੁਬਾਰੇ ਦੀ ਪਰਿਕਰਮਾ ਕੀਤੀ। ਬਿਜਲੀ ਦੀ ਚਮਕ ਵਿਚ ਦੇਖਿਆ, ਬਨੇਰੇ ਤੋਂ ਲੰਮੀ ਰੱਸੀ ਹੇਠਾਂ ਲਟਕ ਰਹੀ ਸੀ। ਦੇਖਿਆ...ਮੈਨੂੰ ਪਤਾ ਸੀ, ਉਹ ਮੇਰੇ ਬਿਨਾਂ ਨਹੀਂ ਰਹਿ ਸਕਦੀ। ਮੇਰੇ ਆਉਣ ਦਾ ਸਾਰਾ ਪ੍ਰਬੰਧ ਕੀਤਾ ਹੋਇਆ ਹੈ। ਖੁਸ਼ੀ ਵਿਚ ਖੀਵੇ ਹੋਏ ਨੇ ਰੱਸੀ ਨੂੰ ਫੜ ਚੁਬਾਰੇ ਵੱਲ ਧਾਈ ਕਰ ਦਿੱਤੀ।

ਉਪਰ ਪਹੁੰਚਿਆ। ਪਤਨੀ ਹੈਰਾਨ-ਪ੍ਰੇਸ਼ਾਨ ਖੜ੍ਹੀ ਸੀ, "ਤੁਸੀਂ ਮੀਂਹ ਨਾਲ ਭਿੱਜੀ ਇਸ ਕਾਲੀ-ਬੋਲੀ ਰਾਤ ਵਿਚ ਕਿਵੇਂ ਆ ਗਏ?" ਪਤਨੀ ਨੇ ਉਤਸੁਕਤਾ ਜ਼ਾਹਿਰ ਕੀਤੀ।

"ਤੈਨੂੰ ਸਭ ਪਤਾ ਹੈ, ਐਵੇਂ ਭੋਲੀ ਨਾ ਬਣ। ਤੈਨੂੰ ਯਕੀਨ ਸੀ ਮੈਂ ਜ਼ਰੂਰ ਆਵਾਂਗਾ।" ਪਤੀ ਬੋਲਿਆ।

"ਮੈਨੂੰ ਤਾਂ ਕੁਝ ਵੀ ਪਤਾ ਨਹੀਂ। ਤੁਸੀਂ ਉਪਰ ਕਿਵੇਂ ਆ ਗਏ? ਦਰਵਾਜ਼ੇ ਤਾਂ ਸਾਰੇ ਬੰਦ ਨੇ।" ਪਤਨੀ ਬੋਲੀ।

"ਤੂੰ ਚੁਬਾਰੇ ਤੋਂ ਹੇਠਾਂ ਐਵੇਂ ਨਹੀਂ ਸੀ ਰੱਸੀ ਲਟਕਾਈ। ਰਹਿਣ ਦੇ ਨਖਰਾ ਨਾ ਕਰ।" ਪਤੀ ਬੋਲਿਆ।

"ਮੈਂ ਤਾਂ ਕੋਈ ਰੱਸੀ ਨਹੀਂ ਲਟਕਾਈ।" ਪਤਨੀ ਬੋਲੀ।

"ਚੱਲ ਦੇਖ, ਐਵੇਂ ਝੂਠ ਨਾ ਬੋਲ।" ਪਤਨੀ ਨਾਲ ਉਹ ਬਨੇਰੇ ਕੋਲ ਆ ਖੜ੍ਹਾ ਹੋਇਆ।

ਬਿਜਲੀ ਚਮਕੀ। ਦੇਖਿਆ, ਜਿਸ ਨੂੰ ਉਹ ਰੱਸੀ ਸਮਝ ਚੁਬਾਰੇ 'ਤੇ ਆਇਆ ਸੀ, ਉਹ ਕਾਲਾ ਮੋਟਾ ਸੱਪ ਸੀ ਜੋ ਚੁਬਾਰੇ ਦੇ ਬਨੇਰੇ ਨਾਲ ਚਿੰਬੜਿਆ ਹੋਇਆ ਲਮਕ ਰਿਹਾ ਸੀ।

"ਤੁਹਾਨੂੰ ਸੱਪ ਨਜ਼ਰ ਨਹੀਂ ਆਇਆ।" ਪਤਨੀ ਬੋਲੀ।

"ਮੈਨੂੰ ਤਾਂ ਤੇਰੇ ਬਿਨਾਂ ਹੋਰ ਕੁਝ ਨਜ਼ਰ ਨਹੀਂ ਆਉਂਦਾ। ਧਿਆਨ ਤਾਂ ਤੇਰੇ ਵੱਲ ਲੱਗਿਆ ਰਹਿੰਦਾ ਹੈ।" ਪਤੀ ਬੋਲਿਆ।

"ਜੇ ਤੁਸੀਂ ਇੰਨਾ ਧਿਆਨ ਪਰਮਾਤਮਾ ਨਾਲ ਜੋੜ ਲਵੋ, ਜਿੰਨਾ ਪ੍ਰੇਮ ਮੈਨੂੰ ਕਰਦੇ ਹੋ; ਉਸ (ਪਰਮਾਤਮਾ) ਨਾਲ ਕਰ ਲਵੋ, ਤਾਂ ਜੀਵਨ ਦੀ ਗਤੀ ਹੀ ਬਦਲ ਜਾਏਗੀ।" ਪਤਨੀ ਨੇ ਤਾਹਨਾ ਮਾਰਿਆ।

ਪਤਨੀ ਦਾ ਹੱਥ ਛੱਡ ਉਹ ਜੰਗਲ ਨੂੰ ਹੋ ਤੁਰਿਆ। ਮਹਾਤਮ ਹੋਇਆ, ਰਾਮਾ ਨੰਦ ਭਗਤ ਹੋ ਗਿਆ।

ਪ੍ਰੇਮ ਦੀ ਸ਼ਕਤੀ ਪਰਮਾਤਮਾ ਦੀ ਸ਼ਕਤੀ ਹੈ, ਈਸ਼ਵਰ ਦੀ ਸ਼ਕਤੀ ਹੈ। ਜੀਵਨ ਨੂੰ ਅਨੰਦ ਨਾਲ ਸਵੀਕਾਰ ਕਰਨਾ ਹੀ ਪ੍ਰੇਮ ਹੈ। ਪ੍ਰੇਮ ਦੀ ਪਵਿੱਤਰਤਾ ਨੂੰ ਸਵੀਕਾਰ ਕਰੋ। ਜੀਵਨ ਜਿਹੋ ਜਿਹਾ ਹੈ, ਉਸ ਨੂੰ ਅਨੰਦ ਨਾਲ ਸਵੀਕਾਰ ਕਰੋ ਅਤੇ ਜੀਵੋ ਉਸ ਦੀ ਸੰਪੂਰਨਤਾ ਵਿਚ। ਜੀਵਨ ਤੋਂ ਨੱਸਣਾ ਜੀਵਨ ਨਹੀਂ, ਜੀਵਨ ਵਿਚ ਉਤਰਨਾ ਹੀ ਧਰਮ ਹੈ। ਸਵੀਕਾਰ ਕਰੋ ਬਿਬੇਕ ਬੁੱਧੀ ਨਾਲ।

ਜਿਸ ਦੀ ਕ੍ਰਿਪਾ ਨਾਲ ਜੋ ਜੀਵਨ ਮਿਲਿਆ ਹੈ, ਜੋ ਅਨੰਦ ਅਤੇ ਚੇਤੰਨ ਮਿਲਿਆ ਹੈ, ਉਸ ਦੇ ਲਈ ਪਰਮਾਤਮਾ ਦੇ ਪ੍ਰਤੀ ਸਾਡੇ ਹਿਰਦੇ ਵਿਚ ਜੋ ਪ੍ਰੇਮ ਅਤੇ ਧੰਨਵਾਦ ਦਾ ਭਾਵ ਹੈ, ਉਸ ਨੂੰ ਅਸੀਂ ਕੀਰਤਨ ਵਿਚ ਗਾ ਕੇ ਉਸ ਦੇ ਨਾਮ ਸਿਮਰਨ ਦੀ ਮਸਤੀ ਵਿਚ ਥਿਰਕ ਕੇ ਪ੍ਰਗਟ ਕਰਦੇ ਹਾਂ। ਕੀਰਤਨ ਉਤਸਵ ਹੈ, ਭਗਤੀ ਭਾਵ ਨਾਲ ਭਰੇ ਹੋਏ ਹਿਰਦੇ ਦਾ। ਆਦਮੀ ਦੇ ਜੀਵਨ ਵਿਚ ਜੋ ਵੀ ਸ਼ੇਸ਼ਟ ਹੈ, ਸੁੰਦਰ ਹੈ ਅਤੇ ਸੱਚ ਹੈ, ਉਸ ਨੂੰ ਜੀਵਿਆ ਜਾ ਸਕਦਾ ਹੈ, ਜਾਣਿਆ ਜਾ ਸਕਦਾ ਹੈ।

## ਸੁਬਹ ਸਵੇਰੇ ਅੰਮ੍ਰਿਤ ਵੇਲੇ

ਸੁਬਹ ਸਵੇਰੇ ਅੰਮ੍ਰਿਤ ਵੇਲੇ ਤਾਰਿਆਂ ਨਾਲ ਅਕਾਸ਼ ਸੀ ਭਰਿਆ।
ਮਿੱਠੀ-ਮਿੱਠੀ ਚੰਨ ਚਾਨਣੀ ਤੱਕ ਕੇ ਮੇਰਾ ਦਿਲ ਸੀ ਠਰਿਆ।
ਠੰਢੀ-ਠੰਢੀ ਪੌਣ ਪੁਰੇ ਦੀ ਦਿਲ ਮੇਰਾ ਨਸ਼ਿਆਈ ਜਾਵੇ।
ਦੂਰ ਕਿਤੇ ਕੋਈ ਗੈਬੀ ਤਾਕਤ ਵਾਜਾਂ ਮਾਰ ਬੁਲਾਈ ਜਾਵੇ।

ਹੌਲੀ-ਹੌਲੀ ਤੁਰਦੀ-ਤੁਰਦੀ ਪਹੁੰਚ ਗਈ ਮੈਂ ਨਦੀ ਕਿਨਾਰੇ।
ਪੱਤਣ ਉਤੇ ਰੇਤੇ ਦੇ ਵਿਚ ਸਿੱਪੀਆਂ ਘੋਗੇ ਕਿਸੇ ਖਿਲਾਰੇ।
ਚੰਨ ਦੀਆਂ ਰਿਸ਼ਮਾਂ ਰੇਤ ਦੇ ਜ਼ੱਰਿਆਂ ਨਾਲ ਮਿਲ ਕੇ ਚਮਕ ਰਹੀਆਂ ਸਨ।
ਸੋਨੇ ਚਾਂਦੀ ਤੋਂ ਕਿਤੇ ਵਧ ਕੇ ਹੀਰਿਆਂ ਵਾਂਗਰ ਦਮਕ ਰਹੀਆਂ ਸਨ।

ਆਪਣੇ-ਆਪਣੇ ਆਹਲਣਿਆਂ ਵਿਚ ਸੁੱਤਾ ਪਿਆ ਸੀ ਸਭ ਸੰਸਾਰ।
ਪਰ ਸੰਸਾਰ ਚਲਾਵਣ ਵਾਲਾ ਜਾਗ ਰਿਹਾ ਸੀ ਉਹ ਨਿਰੰਕਾਰ।
ਦੂਰੋਂ ਕਿਧਰੋਂ ਨਾਲ ਹਵਾ ਦੇ ਫਿਰ ਦਿੱਤੀ ਮੈਨੂੰ ਵਾਜ ਸੁਣਾਈ।
ਕੁਦਰਤ ਨਾਲ ਇਕਮਿਕ ਹੋਈ ਗਾ ਰਹੀ ਸੀ ਕੋਈ ਜੋਤ ਇਲਾਹੀ।

ਡੋਰ ਪਰੇਮ ਦੀ ਖਿੱਚ ਕੇ ਮੈਨੂੰ ਆਪੇ ਹੀ ਉਸ ਪਾਸੇ ਲੈ ਗਈ।
ਆਪੇ ਹੀ ਮੇਰੇ ਹੱਥ ਜੁੜ ਗਏ ਸੀਸ ਨਿਵਾ ਕੇ ਉਥੇ ਹੀ ਬਹਿ ਗਈ।
ਅੰਮ੍ਰਿਤ ਵੇਲਾ ਰਾਗ ਆਸਾ ਦਾ ਨਦੀ ਕਿਨਾਰਾ ਅਜਬ ਨਜ਼ਾਰੇ।
ਠੰਢੀ-ਠੰਢੀ ਹਵਾ ਰੁਮਕਦੀ ਕੁਦਰਤ ਵੀ ਜਾਵੇ ਬਲਿਹਾਰੇ।

ਇਕ ਫਕੀਰ ਰਬਾਬ ਵਜਾਵੇ ਦੂਜਾ ਗਾਵੇ ਧੁਰ ਕੀ ਬਾਣੀ।
ਬਾਣੀ ਸੁਣਦਾ ਹੌਲੀ-ਹੌਲੀ ਤੁਰਦਾ ਪਿਆ ਸੀ ਨਦੀ ਦਾ ਪਾਣੀ।
ਜਦ ਬਾਬੇ ਇਹ ਸ਼ਬਦ ਗਾਵਿਆ- ਸੋ ਕਿਉ ਵਿਸਰੈ ਮੇਰੀ ਮਾਇ॥
ਉਸ ਤੋਂ ਸਦ ਬਲਿਹਾਰੇ ਜਾਵਾਂ- ਸਾਚਾ ਸਾਹਿਬੁ ਸਾਚੈ ਨਾਇ॥

ਅੰਦਰੋਂ ਸੀ ਮੈਂ ਟੁੱਟ ਗਈ ਸਾਰੀ ਟੁੱਟ ਕੇ ਚਕਨਾਚੂਰ ਹੋ ਗਈ।
ਅੰਮ੍ਰਿਤ ਰਸ ਵਿਚ ਭਿਜ ਗਈ ਸੀ ਮੈਂ ਪਿਆਸੀ ਰੂਹ ਭਰਪੂਰ ਹੋ ਗਈ।
ਕੁਦਰਤ ਦੇ ਵਿਹੜੇ ਵਿਚ ਵੜ ਗਈ ਇਸ ਦੁਨੀਆਂ ਤੋਂ ਦੂਰ ਹੋ ਗਈ।
ਐਸੀ ਨਜ਼ਰ ਮਿਹਰ ਦੀ ਪਾਈ ਮੈਂ ਵੀ ਨੂਰੋ-ਨੂਰ ਹੋ ਗਈ।

ਲਗਨ ਪ੍ਰੇਮ ਦੀ ਐਸੀ ਲੱਗੀ ਮੈਂ ਰੱਬੀ ਸੰਗੀਤ ਬਣ ਗਈ।
ਗੁਰੂ ਨਾਨਕ ਦੀ ਰਹਿਮਤ ਹੋਈ ਮੁਰਦੇ ਤੋਂ 'ਸੁਰਜੀਤ' ਬਣ ਗਈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

## ਆਪਣਾ ਜਨਮ ਸੁਆਰ ਬੰਦੇ

ਨਿਰਾ ਨੂਰ ਏ ਗੁਰੂ ਗ੍ਰੰਥ ਬਾਣੀ, ਨ੍ਹੇਰੇ ਦਿਲਾਂ ਵਿਚ ਜੋਤ ਜਗਾਉਣ ਵਾਲੀ।
ਏਹੋ ਧੁਰ ਕੀ ਬਾਣੀ ਸੌਗਾਤ ਰੱਬੀ, ਠੰਢ ਜਗਤ ਜਲੰਦੇ 'ਤੇ ਪਾਉਣ ਵਾਲੀ।
ਸਰਬ ਰੋਗ ਦਾ ਦਾਰੂ ਏ ਦਾਤ ਬਾਣੀ, ਸਾਰੇ ਜੱਗ ਦੇ ਦੁੱਖ ਮਿਟਾਉਣ ਵਾਲੀ।
ਏਹੋ ਸਰਬ ਕਲਿਆਨ ਹੈ ਜ਼ਿੰਦਗੀ ਦੀ, ਬੇੜੇ ਡੁੱਬਦੇ ਪਾਰ ਲੰਘਾਉਣ ਵਾਲੀ।
ਸਿੱਖਿਆ ਬਾਣੀ ਦੀ ਬੰਨ੍ਹ ਹਮੇਸ਼ ਪੱਲੇ, ਲਵੀਂ ਦੁੱਖ ਤੇ ਦਰਦ ਨਿਵਾਰ ਬੰਦੇ।
ਲੈ ਕੇ ਚਾਨਣਾ ਗੁਰੂ ਗ੍ਰੰਥ ਜੀ ਤੋਂ, ਲਵੀਂ ਆਪਣਾ ਜਨਮ ਸੁਆਰ ਬੰਦੇ।

ਬਾਣੀ ਆਖਦੀ ਗੁਰੂ ਗ੍ਰੰਥ ਜੀ ਦੀ, ਉਚਾ ਆਪਣਾ ਕਰੀਂ ਕਿਰਦਾਰ ਬੰਦੇ।
ਬਚਣਾ ਕਾਮ ਕ੍ਰੋਧ ਤੇ ਲੋਭ ਮੋਹ ਤੋਂ, ਨਾ ਹੀ ਕਰੀਂ ਤੂੰ ਕਦੇ ਹੰਕਾਰ ਬੰਦੇ।
ਨੇਕੀ ਨਿਮਰਤਾ ਪ੍ਰੇਮ ਤਿਆਗ ਸੇਵਾ, ਕਰਨਾ ਸੱਚਾ ਤੇ ਸੁੱਚਾ ਵਿਹਾਰ ਬੰਦੇ।
ਹੱਕ ਖੋਹ ਕੇ ਕਿਸੇ ਦਾ ਨਹੀਂ ਖਾਣਾ, ਕਰੀਂ ਕਿਰਤ ਤੇ ਸੱਚ ਵਾਪਾਰ ਬੰਦੇ।
ਭਾਗੋ ਵਾਂਗ ਨਾ ਲੋਕਾਂ ਦਾ ਖੂਨ ਪੀਣਾ, ਬਣੀ ਲਾਲੋ ਦੇ ਦੁੱਧ ਦੀ ਧਾਰ ਬੰਦੇ।
ਲੈ ਕੇ ਆਸਰਾ ਗੁਰੂ ਗ੍ਰੰਥ ਜੀ ਦਾ, ਲਵੀਂ ਆਪਣਾ ਜਨਮ ਸੁਆਰ ਬੰਦੇ।

ਬਚਣਾ ਦੱਸਦੀ ਏ ਮਕਰ ਫਰੇਬ ਪਾਸੋਂ, ਕਰਨਾ ਦੱਸਦੀ ਸਦਾ ਉਪਕਾਰ ਬਾਣੀ।
ਨਹੀਂਓਂ ਦੱਸਦੀ ਕੂੜ ਤੇ ਕਪਟ ਧੰਦਾ, ਦੱਸੇ ਧਰਮ ਤੇ ਕਰਮ ਕਿਰਦਾਰ ਬਾਣੀ।
ਅਮਲਾਂ ਉਤੇ ਨਿਬੇੜੇ ਦੀ ਗੱਲ ਕਰਦੀ, ਦੱਸਦੀ ਸੱਚ ਤੋਂ ਉਪਰ ਆਚਾਰ ਬਾਣੀ।
ਇੱਕੋ ਨੂਰ ਤੋਂ ਉਪਜਿਆ ਜੱਗ ਸਾਰਾ, ਕਰਨਾ ਸਭ ਦਾ ਦੱਸੇ ਸਤਿਕਾਰ ਬਾਣੀ।
ਛੱਡ ਕੇ ਫੋਕੀਆਂ ਸਸਤੀਆਂ ਚੌਧਰਾਂ ਨੂੰ, ਸਦਾ ਆਪਣਾ ਆਪ ਸੁਧਾਰ ਬੰਦੇ।
ਸੁਣ ਕੇ ਮੰਨ ਕੇ ਗੁਰੂ ਗ੍ਰੰਥ ਬਾਣੀ, ਲਵੀਂ ਆਪਣਾ ਜਨਮ ਸੁਆਰ ਬੰਦੇ।

ਜਿਨ੍ਹਾਂ ਨਾਮ ਤੇ ਬਾਣੀ 'ਤੇ ਟੇਕ ਲਾਈ, ਉਹ ਹੀ ਸੁੱਖ ਤੇ ਸ਼ਾਂਤੀ ਮਾਣਦੇ ਨੇ।
ਖਲਕਤ ਰੱਬ ਦੀ ਸਮਝ ਕੇ ਕਰਨ ਸੇਵਾ, ਰਾਣਾ ਰੰਕ ਬਰਾਬਰੀ ਜਾਣਦੇ ਨੇ।
ਮੰਗਦੇ ਭਲਾ ਸਰਬੱਤ ਦਾ ਜੱਗ ਉਤੇ, ਹਰ ਹਿਰਦੇ ਵਿਚ 'ਹਰੀ' ਪਛਾਣਦੇ ਨੇ।
ਦੀਨ ਦੁਖੀ ਤੋਂ ਜਿੰਦ ਨੇ ਵਾਰ ਦਿੰਦੇ, ਛਾਤੀ ਜਾਬਰ ਦੇ ਅੱਗੇ ਵੀ ਤਾਣਦੇ ਨੇ।
ਪੱਲੇ ਬੰਨ੍ਹ ਕੇ ਸਿਦਕ ਪ੍ਰੇਮ ਸੇਵਾ, ਧਰਮ ਕਰਮ ਤੋਂ ਜਿੰਦੜੀ ਵਾਰ ਬੰਦੇ।
ਲੜ ਲੱਗ ਕੇ ਗੁਰੂ ਗ੍ਰੰਥ ਜੀ ਦੇ, ਲਵੀਂ ਆਪਣਾ ਜਨਮ ਸੁਆਰ ਬੰਦੇ।

ਤੱਕਣੀ ਇਕ ਓਂਕਾਰ ਦੀ ਓਟ ਹਰਦਮ, ਕਿਧਰੇ ਪੂਜੀਂ ਨਾ ਮੜ੍ਹੀ-ਮਸਾਣ ਬੰਦੇ।
ਜਾਦੂ ਟੂਣੇ ਤੇ ਰਸਮਾਂ ਦੀ ਪਾਠ ਪੂਜਾ, ਇਹ ਹੈ ਨ੍ਹੇਰ ਤੇ ਨਿਰਾ ਅਗਿਆਨ ਬੰਦੇ।
ਮਿਲਦਾ ਫਲ ਨਾ ਸੇਵਾ ਤੋਂ ਬਿਨਾਂ ਕੋਈ, ਬੰਨ੍ਹੀਂ ਅਮਲਾਂ ਦਾ ਪੱਲੇ ਸਾਮਾਨ ਬੰਦੇ।
ਕਰਨੀ ਉਤੇ ਨਿਬੇੜਾ ਹੈ ਅੰਤ ਹੋਣਾ, ਇਹ ਹੀ ਕਹਿੰਦਾ ਹੈ ਗੁਰੂ ਗਿਆਨ ਬੰਦੇ।
ਸ਼ੁਭ ਕਰਮਾਂ ਤੋਂ ਪਿੱਛੇ ਨਾ ਕਦੀ ਹਟਣਾ, ਬਣ ਕੇ ਸੱਚ ਦਾ ਸ਼ਾਹਸਵਾਰ ਬੰਦੇ।
ਲੈ ਕੇ ਚਾਨਣਾ ਗੁਰੂ ਗ੍ਰੰਥ ਜੀ ਤੋਂ, ਲਵੀਂ ਆਪਣਾ ਜਨਮ ਸੁਆਰ ਬੰਦੇ।

***-ਗਿਆਨ ਸਿੰਘ ਕੋਟਲੀ ਵੈਨਕੂਵਰ***
***ਫੋਨ: 604-502-7151***

ਲੋਕ ਕਾਵਿ ਦਾ ਮਘਦਾ ਸੂਰਜ ਸੰਤ ਰਾਮ ਉਦਾਸੀ-3

# ਆਖਰੀ ਉਦਾਸ ਘੜੀਆਂ

*ਸੰਤ ਰਾਮ ਉਦਾਸੀ (20 ਅਪਰੈਲ 1939 ਤੋਂ 6 ਨਵੰਬਰ 1986) ਨੂੰ ਸਾਥੋਂ ਵਿਛੜਿਆਂ 28 ਸਾਲ ਬੀਤ ਗਏ ਹਨ, ਪਰ ਉਹ ਆਪਣੀਆਂ ਕਵਿਤਾਵਾਂ ਅਤੇ ਆਪਣੀ ਸੰਘਰਸ਼ਪੂਰਨ ਜੀਵਨ-ਕਹਾਣੀ ਨਾਲ ਸਦਾ ਸਾਡੇ ਅੰਗ-ਸੰਗ ਹੈ। ਉਹ ਪੰਜਾਬੀ ਕਾਵਿ-ਜਗਤ ਦਾ ਬੜਾ ਅਹਿਮ ਤੇ ਵਿਲੱਖਣ ਜਿਉੜਾ ਹੈ। ਉਹਦੀਆਂ ਕਵਿਤਾਵਾਂ ਵਿਚੋਂ ਲੋਹੜੇ ਦਾ ਸੇਕ ਮਹਿਸੂਸ ਹੁੰਦਾ ਹੈ ਅਤੇ ਦਰਦ ਦੀਆਂ ਨਦੀਆਂ ਵਗਦੀਆਂ ਜਾਪਦੀਆਂ ਹਨ। ਦੱਬੇ-ਕੁਚਲੇ ਲੋਕਾਂ ਲਈ ਉਹਦੀਆਂ ਕਵਿਤਾਵਾਂ ਮਘਦੇ ਸੂਰਜ ਤੋਂ ਘੱਟ ਨਹੀਂ। ਆਪਣੀ ਹਯਾਤੀ ਦੌਰਾਨ ਉਹਨੇ ਸਦਾ ਸੰਘਰਸ਼ ਵਾਲੇ ਰਾਹ ਨੂੰ ਤਰਜੀਹ ਦਿੱਤੀ। ਅੰਤਾਂ ਦਾ ਤਸ਼ੱਦਦ ਅਤੇ ਬੇਅੰਤ ਔਖਿਆਈਆਂ ਵੀ ਉਸ ਦੇ ਸਿਰੜ ਨੂੰ ਹਰਾ ਨਹੀਂ ਸਕੀਆਂ। ਪ੍ਰਿੰਸੀਪਲ ਸਰਵਣ ਸਿੰਘ ਵੱਲੋਂ ਇਸ ਜਿਉੜੇ ਬਾਰੇ ਭੇਜੇ ਲੰਮੇ ਲੇਖ ਦੀ ਤੀਜੀ ਤੇ ਆਖਰੀ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਛਾਪੀ ਜਾ ਰਹੀ ਹੈ ਜਿਸ ਵਿਚ ਉਸ ਦੇ ਆਖਰੀ ਪਲਾਂ ਨੂੰ ਯਾਦ ਕੀਤਾ ਗਿਆ ਹੈ। -ਸੰਪਾਦਕ*




28ਵੀਂ ਬਰਸੀ 'ਤੇ

(1939 ਤੋਂ 1986)

1984 ਤੋਂ ਬਾਅਦ ਮੇਰਾ ਉਦਾਸੀ ਨਾਲ ਮੇਲ ਨਹੀਂ ਹੋ ਸਕਿਆ। ਸੰਭਵ ਹੈ ਕਿਸੇ ਸਭਾ ਸਮਾਗਮ 'ਚ ਪਲ ਦੋ ਪਲ ਮਿਲੇ ਹੋਈਏ। ਉਂਜ ਉਹਦੀ ਖ਼ਬਰਸਾਰ ਮਿਲਦੀ ਰਹਿੰਦੀ ਸੀ। ਨਵੰਬਰ 1986 ਵਿਚ ਖ਼ਬਰ ਮਿਲੀ ਕਿ ਉਸ ਦਾ ਰੇਲ ਗੱਡੀ ਵਿਚ ਸਫਰ ਕਰਦਿਆਂ ਦੇਹਾਂਤ ਹੋ ਗਿਆ। ਪੜ੍ਹਨ ਸੁਣਨ ਵਾਲਿਆਂ ਨੂੰ ਪਹਿਲਾਂ ਤਾਂ ਇਸ ਖਬਰ ਦਾ ਸੱਚ ਨਾ ਆਇਆ, ਪਰ ਇਹ ਸੱਚ ਸੀ। ਉਸ ਦੀ ਮੌਤ ਤੋਂ ਪਹਿਲਾਂ ਦਾ ਵੇਰਵਾ ਉਸ ਦੀ ਧੀ ਇਕਬਾਲ ਕੌਰ ਨੇ ਤੇ ਮੌਤ ਸਮੇਂ ਦਾ ਵੇਰਵਾ ਉਸ ਦੇ ਹਮਸਫਰ ਪ੍ਰੋ. ਬਲਕਾਰ ਸਿੰਘ ਨੇ ਕਲਮਬੰਦ ਕੀਤਾ। ਕਿਰਿਆ-ਕਰਮ ਦਾ ਵੇਰਵਾ ਉਦਾਸੀ ਦੇ ਵੱਡੇ ਭਰਾ ਗੁਰਦਾਸ ਸਿੰਘ ਘਾਰੂ ਨੇ ਲਿਖਿਆ।

ਉਦਾਸੀ ਆਏ ਸਾਲ ਦਿੱਲੀ, ਕਾਨਪੁਰ, ਕਲਕੱਤੇ ਤੇ ਨੇਪਾਲ ਦੇ ਕਵੀ ਦਰਬਾਰਾਂ ਵਿਚ ਜਾਣ ਲੱਗ ਪਿਆ ਸੀ। ਅਗਲੇ ਮਾਣ ਨਾਲ ਸੱਦਦੇ ਤੇ ਮਾਣ ਸਨਮਾਨ ਕਰਦੇ। 1986 ਵਿਚ ਕਵੀ ਦਰਬਾਰ ਦਾ ਸੱਦਾ ਆਇਆ ਤਾਂ ਪਹਿਲਾਂ



ਪ੍ਰਿੰ. ਸਰਵਣ ਸਿੰਘ, ਕੈਨੇਡਾ
ਫੋਨ: 905-799-1661

ਉਹ ਦੁਚਿੱਤੀ ਵਿਚ ਪੈ ਗਿਆ ਫਿਰ ਜੱਕੋ-ਤਕੀ ਵਿਚ ਚਲਾ ਗਿਆ। ਰੇਲ ਗੱਡੀ ਵਿਚ ਵਾਪਸ ਆਉਂਦਿਆਂ ਉਹਦੀ ਪੱਗ ਦਾੜ੍ਹੀ ਕਰ ਕੇ ਫਿਰਕੂ ਜਨੂੰਨੀਆਂ ਨੇ ਉਹਨੂੰ ਭੱਦੇ ਮਜ਼ਾਕ ਕੀਤੇ ਤੇ ਉਹਦੇ ਉਤੇ ਬੀੜੀਆਂ ਸੁੱਟੀਆਂ। ਇਥੋਂ ਤਕ ਕਿ ਧੱਕਾ ਮਾਰ ਕੇ ਗੱਡੀ 'ਚੋਂ ਬਾਹਰ ਸੁੱਟ ਦਿੱਤਾ ਪਰ ਉਸ ਦਾ ਬਚਾਅ ਹੋ ਗਿਆ। ਘਰ ਪੁੱਜ ਕੇ ਉਸ ਨੇ ਸਾਰੀ ਵਾਰਦਾਤ ਪਰਿਵਾਰ ਨੂੰ ਦੱਸੀ ਤੇ ਅੱਗੇ ਤੋਂ ਕਿਤੇ ਦੂਰ ਜਾਣੋ ਤੌਬਾ ਕਰ ਲਈ। ਪਰਿਵਾਰ ਨੇ ਉਸ ਦੇ ਬਚ ਜਾਣ ਦਾ ਸ਼ੁਕਰ ਮਨਾਇਆ।

ਅਕਤੂਬਰ 1986 ਵਿਚ ਹਜ਼ੂਰ ਸਾਹਿਬ ਤੋਂ ਚਿੱਠੀ ਆ ਗਈ ਕਿ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ ਮਨਾ ਰਹੇ ਹਾਂ ਜਿਸ ਵਿਚ ਪੁੱਜਣ ਲਈ ਸਹਿਮਤੀ ਭੇਜੋ। ਗੱਡੀ ਦੇ ਸਫਰ ਤੋਂ ਡਰਿਆ ਉਹ ਸਹਿਮਤੀ ਭੇਜਣ ਲਈ ਫਿਰ ਦੁਚਿੱਤੀ ਵਿਚ ਪੈ ਗਿਆ। ਇਕ ਪਾਸੇ ਸਫਰ ਵਿਚ ਅਣਹੋਣੀ ਹੋਣ ਦਾ ਡਰ ਸੀ ਪਰ ਦੂਜੇ ਪਾਸੇ ਸਿੱਖ ਹੋਣ ਦੇ ਨਾਤੇ ਹਜ਼ੂਰ ਸਾਹਿਬ ਜਾਣ ਦੀ ਖਿੱਚ ਸੀ। ਆਖਰ ਉਸ ਨੇ ਸਹਿਮਤੀ ਭੇਜ ਦਿੱਤੀ। ਹਜ਼ੂਰ ਸਾਹਿਬ ਤੋਂ ਇਸ਼ਤਿਹਾਰ ਆ ਗਿਆ ਜਿਸ ਵਿਚ ਉਹਦਾ ਨਾਂ ਛਪਿਆ ਹੋਇਆ ਸੀ। ਉਹ ਕਹਿਣ ਲੱਗਾ, "ਲੈ ਪਤੰਦਰਾਂ ਨੇ ਇਸ਼ਤਿਹਾਰ ਵਿਚ ਨਾਂ ਵੀ ਦੇ ਦਿੱਤਾ। ਹੁਣ ਤਾਂ ਲਾਜ਼ਮੀ ਜਾਣਾ ਪਵੇਗਾ।"

ਕਵੀ ਦਰਬਾਰ 3 ਨਵੰਬਰ ਨੂੰ ਸੀ। ਇਕ ਦਿਨ ਉਸ ਨੇ ਰੱਜ ਕੇ ਸ਼ਰਾਬ ਪੀਤੀ ਤੇ ਆਪਣੀ ਪਤਨੀ ਨੂੰ ਕਿਹਾ, "ਹੁਣ ਮੈਂ ਹਜ਼ੂਰ ਸਾਹਿਬ ਜਾਣਾ ਤੇ ਉਦੋਂ ਤਕ ਸ਼ਰਾਬ ਨੀ ਪੀਣੀ। ਜੇ ਮੈਂ ਹੁਣ ਨਾ ਛੱਡੀ ਤਾਂ ਹਜ਼ੂਰ ਸਾਹਿਬ ਜਾ ਕੇ ਔਖਾ ਹੋਊਂ।" ਘਰ ਦੇ ਦਸਦੇ ਹਨ ਕਿ ਅੱਠ-ਨੌਂ ਦਿਨ ਉਹਨੇ ਸ਼ਰਾਬ ਨੂੰ ਹੱਥ ਨਾ ਲਾਇਆ। ਫਿਰ ਕਦੇ ਕਹਿ ਦਿੰਦਾ ਜਾਣਾ, ਕਦੇ ਕਹਿ ਦਿੰਦਾ ਨਹੀਂ ਜਾਣਾ। ਜਾਣ ਦੀ ਤਿਆਰੀ ਹੋ ਗਈ ਤੇ ਸਮਾਨ ਬੈਗ ਵਿਚ ਪੈਕ ਕਰ ਦਿੱਤਾ ਗਿਆ। ਉਹਦੀ ਧੀ ਦੇ ਦੱਸਣ ਮੂਜਬ ਉਹਦੇ ਤੁਰਨ 'ਚ ਅੱਧਾ ਕੁ ਘੰਟਾ ਰਹਿੰਦਾ ਸੀ ਕਿ ਅਚਾਨਕ ਕਹਿਣ ਲੱਗਾ, "ਬੇਟੇ ਸਾਰਾ ਸਮਾਨ ਬੈਗ 'ਚੋਂ ਕੱਢ ਦਿਓ, ਮੈਂ ਨੀ ਜਾਣਾ।" ਉਹਦੀ ਪਤਨੀ ਬੋਲੀ, "ਨਹੀਂ ਜਾਣਾ ਨਾ ਜਾਹ, ਖੇਡਾਂ ਨਾ ਕਰ। ਇਹ ਕੋਈ ਬੰਦਿਆਂ ਆਲੀ ਗੱਲ ਐ?" ਅਸਲੀ ਗੱਲ ਸੀ ਕਿ ਘਰ 'ਚ ਨਿੱਕੀ-ਨਿੱਕੀ ਗੱਲ ਤੋਂ ਕਲੇਸ਼ ਰਹਿਣ ਲੱਗ ਪਿਆ ਸੀ। ਉਦਾਸੀ ਮਾਨਸਿਕ ਤੌਰ 'ਤੇ ਸਤਿਆ ਪਿਆ ਸੀ। ਉਸ ਨੇ ਸਕੂਲ ਤੋਂ ਛੁੱਟੀ ਲੈਣ ਵਾਲੀ ਅਰਜ਼ੀ ਵਿਚ ਲਿਖਿਆ ਸੀ, ਜੇ ਉਹ ਵਾਪਸ ਨਾ ਆ ਸਕਿਆ ਤਾਂ ਉਸ ਦੀ ਸਰਵਿਸ ਦੇ ਸਾਰੇ ਲਾਭ ਉਸ ਦੀ ਪਤਨੀ ਨੂੰ ਦਿੱਤੇ ਜਾਣ।

ਉਹ ਅੰਦਰ ਜਾ ਕੇ ਮੰਜੇ 'ਤੇ ਪੈ ਗਿਆ ਤੇ ਕਹਿਣ ਲੱਗਾ, "ਮੈਨੂੰ ਅੱਧੇ ਘੰਟੇ ਤਕ ਜਗਾ ਦੇਣਾ।" ਜਦੋਂ ਉਹਦੀ ਧੀ ਜਗਾਉਣ ਲਈ ਅੰਦਰ ਗਈ ਤਾਂ ਉਹ ਰੋ ਰਿਹਾ ਸੀ। ਧੀ ਨੇ ਪੁੱਛਿਆ, "ਪਾਪਾ ਜੀ ਕੀ ਹੋ ਗਿਐ?" ਉਹ ਕਹਿਣ ਲੱਗਾ, "ਬੇਟੇ! ਪਹਿਲਾਂ ਮੈਂ ਮਸਾਂ ਬਚ ਕੇ ਆਇਆ ਸੀ, ਹੁਣ ਪਤਾ ਨੀ ਕੀ ਹੋਊਗਾ? ਅਸਲ ਵਿਚ ਬੇਟੇ, ਮੇਰਾ ਘਰੋਂ ਜਾਣ ਨੂੰ ਦਿਲ ਨੀ ਕਰਦਾ।" ਧੀ ਨੇ ਪਾਣੀ ਫੜਾਇਆ। ਉਸ ਨੇ ਪਾਣੀ ਦੀਆਂ ਦੋ ਕੁ ਘੁੱਟਾਂ ਪੀਤੀਆਂ ਤੇ ਘੜੀ ਵੇਖ ਕੇ ਬੋਲਿਆ, "ਇਹ ਬੱਸ ਤਾਂ ਲੰਘ ਗਈ, ਮੈਂ ਅਗਲੀ ਬੱਸ ਤੇ ਜਾਊਂ, ਜਾਹ ਪੁੱਤ ਦੇਖ ਕੇ ਆ ਜਿਹੜੀ ਮਾਹਾਂ ਦੀ ਦਾਲ ਬਣਾਈ ਸੀ, ਉਹ ਪਈ ਐ?" ਉਸ ਨੇ ਮਾਹਾਂ ਦੀ ਦਾਲ ਵਿਚ ਦੋ ਆਂਡੇ ਪੁਆ ਕੇ ਰੋਟੀ ਖਾਧੀ ਤੇ ਅਗਲੀ ਬੱਸ ਚੜ੍ਹ ਕੇ ਹਜ਼ੂਰ ਸਾਹਿਬ ਜਾਣ ਲਈ ਗੱਡੀ ਜਾ ਫੜੀ। 4 ਨਵੰਬਰ ਨੂੰ ਉਦਾਸੀ ਲਈ ਰੋਟੀ ਪਕਾ ਕੇ ਰੱਖੀ ਗਈ ਕਿ ਹੋ ਸਕਦਾ, ਰਾਤ ਦੀ ਗੱਡੀ ਆ ਜਾਵੇ। 5 ਨਵੰਬਰ ਨੂੰ ਦਿਨੇ ਵੀ ਤੇ ਰਾਤ ਨੂੰ ਵੀ ਉਹਦੀ ਉਡੀਕ ਹੁੰਦੀ ਰਹੀ, ਪਰ ਉਹ ਨਾ ਆਇਆ। 6 ਨਵੰਬਰ ਦਾ ਦਿਨ ਵੀ ਲੰਘ ਗਿਆ। 7 ਨਵੰਬਰ ਨੂੰ ਨਸੀਬ ਕੌਰ ਬੱਚਿਆਂ ਨੂੰ ਕਹਿਣ ਲੱਗੀ, "ਅੱਜ ਤਾਂ ਥੋਡੇ ਭਾਪੇ ਨੇ ਜ਼ਰੂਰ ਈ ਰਾਤ ਆਲੀ ਗੱਡੀ ਆ ਜਾਣੈ।"

ਧੀਆਂ ਨੇ ਭਿੰਡੀਆਂ ਦੀ ਸਬਜ਼ੀ ਬਣਾਈ ਜੋ ਉਨ੍ਹਾਂ ਦੇ ਭਾਪੇ ਨੂੰ ਪਸੰਦ ਸੀ। ਉਨ੍ਹਾਂ ਦੀ ਬੀਬੀ ਨੇ ਭਾਪੇ ਦੇ ਹਿੱਸੇ ਦਾ ਆਟਾ ਚੁੱਕ ਦੇਣ ਲਈ ਕਿਹਾ, "ਮੈਂ ਆਪੇ ਆਏ ਤੇ ਰੋਟੀ ਬਣਾ ਦੂੰ।"

ਪਰ ਭਾਪੇ ਦੇ ਆਉਣ ਦੀ ਥਾਂ ਤਾਰ ਆਈ ਕਿ ਸੰਤ ਰਾਮ ਉਦਾਸੀ ਮਨਵਾੜ ਰੇਲਵੇ ਸਟੇਸ਼ਨ 'ਤੇ ਰੇਲ ਗੱਡੀ ਵਿਚ ਮੁਰਦਾ ਪਾਇਆ ਗਿਆ। 8 ਨਵੰਬਰ ਨੂੰ ਰੇਲਵੇ ਪੁਲਿਸ ਦੀ ਤਾਰ ਆਈ ਕਿ ਸੰਤ ਰਾਮ ਉਦਾਸੀ ਦੀ ਮ੍ਰਿਤਕ ਦੇਹ ਲੈ ਜਾਓ। 9 ਨਵੰਬਰ ਨੂੰ ਮਨਵਾੜ ਰੇਲਵੇ ਸਟੇਸ਼ਨ ਅਤੇ ਹਜ਼ੂਰ ਸਾਹਿਬ ਤੋਂ ਵੀ ਤਾਰਾਂ ਆ ਗਈਆਂ। ਤਾਰਾਂ ਮਿਲਦਿਆਂ ਹੀ ਉਦਾਸੀ ਦਾ ਵੱਡਾ ਭਰਾ ਗੁਰਦਾਸ ਸਿੰਘ ਤੇ ਨਸੀਬ ਕੌਰ ਦਾ ਭਰਾ ਕਾਕੂ ਮਹਾਰਾਸ਼ਟਰ ਦੇ ਮਨਵਾੜ ਸਟੇਸ਼ਨ ਵੱਲ ਚੱਲ ਪਏ। ਰਾਏਸਰ ਵਿਚ ਮਾਤਮ ਛਾ ਗਿਆ। ਕੋਈ ਆਖੇ, ਉਹਦਾ ਗੱਡੀ ਚੜ੍ਹਦੇ ਦਾ ਪੈਰ ਤਿਲ੍ਹਕ ਗਿਆ ਹੋਊ, ਕੋਈ ਕਹੇ ਕਿਸੇ ਨੇ ਮਾਰ'ਤਾ ਹੋਊ ਜਾਂ ਆਤਮਘਾਤ ਕਰ ਲਿਆ ਹੋਊ! ਜਿੰਨੇ ਮੂੰਹ ਉਨੀਆਂ ਗੱਲਾਂ।

---

ਗੁਰਦਾਸ ਸਿੰਘ ਘਾਰੂ ਲਿਖਦਾ ਹੈ ਕਿ ਉਹ ਉਦਾਸੀ ਦੇ ਵੱਡੇ ਲੜਕੇ ਇਕਬਾਲ ਸਿੰਘ ਬੱਲੀ ਨੂੰ ਆਪਣੇ ਨਾਲ ਹਜ਼ੂਰ ਸਾਹਿਬ ਲਿਜਾਣਾ ਤੇ ਉਹਦੇ ਹੱਥੋਂ ਕਿਰਿਆ-ਕਰਮ ਕਰਵਾਉਣਾ ਚਾਹੁੰਦਾ ਸੀ, ਪਰ ਨਸੀਬ ਕੌਰ ਨੇ ਜ਼ਿਦ ਕਰ ਕੇ ਕਾਕੂ ਨੂੰ ਨਾਲ ਤੋਰ ਦਿੱਤਾ। ਕਾਕੂ ਅਫੀਮ ਦਾ ਅਮਲੀ ਸੀ। ਦਿੱਲੀ ਜਾ ਕੇ ਅਫੀਮ ਬਗ਼ੈਰ ਗੱਡੀ ਨਹੀਂ ਸੀ ਚੜ੍ਹਦਾ। ਕਹਿਣ ਲੱਗਾ, ਮੈਂ 24 ਘੰਟੇ ਅਫੀਮ ਬਗ਼ੈਰ ਨੀ ਬਚ ਸਕਦਾ। ਅਫੀਮ ਦਾ ਬੰਦੋਬਸਤ ਕਰਦਿਆਂ ਪੰਜਾਬ ਮੇਲ ਲੰਘ ਗਈ ਤੇ ਚਾਰ ਘੰਟਿਆਂ ਬਾਅਦ ਸ਼ਾਰਦਾ ਐਕਸਪ੍ਰੈਸ ਫੜੀ। ਉਹ 24 ਘੰਟਿਆਂ ਬਾਅਦ ਮਨਵਾੜ ਰੇਲਵੇ ਸਟੇਸ਼ਨ 'ਤੇ ਉਤਰੇ ਤੇ ਗੁਰਦੁਆਰੇ ਚਲੇ ਗਏ ਜਿਥੇ ਉਨ੍ਹਾਂ ਦੀ ਉਡੀਕ ਹੋ ਰਹੀ ਸੀ। ਥੋੜ੍ਹੀ ਦੇਰ ਬਾਅਦ ਭਾਈ ਮੋਹਨ ਸਿੰਘ ਆ ਗਏ ਜਿਨ੍ਹਾਂ ਨੇ ਮਨਵਾੜ ਦੇ ਰਾਮ ਬਾਗ ਸ਼ਮਸ਼ਾਨਘਾਟ ਵਿਚ ਉਦਾਸੀ ਦੀ ਚਿਖਾ ਨੂੰ ਅਗਨੀ ਦਿਖਾਈ ਸੀ ਤੇ ਪੂਰੀ ਗੁਰ ਮਰਿਆਦਾ ਨਾਲ ਉਦਾਸੀ ਦਾ ਸੰਸਕਾਰ ਕੀਤਾ ਸੀ।

ਭਾਈ ਮੋਹਨ ਸਿੰਘ ਨੇ ਗੁਰਦਾਸ ਸਿੰਘ ਨੂੰ ਦੱਸਿਆ, "ਭਾਈ ਘਾਰੂ ਸਾਹਿਬ, ਸਾਨੂੰ ਰੇਲਵੇ ਵਾਲਿਆਂ ਤੋਂ ਉਦਾਸੀ ਦੀ ਡੈਡ ਬਾਡੀ 55 ਘੰਟਿਆਂ ਬਾਅਦ ਮਿਲੀ ਸੀ। ਪੋਸਟ-ਮਾਰਟਮ ਨਾਲ ਬਾਡੀ ਬਿਲਕੁਲ ਖਰਾਬ ਹੋ ਗਈ ਸੀ। ਉਹ ਕਿਸੇ ਵੀ ਹਾਲਤ ਵਿਚ ਪੰਜਾਬ ਪਹੁੰਚ ਨਹੀਂ ਸੀ ਸਕਦੀ, ਇਸੇ ਕਰ ਕੇ ਸਾਧ-ਸੰਗਤ ਨੇ ਇਥੇ ਹੀ ਸਸਕਾਰ ਕਰਨ ਦਾ ਪ੍ਰਸਤਾਵ ਪਾਸ ਕਰ ਦਿੱਤਾ ਸੀ। ਭਾਈ ਸਾਹਿਬ, ਤੁਸੀਂ ਕਿਰਿਆ-ਕਰਮ ਵੱਲੋਂ ਕੋਈ ਫਿਕਰ ਨਾ ਕਰੋ, ਉਦਾਸੀ ਦਾ ਕਿਰਿਆ-ਕਰਮ ਰਾਜੇ-ਮਹਾਰਾਜੇ ਤੋਂ ਵੀ ਵੱਧ ਸ਼ਾਨ ਨਾਲ ਹੋਇਆ ਹੈ। ਅਸੀਂ ਆਪ ਜੀ ਦੀ ਉਡੀਕ ਵਿਚ ਅੰਗੀਠਾ ਨਹੀਂ ਫੋਲਿਆ। ਅੱਜ ਆਪਾਂ ਸਾਰੇ ਫੁੱਲ ਚੁਗਣ ਜਾਵਾਂਗੇ। ਪ੍ਰੋਫੈਸਰ ਜੋਗਿੰਦਰ ਸਿੰਘ ਸਾਹਿਬ ਨੂੰ ਆ ਲੈਣ ਦੇਵੋ।"

ਪ੍ਰੋ. ਜੋਗਿੰਦਰ ਸਿੰਘ ਆਏ ਤਾਂ ਘਾਰੂ ਤੇ ਕਾਕੂ ਨਾਲ ਕਾਫੀ ਸਾਰੇ ਸੱਜਣ ਰਾਮ ਬਾਗ ਸ਼ਮਸ਼ਾਨਘਾਟ ਗਏ ਤੇ ਉਦਾਸੀ ਦੇ ਫੁੱਲ ਚੁਗੇ। ਫੁੱਲ ਲੈ ਕੇ ਉਹ ਹਜ਼ੂਰ ਸਾਹਿਬ ਚਲੇ ਗਏ। ਉਥੇ ਗੁਰੂ ਸਰਾਂ ਵਿਚ ਠਹਿਰੇ। ਬਹੁਤ ਸਾਰੇ ਸੱਜਣ ਅਫਸੋਸ ਕਰਨ ਆਏ। ਗੁਰਦਾਸ ਸਿੰਘ ਨੇ ਸੰਗਤ ਨਾਲ ਜਾ ਕੇ ਉਦਾਸੀ ਦੇ ਫੁੱਲ ਗੋਦਾਵਰੀ ਨਦੀ ਦੇ ਨਗੀਨਾ ਘਾਟ ਵਿਖੇ ਤਾਰ ਦਿੱਤੇ ਤੇ ਸੱਚਖੰਡ ਸਾਹਿਬ ਵਿਚ ਸਹਿਜ ਪਾਠ ਅਰੰਭ ਕਰਵਾ ਦਿੱਤਾ।

ਪਾਠ ਅਰੰਭ ਕਰਨ ਸਮੇਂ ਜੋ ਹੁਕਮਨਾਮਾ ਮਿਲਿਆ, ਉਹ ਲੈ ਕੇ ਮਨਵਾੜ ਨੂੰ ਚੱਲ ਪਏ। ਮਨਵਾੜ ਸਟੇਸ਼ਨ 'ਤੇ ਮਰਹੂਮ ਸੰਤ ਰਾਮ ਉਦਾਸੀ ਦੀ ਜਾਮਾ ਤਲਾਸ਼ੀ ਵੇਲੇ ਜੋ ਸਮਾਨ ਰੇਲਵੇ ਪੁਲਿਸ ਨੇ ਪ੍ਰਾਪਤ ਕੀਤਾ ਸੀ, ਉਹ ਵਾਪਸ ਲੈਣਾ ਸੀ। ਮੈਜਿਸਟਰੇਟ ਦੀ ਹਾਜ਼ਰੀ ਜੋ ਸਮਾਨ ਗੁਰਦਾਸ ਸਿੰਘ ਨੂੰ ਦਿੱਤਾ ਗਿਆ, ਉਸ ਵਿਚ 1300 ਰੁਪਏ, ਘੜੀ, ਦਸਤਾਰ, ਜੁਰਾਬਾਂ ਦਾ ਜੋੜਾ, ਰੁਮਾਲ, ਕਾਲੀ ਐਨਕ, ਬੁਸ਼ਰਟ, ਪੀਲਾ ਪਰਨਾ, ਦੋ ਪਜਾਮੇ, ਕੱਪੜੇ ਦਾ ਬੈਗ, ਰੋਟੀ ਵਾਲਾ ਡੱਬਾ ਤੇ ਹਵਾਈ ਚੱਪਲ ਸੀ। ਗੁਰਦਾਸ ਸਿੰਘ ਨੇ ਇਹ ਸਮਾਨ ਆਪਣੀ ਮਾਤਾ ਦੀ ਹਾਜ਼ਰੀ ਵਿਚ ਨਸੀਬ ਕੌਰ ਦੀ ਝੋਲੀ ਜਾ ਪਾਇਆ। ਐਨਕ ਤੇ ਰੁਮਾਲ ਭਰਾ ਦੀ ਨਿਸ਼ਾਨੀ ਵਜੋਂ ਉਸ ਨੇ ਆਪਣੇ ਪਾਸ ਰੱਖ ਲਏ।



*ਇਕ ਸਮਾਗਮ ਦੌਰਾਨ ਕਵਿਤਾ ਦੀ ਆਵਾਜ਼ ਬੁਲੰਦ ਕਰ ਰਹੇ ਸੰਤ ਰਾਮ ਉਦਾਸੀ (ਐਨ ਖੱਬੇ), ਕੇਵਲ ਕੌਰ ਅਤੇ ਪਾਸ਼।*

ਦੋ ਬੰਦੇ ਹਨ ਜਿਨ੍ਹਾਂ ਉਦਾਸੀ ਦੀ ਮ੍ਰਿਤੂ ਤੋਂ ਪਹਿਲਾਂ ਉਸ ਦੇ ਅੰਤਲੇ ਪਲ ਵੇਖੇ ਸਨ। ਇਕ ਹੈ ਡਰੋਲੀ ਭਾਈ ਦਾ ਗੁਰਚਰਨ ਸਿੰਘ ਸੰਘਾ ਜੋ ਸਾਡੇ ਕੋਲ ਢੁੱਡੀਕੇ ਕਾਲਜ ਵਿਚ ਪੜ੍ਹਦਾ ਸੀ। ਉਦੋਂ ਉਹ ਅਲੂੰਆਂ ਜਿਹਾ ਮੁੰਡਾ ਸੀ। ਉਥੇ ਪੜ੍ਹਦਿਆਂ ਹੀ ਉਹ ਨਕਸਲਬਾੜੀ ਲਹਿਰ ਦਾ ਹਮਦਰਦ ਬਣ ਗਿਆ ਤੇ ਕੁਝ ਸਾਲਾਂ ਬਾਅਦ ਸ੍ਰੀ ਹਜ਼ੂਰ ਸਾਹਿਬ ਗੁਰਦੁਆਰੇ ਦੀ ਸ਼ਰਨ ਲੈ ਕੇ 'ਸੱਚਖੰਡ' ਮਾਸਕ ਪੱਤਰ ਦਾ ਐਡੀਟਰ ਲੱਗ ਗਿਆ। ਉਹ ਢੁੱਡੀਕੇ ਤੋਂ ਹੀ ਉਦਾਸੀ ਦੇ ਸੰਪਰਕ ਵਿਚ ਸੀ। ਉਸੇ ਨੇ ਹਜ਼ੂਰ ਸਾਹਿਬ ਦੇ ਕਵੀ ਦਰਬਾਰ ਵਿਚ ਉਦਾਸੀ ਨੂੰ ਸੱਦਿਆ ਸੀ। ਉਸ ਨੇ ਹੋਰ ਵੀ ਕਈ ਕਵੀ ਤੇ ਵਿਦਵਾਨ ਸੱਦੇ ਸਨ ਜਿਨ੍ਹਾਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲੇ ਤੋਂ ਪ੍ਰੋ. ਬਲਕਾਰ ਸਿੰਘ ਵੀ ਸੀ। ਗੁਰਦਾਸ ਸਿੰਘ ਉਦਾਸੀ ਦੇ ਕਿਰਿਆ-ਕਰਮ ਤੋਂ ਵਿਹਲਾ ਹੋਇਆ ਤਾਂ ਸੰਘੇ ਨੇ ਉਸ ਨੂੰ 'ਸੱਚਖੰਡ' ਪੱਤਰ ਦੇ ਦਫਤਰ ਸੱਦਵਾ ਲਿਆ।

ਗੁਰਚਰਨ ਸਿੰਘ ਸੰਘੇ ਨੇ ਅਫਸੋਸ ਕਰਦਿਆਂ ਦੱਸਿਆ, "ਭਾਈ ਘਾਰੂ ਜੀ, ਉਦਾਸੀ ਮੇਰੇ ਗਲ ਲੱਗ ਕੇ ਰੋਇਆ।...ਫੇਰ ਰੱਜ ਕੇ ਗੱਲਾਂ ਕਰਨੀਆਂ ਹਨ। ਮੈਂ ਘਰ ਦੀ ਜ਼ਿੰਦਗੀ ਤੋਂ ਤੰਗ ਆ ਗਿਆ ਹਾਂ। ਮੈਂ ਆਖਿਆ, ਉਦਾਸੀ ਹੁਣ ਢਾਈ ਵੱਜ ਗਏ ਹਨ। ਹੁਣ ਆਪਾਂ ਨੂੰ ਆਰਾਮ ਕਰਨਾ ਚਾਹੀਦਾ ਹੈ। ਆਪਾਂ ਸਵੇਰੇ ਗੱਲਾਂ-ਬਾਤਾਂ ਕਰਾਂਗੇ। ਉਦਾਸੀ ਨੇ ਫੇਰ ਆਖਿਆ, ਨਹੀਂ ਬਾਈ ਜੀ ਨਹੀਂ, ਆਪਾਂ ਕਾਫੀ ਚਿਰਾਂ ਤੋਂ ਵਿਛੜੇ ਹੋਏ ਹਾਂ। ਅੱਜ ਵਰਗਾ ਮੌਕਾ ਫੇਰ ਨਹੀਂ ਮਿਲੇਗਾ।...ਮੈਂ ਘਰ ਤੋਂ ਸੰਨਿਆਸ ਲੈਣਾ ਚਾਹੁੰਦਾ ਹਾਂ।...ਮੈਂ ਆਖਿਆ, ਤੂੰ ਕੁੜੀਆਂ-ਮੁੰਡੇ ਵਿਆਹ ਲੈ; ਫੇਰ ਜੋ ਕਹੇਂਗਾ, ਕਰਾਂਗਾ। ਤੂੰ ਕੋਈ ਫਿਕਰ ਨਾ ਕਰ। ਤੇਰੀ ਰਿਟਾਇਰਮੈਂਟ ਦੇ ਕਾਫੀ ਸਾਲ ਰਹਿੰਦੇ ਹਨ। ਤੂੰ ਫਿਕਰ ਕਿਉਂ ਕਰਦਾ ਹੈਂ? ਅਸੀਂ ਜਿਉਂਦੇ ਹਾਂ...।"

ਉਦਾਸੀ ਦੀ ਵਿਗੜੀ ਦਸ਼ਾ ਦੇਖ ਕੇ ਸੰਘੇ ਨੇ ਉਸ ਨੂੰ ਆਪਣੇ ਕੋਲ ਰੱਖਣ ਦਾ ਬਹੁਤ ਯਤਨ ਕੀਤਾ, ਪਰ ਉਸ ਨੇ ਉਸ ਕੋਲ ਰਹਿਣ ਤੋਂ ਉਕਾ ਹੀ ਨਾਂਹ ਕਰ ਦਿੱਤੀ। ਸੰਘੇ ਨੇ ਇਹ ਵੀ ਬੇਨਤੀ ਕੀਤੀ ਕਿ ਉਸ ਦੀ ਛੁੱਟੀ ਵਾਸਤੇ ਅਰਜ਼ੀ ਲਿਖ ਕੇ ਪ੍ਰੋ. ਬਲਕਾਰ ਸਿੰਘ ਨੂੰ ਦੇ ਦਿੰਦੇ ਹਾਂ ਜੋ ਸਵੇਰ ਦੀ ਗੱਡੀ ਜਾ ਰਿਹੈ, ਪਰ ਉਦਾਸੀ ਅੜ ਗਿਆ ਕਿ ਉਹ ਬਲਕਾਰ ਸਿੰਘ ਨਾਲ ਹੀ ਪਿੰਡ ਨੂੰ ਚਲਾ ਜਾਵੇਗਾ ਤੇ ਲੜਖੜਾਉਂਦਾ ਆਪਣੇ ਟਿਕਾਣੇ 'ਤੇ ਜਾ ਸੁੱਤਾ।

ਗੁਰਚਰਨ ਸਿੰਘ ਸੰਘਾ ਲਿਖਦਾ ਹੈ, 5 ਨਵੰਬਰ ਦੀ ਰਾਤ ਨੂੰ ਕਵੀ ਦਰਬਾਰ ਹੋਇਆ ਸੀ। 17 ਕਵੀਆਂ ਵਿਚੋਂ ਉਦਾਸੀ ਬਾਜ਼ੀ ਲੈ ਗਿਆ ਸੀ। ਉਸ ਨੂੰ ਸੁਣਨ ਲਈ ਦਰਸ਼ਕ ਦੋ ਵਜੇ ਤਕ ਬੈਠੇ ਰਹੇ ਸਨ। ਉਦਾਸੀ ਦੀ ਦਰਦ ਭਰੀ ਲੰਮੀ ਹੇਕ ਨੇ ਸਰੋਤਿਆਂ 'ਤੇ ਜਾਦੂ ਕਰ ਦਿੱਤਾ ਸੀ। ਉਸ ਨੇ ਆਖਰੀ ਗੀਤ ਗਾਇਆ, ਜਦ ਠੰਢੇ ਬੁਰਜ ਵਿਚ ਬੈਠੀ ਮਾਤਾ ਗੁਜਰੀ ਆਪਣੇ ਛੋਟੇ ਪੋਤਰਿਆਂ ਨੂੰ ਗੋਦੀ ਵਿਚ ਲੈ ਕੇ ਨਿੱਘ ਦੇ ਰਹੀ ਹੁੰਦੀ ਹੈ, ਤਾਂ ਉਹ ਆਪਣੇ ਪੁੱਤਰ ਗੁਰੂ ਗੋਬਿੰਦ ਸਿੰਘ ਨੂੰ ਆਖਦੀ ਹੈ,

ਕਰੀਂ ਨਾ ਦਰੇਗ ਪੁੱਤ ਵੇ,
ਤੇਰੇ ਬਾਲਾਂ ਨੂੰ ਬੁਢਾਪੇ 'ਚ ਲੁਕਾਵਾਂ
ਹੱਡੀਆਂ ਦੀ ਮੁੱਠ ਬਾਲ ਕੇ,
ਤੇਰੀ ਆਂਦਰਾਂ ਦੀ ਅੱਗ ਨੂੰ ਸੇਕਾਵਾਂ।

ਲੋਕਾਂ ਨੇ ਉਦਾਸੀ ਨੂੰ ਹੱਥਾਂ 'ਤੇ ਚੁੱਕ ਲਿਆ। ਉਸ ਵਕਤ ਯਾਦ ਚੇਤੇ ਵੀ ਨਹੀਂ ਸੀ ਕਿ ਇਹ ਆਵਾਜ਼ ਅੱਜ ਆਖਰੀ ਹੋਕਰਾ ਦੇ ਕੇ ਕੁਝ ਘੰਟਿਆਂ ਨੂੰ ਸਦਾ ਸਦਾ ਲਈ ਸ਼ਾਂਤ ਹੋ ਜਾਵੇਗੀ। ਇਸ ਕਵੀ ਦਰਬਾਰ ਤੋਂ ਬਾਅਦ ਮੈਂ ਤੇ ਉਦਾਸੀ 2:45 ਤਕ ਇਕੱਠੇ ਰਹੇ। ਅਸੀਂ ਇਸ ਸਮੇਂ ਵਿਚ ਬਹੁਤ ਗੱਲਾਂ ਕੀਤੀਆਂ...। ਉਦਾਸੀ ਨੇ ਤੇ ਡਾ. ਬਲਕਾਰ ਸਿੰਘ ਨੇ ਸਵੇਰੇ ਪਹਿਲੀ ਗੱਡੀ 'ਤੇ ਪੰਜਾਬ ਨੂੰ ਜਾਣ ਦਾ ਪ੍ਰੋਗਰਾਮ ਬਣਾਇਆ ਸੀ।

ਡਾ. ਬਲਕਾਰ ਸਿੰਘ ਲਿਖਦਾ ਹੈ, "ਦੋ ਸੀਟਾਂ ਦੀ ਰਿਜ਼ਰਵੇਸ਼ਨ ਦਾ ਪ੍ਰਬੰਧ ਕਿਵੇਂ ਨਾ ਕਿਵੇਂ ਤਖਤ ਸਾਹਿਬ ਵੱਲੋਂ ਸ. ਗੁਰਚਰਨ ਸਿੰਘ ਸੰਘਾ ਨੇ ਕਰ

(ਬਾਕੀ ਅਗਲੇ ਸਫੇ 'ਤੇ)

ਅਕਤੂਬਰ 1986 ਵਿਚ ਹਜ਼ੂਰ ਸਾਹਿਬ ਤੋਂ ਚਿੱਠੀ ਆ ਗਈ ਕਿ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ ਮਨਾ ਰਹੇ ਹਾਂ ਜਿਸ ਵਿਚ ਪੁੱਜਣ ਲਈ ਸਹਿਮਤੀ ਭੇਜੋ। ਗੱਡੀ ਦੇ ਸਫਰ ਤੋਂ ਡਰਿਆ ਉਹ ਸਹਿਮਤੀ ਭੇਜਣ ਲਈ ਫਿਰ ਦੁਚਿੱਤੀ ਵਿਚ ਪੈ ਗਿਆ। ਇਕ ਪਾਸੇ ਸਫਰ ਵਿਚ ਅਣਹੋਣੀ ਹੋਣ ਦਾ ਡਰ ਸੀ ਪਰ ਦੂਜੇ ਪਾਸੇ ਸਿੱਖ ਹੋਣ ਦੇ ਨਾਤੇ ਹਜ਼ੂਰ ਸਾਹਿਬ ਜਾਣ ਦੀ ਖਿੱਚ ਸੀ। ਆਖ਼ਰ ਉਸ ਨੇ ਸਹਿਮਤੀ ਭੇਜ ਦਿੱਤੀ। ਹਜ਼ੂਰ ਸਾਹਿਬ ਤੋਂ ਇਸ਼ਤਿਹਾਰ ਆ ਗਿਆ ਜਿਸ ਵਿਚ ਉਹਦਾ ਨਾਂ ਛਪਿਆ ਹੋਇਆ ਸੀ। ਉਹ ਕਹਿਣ ਲੱਗਾ, "ਲੈ ਪਤੰਦਰਾਂ ਨੇ ਇਸ਼ਤਿਹਾਰ ਵਿਚ ਨਾਂ ਵੀ ਦੇ ਦਿੱਤਾ। ਹੁਣ ਤਾਂ ਲਾਜ਼ਮੀ ਜਾਣਾ ਪਵੇਗਾ।"

# ਨਿਉਂਦਾ ਖਾਈਏ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਦੁਆਬੀ ਵਿਚ ਪਿਉ ਨੂੰ ਪੇਅ, ਘਿਉ ਨੂੰ ਘੇਅ, ਸਿਉ ਨੂੰ ਸੇਅ ਕਿਹਾ ਜਾਂਦਾ ਹੈ। ਲਿਹਾਜਨ ਨਿਉਂਦਾ ਨੂੰ ਨੇਂਦਾ ਬੋਲਿਆ ਜਾਂਦਾ ਹੈ। ਛੋਟੇ ਹੁੰਦੇ ਨੇਂਦਾ ਖਾਣ ਦਾ ਬਹੁਤ ਚਾਅ ਹੁੰਦਾ ਸੀ। ਜੇ ਕਿਸੇ ਘਰੋਂ ਇਸ ਦਾ ਸੱਦਾ ਆਉਣਾ ਤਾਂ ਮਾਂ ਨੇ ਕਹਿਣਾ ਕਿ ਨੇਂਦੇ ਤੇ ਜ਼ਰੂਰ ਜਾਣਾ ਚਾਹੀਦਾ ਹੈ, ਜੇ ਤੁਸੀਂ ਜਾਓਗੇ ਤਾਂ ਲੋਕ ਤੁਹਾਡੇ ਆਉਣਗੇ। ਪਰ ਮਹਾਤੜ ਨੂੰ ਤਾਂ ਖਾਣ ਨਾਲ ਵਾਸਤਾ ਸੀ। ਨੇਂਦੇ ਵਿਚ ਇਕ ਤੋਂ ਵਧ ਖਾਣ ਵਾਲੇ ਚੋਸੇ ਹੁੰਦੇ ਸਨ- ਸਬਜ਼ੀ, ਮਾਂਹ ਦੀ ਦਾਲ, ਪਕੌੜੀਆਂ ਵਾਲਾ ਖੱਟਾ/ਮਠਾ, ਫੁਲਕੇ ਅਤੇ ਅਖੀਰ ਵਿਚ ਕੜਾਹ ਪ੍ਰਸ਼ਾਦ ਹੁੰਦਾ ਸੀ। ਸਬਜ਼ੀ ਵਜੋਂ ਅਕਸਰ ਹੀ ਮੋਟੇ ਛਿੱਲੜਾਂ, ਤੰਦੂਏ ਵਰਗੇ ਰੇਸ਼ਿਆਂ ਅਤੇ ਵੱਡੇ ਵੱਡੇ ਬੀਆਂ ਨਾਲ ਭਰਿਆ ਲੇਸਦਾਰ ਜਿਹਾ ਕੱਦੂ ਪਰੋਸਿਆ ਹੁੰਦਾ ਸੀ ਜਿਸ ਨੂੰ ਥਾਲੀ ਵਿਚ ਰਿੜਦੇ ਨੂੰ ਬੁਰਕੀਆਂ ਲਾ ਲਾ ਕੇ ਸਮੇਟਿਆ ਜਾਂਦਾ ਸੀ। ਅੱਜ ਕਲ੍ਹ ਦੇ ਬਹੁਤੇ ਜਵਾਕ ਅਜਿਹੇ ਨੇਂਦੇ ਤੋਂ ਨੱਕ ਬੁੱਲ੍ਹ ਅਟੇਰਦੇ ਹਨ ਪਰ ਆਪਾਂ ਤਾਂ ਨੇਂਦਾ ਖਾ ਕੇ ਬੁਲ੍ਹਾਂ ਤੇ ਜੀਭ ਫੇਰਦੇ ਆਈਦਾ ਸੀ।

ਨਿਉਂਦਾ ਸ਼ਬਦ ਤੋਂ ਆਮ ਤੌਰ 'ਤੇ ਵਿਆਹ ਸ਼ਾਦੀ ਜਾਂ ਕਿਸੇ ਰਸਮ ਵਿਚ ਬੁਲਾਵੇ ਵਾਲੇ ਭੋਜ ਤੋਂ ਹੀ ਭਾਵ ਲਿਆ ਜਾਂਦਾ ਹੈ। ਨਿਉਂਦੇ ਵਿਚ ਸੱਦੇ, ਬੁਲਾਵੇ ਜਾਂ ਨਿਮੰਤ੍ਰਣ ਦਾ ਭਾਵ ਹੈ ਪਰ ਮੁਢਲੇ ਤੌਰ 'ਤੇ ਹਰ ਤਰ੍ਹਾਂ ਦਾ ਸੱਦਾ ਨਿਉਂਦਾ ਨਹੀਂ ਹੈ ਭਾਵੇਂ ਕਿ ਅੱਜ ਕਲ੍ਹ ਇਸ ਦੀ ਲਾਖਣਿਕ ਵਰਤੋਂ ਵੀ ਆਮ ਹੈ ਜਿਵੇਂ 'ਗਵਰਨਰ ਵਲੋਂ ਫਲਾਣੀ ਪਾਰਟੀ ਨੂੰ ਸਰਕਾਰ ਬਣਾਉਣ ਦਾ ਨਿਉਂਦਾ।' ਨਿਉਂਦਾ ਆਮ ਤੌਰ 'ਤੇ ਰਸਮ ਤੋਂ ਪਹਿਲਾਂ ਸ਼ਰੀਕੇ ਭਾਈਚਾਰੇ ਜਾਂ ਹੋਰ ਜਾਣ-ਪਛਾਣ ਦੇ ਬੰਦਿਆਂ ਲਈ ਹੁੰਦਾ ਹੈ। ਸਬੰਧਾਂ ਦੀ ਨੇੜਤਾ ਅਨੁਸਾਰ ਨਿਉਂਦੇ 'ਤੇ ਬੁਲਾਏ ਘਰ ਦੇ ਜੀਅ ਘੱਟ ਵਧ ਹੋ ਸਕਦੇ ਹਨ। ਚੁਲ੍ਹੇ-ਨਿਉਂਦ ਉਹ ਹੁੰਦੀ ਹੈ ਜਿਸ ਵਿਚ ਘਰ ਦੇ ਸਾਰੇ ਜੀਅ ਸੱਦੇ ਗਏ ਹੋਣ ਮਤਲਬ ਕਿ ਚੁਲ੍ਹੇ ਨੂੰ ਹੀ ਆਰਾਮ ਹੈ, ਠੰਡਾ ਚੁੱਲ੍ਹਾ ਵਿਚਾਰਾ ਭਾਵੇਂ ਬਾਲਣ ਖੁਣੋਂ ਭੁਖਾ ਹੀ ਰਹਿ ਜਾਵੇ। ਹਰਿਆਣਵੀ ਵਿਚ ਚੁਲ੍ਹੇ-ਨਿਉਂਦ ਚੁੱਲ-ਨੌਤ ਹੈ, ਭੋਜਪੁਰੀ ਵਿਚ ਸਬਹਰ ਨੇਵਤਾ ਅਤੇ ਰਾਜਸਥਾਨੀ ਵਿਚ ਜੂੰਤੋਂ। ਸ਼ਾਦੀ ਆਦਿ ਸਮੇਂ ਬੁਲਾਏ ਹੋਏ ਸਬੰਧੀ ਅਤੇ ਮਿੱਤਰਾਂ ਵਲੋਂ ਦਿੱਤੀ ਰਕਮ ਨੂੰ ਵੀ ਨਿਉਂਦਾ ਕਿਹਾ ਜਾਂਦਾ ਹੈ। ਪੰਜਾਬੀ ਯੂਨੀਵਰਸਿਟੀ ਦੇ ਬਾਲ ਵਿਸ਼ਵਕੋਸ਼ ਨੇ ਨਿਉਂਦੇ ਦੀ ਭਰਵੀਂ ਵਿਆਖਿਆ ਕੀਤੀ ਹੈ। ਪਰ ਇਸ ਗਿਆਨ ਭੰਡਾਰੇ ਦੀ ਇਕ ਗੱਲ ਅੱਖਰਦੀ ਹੈ। ਇਸ 'ਬਾਲ ਵਿਸ਼ਵਕੋਸ਼' ਨੂੰ ਜਦ ਮੈਂ ਪਹਿਲੀ ਵਾਰ ਖੋਲ੍ਹ ਕੇ ਦੇਖਿਆ ਤਾਂ ਪਹਿਲੇ ਪੰਨਿਆਂ ਵਿਚ ਹੀ "ਸੰਰਚਨਾਵਾਦ" ਦਾ ਇੰਦਰਾਜ ਨਜ਼ਰ ਆਇਆ। ਮੈਂ ਸੋਚਿਆ ਸਾਡੇ ਨਿਆਣੇ ਬੜੇ ਪ੍ਰੌੜ੍ਹ ਹੋ ਗਏ ਹੋਣਗੇ ਜੋ ਯੂਨੀਵਰਸਿਟੀ ਵਾਲਿਆਂ ਇਸ ਦਾ ਗਿਆਨ ਬਾਲਾਂ ਨੂੰ ਮੁਹੱਈਆ ਕਰਾਉਣ ਦੀ ਸੋਚੀ, ਆਪਣੇ ਭੇਜੇ ਵਿਚ ਤਾਂ ਇਸ ਵਾਦ ਨੇ ਜੂੰ ਨਹੀਂ ਸਰਕਾਈ।

ਖੈਰ! ਵਿਆਹ ਸ਼ਾਦੀ ਮੌਕੇ ਵਿਸ਼ੇਸ਼ ਤੌਰ 'ਤੇ ਸੱਦੇ ਸਾਕ-ਸਬੰਧੀ ਜਾਂ ਬਰਾਦਰੀ ਦੇ ਲੋਕ ਆਪਣੇ ਵਿਤ ਅਤੇ ਸਾਕਦਾਰੀ ਅਨੁਸਾਰ ਓਨੀ ਰਾਸ਼ੀ ਸ਼ਗਨ ਦੇ ਰੂਪ ਵਿਚ ਵਿਆਹ ਵਾਲੇ ਪਰਿਵਾਰ ਨੂੰ ਦਿੰਦੇ ਹਨ ਜਿੰਨੀ ਉਨ੍ਹਾਂ ਆਪ ਲਈ ਹੁੰਦੀ ਹੈ ਜਾਂ ਭਵਿੱਖ ਵਿਚ ਵਸੂਲ ਕਰਨ ਦੀ ਸੰਭਾਵਨਾ ਦੇਖਦੇ ਹਨ। ਆਮ ਤੌਰ 'ਤੇ ਖੁਦ ਵਸੂਲੀ ਰਾਸ਼ੀ ਤੋਂ ਵੱਧ ਕੇ ਸ਼ਗਨ ਦਿੱਤਾ ਜਾਂਦਾ ਹੈ, ਜਾਣੋਂ ਮਹਿੰਗਾਈ ਅਤੇ ਵਿਆਜ ਨੂੰ ਐਡਜਸਟ ਕਰ ਲਿਆ ਜਾਂਦਾ ਹੈ। ਬਰਾਬਰ ਦੇ ਪੈਸੇ ਮੋੜਨਾ ਅੱਗੋਂ ਤੋਂ ਲੈਣ-ਦੇਣ ਦਾ ਸਿਲਸਿਲਾ ਤੋੜਨ ਦਾ ਸੰਕੇਤ ਹੈ। ਲਏ ਗਏ ਸ਼ਗਨ ਦੀ ਮਾਤਰਾ ਆਮ ਤੌਰ 'ਤੇ ਇਕ ਵਹੀ ਵਿਚ ਹਲਦੀ ਦੀਆਂ ਲੀਕਾਂ ਖਿਚ ਕੇ ਲਿਖ ਲਈ ਜਾਂਦੀ ਹੈ ਤਾਂ ਕਿ ਦੇਣ ਸਮੇਂ ਦੇਣਦਾਰੀ ਦਾ ਲੇਖਾ ਹੋ ਸਕੇ। ਪਾਂਧਾ ਉਚਰਨ ਲਗਦਾ ਹੈ, 'ਪਹਿਲਾਂ ਲਿਖਾਓ ਭਾਈ ਨਾਨਕਿਆਂ ਦਾ ਕੀ ਲਿਖਾਉਣਾ ਹੈ? ਇੱਕੀ, ਇਕੱਤੀ, ਇਕਵੰਜਾ, ਕੋਤਰ ਸੌ...' ਜੇ ਨਾ ਲਿਖਵਾਉਣਾ ਹੋਵੇ ਤਾਂ ਲੱਪ ਪਾਣੀ ਪਾ ਕੇ ਛੱਡ ਦਿੰਦੇ ਹਨ, 'ਨਾਨਕਿਆਂ ਨੇ ਤਾਂ ਭਾਈ ਚੂਲੀ ਛੱਡ ਦਿੱਤੀ ਹੈ।' ਫਿਰ ਮਾਸੀਆਂ, ਭੂਆ ਆਦਿ ਦਰਜਾ-ਬਦਰਜਾ ਭੁਗਤੀ ਜਾਂਦੀਆਂ ਹਨ। ਨਿਉਂਦੇ ਵਿਚ ਟੂੰਮਾਂ, ਕਪੜਾ-ਲਿੱਤਾ, ਭਾਂਡਾ-ਟੀਂਡਾ ਆਦਿ ਵੀ ਸ਼ੁਮਾਰ ਹੁੰਦਾ ਹੈ। ਇਥੇ ਹੀ ਪਤਾ ਲਗਦਾ ਹੈ ਕਿ ਕਿਸ ਨੇ ਹੁੱਬ ਕੇ ਵਰਤਣਾ ਹੈ ਤੇ ਕਿਸ ਨੇ ਖੰਬ ਸੰਕੋਚ ਲਏ ਹਨ। ਦਿਲਚਸਪ ਗੱਲ ਇਹ ਹੈ ਕਿ ਇਸ ਰਸਮ ਸਮੇਂ ਇਹ ਵੀ ਪਰਖਿਆ ਜਾਂਦਾ ਹੈ ਕਿ ਦਿੱਤੇ ਹੋਏ ਰੁਪੱਈਏ ਅਤੇ ਟੂੰਮਾਂ ਖਰੇ-ਖੋਟੇ ਵੀ ਹੈਣ! ਕਿਸੇ ਬੇਔਲਾਦ ਤੋਂ ਨਿਉਂਦਾ ਲੈਣ ਤੋਂ ਇਸ ਲਈ ਸੰਕੋਚ ਕੀਤਾ ਜਾਂਦਾ ਹੈ ਕਿਉਂਕਿ ਉਸ ਨੂੰ ਕਿਹੜਾ ਪਰਤਾਉਣਾ ਹੁੰਦਾ ਹੈ। ਹਾਂ, ਥੋੜਾ ਬਹੁਤਾ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਕਿ ਉਸ ਨੂੰ ਬੇਔਲਾਦੇ ਹੋਣ ਦਾ ਅਹਿਸਾਸ ਨਾ ਹੋਵੇ। ਨਿਉਂਦੇ ਨੂੰ ਇਕ ਤਰ੍ਹਾਂ ਨਾਲ ਮੋੜਨ ਦੇ ਰੂਪ ਵਿਚ ਹੀ ਦੇਖਿਆ ਜਾਂਦਾ ਹੈ ਇਸੇ ਲਈ ਆਪਣੇ ਤੋਂ ਘਟ ਬੱਚਿਆਂ ਵਾਲੇ ਪਰਿਵਾਰ ਨੂੰ ਵੱਧ ਦਿੱਤਾ ਜਾਂਦਾ ਹੈ ਕਿਉਂਕਿ ਬੱਚਿਆਂ ਦੀ ਨਿਸਬਤ ਉਸ ਤੋਂ ਬਹੁਤੇ ਦੀ ਆਸ ਹੁੰਦੀ ਹੈ। ਇਸੇ ਕਰਕੇ ਨਿਉਂਦੇ ਨੂੰ ਇਕ ਤਰ੍ਹਾਂ ਭਾਜੀ ਮੋੜਨ ਦੇ ਆਸ਼ੇ ਵਿਚ ਵੀ ਲਿਆ ਜਾਂਦਾ ਹੈ। ਇਸ ਪ੍ਰਸੰਗ ਵਿਚ ਨਿਉਂਦਰਾ-ਭਾਜੀ ਸ਼ਬਦ ਜੁੱਟ ਵੀ ਚਲਦਾ ਹੈ।

ਪਹਿਲਾਂ ਚਰਚਿਤ ਵਿਸ਼ਵਕੋਸ਼ ਵਿਚ ਰਸਮ ਬਾਰੇ ਵਧੀਆ ਜਾਣਕਾਰੀ ਦਿੱਤੀ ਗਈ ਹੈ ਪਰ ਇਹ ਗੱਲ ਮੇਰੇ ਹਜ਼ਮ ਨਹੀਂ ਹੋਈ, 'ਨਿਉਂਦਾ ਅਤੇ ਨਿਉਤਾ' ਸ਼ਬਦ ਸਮਾਨਾਰਥਕ ਅਰਥਾਂ ਦੇ ਧਾਰਨੀ ਹਨ ਪਰ ਅਜੋਕੇ ਸਮੇਂ ਵਿਚ ਇਨ੍ਹਾਂ ਦੀ ਕਾਰਜਸ਼ੀਲਤਾ ਵਿਚ ਬਦਲਾਉ ਦਿਸ ਆਉਂਦਾ ਹੈ। ਨਿਉਤਾ ਸੱਦੇ ਦੇ ਰੂਪ ਵਿਚ ਵਰਤਿਆ ਜਾਂਦਾ ਹੈ ਜਦ ਕਿ ਨਿਉਂਦਾ ਦੇ ਅਰਥ ਤੋਲ ਵਿਚ ਨਿਉਂਦਾ (ਪੱਲੜੇ ਵਿਚ ਵਧ ਵਸਤ) ਅਤੇ ਵਿਆਹ ਸਮੇਂ ਸ਼ਗਨ ਦੇ ਰੂਪ ਵਿਚ ਲੈਣ-ਦੇਣ ਵਜੋਂ ਕੀਤੀ ਜਾਣ ਵਾਲੀ ਰੀਤ ਦੇ ਲਏ ਜਾਂਦੇ ਹਨ। ਇਥੇ ਦੋ ਨੁਕਤੇ ਹਨ। ਦਰਅਸਲ ਨਿਉਂਦਾ ਤੇ ਨਿਉਤਾ ਮੂਲਕ ਤੌਰ 'ਤੇ ਵੀ ਤੇ ਅਰਥ ਵਜੋਂ ਵੀ ਇਕ ਹੀ ਸ਼ਬਦ ਦੇ ਦੋ ਰੁਪਾਂਤਰ ਹਨ। ਹੋ ਸਕਦਾ ਹੈ ਕਿਸੇ ਉਪਭਾਸ਼ਾ ਵਿਚ ਨਿਉਤਾ ਸ਼ਬਦ ਸਿਰਫ ਵਿਆਹ ਆਦਿ ਦੀ ਰੋਟੀ ਲਈ ਸੱਦਾ ਅਤੇ ਨਿਉਂਦਾ ਸ਼ਬਦ ਸਿਰਫ ਸ਼ਗਨ ਦੇ ਅਰਥਾਂ ਲਈ ਰੂੜ੍ਹ ਹੋਇਆ ਹੋਵੇ ਪਰ ਬਹੁਤੀਆਂ ਉਪਭਾਸ਼ਾਵਾਂ ਵਿਚ ਕੇਵਲ ਨਿਉਂਦਾ ਸ਼ਬਦ ਹੀ ਦੋਨੋਂ ਅਰਥਾਂ ਵਿਚ ਵਰਤਿਆ ਜਾਂਦਾ ਹੈ ਜਦ ਕਿ ਨਿਉਤਾ ਹਿੰਦੀ ਸ਼ਬਦ ਹੈ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸ਼ਗਨ ਦੇ ਅਰਥਾਂ ਵਾਲਾ ਨਿਉਂਦਾ ਤੋਲ ਵਿਚ ਨਿਉਂਦਾ ਹੋਣ (ਤਕੜੀ ਦੇ ਵਧੇਰੇ ਭਾਰ ਵਾਲੇ ਪਲੜੇ ਦਾ ਨੀਵਾਂ ਹੋਣਾ) ਦਾ ਅਰਥਾਵਾਂ ਨਹੀਂ ਹੈ। ਇਸ ਦੀ ਵਿਆਖਿਆ ਅੱਗੇ ਚੱਲ ਕੇ ਕੀਤੀ ਜਾਵੇਗੀ।

ਨਿਉਂਦਾ ਸ਼ਬਦ 'ਨਿਮੰਤ੍ਰ' ਦਾ ਬਦਲਿਆ ਰੁਪਾਂਤਰ ਹੈ। ਇਸ ਤੋਂ ਬਣੇ ਕਿਰਿਆਵੀ ਨਾਂਵ 'ਨਿਮੰਤ੍ਰਣ' ਤੋਂ ਕਈ ਵਾਕਿਫ ਹੋਣਗੇ ਤੇ ਕਈ ਇਸ ਨੂੰ ਸੰਸਕ੍ਰਿਤ, ਹਿੰਦੀ ਦਾ ਗਰਦਾਨਦੇ ਹੋਏ ਇਸ ਨੂੰ ਨਾਕਾਬਲੇ ਬਰਦਾਸ਼ਤ ਅਤੇ ਇਸ ਦੀ ਵਰਤੋਂ ਤੋਂ ਪਰਹੇਜ਼ਗਾਰ ਹੋਣਗੇ। ਨਿਮੰਤ੍ਰ ਸ਼ਬਦ "ਨਿ" ਅਗੇਤਰ ਅੱਗੇ "ਮੰਤ੍ਰ" ਸ਼ਬਦ ਲਗ ਕੇ ਬਣਿਆ ਹੈ। ਇਸ ਦਾ ਇਕ ਭੇਦ ਮੰਤ ਵੀ ਹੈ ਜਿਵੇਂ "ਤੰਤ ਮੰਤ" (ਤੰਤਰ-ਮੰਤਰ) ਸ਼ਬਦ ਜੁੱਟ ਵਿਚ। ਗੁਰੂ ਅਰਜਨ ਦੇਵ ਨੇ ਇਹ ਸ਼ਬਦ ਵਰਤਿਆ ਹੈ, "ਜੋ ਇਹੁ ਮੰਤ ਕਮਾਵੈ ਨਾਨਕ॥"

ਪੰਜਾਬੀ ਵਿਚ ਰਚ ਮਿਚ ਗਏ ਸੰਸਕ੍ਰਿਤ ਮੰਤ੍ਰ ਸ਼ਬਦ ਦੇ ਅਨੇਕਾਂ ਅਰਥ ਹਨ। ਮੁਢਲੇ ਤੌਰ 'ਤੇ ਵੇਦ ਦੀਆਂ ਰਿਚਾਵਾਂ ਨੂੰ ਮੰਤ੍ਰ ਕਿਹਾ ਜਾਂਦਾ ਹੈ ਜਿਸ ਤੋਂ ਇਸ ਦੀਆਂ ਕਈ ਅਰਥ-ਪ੍ਰਛਾਈਆਂ ਦਾ ਵਿਕਾਸ ਹੋਇਆ। ਇਨ੍ਹਾਂ ਰਿਚਾਵਾਂ ਦੇ ਜਪਣ ਨਾਲ ਮਨ ਦੈਵ-ਪ੍ਰਾਇਣ ਅਤੇ ਉਦਾਤ ਹੋ ਜਾਂਦਾ ਹੈ ਇਸ ਲਈ ਅਜਿਹਾ ਅਸਰ ਕਰਦੀ ਕੋਈ ਹੋਰ ਰਚਨਾ ਵੀ ਮੰਤ੍ਰ/ਮੰਤਰ ਹੈ। ਮੰਤਰ ਵਿਚ ਇਹ ਗੁਣ ਇਸ ਦੀ ਸੰਮੋਹਕ ਕਾਵਿਕਤਾ ਅਤੇ ਸੰਖੇਪਤਾ ਕਾਰਨ ਹੁੰਦੇ ਹਨ ਇਸ ਲਈ ਤਾਂਤਰਿਕ ਅਤੇ ਜਾਦੂਗਰੀ ਕਰਨ ਵਾਲੇ ਲੋਕ ਅਜਿਹੀ ਅਦਭੁਤ ਅਤੇ ਚਕਾਚੌਂਧ ਕਰਨ ਵਾਲੀ ਕਾਵਿਕ ਰਚਨਾ ਨਾਲ ਦੈਵੀ ਸ਼ਕਤੀ ਨੂੰ ਕਿਸੇ ਸਿਧੀ ਦੇ ਮਨੋਰਥ ਹਿਤ ਬੁਲਾਉਣ ਅਤੇ ਸਰੋਤੇ ਨੂੰ ਮੰਤਰ-ਮਗਧ ਕਰਨ ਦੀ ਚੇਸ਼ਟਾ ਕਰਦੇ ਹਨ। ਇਸ ਨੂੰ ਉਹ ਮੰਤਰ ਕਹਿੰਦੇ ਹਨ, "ਛੂ ਮੰਤਰ ਕੀ ਡਾਲੀ ਡਾਲੀ, ਆਪਣਾ ਵਾਰ ਨਾ ਜਾਏ ਖਾਲੀ।" ਨਾਲੇ "ਜੋਗੀ ਮਾਰ ਮੰਤਰ ਕਰੇ ਸੱਪ ਹਾਜ਼ਰ, ਜਾ ਲਿਆ ਵਲਾਇਕੇ ਵਾਰੀਆਂ ਜੀ। ਵਾਰਸ ਸ਼ਾਹ ਓਥੇ ਨਾਹੀਂ ਫੁਰੇ ਮੰਤਰ, ਜਿੱਥੇ ਇਸ਼ਕ ਨੇ ਦੰਦੀਆਂ ਮਾਰੀਆਂ ਜੀ।"

ਗੁਰੂ ਅਰਜਨ ਦੇਵ ਨੇ ਉਤਮ ਮੰਤਰ, ਨੇਕ ਸਲਾਹ ਲਈ ਸੁਮੰਤ੍ਰ ਸ਼ਬਦ ਵਰਤਿਆ ਹੈ, "ਸੁਮੰਤ੍ਰ ਸਾਧੂਬਚਨਾ"। ਮੰਤਰ ਮਾਰਨ ਵਾਲਿਆਂ ਲਈ ਵਰਤੇ ਜਾਂਦੇ ਮਾਂਦਰੀ ਅਤੇ ਮਦਾਰੀ ਸ਼ਬਦ 'ਮੰਤਰਕਾਰ' ਦੇ ਘਿਸੇ ਰੂਪ ਹਨ। ਮੰਤਰ ਦੀ ਸੰਖੇਪਤਾ ਦੇ ਗੁਣ ਕਾਰਨ ਇਸ ਦੇ ਅਰਥ ਟੋਟਕਾ, ਫਾਰਮੂਲਾ, ਗੁਰ ਵੀ ਹੋ ਗਏ ਹਨ। ਮੰਤਰ ਏਨਾ ਸੰਖੇਪ ਕਿ ਇਕ ਅੱਖਰਾ ਵੀ ਹੋ ਸਕਦਾ ਹੈ। ਇਸੇ ਨਜ਼ਰੀਏ ਤੋਂ ਓਮ ਅਤੇ ੴ ਮੰਤਰ ਹਨ, ਮੂਲ ਮੰਤਰ ਥੋੜ੍ਹਾ ਵੱਡਾ ਹੁੰਦਾ ਹੈ। ਆਮ ਅਰਥਾਂ ਵਿਚ ਮੰਤ੍ਰ ਦਾ ਅਰਥ ਉਪਦੇਸ਼, ਸਲਾਹ ਮਸ਼ਵਰਾ ਆਦਿ ਵੀ ਹੈ, "ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ॥" -ਭਗਤ ਨਾਮਦੇਵ। ਸੋ, ਨਿਮੰਤ੍ਰਣ ਵਿਚ ਕਿਸੇ ਨੂੰ ਬੁਲਾ ਕੇ ਸਲਾਹ-ਮਸ਼ਵਰਾ ਕਰਨ ਤੋਂ ਭਾਵ ਹੈ। ਇਹ ਸਲਾਹ-ਮਸ਼ਵਰਾ ਭੋਜ ਨਾਲ ਹੁੰਦਾ ਹੈ। ਸਮਾਂ ਪਾ ਕੇ ਇਸ ਤੋਂ ਰੋਟੀ ਨਿਵਾਜਣ ਦਾ ਭਾਵ ਰੂੜ੍ਹ ਹੋ ਗਿਆ ਪਰ ਧਿਆਨ ਦਿਓ, ਵਿਆਹ ਦੇ ਨਿਉਂਦੇ ਵਿਚ ਰਿਸ਼ਤੇਦਾਰ, ਸ਼ਰੀਕਾ, ਭਾਈਚਾਰਾ, ਦੋਸਤ ਅਤੇ ਕਰੀਬੀ ਵਿਆਹ ਦੇ ਜ਼ਰੂਰੀ ਪੱਖਾਂ 'ਤੇ ਵਿਚਾਰ ਕਰਦੇ ਹਨ। ਇਥੇ ਆਮੰਤ੍ਰਣ ਸ਼ਬਦ ਵਿਚਾਰਨਾ ਵੀ ਜ਼ਰੂਰੀ ਹੈ। ਪਾਨਿਨੀ ਨੇ ਦੋਵਾਂ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਨ੍ਹਾਂ ਸ਼ਬਦਾਂ ਦਾਂ ਟੀਕਾ ਕਰਦਿਆਂ ਕਿਹਾ ਗਿਆ ਹੈ ਕਿ ਨਿਮੰਤ੍ਰਣ ਸ਼ਬਦ ਦਾ ਪ੍ਰਯੋਗ ਉਦੋਂ ਕੀਤਾ ਜਾਂਦਾ ਹੈ ਜਦ ਨਿਮੰਤ੍ਰਿਤ ਵਿਅਕਤੀ ਦਾ ਆਉਣਾ ਲਾਜ਼ਮੀ ਅਤੇ ਕਰਤਵਬਧ ਸਮਝਿਆ ਜਾਵੇ। ਆਮੰਤ੍ਰਣ ਦਾ ਮਤਲਬ ਹੈ ਆਮ ਬੁਲਾਵਾ, ਅਗਲਾ ਆਵੇ ਜਾਂ ਨਾ ਆਵੇ। ਮੇਰਾ ਖਿਆਲ ਹੈ ਕਿ ਆਵ੍ਰਤ ਸ਼ਬਦ ਅਮੰਤ੍ਰਣ ਦਾ ਵਿਗੜਿਆ ਰੂਪ ਹੈ। ਤਤਪਰਜ ਕਿ ਨਿਮੰਤ੍ਰਣ/ਨਿਉਂਦਾ ਕਰੀਬੀਆਂ ਲਈ ਹੁੰਦਾ ਹੈ ਅਤੇ ਇਸ ਦਾ ਮੁਢਲਾ ਮਨੋਰਥ ਸਲਾਹ-ਮਸ਼ਵਰਾ ਹੈ। ਉਂਜ ਆਮੰਤ੍ਰਣ ਦਾ ਮਕਸਦ ਵੀ ਸਲਾਹ ਮਸਵਰੇ ਜਾਂ ਵਿਚਾਰ ਵਟਾਂਦਰੇ ਲਈ ਆਮ ਲੋਕਾਂ ਨੂੰ ਸੱਦਾ ਹੈ। ਗੁਰੂ ਅਰਜਨ ਦੇਵ ਨੇ ਮੰਤ੍ਰਣ ਸ਼ਬਦ ਸਿਖਿਆ, ਉਪਦੇਸ਼ ਲਈ ਵਰਤਿਆ ਹੈ, "ਸਿਮਰਤਬਯ ਰਿਦੈ ਗੁਰ ਮੰਤ੍ਰਣਹ" ਅਰਥਾਤ ਗੁਰੂ ਦਾ ਉਪਦੇਸ਼ ਹਿਰਦੇ ਵਿਚ ਟਿਕਾ ਕੇ ਰੱਖਣਾ ਚਾਹੀਦਾ ਹੈ। ਧਿਆਨ ਨਾਲ ਸੋਚਿਆ ਜਾਵੇ ਤਾਂ ਸਲਾਹ ਮਸ਼ਵਰੇ ਵਿਚ ਵੀ ਸਿੱਖਿਆ, ਉਪਦੇਸ਼ ਦੇ ਅਰਥ ਛੁਪੇ ਹੋਏ ਹਨ। ਗੁਰੂ ਦੀ ਸਲਾਹ ਉਪਦੇਸ਼ ਹੀ ਹੈ। ਇਨ੍ਹਾਂ ਹੀ ਅਰਥਾਂ ਵਿਚ ਮੰਤਨ ਸ਼ਬਦ ਵੀ ਆਇਆ ਹੈ, "ਕਿਲਵਿਖ ਸਭ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ ਮੰਤਨ ਕੇ॥" -ਗੁਰੂ ਅਰਜਨ ਦੇਵ।

ਉਪਰੋਕਤ ਸਾਰੇ ਸ਼ਬਦ "ਮਨ" ਧਾਤੂ ਤੋਂ ਵਿਕਸਿਤ ਹੋਏ ਹਨ ਜਿਸ ਵਿਚ ਸੋਚਣ, ਵਿਚਾਰਨ ਦੇ ਭਾਵ ਹਨ। ਸੋਚਣ ਸ਼ਕਤੀ ਵਾਲੇ ਮਨ ਬਾਰੇ ਸਭ ਜਾਣਦੇ ਹਨ। ਇਸ ਮਨ ਦਾ ਅਰਥ-ਪਸਾਰਾ ਮਨ ਦੀ ਡੂੰਘਾਈ ਅਤੇ ਵਿਸ਼ਾਲਤਾ ਜਿੰਨਾ ਹੀ ਹੈ ਜਿਸ ਲਈ ਕਈ ਲੇਖ ਦਰਕਾਰ ਹਨ। ਉਡੀਕ ਕਰੋ।

# ਆਖਰੀ ਉਦਾਸ ਘੜੀਆਂ

ਲਿਆ ਸੀ...ਮੈਂ ਤਿਆਰ ਹੋਣ ਤੋਂ ਪਹਿਲਾਂ ਉਦਾਸੀ ਨੂੰ ਜਗਾ ਆਇਆ ਸੀ, ਪਰ ਜਦੋਂ ਮੈਂ ਤਿਆਰ ਹੋ ਕੇ ਉਸ ਨੂੰ ਲੈਣ ਲਈ ਗਿਆ ਤਾਂ ਉਹ ਅਜੇ ਸੁੱਤਾ ਪਿਆ ਸੀ। ਸੁਭਾਅ ਮੁਤਾਬਿਕ ਤਾਂ ਮੈਨੂੰ ਚਲੇ ਜਾਣਾ ਚਾਹੀਦਾ ਸੀ, ਪਰ ਪਤਾ ਨਹੀਂ ਕਿਉਂ, ਮੈਂ ਉਸ ਨੂੰ ਉਠਾਇਆ ਅਤੇ ਗੱਡੀ ਨਿਕਲ ਜਾਣ ਦੀ ਸੰਭਾਵਨਾ ਬਾਰੇ ਤਾੜਨਾ ਕੀਤੀ। ਉਹ ਚਾਹ ਪੀਣੀ ਚਾਹੁੰਦਾ ਸੀ, ਪਰ ਮੈਂ ਉਸ ਨੂੰ ਸਟੇਸ਼ਨ 'ਤੇ ਚਾਹ ਪੀਣ ਲਈ ਮਨਾ ਲਿਆ। ਉਹ ਦਾਇਮੀ ਬਿਮਾਰਾਂ ਵਾਂਗ ਤਿਆਰ ਹੋਇਆ ਸੀ। ਰਿਕਸ਼ੇ 'ਚ ਬੈਠਣ ਵੇਲੇ ਮੈਨੂੰ ਪਤਾ ਲੱਗਾ ਕਿ ਉਸ ਨੇ ਰਾਤੀਂ ਸ਼ਰਾਬ ਪੀਤੀ ਸੀ ਅਤੇ ਟੋਟ ਕਰ ਕੇ ਵੀ ਉਸ ਦਾ ਮਾੜਾ ਹਾਲ ਸੀ। ਮੈਂ ਖਿਝ ਗਿਆ ਸੀ ਅਤੇ ਬੋਲਣਾ ਬਿਲਕੁਲ ਹੀ ਨਹੀਂ ਸੀ ਚਾਹੁੰਦਾ, ਪਰ ਉਦਾਸੀ ਚੁੱਪ ਰਹਿਣ ਵਾਸਤੇ ਤਿਆਰ ਨਹੀਂ ਸੀ। ਉਦਾਸੀ ਕੋਲੋਂ ਲੁਕਾਇਆ ਵੀ ਕੀ ਜਾ ਸਕਦਾ ਸੀ? ਉਸ ਨੇ ਸਟੇਸ਼ਨ ਤਕ ਜਾਂਦਿਆਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਕਿਉਂਕਿ ਉਹ ਲਗਾਤਾਰ ਬੋਲੀ ਜਾ ਰਿਹਾ ਸੀ। ਉਦੋਂ ਮੈਨੂੰ ਵੀ ਚੇਤਾ ਨਹੀਂ ਸੀ ਕਿ ਉਸ ਨੇ ਕੀ ਕਿਹਾ ਹੈ ਕਿਉਂਕਿ ਮੈਂ ਉਸ ਨੂੰ ਸੁਣ ਹੀ ਨਹੀਂ ਸੀ ਰਿਹਾ। ਗੱਡੀ ਕੁਝ ਲੇਟ ਸੀ ਅਤੇ ਉਥੇ ਉਦਾਸੀ ਨੇ ਫਿਰ ਆਪਣੇ ਝੋਰਿਆਂ ਤੇ ਸ਼ਿਕਵਿਆਂ ਦਾ ਕਿੱਸਾ ਛੋਹ ਲਿਆ...।

ਗੱਡੀ ਆਈ ਤਾਂ ਉਹ ਗੱਡੀ ਚੜ੍ਹ ਗਏ। ਉਦਾਸੀ ਦੀ ਤਬੀਅਤ ਠੀਕ ਨਾ ਹੋਣ ਕਾਰਨ ਉਸ ਨੂੰ ਉਪਰਲੇ ਫੱਟੇ 'ਤੇ ਸੁਆ ਦਿੱਤਾ ਗਿਆ। ਤਿੰਨ-ਚਾਰ ਘੰਟਿਆਂ ਦੇ ਸਫਰ ਪਿੱਛੋਂ ਔਰੰਗਾਬਾਦ ਦੇ ਸਟੇਸ਼ਨ 'ਤੇ ਗੱਡੀ ਕੁਝ ਵੱਧ ਸਮੇਂ ਲਈ ਰੁਕੀ ਤਾਂ ਬਲਕਾਰ ਸਿੰਘ ਨੇ ਸੋਚਿਆ, ਉਦਾਸੀ ਨੂੰ ਚਾਹ-ਪਾਣੀ ਪੁੱਛ ਲਵਾਂ। ਇਥੇ ਉਸ ਦਾ ਹੀ ਲਿਖਿਆ ਹਵਾਲਾ ਦੇਣਾ ਉਚਿਤ ਹੋਵੇਗਾ, "ਮੈਂ ਜਾ ਕੇ ਇਕ-ਦੋ ਆਵਾਜ਼ਾਂ ਮਾਰੀਆਂ, ਉਹ ਬੋਲਿਆ ਨਹੀਂ। ਮੈਂ ਸੁੱਤਾ ਹੋਇਆ ਸਮਝ ਕੇ ਚੁੱਪ ਕਰ ਗਿਆ। ਮਨਮਾੜ ਤੋਂ ਦੋ-ਤਿੰਨ ਸਟੇਸ਼ਨ ਪਹਿਲਾਂ ਮੈਂ ਉਦਾਸੀ ਨੂੰ ਜਗਾਉਣ ਦਾ ਮਨ ਬਣਾ ਕੇ ਉਸ ਨੂੰ ਆਵਾਜ਼ਾਂ ਮਾਰੀਆਂ। ਜਦੋਂ ਉਹ ਨਾ ਬੋਲਿਆ ਤਾਂ ਮੈਂ ਹਲੂਣ ਕੇ ਉਸ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ। ਹੱਥ ਲਾਉਂਦਿਆਂ ਹੀ ਮੇਰੀਆਂ ਲੱਤਾਂ ਦੀ ਜਾਨ ਜਾਂਦੀ ਰਹੀ। ਮਰਨ ਤੋਂ ਪਹਿਲਾਂ ਮਰਨ ਦੀ ਇਹ ਘੜੀ ਅੱਜ ਵੀ ਮੇਰੇ ਅੰਦਰ ਕੰਬਣੀ ਛੇੜ ਜਾਂਦੀ ਹੈ।"

ਉਸੇ ਡੱਬੇ ਵਿਚ ਟੀ.ਟੀ. ਰਹਿ ਚੁੱਕਾ ਇਕ ਸਿੰਘ ਵੀ ਸਫਰ ਕਰ ਰਿਹਾ ਸੀ। ਬਲਕਾਰ ਸਿੰਘ ਦੇ ਦੱਸਣ ਉਤੇ ਉਸ ਨੇ ਵੀ ਉਦਾਸੀ ਨੂੰ ਹਿਲਾ ਕੇ ਵੇਖਿਆ। ਉਸ ਨੇ ਬਲਕਾਰ ਸਿੰਘ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਆਪ ਨੂੰ ਸੰਭਾਲੇ ਅਤੇ ਮਨਮਾੜ ਜਾ ਕੇ ਹੀ ਰਿਪੋਰਟ ਕਰੇ, ਕਿਉਂਕਿ ਛੋਟੇ ਸਟੇਸ਼ਨਾਂ ਉਤੇ ਪ੍ਰਬੰਧ ਬਹੁਤ ਘੱਟ ਹੁੰਦੇ ਹਨ ਅਤੇ ਇਹੋ ਜਿਹੇ ਕੇਸਾਂ ਵਿਚ ਖੱਜਲ-ਖੁਆਰੀ ਦੀ ਸੰਭਾਵਨਾ ਵਧ ਜਾਂਦੀ ਹੈ। ਉਸੇ ਸਿੰਘ ਨੇ ਸਮਝਾਇਆ ਕਿ ਸਭ ਤੋਂ ਪਹਿਲਾਂ ਰੇਲਵੇ ਪੁਲਿਸ ਨੂੰ ਸੂਚਨਾ ਦਿੱਤੀ ਜਾਵੇ। ਮਨਵਾੜ ਰੇਲਵੇ ਸਟੇਸ਼ਨ 'ਤੇ ਬਲਕਾਰ ਸਿੰਘ ਨੇ ਪੁਲਿਸ ਨੂੰ ਸੂਚਨਾ ਦੇ ਦਿੱਤੀ ਕਿ ਮੇਰੇ ਦੋਸਤ ਦੀ ਸਫਰ ਦੌਰਾਨ ਮ੍ਰਿਤੂ ਹੋ ਗਈ ਹੈ। ਇੰਸਪੈਕਟਰ ਨੇ ਲਾਸ਼ ਦਾ ਮੁਆਇਨਾ ਕੀਤਾ ਤਾਂ ਬਲਕਾਰ ਸਿੰਘ ਨੇ ਦੱਸਿਆ ਕਿ ਮਰਹੂਮ ਸਾਧਾਰਨ ਆਦਮੀ ਨਹੀਂ, ਕਵੀ ਵਜੋਂ ਰਾਸ਼ਟਰਪਤੀ ਤੋਂ ਇਨਾਮ ਲੈ ਚੁੱਕਾ ਹੈ। ਤੁਸੀਂ ਰਾਸ਼ਟਰਪਤੀ ਭਵਨ ਨਾਲ ਸੰਪਰਕ ਕਰੋ ਅਤੇ ਗਿਆਨੀ ਜ਼ੈਲ ਸਿੰਘ ਦੇ ਨਿੱਜੀ ਸਕੱਤਰ ਸ. ਕੁਲਵੰਤ ਸਿੰਘ ਨੂੰ ਦੱਸੋ ਕਿ ਉਦਾਸੀ ਨਾਲ ਇਹ ਘਟਨਾ ਵਾਪਰ ਗਈ ਹੈ। ਇਹ ਵੀ ਕਿਹਾ ਕਿ ਹੋ ਸਕੇ, ਤਾਂ ਮੇਰੇ ਨਾਲ ਗੱਲ ਕਰਵਾਓ। ਸ਼ਹਿਰ ਦੇ ਕੁਝ ਪਤਵੰਤੇ ਵੀ ਪਹੁੰਚ ਗਏ। ਸਭ ਨੇ ਵਾਪਰੀ ਘਟਨਾ 'ਤੇ ਅਫਸੋਸ ਪ੍ਰਗਟ ਕੀਤਾ ਤੇ ਬਲਕਾਰ ਸਿੰਘ ਨੂੰ ਹੌਸਲਾ ਦਿੱਤਾ। ਬਲਕਾਰ ਸਿੰਘ ਦੀ ਲਿਖਤ ਅਨੁਸਾਰ ਵਿਚਾਰ-ਵਟਾਂਦਰੇ ਉਪਰੰਤ ਪੁਲਿਸ ਦੀ ਸਹਿਮਤੀ ਨਾਲ ਇਹ ਨਿਰਣੇ ਲਏ ਗਏ:

1. ਲਾਸ਼ ਦਾ ਪੰਜਾਬ ਲਿਜਾਣਾ ਮੁਸ਼ਕਲ ਹੈ। ਬਹੁਤੇ ਪ੍ਰਾਂਤਾਂ 'ਚੋਂ ਲੰਘਣ ਕਰ ਕੇ ਵੀ ਅਤੇ ਗਰਮੀ ਹੋਣ ਕਰ ਕੇ ਵੀ।
2. ਮਰਹੂਮ ਦੇ ਬੱਚਿਆਂ ਨੂੰ ਤੁਰੰਤ ਸੂਚਿਤ ਕਰਨ ਦਾ ਕੰਮ ਮੇਰੇ ਜ਼ੁੰਮੇ ਲਾਇਆ ਗਿਆ।
3. ਤਖ਼ਤ ਸਾਹਿਬ ਨੰਦੇੜ ਨੂੰ ਸੂਚਿਤ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੇ ਅਗਲੇ ਦਿਨ ਪਹੁੰਚਣ ਲਈ ਕਿਹਾ ਕਿਉਂਕਿ ਇੰਨਾ ਸਮਾਂ ਤਾਂ ਲੱਗਣਾ ਹੀ ਸੀ।
4. ਮੈਨੂੰ ਰਾਤ ਨੂੰ ਚੱਲਣ ਵਾਲੀ ਗੱਡੀ ਉਤੇ ਚੜ੍ਹਾ ਦਿੱਤਾ ਗਿਆ, ਜਿਸ ਲਈ ਸਾਡੇ ਦੋਹਾਂ ਦੀ ਰਿਜ਼ਰਵੇਸ਼ਨ ਸੀ। ਉਦਾਸੀ ਦੀ ਖਾਲੀ ਸੀਟ ਨਾਲੋਂ ਉਸ ਦੀ ਲਾਸ਼ ਨਾਲ ਆਉਣਾ ਕਿਤੇ ਸੌਖਾ ਹੋਣਾ ਸੀ।

"ਮੈਂ ਸਿੱਧਾ ਪ੍ਰੋ. ਪ੍ਰੀਤਮ ਸਿੰਘ ਰਾਹੀ ਦੀ ਦੁਕਾਨ 'ਤੇ ਬਰਨਾਲੇ ਪਹੁੰਚਿਆ। ਉਥੇ ਸਾਹਿਤ ਸਭਾ ਦੀ ਮੀਟਿੰਗ ਹੋ ਰਹੀ ਸੀ। ਪੁਰਾਣੇ ਦੋਸਤ ਮੈਨੂੰ ਦੇਖ ਕੇ ਖੁਸ਼ ਹੋ ਗਏ, ਪਰ ਛੇਤੀ ਹੀ ਮੇਰੀਆਂ ਉਡੀਆਂ ਹੋਈਆਂ ਹਵਾਈਆਂ ਦਾ ਸਬੱਬ ਪੁੱਛਿਆ। ਭਰੇ ਹੋਏ ਮਨ ਨਾਲ ਮੈਂ ਸੱਚ ਬਿਆਨ ਕਰ ਦਿੱਤਾ। ਉਨ੍ਹਾਂ ਨੇ ਉਦਾਸੀ ਦੇ ਘਰਦਿਆਂ ਨੂੰ ਸੂਚਿਤ ਕਰਨ ਦਾ ਜ਼ਿੰਮਾ ਲੈ ਲਿਆ ਸੀ, ਕਿਉਂਕਿ ਮੈਨੂੰ ਤਾਂ ਅੱਜ ਵੀ ਉਦਾਸੀ ਦੇ ਪਿੰਡ ਜਾਂ ਘਰ ਵਾਲਿਆਂ ਦਾ ਅਤਾ ਪਤਾ ਨਹੀਂ ਹੈ।"



ਕਾਮਰੇਡ ਲੈਨਿਨ ਦੀ ਕਿਤਾਬ ਨਾਲ ਸੰਤ ਰਾਮ ਉਦਾਸੀ।

ਬਲਕਾਰ ਸਿੰਘ ਉਥੋਂ ਪਟਿਆਲੇ ਚਲਾ ਗਿਆ। ਉਸ ਨੇ ਖੁਦ ਉਦਾਸੀ ਦੇ ਪਰਿਵਾਰ ਕੋਲ ਜਾਣ ਦੀ ਲੋੜ ਨਾ ਸਮਝੀ ਜਿਸ ਕਰ ਕੇ ਪਰਿਵਾਰ ਨੂੰ ਪਤਾ ਨਾ ਲੱਗ ਸਕਿਆ ਕਿ ਆਖਰੀ ਸਮੇਂ ਉਦਾਸੀ ਨਾਲ ਕੀ ਬੀਤੀ, ਕੀ ਹੋਇਆ, ਕੀ ਨਾ ਹੋਇਆ? ਉਹ ਲਿਖਦਾ ਹੈ, "ਇਹ ਸੱਚ ਹੈ ਕਿ ਉਦਾਸੀ ਦੇ ਅੰਤਲੇ ਪਲਾਂ ਵਿਚ ਮੈਂ ਉਸ ਦੇ ਕੰਮ ਵੀ ਨਹੀਂ ਆਇਆ, ਕਿਉਂਕਿ ਇਸ ਦਾ ਉਸ ਨੇ ਮੌਕਾ ਹੀ ਨਹੀਂ ਦਿੱਤਾ ਸੀ। ਬੇਗਾਨੀ ਧਰਤੀ 'ਤੇ ਉਦਾਸੀ ਦੇ ਚੱਲ ਵਸਣ ਨਾਲ ਜੁੜੇ ਹੋਏ ਪ੍ਰਸ਼ਨਾਂ ਦੀ ਕੋਈ ਲੋੜ ਹੀ ਨਹੀਂ ਹੈ ਕਿਉਂਕਿ ਮੈਂ ਤਾਂ ਪਾਟੀ ਹੋਈ ਮਾਨਸਿਕਤਾ ਅਤੇ ਸ਼ਿਕਵਿਆਂ ਨਾਲ ਭਰੇ ਹੋਏ ਉਦਾਸੀ ਨੂੰ ਨਾਲ ਲਿਆ ਰਿਹਾ ਸੀ। ਅੱਜ ਮੈਨੂੰ ਲੱਗਦਾ ਹੈ ਕਿ ਉਹ ਅੰਤਾਂ ਦਾ ਬਿਮਾਰ ਸੀ ਤੇ ਉਸ ਨੂੰ ਤੀਮਾਰਦਾਰੀ ਦੀ ਬੜੀ ਲੋੜ ਸੀ। ਇਸ ਪਾਸੇ ਧਿਆਨ ਦੇਣ ਦੀ ਥਾਂ ਮੈਨੂੰ ਲੱਗਦਾ ਹੈ ਕਿ ਉਸ ਦੀ ਵਿਦਰੋਹੀ ਸੁਰ ਨਾਲ ਸੰਤੁਸ਼ਟ ਹੋਣ ਵਾਲਿਆਂ ਨੇ ਉਸ ਨੂੰ ਰੱਜ ਕੇ ਨਹੀਂ ਜਿਉਣ ਦਿੱਤਾ। ਸ਼ਾਇਦ ਉਦਾਸੀ ਵਰਗੇ ਫੜਫੜਾਉਂਦੇ ਜਿਉੜਿਆਂ ਦਾ ਇਹੀ ਅੰਤ ਹੁੰਦਾ ਹੈ ਤੇ ਹੁੰਦੇ ਰਹਿਣਾ ਹੈ...।"

---

ਸੰਤ ਰਾਮ ਉਦਾਸੀ ਪੰਜਾਬੀ ਦਾ ਅਜ਼ੀਮ ਸ਼ਾਇਰ ਸੀ ਜੋ 1939 ਤੋਂ 1986 ਤਕ ਸੰਤਾਲੀ ਸਾਲ ਜੀਵਿਆ। ਉਸ ਦੇ ਤਿੰਨ ਕਾਵਿ ਸੰਗ੍ਰਹਿ 'ਲਹੂ ਭਿੱਜੇ ਬੋਲ', 'ਚੌ-ਨੁਕਰੀਆਂ ਸੀਖਾਂ' ਤੇ 'ਸੈਨਤਾਂ' ਉਸ ਦੀ ਹਯਾਤੀ ਵਿਚ ਛਪੇ। ਉਸ ਦੀਆਂ ਕੁਝ ਕਵਿਤਾਵਾਂ ਅਣਛਪੀਆਂ ਵੀ ਰਹਿ ਗਈਆਂ ਜੋ ਬਾਅਦ ਵਿਚ ਛਪਦੀਆਂ ਰਹੀਆਂ। ਲਿਖਾਰੀ ਸਭਾ ਬਰਨਾਲਾ ਨੇ ਉਸ ਦੇ ਅਣਛਪੇ ਗੀਤਾਂ ਤੇ ਕਵਿਤਾਵਾਂ ਦਾ ਸੰਗ੍ਰਹਿ 'ਕੰਮੀਆਂ ਦਾ ਵਿਹੜਾ' ਨਾਂ ਹੇਠ ਛਾਪਿਆ। ਇਹ ਨਾਂ ਉਦਾਸੀ ਨੇ ਆਪ ਹੀ ਜੀਅ ਤਜਵੀਜ਼ ਕੀਤਾ ਸੀ। ਜੀਂਦੇ ਜੀਅ ਉਸ ਦੀ ਕਦਰ ਤਾਂ ਪਈ, ਪਰ ਉਨੀ ਨਹੀਂ ਪੈ ਸਕੀ ਜਿੰਨੀ ਦਾ ਉਹ ਹੱਕਦਾਰ ਸੀ। ਅਜੇ ਵੀ ਉਨੀ ਨਹੀਂ ਪੈ ਰਹੀ ਜਿੰਨੀ ਦਾ ਉਹ ਹੱਕਦਾਰ ਹੈ ਜਦ ਕਿ ਕੁਝ ਇਕਨਾਂ ਦੀ ਹੱਦੋਂ ਵੱਧ ਪੈ ਰਹੀ ਹੈ।

---

ਉਦਾਸੀ ਦੀ ਦੇਹ ਦਾ ਅੰਤਮ ਸੰਸਕਾਰ ਧੜਿਆਂ ਵਿਚ ਵੰਡੇ ਕਾਮਰੇਡਾਂ ਵੱਲੋਂ ਲਾਲ ਸਲਾਮ ਕਹੇ ਬਿਨਾਂ ਇਕ ਸਿੱਖ ਦੀ ਲਾਵਾਰਸ ਲਾਸ਼ ਵਜੋਂ ਮਨਵਾੜ ਦੇ ਸਿੱਖਾਂ ਨੇ ਕੀਤਾ। ਉਹਦੀ ਜਨਮ ਭੋਇੰ ਰਾਏਸਰ ਨੂੰ ਆਪਣੇ ਲਾਲ ਦੀ ਮ੍ਰਿਤਕ ਦੇਹ ਦੇ ਦਰਸ਼ਨ ਨਾ ਨਸੀਬ ਹੋ ਸਕੇ। 12 ਨਵੰਬਰ ਨੂੰ ਉਦਾਸੀ ਦੇ ਦੋਵੇਂ ਰਿਸ਼ਤੇਦਾਰਾਂ ਨੇ ਆ ਕੇ ਦੱਸਿਆ ਕਿ ਉਹਦੇ ਫੁੱਲ ਗੋਦਾਵਰੀ ਨਦੀ ਵਿਚ ਤਾਰ ਆਏ ਹਨ ਤੇ ਉਹਦੇ ਸਮਾਨ ਵਾਲਾ ਬੈਗ ਲੈ ਆਏ ਹਨ। ਅਜਿਹੀ ਹੋਣੀ ਸੀ ਪੰਜਾਬੀ ਦੇ ਇਸ ਲੋਕ ਕਵੀ ਦੀ!

ਉਦਾਸੀ ਦੀ ਵਸੀਅਤ ਹੈ:
ਮੇਰੀ ਮੌਤ 'ਤੇ ਨਾ ਰੋਇਓ,
ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ
ਰੇਤੇ 'ਚ ਨਾ ਰਲਾਇਓ।
ਮੇਰੀ ਜ਼ਿੰਦਗੀ ਵੀ ਕੀ?
ਬਸ ਬੂਰ ਸਰਕੜੇ ਦਾ,
ਆਹਾਂ ਦਾ ਸੇਕ ਕਾਫੀ
ਤੀਲੀ ਬੇਸ਼ੱਕ ਨਾ ਲਾਇਓ।
ਵਲਗਣ 'ਚ ਕੈਦ ਹੋਣਾ,
ਮੇਰੇ ਨਹੀਂ ਮੁਆਫਕ,
ਯਾਰਾਂ ਦੇ ਵਾਂਗ ਅਰਥੀ
ਸੜਕਾਂ 'ਤੇ ਹੀ ਜਲਾਇਓ।
ਜੀਵਨ ਤੋਂ ਮੌਤ ਤਾਈਂ,
ਆਉਂਦੇ ਬੜੇ ਚੁਰਾਹੇ,
ਜਿਸ ਦਾ ਹੈ ਪੰਧ ਬਿਖੜਾ
ਓਸੇ ਹੀ ਰਾਹ ਲਿਜਾਇਓ।

(ਸਮਾਪਤ)

ਹਿੰਦੀ ਕਹਾਣੀ

# ਬੱਚਾ

***ਹਿੰਦੀ ਸਾਹਿਤ ਜਗਤ ਵਿਚ ਮੁਨਸ਼ੀ ਪ੍ਰੇਮ ਚੰਦ ਦਾ ਥਾਂ ਬਹੁਤ ਉਚਾ ਹੈ। ਉਹਦੀਆਂ ਕਹਾਣੀਆਂ ਵਿਚ ਬੰਦੇ ਅਤੇ ਸਮਾਜ ਦੀਆਂ ਬਹੁਤ ਸਾਰੀਆਂ ਪਰਤਾਂ ਉਧੜਦੀਆਂ ਚਲੀਆਂ ਜਾਂਦੀਆਂ ਹਨ। ਇਨ੍ਹਾਂ ਕਹਾਣੀਆਂ ਉਤੇ ਮੁਨਸ਼ੀ ਪ੍ਰੇਮ ਚੰਦ ਵਾਲਾ ਰੰਗ ਖੂਬ ਚੜ੍ਹਿਆ ਹੁੰਦਾ ਹੈ। 'ਬੱਚਾ' ਕਹਾਣੀ ਵੀ ਇਸੇ ਰੰਗ ਵਿਚ ਰੰਗੀ ਹੋਈ ਹੈ। ਮਨੁੱਖੀ ਮਨ ਦੀਆਂ ਪਰਤਾਂ ਜਦੋਂ ਹੌਲੀ-ਹੌਲੀ ਖੁੱਲ੍ਹਦੀਆਂ ਹਨ, ਤਾਂ ਅਖੌਤੀ ਮਖੌਟਿਆਂ ਦੀਆਂ ਮੋਰੀਆਂ ਵੀ ਨਾਲੋ-ਨਾਲ ਵੱਡੀਆਂ ਹੋਈ ਜਾਂਦੀਆਂ ਹਨ। ਮੁਨਸ਼ੀ ਪ੍ਰੇਮ ਚੰਦ ਸਾਹਿਤ ਦੀ ਇਹੀ ਗੱਲ ਵੱਡੀ ਹੈ। ਇਸ ਸਾਹਿਤ ਵਿਚੋਂ ਜ਼ਿੰਦਗੀ ਆਪਣੇ ਸਮੁੱਚੇ ਨਿਰਮਲ ਖਾਸੇ ਨਾਲ ਆਣ ਪ੍ਰਗਟ ਹੁੰਦੀ ਹੈ। -ਸੰਪਾਦਕ***

ਗੰਗੂ ਨੂੰ ਲੋਕ ਬ੍ਰਾਹਮਣ ਕਹਿੰਦੇ ਹਨ ਤੇ ਉਹ ਆਪਣੇ ਆਪ ਨੂੰ ਬ੍ਰਾਹਮਣ ਸਮਝਦਾ ਵੀ ਹੈ। ਮੇਰੇ ਨੌਕਰ ਅਤੇ ਸੇਵਾਦਾਰ ਮੈਨੂੰ ਦੂਰ ਤੋਂ ਸਲਾਮ ਕਰਦੇ ਨੇ। ਗੰਗੂ ਮੈਨੂੰ ਸਲਾਮ ਨਹੀਂ ਕਰਦਾ। ਉਹ ਸ਼ਾਇਦ ਮੈਥੋਂ ਸਲਾਮ ਦੀ ਉਮੀਦ ਰੱਖਦਾ ਹੈ। ਮੇਰੇ ਜੂਠੇ ਗਿਲਾਸ ਨੂੰ ਹੱਥ ਨਹੀਂ ਲਾਉਂਦਾ, ਨਾ ਕਦੇ ਮੇਰੀ ਹਿੰਮਤ ਪਈ ਕਿ ਉਸ ਨੂੰ ਪੱਖਾ ਝੱਲਣ ਨੂੰ ਕਹਾਂ। ਜਦੋਂ ਮੈਂ ਪਸੀਨੇ ਨਾਲ ਤਰ ਹੋ ਜਾਂਦਾ ਹਾਂ ਅਤੇ ਕੋਲ ਕੋਈ ਹੋਰ ਬੰਦਾ ਨਹੀਂ ਹੁੰਦਾ ਤਾਂ ਗੰਗੂ ਆਪਣੇ ਆਪ ਪੱਖਾ ਚੁੱਕ ਲੈਂਦਾ ਹੈ ਪਰ ਉਹਦੇ ਚਿਹਰੇ ਦੇ ਹਾਵ-ਭਾਵ ਤੋਂ ਸਾਫ ਹੋ ਜਾਂਦਾ ਹੈ ਜਿਵੇਂ ਮੇਰੇ 'ਤੇ ਕੋਈ ਅਹਿਸਾਨ ਕਰ ਰਿਹਾ ਹੈ ਅਤੇ ਮੈਂ ਵੀ ਪਤਾ ਨਹੀਂ ਕਿਉਂ, ਤੁਰੰਤ ਉਸ ਦੇ ਹੱਥਾਂ 'ਚੋਂ ਪੱਖਾ ਖੋਹ ਲੈਂਦਾ। ਗਰਮ ਸੁਭਾਅ ਦਾ ਬੰਦਾ ਹੈ। ਕਿਸੇ ਦੀ ਇੱਕ ਨਹੀਂ ਸਹਿੰਦਾ। ਅਜਿਹੇ ਬਹੁਤ ਘੱਟ ਲੋਕ ਹੋਣਗੇ ਜਿਨ੍ਹਾਂ ਨਾਲ ਉਹਦੀ ਦੋਸਤੀ ਹੈ। ਨੌਕਰ ਅਤੇ ਸੇਵਾਦਾਰ ਨਾਲ ਬੈਠਣਾ ਸ਼ਾਇਦ ਆਪਣੀ ਬੇਇੱਜ਼ਤੀ ਸਮਝਦਾ ਹੈ। ਮੈਂ ਉਹਨੂੰ ਕਿਸੇ ਨਾਲ ਮਿਲਦੇ-ਗਿਲਦੇ ਨਹੀਂ ਦੇਖਿਆ। ਹੈਰਾਨੀ ਦੀ ਗੱਲ ਹੈ ਕਿ ਉਹਨੂੰ ਨਸ਼ੇ-ਪੱਤੇ ਨਾਲ ਕੋਈ ਲਗਾਓ ਨਹੀਂ ਜੋ ਇਸ ਸ਼੍ਰੇਣੀ ਦੇ ਲੋਕਾਂ ਲਈ ਆਮ ਗੱਲ ਹੈ। ਮੈਂ ਉਹਨੂੰ ਕਦੇ ਪੂਜਾ-ਪਾਠ ਕਰਦਿਆਂ ਜਾਂ ਕਦੇ ਇਸ਼ਨਾਨ ਕਰਦਿਆਂ ਵੀ ਨਹੀਂ ਦੇਖਿਆ। ਬਿਲਕੁਲ ਅੰਗੂਠਾ ਛਾਪ ਹੈ, ਫਿਰ ਵੀ ਉਹ ਬ੍ਰਾਹਮਣ ਹੈ



**ਮੁਨਸ਼ੀ ਪ੍ਰੇਮ ਚੰਦ**

**ਅਨੁਵਾਦ: ਸਤਪਾਲ ਭੀਖੀ**

ਅਤੇ ਚਾਹੁੰਦਾ ਹੈ ਕਿ ਦੁਨੀਆਂ ਉਸ ਦਾ ਆਦਰ ਸਤਿਕਾਰ ਕਰੇ। ਉਹ ਚਾਹੇ ਵੀ ਕਿਉਂ ਨਾ! ਜਦੋਂ ਪੁਰਖਿਆਂ ਦੀ ਪੈਦਾ ਕੀਤੀ ਹੋਈ ਜਾਇਦਾਦ ਉਤੇ ਅੱਜ ਵੀ ਲੋਕ ਆਪਣਾ ਹੱਕ ਜਮਾਈ ਬੈਠੇ ਹਨ ਜਿਵੇਂ ਉਨ੍ਹਾਂ ਖ਼ੁਦ ਪੈਦਾ ਕੀਤੀ ਹੋਵੇ; ਤਾਂ ਫਿਰ ਉਹ ਕਿਉਂ ਇਸ ਆਦਰ ਤੇ ਸਨਮਾਨ ਨੂੰ ਤਿਆਗੇ ਜੋ ਉਸ ਦੇ ਪੁਰਖਿਆਂ ਨੇ ਉਸ ਨੂੰ ਦਿੱਤਾ। ਇਹ ਉਸ ਦੀ ਪਿੱਤਰੀ ਜਾਇਦਾਦ ਹੈ।

ਮੇਰਾ ਸੁਭਾਅ ਕੁਝ ਇਸ ਤਰ੍ਹਾਂ ਦਾ ਹੈ ਕਿ ਆਪਣੇ ਨੌਕਰਾਂ ਨਾਲ ਬਹੁਤ ਘੱਟ ਬੋਲਦਾ ਹਾਂ। ਮੈਂ ਚਾਹੁੰਦਾ ਹਾਂ, ਜਦ ਤਕ ਮੈਂ ਖ਼ੁਦ ਨਾ ਬੁਲਾਵਾਂ, ਕੋਈ ਮੇਰੇ ਕੋਲ ਨਾ ਆਵੇ। ਮੈਨੂੰ ਇਹ ਬਿਲਕੁਲ ਪਸੰਦ ਨਹੀਂ ਕਿ ਮਾੜਾ-ਮੋਟਾ ਕੰਮ ਹੋਵੇ ਤੇ ਨੌਕਰਾਂ ਨੂੰ ਬੁਲਾਉਂਦਾ ਫਿਰਾਂ। ਮੈਨੂੰ ਆਪਣੇ ਹੱਥੀਂ ਸੁਰਾਹੀ 'ਚੋਂ ਪਾਣੀ ਲੈਣਾ, ਆਪਣੀ ਲਾਲਟੈਣ ਬਾਲਣੀ, ਆਪਣੇ ਬੂਟ ਪਾਣੇ ਜਾਂ ਅਲਮਾਰੀ 'ਚੋਂ ਕਿਤਾਬ ਲੱਭਣੀ, ਇਸ ਨਾਲੋਂ ਕਿਤੇ ਸੌਖਾ ਮਹਿਸੂਸ ਹੁੰਦਾ ਹੈ ਕਿ ਕਿਸੇ ਨੌਕਰ ਨੂੰ ਬੁਲਾਵਾਂ। ਇਸ ਨਾਲ ਮੈਨੂੰ ਆਪਣੇ ਤੰਦਰੁਸਤ ਤੇ ਆਤਮ-ਨਿਰਭਰ ਹੋਣ ਦਾ ਅਹਿਸਾਸ ਹੁੰਦਾ ਹੈ। ਨੌਕਰ ਵੀ ਮੇਰੇ ਸੁਭਾਅ ਤੋਂ ਜਾਣੂ ਹੋ ਗਏ ਨੇ ਅਤੇ ਬਿਨਾਂ ਲੋੜ ਮੇਰੇ ਕੋਲ ਬਹੁਤ ਘੱਟ ਆਉਂਦੇ ਹਨ। ਇਸ ਕਰ ਕੇ ਇੱਕ ਦਿਨ ਜਦ ਸਵੇਰੇ ਜਿਹੇ ਗੰਗੂ ਮੇਰੇ ਸਾਹਮਣੇ ਆ ਕੇ ਖੜ੍ਹ ਗਿਆ ਤਾਂ ਮੈਨੂੰ ਬਹੁਤ ਬੁਰਾ ਲੱਗਿਆ। ਇਹ ਲੋਕ ਜਦੋਂ ਆਉਂਦੇ ਹਨ ਤਾਂ ਪੇਸ਼ਗੀ ਹਿਸਾਬ-ਕਿਤਾਬ 'ਚੋਂ ਕੁਝ ਮੰਗਣ ਵਾਸਤੇ ਜਾਂ ਕਿਸੇ ਦੂਜੇ ਨੌਕਰ ਦੀ ਸ਼ਿਕਾਇਤ ਕਰਨ ਵਾਸਤੇ। ਮੈਨੂੰ ਇਨ੍ਹਾਂ ਦੋਵਾਂ ਗੱਲਾਂ ਨਾਲ ਨਫ਼ਰਤ ਹੈ। ਮੈਂ ਪਹਿਲੀ ਤਾਰੀਖ਼ ਨੂੰ ਹਰ ਇੱਕ ਦਾ ਹਿਸਾਬ ਕਰ ਦਿੰਦਾ ਹਾਂ ਤੇ ਵਿਚ-ਵਿਚਾਲੇ ਕੋਈ ਕੁਝ ਮੰਗੇ ਤਾਂ ਗੁੱਸਾ ਆ ਜਾਂਦਾ ਹੈ। ਕਿਹੜਾ ਦੋ-ਦੋ, ਚਾਰ-ਚਾਰ ਰੁਪਇਆਂ ਦਾ ਹਿਸਾਬ ਰੱਖਦਾ ਫਿਰੇ? ਫਿਰ ਜਦੋਂ ਕਿਸੇ ਨੂੰ ਮਹੀਨੇ ਭਰ ਦੀ ਮਜ਼ਦੂਰੀ ਮਿਲ ਜਾਵੇ ਤਾਂ ਉਸ ਨੂੰ ਕੀ ਹੱਕ ਹੈ ਕਿ ਉਨ੍ਹਾਂ ਨੂੰ ਪੰਦਰਾਂ ਦਿਨਾਂ ਵਿਚ ਖ਼ਰਚ ਕਰ ਦੇਵੇ ਅਤੇ ਕਰਜ਼ ਜਾਂ ਪੇਸ਼ਗੀ ਦੀ ਗੁਹਾਰ ਲਾਵੇ? ਤੇ ਸ਼ਿਕਾਇਤਾਂ ਨਾਲ ਮੈਨੂੰ ਨਫ਼ਰਤ ਹੈ। ਮੈਂ ਸ਼ਿਕਾਇਤ ਨੂੰ ਕਮਜ਼ੋਰ ਮਨ ਦਾ ਨਤੀਜਾ ਸਮਝਦਾ ਹਾਂ। ਮੈਂ ਮੱਥੇ 'ਤੇ ਵੱਟ ਪਾਉਂਦਿਆਂ ਕਿਹਾ, "ਕੀ ਗੱਲ ਹੈ, ਮੈਂ ਤਾਂ ਤੈਨੂੰ ਬੁਲਾਇਆ ਨਹੀਂ?"

ਗੰਗੂ ਦੇ ਤੇਜ਼ ਤਰਾਰੀ ਹੰਕਾਰੀ ਮੂੰਹ 'ਤੇ ਅੱਜ ਕੁਝ ਅਜਿਹੀ ਨਿਰਮਾਣਤਾ, ਕੁਝ ਅਜਿਹਾ ਸੰਕੋਚ ਸੀ ਕਿ ਮੈਂ ਹੈਰਾਨ ਹੋ ਗਿਆ। ਇੰਜ ਲੱਗ ਰਿਹਾ ਸੀ ਜਿਵੇਂ ਉਹ ਕੋਈ ਜਵਾਬ ਦੇਣਾ ਚਾਹੁੰਦਾ ਹੈ, ਪਰ ਸ਼ਬਦ ਨਹੀਂ ਲੱਭ ਰਹੇ।

ਮੈਂ ਜ਼ਰਾ ਨਿਮਰ ਹੋ ਕੇ ਕਿਹਾ, "ਗੱਲ ਕੀ ਹੈ? ਬੋਲਦਾ ਕਿਉਂ ਨਹੀਂ? ਤੂੰ ਜਾਣਦਾ ਹੈਂ, ਇਹ ਮੇਰਾ ਸੈਰ ਕਰਨ ਦਾ ਵਕਤ ਹੈ। ਮੈਨੂੰ ਦੇਰੀ ਹੋ ਰਹੀ ਹੈ।"

ਗੰਗੂ ਨੇ ਨਿਰਾਸ਼ਾ ਭਰੀ ਆਵਾਜ਼ ਵਿਚ ਕਿਹਾ, "ਤਾਂ ਤੁਸੀਂ ਸੈਰ ਕਰਨ ਜਾਓ, ਮੈਂ ਫਿਰ ਆਊਂਗਾ।"

ਇਹ ਸਥਿਤੀ ਹੋਰ ਵੀ ਚਿੰਤਾਜਨਕ ਸੀ। ਇਸ ਕਾਹਲੀ ਵਿਚ ਤਾਂ ਉਹ ਇੱਕ ਛਿਣ ਵਿਚ ਆਪਣਾ ਪੂਰਾ ਬਿਰਤਾਂਤ ਸੁਣਾਏਗਾ। ਉਹ ਜਾਣਦਾ ਸੀ ਕਿ ਮੇਰੇ ਕੋਲ ਜ਼ਿਆਦਾ ਸਮਾਂ ਨਹੀਂ, ਦੂਜੇ ਮੌਕੇ ਉਤੇ ਤਾਂ ਦੁਸ਼ਟ ਘੰਟਿਆਂਬੱਧੀ ਰੋਂਦਾ। ਮੇਰੇ ਕੁਝ ਪੜ੍ਹਨ-ਲਿਖਣ ਨੂੰ ਤਾਂ ਇਹ ਸ਼ਾਇਦ ਕੁਝ ਕੰਮ ਸਮਝਦਾ ਹੋਵੇ ਪਰ ਵਿਚਾਰ ਨੂੰ ਜੋ ਮੇਰੇ ਲਈ ਬੜੀ ਔਖੀ ਸਾਧਨਾ ਹੈ, ਇਹ ਵਿਹਲੇਪਣ ਦਾ ਸਮਾਂ ਸਮਝਦਾ ਹੈ। ਇਹ ਉਸੇ ਵਕਤ ਆ ਕੇ ਮੇਰੇ ਸਿਰ 'ਤੇ ਸਵਾਰ ਹੋ ਜਾਂਦਾ।

ਮੈਂ ਕੁਝ ਰੁੱਖਾ ਜਿਹਾ ਹੋ ਕੇ ਕਿਹਾ, "ਪੇਸ਼ਗੀ ਲੈਣ ਆਇਐਂ? ਮੈਂ ਪੇਸ਼ਗੀ ਨਹੀਂ ਦਿੰਦਾ।"

"ਜੀ ਨਹੀਂ ਸਰਕਾਰ, ਮੈਂ ਤਾਂ ਕਦੇ ਵੀ ਕੁਝ ਪੇਸ਼ਗੀ ਨਹੀਂ ਮੰਗਿਆ।"

"ਫਿਰ ਕਿਸੇ ਦੀ ਸ਼ਿਕਾਇਤ ਕਰਨੀ ਚਾਹੁੰਨੈਂ? ਮੈਨੂੰ ਸ਼ਿਕਾਇਤ ਨਾਲ ਨਫ਼ਰਤ ਹੈ।"

"ਜੀ ਨਹੀਂ ਸਰਕਾਰ, ਮੈਂ ਤਾਂ ਕਦੇ ਕਿਸੇ ਦੀ ਸ਼ਿਕਾਇਤ ਹੀ ਨਹੀਂ ਕੀਤੀ।"

ਗੰਗੂ ਨੇ ਆਪਣਾ ਦਿਲ ਮਜ਼ਬੂਤ ਕੀਤਾ। ਉਸ ਦੇ ਚਿਹਰੇ ਤੋਂ ਸਾਫ਼ ਝਲਕ ਰਿਹਾ ਸੀ ਜਿਵੇਂ ਉਹ ਕੋਈ ਛਾਲ ਮਾਰਨ ਲਈ ਆਪਣੀਆਂ ਸਾਰੀਆਂ ਸ਼ਕਤੀਆਂ ਨੂੰ ਇਕੱਠਾ ਕਰ ਰਿਹਾ ਹੋਵੇ। ਉਹ ਲੜਖੜਾਉਂਦੀ ਆਵਾਜ਼ ਵਿਚ ਬੋਲਿਆ, "ਮੈਨੂੰ ਤੁਸੀਂ ਛੁੱਟੀ ਦੇ ਦਿਓ, ਮੈਂ ਹੁਣ ਨੌਕਰੀ ਨਹੀਂ ਕਰ ਸਕਦਾ।"

ਇਹ ਇਸ ਕਿਸਮ ਦੀ ਪਹਿਲੀ ਪੇਸ਼ਕਸ਼ ਸੀ ਜੋ ਮੇਰੇ ਕੰਨਾਂ ਵਿਚ ਪਈ। ਮੇਰੇ ਅਹਿਮ ਨੂੰ ਸੱਟ ਲੱਗੀ। ਮੈਂ ਜੋ ਆਪਣੇ-ਆਪ ਨੂੰ ਮਨੁੱਖਤਾ ਦਾ ਪੁਤਲਾ ਸਮਝਦਾ ਹਾਂ, ਆਪਣੇ ਨੌਕਰਾਂ ਨੂੰ ਵੀ ਸਖ਼ਤ ਸ਼ਬਦ ਨਹੀਂ ਕਹਿੰਦਾ। ਆਪਣੇ ਮਾਲਕੀ ਭਾਵ ਨੂੰ ਸਾਧ ਕੇ ਮਿਆਨ 'ਚ ਰੱਖਣ ਦੀ ਕੋਸ਼ਿਸ਼ ਕਰਦਾ ਹਾਂ, ਤਾਂ ਮੈਂ ਇਸ ਪੇਸ਼ਕਸ਼ 'ਤੇ ਕਿਉਂ ਨਾ ਹੈਰਾਨ ਹੋਵਾਂ! ਸਖ਼ਤ ਆਵਾਜ਼ ਵਿਚ ਪੁੱਛਿਆ, "ਕਿਉਂ ਕੀ ਸ਼ਿਕਾਇਤ ਹੈ?"

"ਤੁਸੀਂ ਤਾਂ ਜਨਾਬ ਅਜਿਹਾ ਅੱਛਾ ਸੁਭਾਅ ਪਾਇਆ ਹੈ, ਉਸ ਤਰ੍ਹਾਂ ਦਾ ਕੌਣ ਪਾ ਲਊ ਪਰ ਗੱਲ ਹੀ ਇਸ ਕਿਸਮ ਦੀ ਹੋ ਗਈ ਕਿ ਹੁਣ ਮੈਂ ਤੁਹਾਡੇ ਕੋਲ ਨਹੀਂ ਰਹਿ ਸਕਦਾ। ਅਜਿਹਾ ਨਾ ਹੋਵੇ ਕਿ ਪਿੱਛੋਂ ਕੋਈ ਗੱਲਬਾਤ ਹੋ ਜਾਵੇ ਤੇ ਤੁਹਾਡੀ ਬਦਨਾਮੀ ਹੋ ਜਾਵੇ। ਮੈਂ ਨਹੀਂ ਚਾਹੁੰਦਾ ਕਿ ਮੇਰੇ ਕਰ ਕੇ ਤੁਹਾਡੀ ਇੱਜ਼ਤ ਨੂੰ ਦਾਗ ਲੱਗੇ।"

ਮੇਰੇ ਅੰਦਰ ਉਲਝਣ ਪੈਦਾ ਹੋ ਗਈ। ਉਤਸੁਕਤਾ ਦੀ ਅੱਗ ਤੇਜ਼ ਹੋਣ ਲੱਗੀ। ਆਤਮ-ਸਮਰਪਣ ਦੇ ਭਾਵ ਨਾਲ ਬਰਾਮਦੇ 'ਚ ਪਈ ਕੁਰਸੀ 'ਤੇ ਬੈਠਦਿਆਂ ਕਿਹਾ, "ਤੂੰ ਤਾਂ ਬੁਝਾਰਤਾਂ ਪਾ ਰਿਹੈਂ। ਸਾਫ਼-ਸਾਫ਼ ਕਿਉਂ ਨਹੀਂ ਦੱਸਦਾ, ਮਾਮਲਾ ਕੀ ਹੈ?"

ਗੰਗੂ ਨੇ ਬੜੀ ਨਿਮਰਤਾ ਨਾਲ ਕਿਹਾ, "ਗੱਲ ਇਹ ਹੈ ਕਿ ਉਹ ਤੀਵੀਂ ਜੋ ਹੁਣੇ-ਹੁਣੇ ਵਿਧਵਾ ਆਸ਼ਰਮ 'ਚੋਂ ਕੱਢ ਦਿੱਤੀ ਹੈ, ਗੋਮਤੀ ਦੇਵੀ...।"

ਉਹ ਚੁੱਪ ਹੋ ਗਿਆ। ਮੈਂ ਕਾਹਲਾ ਪੈਂਦਿਆਂ ਕਿਹਾ, "ਹਾਂ, ਕੱਢ ਦਿੱਤੀ ਹੈ...ਫਿਰ? ਤੇਰੀ ਨੌਕਰੀ ਨਾਲ ਉਹਦਾ ਕੀ ਸਬੰਧ?"

"ਮੈਂ ਉਹਦੇ ਨਾਲ ਵਿਆਹ ਕਰਾਉਣਾ ਚਾਹੁੰਦਾ ਹਾਂ ਬਾਬੂ ਜੀ।"

ਮੈਂ ਹੈਰਾਨੀ ਨਾਲ ਉਹਦਾ ਮੂੰਹ ਤੱਕਣ ਲੱਗਾ। ਇਹ ਪੁਰਾਣੇ ਵਿਚਾਰਾਂ ਦਾ ਮੂਰਖ ਬ੍ਰਾਹਮਣ ਜਿਸ ਨੂੰ ਨਵੇਂ ਜ਼ਮਾਨੇ ਦੀ ਹਵਾ ਤਕ ਨ੍ਹੀਂ ਲੱਗੀ, ਓਸ ਬਦਚਲਣ ਨਾਲ ਵਿਆਹ ਕਰਨ ਜਾ ਰਿਹਾ ਹੈ ਜਿਸ ਨੂੰ ਕੋਈ ਭਲਾ ਪੁਰਸ਼ ਆਪਣੇ ਘਰ ਵਿਚ ਕਦਮ ਨਹੀਂ ਰੱਖਣ ਦਿੰਦਾ। ਗੋਮਤੀ ਨੇ ਮੁਹੱਲੇ ਦੇ ਸ਼ਾਂਤ ਵਾਤਾਵਰਨ ਵਿਚ ਹਿਲਜੁਲ ਪੈਦਾ ਕਰ ਦਿੱਤੀ ਸੀ। ਕਈ ਸਾਲ ਪਹਿਲਾਂ ਉਹ ਵਿਧਵਾ ਆਸ਼ਰਮ ਵਿਚ ਆਈ ਸੀ। ਤਿੰਨ ਵਾਰ ਆਸ਼ਰਮ ਦੇ ਕਰਮਚਾਰੀਆਂ ਨੇ ਉਹਦਾ ਵਿਆਹ ਕੀਤਾ ਪਰ ਹਰ ਵਾਰ ਉਹ ਮਹੀਨੇ-ਪੰਦਰਾਂ ਦਿਨਾਂ 'ਚ ਵਾਪਸ ਆ ਜਾਂਦੀ ਸੀ। ਇੱਥੋਂ ਤਕ ਕਿ ਆਸ਼ਰਮ ਦੇ ਮੁਖੀ ਨੇ ਐਤਕੀਂ ਉਹਨੂੰ ਆਸ਼ਰਮ ਵਿਚੋਂ ਹੀ ਕੱਢ ਦਿੱਤਾ। ਉਦੋਂ ਤੋਂ ਉਹ ਇਸੇ ਮੁਹੱਲੇ 'ਚ ਕੋਠੜੀ ਲੈ ਕੇ ਰਹਿਣ ਲੱਗ ਪਈ ਸੀ ਅਤੇ ਸਾਰੇ ਮੁਹੱਲੇ ਲਈ ਮਨੋਰੰਜਨ ਦਾ ਕੇਂਦਰ ਬਣੀ ਹੋਈ ਸੀ।

ਮੈਨੂੰ ਗੰਗੂ 'ਤੇ ਗੁੱਸਾ ਵੀ ਆਇਆ ਤੇ ਤਰਸ ਵੀ। ਇਸ ਨੂੰ ਸਾਰੀ ਦੁਨੀਆਂ 'ਚ ਕੋਈ ਔਰਤ ਹੀ ਨਹੀਂ ਮਿਲੀ, ਜਿਹੜਾ ਇਹਦੇ ਨਾਲ ਵਿਆਹ ਕਰਨ ਜਾ ਰਿਹਾ ਹੈ। ਜਦੋਂ ਉਹ ਤਿੰਨ ਵਾਰ ਆਪਣੇ ਪਤੀਆਂ ਕੋਲੋਂ ਭੱਜ ਆਈ ਤਾਂ ਇਹਦੇ ਕੋਲ ਕਿੰਨੇ ਕੁ ਦਿਨ ਰਹੇਗੀ? ਕੋਈ ਗੰਢ ਦਾ ਪੂਰਾ ਆਦਮੀ ਹੁੰਦਾ ਤਾਂ ਗੱਲ ਹੋਰ ਸੀ। ਸ਼ਾਇਦ ਸਾਲ ਛੇ ਮਹੀਨੇ ਟਿਕ ਜਾਂਦੀ। ਇਹ ਤਾਂ ਨਿਰਾ ਅੱਖਾਂ ਦਾ ਅੰਨ੍ਹਾ ਹੈ। ਇੱਕ ਹਫਤੇ ਤਕ ਨ੍ਹੀਂ ਚੱਲਣਾ ਇਹ ਡੋਲਾ।



ਮੈਂ ਚਿਤਾਵਨੀ ਦੇ ਭਾਵ ਨਾਲ ਪੁੱਛਿਆ, "ਤੈਨੂੰ ਇਸ ਔਰਤ ਦੀ ਜੀਵਨ ਕਹਾਣੀ ਦਾ ਪਤਾ ਹੈ?"

ਗੰਗੂ ਨੇ ਅੱਖੀਂ ਦੇਖੀ ਘਟਨਾ ਵਾਂਗ ਕਿਹਾ, "ਸਭ ਝੂਠ ਹੈ ਸਰਕਾਰ, ਲੋਕਾਂ ਨੇ ਉਸ ਨੂੰ ਐਵੇਂ ਬਦਨਾਮ ਕਰ ਦਿੱਤਾ।"

"ਕੀ ਕਹਿੰਦਾ ਏਂ, ਉਹ ਤਿੰਨ ਵਾਰ ਆਪਣੇ ਪਤੀਆਂ ਕੋਲੋਂ ਨਹੀਂ ਭੱਜੀ?"

"ਉਨ੍ਹਾਂ ਲੋਕਾਂ ਨੇ ਉਹਨੂੰ ਘਰੋਂ ਕੱਢਿਆ, ਤਾਂ ਕੀ ਕਰਦੀ?"

"ਕਿੰਨਾ ਬੁੱਧੂ ਏਂ ਤੂੰ! ਕੋਈ ਇੰਨੀ ਦੂਰੋਂ ਆ ਕੇ ਵਿਆਹ ਕੇ ਲੈ ਜਾਂਦਾ ਹੈ, ਹਜ਼ਾਰਾਂ ਰੁਪਏ ਖ਼ਰਚ ਕਰਦਾ ਹੈ, ਇਸ ਕਰ ਕੇ ਕਿ ਔਰਤ ਨੂੰ ਘਰੋਂ ਕੱਢ ਦੇਵੇ।"

ਗੰਗੂ ਭਾਵੁਕ ਹੋ ਗਿਆ, "ਜਿੱਥੇ ਪਿਆਰ ਨਹੀਂ ਹਜ਼ੂਰ, ਉਥੇ ਕੋਈ ਤੀਵੀਂ ਨਹੀਂ ਰਹਿ ਸਕਦੀ। ਇਸਤਰੀ ਸਿਰਫ਼ ਰੋਟੀ ਕੱਪੜਾ ਹੀ ਨਹੀਂ ਚਾਹੁੰਦੀ, ਪਿਆਰ ਵੀ ਚਾਹੁੰਦੀ ਹੈ। ਉਹ ਲੋਕ ਸਮਝਦੇ ਹੋਣਗੇ ਕਿ ਅਸੀਂ ਵਿਧਵਾ ਔਰਤ ਨਾਲ ਵਿਆਹ ਕਰ ਕੇ ਉਸ 'ਤੇ ਕੋਈ ਅਹਿਸਾਨ ਕੀਤਾ ਹੈ। ਚਾਹੁੰਦੇ ਹੋਣਗੇ ਕਿ ਤਨ-ਮਨ ਤੋਂ ਉਹ ਉਨ੍ਹਾਂ ਦੀ ਹੋ ਜਾਵੇ ਪਰ ਦੂਜਿਆਂ ਨੂੰ ਆਪਣਾ ਬਣਾਉਣ ਤੋਂ ਪਹਿਲਾਂ ਆਪ ਉਨ੍ਹਾਂ ਦਾ ਬਣਨਾ ਪੈਂਦਾ ਹੈ ਹਜ਼ੂਰ। ਫਿਰ ਉਹਨੂੰ ਇੱਕ ਬਿਮਾਰੀ ਵੀ ਹੈ। ਉਹਨੂੰ ਕੋਈ ਭੂਤ ਚਿੰਬੜਿਆ ਹੋਇਆ ਹੈ। ਉਹ ਕਦੇ-ਕਦੇ ਗਲ ਘੁੱਟਣ ਲੱਗ ਜਾਂਦੀ ਹੈ ਤੇ ਬੇਹੋਸ਼ ਹੋ ਜਾਂਦੀ ਹੈ।"

"... ਤੇ ਤੂੰ ਇਹੋ ਜਿਹੀ ਔਰਤ ਨਾਲ ਵਿਆਹ ਕਰੇਂਗਾ?" ਮੈਂ ਸ਼ੱਕੀ ਭਾਵ ਨਾਲ ਕਿਹਾ, "ਸੋਚ ਲੈ, ਜੀਵਨ ਕੌੜਾ ਹੋ ਜਾਣਾ ਹੈ!"

ਗੰਗੂ ਨੇ ਸ਼ਹੀਦਾਂ ਵਰਗੇ ਵੇਗ ਵਿਚ ਕਿਹਾ, "ਮੈਂ ਤਾਂ ਸਮਝਦਾ ਹਾਂ ਮੇਰੀ ਜ਼ਿੰਦਗੀ ਬਣ ਜਾਣੀ ਹੈ ਸਰਕਾਰ। ਅੱਗੇ ਪਰਮਾਤਮਾ ਦੀ ਮਰਜ਼ੀ।"

ਮੈਂ ਜ਼ੋਰ ਦੇ ਕੇ ਕਿਹਾ, "ਤਾਂ ਫਿਰ ਤੂੰ ਤੈਅ ਕਰ ਲਿਆ?"

"ਹਾਂ, ਹਜ਼ੂਰ।"

"ਤਾਂ ਫਿਰ ਮੈਂ ਤੇਰਾ ਅਸਤੀਫ਼ਾ ਪ੍ਰਵਾਨ ਕਰਦਾ ਹਾਂ।"

ਮੈਂ ਫਜ਼ੂਲ ਪ੍ਰੰਪਰਾਵਾਂ ਅਤੇ ਵਿਅਰਥ ਬੰਧਨਾਂ ਦਾ ਦਾਸ ਨਹੀਂ ਹਾਂ ਪਰ ਜਿਹੜਾ ਬੰਦਾ ਨੀਚ ਔਰਤ ਨਾਲ ਵਿਆਹ ਕਰਵਾਵੇ, ਉਹਨੂੰ ਆਪਣੇ ਕੋਲ ਰੱਖਣਾ ਸੱਚਮੁੱਚ ਬਹੁਤ ਔਖਾ ਹੈ। ਆਏ ਦਿਨ ਸੌ ਪੰਗੇ ਖੜ੍ਹੇ ਰਹਿਣਗੇ। ਨਵੀਆਂ-ਨਵੀਆਂ ਉਲਝਣਾਂ ਪੈਦਾ ਹੋਣਗੀਆਂ। ਕਦੇ ਪੁਲਿਸ ਆਵੇਗੀ, ਕਦੇ ਮੁਕੱਦਮੇ ਖੜ੍ਹੇ ਹੋਣਗੇ। ਸੰਭਵ ਹੈ ਕਿ ਚੋਰੀ ਦੀਆਂ ਵਾਰਦਾਤਾਂ ਵੀ ਹੋ ਜਾਣ। ਇਸ ਦਲਦਲ ਤੋਂ ਦੂਰ ਹੀ ਚੰਗੇ। ਗੰਗੂ ਭੁੱਖ ਪੀੜਤ ਬੰਦੇ ਵਾਂਗ ਰੋਟੀ ਦਾ ਟੁਕੜਾ ਦੇਖ ਕੇ ਉਸ ਵੱਲ ਆਹੁਲ ਰਿਹਾ ਹੈ। ਰੋਟੀ ਜੂਠੀ ਹੈ, ਸੁੱਕੀ ਹੋਈ ਹੈ, ਖਾਣਯੋਗ ਨਹੀਂ, ਇਸ ਦੀ ਉਸ ਨੂੰ ਪ੍ਰਵਾਹ ਨਹੀਂ, ਉਹਨੂੰ ਸੋਚ-ਸਮਝ ਤੋਂ ਕੰਮ ਲੈਣਾ ਔਖਾ ਸੀ। ਮੈਂ ਉਸ ਨੂੰ ਆਪਣੇ ਨਾਲੋਂ ਵੱਖ ਕਰਨ ਵਿਚ ਹੀ ਭਲਾਈ ਸਮਝੀ।

ਪੰਜ ਮਹੀਨੇ ਲੰਘ ਗਏ। ਗੰਗੂ ਤੇ ਗੋਮਤੀ ਨੇ ਵਿਆਹ ਕਰ ਲਿਆ ਸੀ ਅਤੇ ਉਸ ਮੁਹੱਲੇ ਵਿਚ ਖਪਰੈਲ ਦਾ ਘਰ ਲੈ ਕੇ ਰਹਿੰਦੇ ਸੀ। ਉਹ ਚਾਟ ਦੀ ਰੇਹੜੀ ਲਾ ਕੇ ਗੁਜ਼ਾਰਾ ਕਰਦਾ ਸੀ। ਮੈਨੂੰ ਕਦੇ ਬਾਜ਼ਾਰ ਵਿਚ ਮਿਲ ਜਾਂਦਾ ਤਾਂ ਮੈਂ ਉਸ ਦਾ ਹਾਲ-ਚਾਲ ਪੁੱਛਦਾ। ਮੈਨੂੰ ਉਸ ਦੇ ਜੀਵਨ ਵਿਚ ਖ਼ਾਸ ਦਿਲਚਸਪੀ ਹੋ ਗਈ ਸੀ। ਇਹ ਇੱਕ ਸਮਾਜਕ ਸਵਾਲ ਦੀ ਪ੍ਰੀਖਿਆ ਸੀ। ਸਮਾਜਕ ਹੀ ਨਹੀਂ, ਮਨੋਵਿਗਿਆਨਕ ਵੀ। ਮੈਂ ਦੇਖਣਾ ਚਾਹੁੰਦਾ ਸਾਂ, ਇਸ ਦਾ ਨਤੀਜਾ ਕੀ ਨਿਕਲਦਾ ਹੈ। ਮੈਂ ਗੰਗੂ ਨੂੰ ਹਮੇਸ਼ਾਂ ਖ਼ੁਸ਼ ਵੇਖਦਾ। ਅਮੀਰੀ ਅਤੇ ਨਿਸ਼ਚਿੰਤਤਾ ਕਾਰਨ ਮੁੱਖ 'ਤੇ ਜਲੌਅ ਅਤੇ ਸੁਭਾਅ ਵਿਚ ਜੋ ਆਤਮ-ਵਿਸ਼ਵਾਸ ਪੈਦਾ ਹੋ ਜਾਂਦਾ ਹੈ, ਉਹ ਉਸ ਦੇ ਚਿਹਰੇ ਤੋਂ ਸਾਫ਼ ਝਲਕਦਾ ਸੀ। ਰੁਪਏ ਸਵਾ ਰੁਪਏ ਦੀ ਰੋਜ਼ ਵਿਕਰੀ ਹੋ ਜਾਂਦੀ ਸੀ। ਇਸ 'ਚੋਂ ਲਾਗਤ ਕੱਢ ਕੇ ਅੱਠ-ਦਸ ਆਨੇ ਬਚ ਜਾਂਦੇ ਸਨ। ਇਹੀ ਉਸ ਦਾ ਨਿਰਬਾਹ ਸੀ ਪਰ ਇਸ ਵਿਚ ਕਿਸੇ ਦੇਵਤੇ ਦਾ ਵਰਦਾਨ ਸੀ। ਉਸ ਦੇ ਚਿਹਰੇ 'ਤੇ ਆਤਮ-ਵਿਸ਼ਵਾਸ ਅਤੇ ਆਨੰਦ ਦੀ ਝਲਕ ਸੀ ਜੋ ਚਿੱਤ ਦੀ ਸ਼ਾਂਤੀ ਨਾਲ ਹੀ ਆ ਸਕਦੀ ਸੀ।

ਇੱਕ ਦਿਨ ਮੈਂ ਸੁਣਿਆ ਕਿ ਗੋਮਤੀ ਗੰਗੂ ਦੇ ਘਰੋਂ ਭੱਜ ਗਈ ਹੈ। ਕਹਿ ਨਹੀਂ ਸਕਦਾ ਕਿਉਂ? ਮੈਨੂੰ ਇਸ ਖ਼ਬਰ ਨਾਲ ਵੱਖਰਾ ਜਿਹਾ ਆਨੰਦ ਮਿਲਿਆ। ਮੈਨੂੰ ਗੰਗੂ ਦੇ ਸੁਖੀ ਤੇ ਸੰਤੁਸ਼ਟ ਜੀਵਨ 'ਤੇ ਇੱਕ ਤਰ੍ਹਾਂ ਨਾਲ ਈਰਖਾ ਹੁੰਦੀ ਸੀ।

ਮੈਂ ਉਸ ਬਾਰੇ ਕਿਸੇ ਘਾਟੇ, ਕਿਸੇ ਘਾਤਕ ਅਣਹੋਣੀ, ਕਿਸੇ ਇੱਜ਼ਤ-ਮਾਣ ਨਾਲ ਜੁੜੀ ਘਟਨਾ ਦੀ ਉਡੀਕ ਕਰ ਰਿਹਾ ਸੀ। ਇਸ ਖ਼ਬਰ ਨਾਲ ਇਸ ਈਰਖਾ ਨੂੰ ਰਾਹਤ ਮਿਲੀ। ਆਖ਼ਰ ਉਹੀ ਹੋਇਆ ਜਿਸ ਦਾ ਮੈਨੂੰ ਵਿਸ਼ਵਾਸ ਸੀ। ਮੈਂ ਸੋਚਿਆ, ਬੱਚੂ ਨੂੰ ਆਪਣੀ ਕੀਤੀ ਦਾ ਦੰਡ ਭੋਗਣਾ ਪੈ ਗਿਆ, ਹੁਣ ਦੇਖਦੇ ਹਾਂ ਕਿਹੜਾ ਮੂੰਹ ਲੈ ਕੇ ਸਾਹਮਣੇ ਆਉਂਦਾ ਹੈ। ਹੁਣ ਅੱਖਾਂ ਖੁੱਲ੍ਹਣਗੀਆਂ ਤਾਂ ਪਤਾ ਲੱਗੇਗਾ ਕਿ ਜਿਹੜੇ ਲੋਕ ਇਸ ਨੂੰ ਵਿਆਹ ਤੋਂ ਰੋਕ ਰਹੇ ਸਨ, ਕਿੰਨੇ ਸ਼ੁਭਚਿੰਤਕ ਸਨ। ਉਸ ਵਕਤ ਇੰਜ ਲੱਗਦਾ ਸੀ ਜਿਵੇਂ ਆਪ ਨੂੰ ਕੋਈ ਦੂਰ ਦੁਰਲੱਭ ਚੀਜ਼ ਪ੍ਰਾਪਤ ਹੋ ਰਹੀ ਹੋਵੇ। ਜਿਵੇਂ ਕੋਈ ਮੁਕਤੀ ਦਾ ਦੁਆਰ ਖੁੱਲ੍ਹ ਗਿਆ ਹੋਵੇ। ਲੋਕਾਂ ਨੇ ਕਿੰਨਾ ਸਮਝਾਇਆ, ਬਈ ਇਹ ਔਰਤ ਵਿਸ਼ਵਾਸਯੋਗ ਨਹੀਂ। ਕਿੰਨਿਆਂ ਨੂੰ ਦਗ਼ਾ ਦੇ ਚੁੱਕੀ ਹੈ, ਤੈਨੂੰ ਵੀ ਦਗ਼ਾ ਦੇਵੇਗੀ ਪਰ ਇਸ ਦੇ ਕੰਨ 'ਤੇ ਜੂੰ ਨਾ ਸਰਕੀ। ਹੁਣ ਮਿਲੇ, ਤਾਂ ਮਿਜ਼ਾਜ ਪੁੱਛਾਂ। ਕਹਾਂ-ਕਿਉਂ ਮਹਾਰਾਜ! ਦੇਵੀ ਜੀ ਦਾ ਇਹ ਵਰਦਾਨ ਪ੍ਰਾਪਤ ਕਰ ਕੇ ਖ਼ੁਸ਼ ਹੋਇਆ ਕਿ ਨਹੀਂ। ਤੂੰ ਤਾਂ ਕਹਿੰਦਾ ਸੀ ਉਹ ਇਹੀ ਹੈ, ਉਹ ਤੇਰੀ ਹੈ। ਲੋਕ ਉਸ 'ਤੇ ਮੰਦੀ ਭਾਵਨਾ ਕਰ ਕੇ ਦੋਸ਼ ਲਾਉਂਦੇ ਹਨ। ਹੁਣ ਦੱਸ ਕਿਸ ਦੀ ਭੁੱਲ ਸੀ?

ਉਸ ਦਿਨ ਕੁਦਰਤੀ ਗੰਗੂ ਨਾਲ ਬਾਜ਼ਾਰ ਵਿਚ ਮੁਲਾਕਾਤ ਹੋ ਗਈ। ਘਬਰਾਇਆ ਹੋਇਆ ਸੀ, ਬੇਸੁੱਧ ਸੀ। ਬਿਲਕੁਲ ਗੁੰਮਸੁੰਮ। ਮੈਨੂੰ ਦੇਖਦਿਆਂ ਹੀ ਉਸ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ। ਉਹ ਪੀੜਤ ਭਾਵ ਨਾਲ ਮੇਰੇ ਕੋਲ ਆ ਕੇ ਬੋਲਿਆ, "ਬਾਬੂ ਜੀ! ਗੋਮਤੀ ਨੇ ਮੇਰੇ ਨਾਲ ਵਿਸ਼ਵਾਸਘਾਤ ਕੀਤਾ ਹੈ।" ਮੈਂ ਮਿਲੇ ਹੋਏ ਆਨੰਦ ਨਾਲ, ਪਰ ਬਣਾਉਟੀ ਹਮਦਰਦੀ ਦਿਖਾਉਂਦਿਆਂ ਕਿਹਾ, "ਤੈਨੂੰ ਤਾਂ ਮੈਂ ਪਹਿਲਾਂ ਹੀ ਕਿਹਾ ਸੀ ਪਰ ਤੂੰ ਮੰਨਿਆ ਨਹੀਂ। ਹੁਣ ਸਬਰ ਕਰ। ਇਸ ਤੋਂ ਬਿਨਾਂ ਕੋਈ ਹੱਲ ਨਹੀਂ। ਪੈਸਾ-ਟਕਾ ਲੈ ਗਈ ਜਾਂ ਕੁਝ ਛੱਡ ਗਈ?"

ਗੰਗੂ ਨੇ ਛਾਤੀ 'ਤੇ ਹੱਥ ਰੱਖਿਆ। ਇਸ ਤਰ੍ਹਾਂ ਲੱਗਿਆ ਜਿਵੇਂ ਮੇਰੇ ਇਸ ਸਵਾਲ ਨੇ ਉਸ ਦਾ ਦਿਲ ਵਿਚਕਾਰੋਂ ਚੀਰ ਦਿੱਤਾ ਹੋਵੇ।

"ਓ...ਬਾਬੂ ਜੀ ਇੰਜ ਨਾ ਕਹੋ, ਉਸ ਨੇ ਧੇਲੇ ਦੀ ਚੀਜ਼ ਵੀ ਨ੍ਹੀਂ ਛੇੜੀ। ਆਪਣਾ ਜੋ ਕੁਝ ਸੀ, ਉਹ ਵੀ ਛੱਡ ਗਈ। ਪਤਾ ਨਹੀਂ, ਮੇਰੇ 'ਚ ਕੀ ਘਾਟ ਦੇਖੀ? ਮੈਂ ਉਹਦੇ ਯੋਗ ਨਹੀਂ ਸੀ। ਹੋਰ ਕੀ ਕਹਾਂ? ਉਹ ਪੜ੍ਹੀ-ਲਿਖੀ ਸੀ, ਮੇਰੇ ਲਈ ਕਾਲਾ ਅੱਖਰ ਮੱਝ ਬਰਾਬਰ। ਮੇਰੇ ਕੋਲ ਇੰਨੇ ਦਿਨ ਰਹੀ। ਇਹੀ ਬਹੁਤ ਸੀ। ਕੁਝ ਦਿਨ ਹੋਰ ਉਹਦੇ ਨਾਲ ਰਹਿ ਜਾਂਦਾ, ਤਾਂ ਬੰਦਾ ਬਣ ਜਾਂਦਾ। ਉਹਦੇ ਬਾਰੇ ਤੁਹਾਨੂੰ ਕੀ-ਕੀ ਦੱਸਾਂ ਹਜ਼ੂਰ? ਹੋਰਾਂ ਵਾਸਤੇ ਭਾਵੇਂ ਕੁਝ ਵੀ ਹੋਵੇ, ਪਰ ਮੇਰੇ ਵਾਸਤੇ ਤਾਂ ਪਰਮਾਤਮਾ ਦਾ ਆਸ਼ੀਰਵਾਦ ਸੀ, ਪਰ ਪਤਾ ਨਹੀਂ ਕਿੱਥੇ ਖ਼ਤਾ ਹੋ ਗਈ; ਪਰ ਸਹੁੰ ਲੈ ਲਓ, ਜੇ ਉਹਦੇ ਚਿਹਰੇ 'ਤੇ ਭੈੜ ਆਇਆ ਹੋਵੇ। ਮੇਰੀ ਔਕਾਤ ਕੀ ਹੈ, ਬਾਬੂ ਜੀ! ਦਸ-ਬਾਰਾਂ ਆਨਿਆਂ ਦਾ ਮਜ਼ਦੂਰ ਹਾਂ! ਪਰ ਇਸੇ ਵਿਚ ਉਹਦੇ ਹੱਥਾਂ ਵਿਚ ਇੰਨੀ ਬਰਕਤ ਸੀ ਕਿ ਕਦੇ ਕਿਸੇ ਚੀਜ਼ ਦੀ ਕਮੀ ਨਹੀਂ ਆਈ।"

ਮੈਨੂੰ ਇਨ੍ਹਾਂ ਸ਼ਬਦਾਂ ਨਾਲ ਬਹੁਤ ਨਿਰਾਸ਼ਾ ਹੋਈ। ਮੈਂ ਸਮਝਦਾ ਸੀ, ਉਹ ਗੋਮਤੀ ਦੀ ਬੇਵਫ਼ਾਈ ਦੀ ਕਹਾਣੀ ਸੁਣਾਏਗਾ ਤੇ ਮੈਂ ਉਸ ਦੀ ਅੰਨ੍ਹੀ ਭਗਤੀ 'ਤੇ ਕੁਝ ਹਮਦਰਦੀ ਪ੍ਰਗਟ ਕਰਾਂਗਾ, ਪਰ ਉਸ ਮੂਰਖ ਦੀਆਂ ਅੱਖਾਂ ਤਾਂ ਹਾਲੇ ਵੀ ਨਹੀਂ ਖੁੱਲ੍ਹੀਆਂ। ਅਜੇ ਵੀ ਉਸ ਦਾ ਮੰਤਰ ਪੜ੍ਹ ਰਿਹਾ ਹੈ। ਲੱਗਦਾ, ਅਜੇ ਵੀ ਇਹਦਾ ਚਿੱਤ ਟਿਕਾਣੇ ਨਹੀਂ।

ਮੈਂ ਕਪਟੀ ਯਤਨ ਆਰੰਭ ਕੀਤਾ, "ਤਾਂ ਤੇਰੇ ਘਰ 'ਚੋਂ ਕੁਝ ਨਹੀਂ ਲੈ ਕੇ ਗਈ?"

"ਕੁਝ ਵੀ ਨਹੀਂ ਬਾਬੂ ਜੀ, ਧੇਲੇ ਦੀ ਚੀਜ਼ ਵੀ ਨਹੀਂ।"

"ਤੇ ਤੈਨੂੰ ਪਿਆਰ ਵੀ ਬਹੁਤ ਕਰਦੀ ਸੀ?"

"ਹੁਣ ਕੀ ਦੱਸਾਂ ਬਾਬੂ ਜੀ, ਉਹ ਪਿਆਰ ਤਾਂ ਆਖ਼ਰੀ ਸਾਹ ਤਕ ਯਾਦ ਰਹੇਗਾ।"

"ਫਿਰ ਵੀ ਤੈਨੂੰ ਛੱਡ ਕੇ ਚਲੀ ਗਈ?"

"ਇਹੀ ਤਾਂ ਹੈਰਾਨੀ ਦੀ ਗੱਲ ਹੈ, ਬਾਬੂ ਜੀ।"

"ਤ੍ਰੀਆ-ਚਰਿੱਤਰ ਦਾ ਨਾਂ ਸੁਣਿਆ ਕਦੇ?"

"ਉਫ਼...ਬਾਬੂ ਜੀ ਇੰਜ ਨਾ ਕਹੋ। ਕੋਈ ਮੇਰੇ ਗਲੇ 'ਤੇ ਛੁਰੀ ਰੱਖ ਦੇਵੇ, ਤਾਂ ਵੀ ਮੈਂ ਉਹਦਾ ਗੁਣ ਗਾਊਂਗਾ।"

"ਫਿਰ ਲੱਭ ਲਿਆ...।"

"ਹਾਂ ਮਾਲਿਕ, ਜਦੋਂ ਤਕ ਉਹਨੂੰ ਲੱਭ ਨ੍ਹੀਂ ਲੈਂਦਾ, ਮੇਰੇ ਮਨ ਨੂੰ ਤਸੱਲੀ ਨਹੀਂ ਹੁੰਦੀ। ਮੈਨੂੰ ਇੰਨਾ ਕੁ ਪਤਾ ਲੱਗ ਜਾਵੇ ਕਿ ਉਹ ਹੈ ਕਿੱਥੇ, ਫਿਰ ਤਾਂ ਮੈਂ ਲਾਜ਼ਮੀ ਲੈ ਆਵਾਂਗਾ। ਮੇਰਾ ਦਿਲ ਕਹਿੰਦਾ ਹੈ ਬਾਬੂ ਜੀ, ਉਹ ਆਵੇਗੀ ਜ਼ਰੂਰ। ਦੇਖ ਲਿਓ। ਉਹ ਮੈਥੋਂ ਰੁੱਸ ਕੇ ਨ੍ਹੀਂ ਗਈ, ਪਰ ਦਿਲ ਨ੍ਹੀਂ ਮੰਨਦਾ। ਜਾਂਦਾ ਹਾਂ, ਮਹੀਨਾ-ਦੋ ਮਹੀਨੇ ਜੰਗਲਾਂ ਪਹਾੜਾਂ ਦੀ ਧੂੜ ਛਾਣਾਂਗਾ। ਜਿਉਂਦਾ ਰਿਹਾ

*(ਬਾਕੀ ਅਗਲੇ ਸਫੇ 'ਤੇ)*

ਤੇਰੀਆਂ ਗਲੀਆਂ-18



ਦਲਬੀਰ ਸਿੰਘ

# ਤੂਤਾਂ ਵਾਲਾ ਖੂਹ

***'ਤੂਤਾਂ ਵਾਲਾ ਖੂਹ' ਵਿਚ ਦਲਬੀਰ ਸਿੰਘ ਨੇ ਖੂਹਾਂ ਬਾਰੇ ਚਰਚਾ ਕੀਤੀ ਹੈ ਜੋ ਹੁਣ ਕੱਲ੍ਹ ਦੀ ਕਹਾਣੀ ਬਣ ਗਏ ਹਨ। ਮਰਹੂਮ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਭਾਵੇਂ ਉਹਦੇ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਯਾਦਾਂ ਹਨ; ਪਰ ਯਾਦਾਂ ਦੀਆਂ ਇਹ ਲੜੀਆਂ ਫੈਲ ਕੇ ਸਮੁੱਚੇ ਪੰਜਾਬ ਦੇ ਪਿੰਡਾਂ ਦੀਆਂ ਯਾਦਾਂ ਨਾਲ ਜੁੜ ਗਈਆਂ ਜਾਪਦੀਆਂ ਹਨ। ਦਲਬੀਰ ਪਿੰਡ ਦੀ ਨਬਜ਼ ਉਤੇ ਆਪਣੀਆਂ ਉਂਗਲਾਂ ਦੇ ਪੋਟੇ ਰੱਖ ਕੇ ਇਹਦਾ ਹਾਲ-ਚਾਲ ਪੁੱਛਦਾ ਅਤੇ ਪਾਠਕਾਂ ਨੂੰ ਸੁਣਾ ਰਿਹਾ ਪ੍ਰਤੀਤ ਹੁੰਦਾ ਹੈ। ਨਾਲ ਹੀ ਮਹਿਸੂਸ ਹੁੰਦਾ ਹੈ ਜਿਵੇਂ ਇਸ ਲਿਖਤ ਰਾਹੀਂ ਉਹ ਪੁਰਾਣੇ ਪੰਜਾਬ ਨੂੰ ਹਾਕਾਂ ਮਾਰ ਰਿਹਾ ਹੈ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਤੇਜ਼ੀ ਨਾਲ ਬਦਲੇ ਹਨ। -ਸੰਪਾਦਕ***

ਗੱਜਾ ਸਿੰਘ ਦੇ ਪੁੱਤਰ ਡਾਕਟਰ ਕਰਮ ਸਿੰਘ ਤੋਂ ਬਾਅਦ ਨਿਧਾਨ ਸਿੰਘ ਦੇ ਖੂਹ ਦੀ ਗੱਲ ਕਰਨ ਨੂੰ ਚਿੱਤ ਕਰ ਆਇਆ ਹੈ। ਇਸ ਤੋਂ ਬਾਅਦ ਤੂਤਾਂ ਵਾਲੇ ਖੂਹ ਦਾ ਜ਼ਿਕਰ ਕਰਾਂਗਾ। ਨਿਧਾਨ ਸਿੰਘ ਦਾ ਖੂਹ, ਲੰਬੜਾਂ ਦੇ ਘਰ ਜਿਥੇ ਮੈਂ ਆਪਣੀ ਬੇਟੀ ਨਾਲ ਖੜ੍ਹਾ ਹਾਂ, ਦੇ ਸਾਹਮਣੇ ਕਰੀਬ ਖੇਤ ਕੁ ਦੀ ਦੂਰੀ ਉਤੇ ਹੈ। ਤੂਤਾਂ ਵਾਲਾ ਖੂਹ ਸੱਜੇ ਪਾਸੇ ਨੂੰ ਨਜ਼ਰ ਮਾਰਿਆ ਨਜ਼ਰ ਆਉਂਦੇ ਦਰੱਖਤਾਂ ਦੇ ਝੁੰਡ ਵਿਚ ਹੈ। ਇਹ ਮਸਾਂ ਦੋ ਖੇਤਾਂ ਦੀ ਵਿੱਥ 'ਤੇ ਹੈ।

ਨਿਧਾਨ ਸਿੰਘ ਪਿੰਡ ਦੇ ਹੋਰ ਕਿਸਾਨਾਂ ਵਾਂਗ ਛੋਟਾ ਕਿਸਾਨ ਸੀ। ਉਹ ਤਿਮੰਜ਼ਲੇ ਮਕਾਨ ਵਾਲੇ ਗੱਜਾ ਸਿੰਘ ਦੇ ਛੋਟੇ ਭਾਈ ਛੱਜੂ ਦਾ ਪੁੱਤ ਸੀ। ਜ਼ਮੀਨ ਉਹਦੀ ਭਾਵੇਂ ਥੋੜ੍ਹੀ ਸੀ, ਪਰ ਉਹ ਆਮ ਛੋਟੇ ਕਿਸਾਨਾਂ ਵਾਂਗ ਮਿਹਨਤੀ ਬਹੁਤ ਸੀ। ਉਹ ਤੇ ਉਹਦੀ ਘਰਵਾਲੀ ਹੀ ਨਹੀਂ, ਉਹਦੇ ਦੋਵੇਂ ਬੱਚੇ ਵੀ ਬਹੁਤ ਮਿਹਨਤ ਕਰਦੇ ਸਨ। ਜ਼ਮੀਨ ਅਤੇ ਖੂਹ ਪਿੰਡ ਦੇ ਬਿਲਕੁਲ ਨਾਲ ਲਗਦੇ ਸਨ। ਜੰਗਲ-ਪਾਣੀ ਜਾਂਦੇ ਹੋਏ ਪਿੰਡ ਦੇ ਬਹੁਤ ਲੋਕ ਨਿਧਾਨ ਸਿੰਘ ਦੇ ਖੂਹ ਕੋਲੋਂ ਲੰਘਦੇ ਸਨ। ਅਸਲ ਵਿਚ ਉਸ ਨੇ ਖੇਤਾਂ ਵਿਚ ਕੋਠਾ ਪਾਇਆ ਹੋਇਆ ਸੀ ਅਤੇ ਇਹ ਉਸ ਪਹੇ ਦੇ ਨਾਲ ਲਗਦਾ ਸੀ ਜਿਹੜਾ ਅਗਾਂਹ ਹੋਰ ਕਿਸਾਨਾਂ ਦੇ ਖੇਤਾਂ ਵੱਲ ਜਾਂਦਾ ਸੀ।

ਮਿਹਨਤੀ ਉਹ ਇੰਨਾ ਸੀ ਕਿ ਹੋਰਾਂ ਨੇ ਹਾਲੇ ਬੀਅ ਵੀ ਇਕੱਠਾ ਨਹੀਂ ਸੀ ਕੀਤਾ ਹੁੰਦਾ, ਨਿਧਾਨ ਸਿੰਘ ਬਿਜਾਈ ਵੀ ਕਰ ਲੈਂਦਾ ਸੀ। ਉਸ ਵਿਚ ਇਕ ਹੋਰ ਗੁਣ ਵੀ ਸੀ। ਉਹ ਹਰ ਲੰਘਦੇ ਬੰਦੇ ਨੂੰ ਸੁਲ੍ਹਾ ਮਾਰ ਕੇ ਕੋਈ ਨਾ ਕੋਈ ਕੰਮ ਕਰਵਾ ਲੈਂਦਾ, ਤੇ ਜਿਹੜੇ ਵਿਹਲੇ ਲੋਕਾਂ ਨੂੰ ਹੋਰ ਕੋਈ ਕੰਮ ਨਹੀਂ ਸੀ ਹੁੰਦਾ, ਉਹ ਉਹਦੇ ਨਾਲ ਹੱਥ ਵੰਡਾ ਦਿੰਦੇ। ਘੁਲ੍ਹਾੜੀ ਵਿਚ ਗੰਨੇ ਲਾਉਣਾ, ਗੁੜ ਕੱਢਣ ਲਈ ਅੱਗ ਮਚਾਉਣਾ, ਕਦੇ-ਕਦੇ ਨੱਕੇ ਮੋੜ ਦੇਣੇ, ਇਥੋਂ ਤੱਕ ਕਿ ਫ਼ਸਲ ਬੀਜਣ ਵੇਲੇ ਬੀਜ ਕੇਰ ਦੇਣਾ; ਇਸ ਤਰ੍ਹਾਂ ਦੇ ਕੰਮ ਸਨ ਜਿਹੜੇ ਬਹੁਤ ਸਾਰੇ ਲੋਕ ਕਰ ਦਿੰਦੇ ਸਨ। ਇਸ ਵਿਚ ਇਕ ਤਾਂ ਨਿਧਾਨ ਸਿੰਘ ਦਾ ਆਪਣਾ ਖੁੱਲ੍ਹਾ-ਖੁਲਾਸਾ ਸੁਭਾਅ ਸਹਾਈ ਹੁੰਦਾ ਸੀ, ਦੂਜਾ ਉਸ ਦੀ ਸੋਹਣੀ ਤੇ ਮਿਲਣਸਾਰ ਘਰਵਾਲੀ ਦਾ ਮਿਲਾਪੜਾ ਸੁਭਾਅ ਵੀ ਕੰਮ ਆਉਂਦਾ। ਉਹ ਆਮ ਔਰਤਾਂ ਵਾਂਗ ਭਾਵੇਂ ਵੱਡਿਆਂ ਤੋਂ ਘੁੰਡ ਕੱਢਦੀ ਸੀ, ਪਰ ਹਾਲ 'ਨੰਗਾ ਰੱਖਦੀ ਕਲਿੱਪ ਪਾਸਾ' ਵਾਲਾ ਹੁੰਦਾ ਸੀ। 'ਦਿਉਰਾਂ' ਨਾਲ ਤਾਂ ਉਹ ਕਾਫ਼ੀ ਖੁੱਲ੍ਹ ਕੇ ਹਾਸਾ-ਠੱਠਾ ਕਰ ਲੈਂਦੀ ਸੀ। ਇਹ ਹਾਸਾ-ਠੱਠਾ ਨਿਰਛਲ ਹੁੰਦਾ, ਤੇ ਇਸ ਕਾਰਨ ਹੀ ਬਹੁਤੇ ਨੌਜਵਾਨ ਨਿਧਾਨ ਸਿੰਘ ਦੇ ਕੰਮਾਂ ਵਿਚ ਹੱਥ ਵੰਡਾਉਣ ਤੁਰੇ ਰਹਿੰਦੇ। ਉਸ ਦਾ ਪੁੱਤਰ ਨੱਥੂ ਅਤੇ ਧੀ ਮੇਰੇ ਹਾਣੀ ਸਨ। ਧੀ ਪੰਜਵੀਂ ਵਿਚੋਂ ਹਟ ਗਈ ਸੀ ਅਤੇ ਨੱਥੂ ਮੈਥੋਂ ਖਬਰੇ ਦੋ-ਤਿੰਨ ਸਾਲ ਪਿਛੇ ਪੜ੍ਹਦਾ ਹੁੰਦਾ ਸੀ। ਉਹਨੇ ਦਸਵੀਂ ਵੀ ਪਾਸ ਨਾ ਕੀਤੀ। ਨਿਧਾਨ ਸਿਘ ਨੇ ਧੀ ਤਾਂ ਉਦੋਂ ਕੁ ਵਿਆਹ ਦਿੱਤੀ ਸੀ ਜਦੋਂ ਹਾਲੇ ਉਹ ਮਸਾਂ ਪੰਦਰਾਂ-ਸੋਲਾਂ ਸਾਲਾਂ ਦੀ ਹੋਵੇਗੀ।

ਉਦੋਂ ਹਾਲੇ ਹਰਾ ਇਨਕਲਾਬ ਨਹੀਂ ਸੀ ਵਾਪਰਿਆ। ਕਣਕ ਦੀਆਂ ਮਧਰੀਆਂ ਕਿਸਮਾਂ ਨਹੀਂ ਸਨ ਨਿਕਲੀਆਂ। ਪੀ.ਐਲ. 480 ਪੰਜਾਬ ਵਿਚ ਨਹੀਂ ਸੀ ਆਈ। ਇਸ ਕਾਰਨ ਨਿਧਾਨ ਸਿੰਘ ਦਾ ਨਿਰਬਾਹ ਇਕੱਲੀ ਖੇਤੀ ਉਤੇ ਨਹੀਂ ਸੀ ਹੁੰਦਾ। ਉਦੋਂ ਕੀ, ਢਾਈ ਏਕੜ ਜ਼ਮੀਨ ਵਾਲੇ ਕਿਸਾਨ ਦਾ ਨਿਰਬਾਹ ਅੱਜ ਕੱਲ੍ਹ ਦੀ ਖੇਤੀ ਉਤੇ ਵੀ ਨਹੀਂ ਹੁੰਦਾ! ਖੈਰ...ਪਿੰਡ ਦੇ ਕਿਸਾਨ ਦੀਆਂ ਜ਼ਮੀਨਾਂ ਦੋ-ਢਾਈ ਤੋਂ ਪੰਜ-ਛੇ ਏਕੜ ਤੱਕ ਹੀ ਸਨ। ਇਸ ਲਈ ਸਹਿਯੋਗੀ ਧੰਦੇ ਵਜੋਂ ਨਿਧਾਨ ਸਿੰਘ ਦੇਸੀ ਸ਼ਰਾਬ ਵੇਚਦਾ ਸੀ। ਸ਼ਰਾਬ ਬਹੁਤੀ ਵਾਰੀ ਉਹ ਕਿਤੋਂ ਬਾਹਰੋਂ ਲਿਆਉਂਦਾ ਸੀ, ਪਰ ਕਦੇ-ਕਦੇ ਆਪ ਵੀ ਕੱਢ ਲੈਂਦਾ ਸੀ। ਪਿੰਡ ਦੇ ਲੋਕ ਉਦੋਂ ਬਹੁਤੇ ਵੈਲੀ ਨਹੀਂ ਸਨ। ਮਸਾਂ ਦੋ-ਤਿੰਨ ਬੰਦੇ ਹੋਣਗੇ ਜਿਨ੍ਹਾਂ ਬਾਰੇ ਕਿਹਾ ਜਾਂਦਾ ਸੀ ਕਿ ਉਹ ਨਿੱਤ ਦੇ ਸ਼ਰਾਬੀ ਹਨ। ਬਹੁਤੇ ਬੰਦੇ ਦਿਨ-ਤਿਹਾਰ ਉਤੇ ਪੀਣ ਵਾਲੇ ਸਨ। ਇਸ ਲਈ ਦਿਨ-ਤਿਹਾਰ ਉਤੇ ਨਿਧਾਨ ਸਿਘੰ ਦੀ ਪੁੱਛ-ਪ੍ਰਤੀਤ ਬਹੁਤ ਹੁੰਦੀ, ਜਾਂ ਫਿਰ ਜਦੋਂ ਕਦੇ ਕੋਈ ਪ੍ਰਾਹੁਣਾ ਆਉਂਦਾ, ਤਾਂ ਨਿਧਾਨ ਸਿੰਘ ਤੱਕ ਪਹੁੰਚ ਕੀਤੀ ਜਾਂਦੀ। ਲਗਦੀ ਵਾਹ ਉਸ ਕੋਲੋਂ ਸ਼ਰਾਬ ਮਿਲ ਜਾਂਦੀ। ਜੇ ਕਦੇ ਪੁਲਿਸ ਨੇ ਇਕ-ਦੋ ਦਿਨ ਪਹਿਲਾਂ ਛਾਪਾ ਮਾਰਿਆ ਹੋਵੇ ਤਾਂ ਨਾਂਹ ਹੀ ਹੁੰਦੀ ਸੀ। ਨਿਧਾਨ ਸਿੰਘ ਨੇ ਇਕ ਹੋਰ ਸਹਾਇਕ ਧੰਦਾ ਵੀ ਅਪਨਾਇਆ ਹੋਇਆ ਸੀ। ਉਸ ਦੇ ਡੰਗਰਾਂ ਵਿਚ ਸਾਨ੍ਹ ਤੇ ਝੋਟੇ ਜ਼ਰੂਰ ਹੁੰਦੇ ਸਨ, ਜਿਹੜੇ ਗਾਵਾਂ ਮੱਝਾਂ ਨੂੰ ਨਵੇਂ ਦੁੱਧ ਕਰਦੇ। ਹੇਹੇ ਆਈਆਂ ਗਾਵਾਂ ਮੱਝਾਂ ਲਾਗਲੇ ਪਿੰਡਾਂ ਤੋਂ ਨਿਧਾਨ ਸਿੰਘ ਦੇ ਸਾਨ੍ਹਾਂ ਅਤੇ ਝੋਟਿਆਂ ਕੋਲ ਲਿਆਈਆਂ ਜਾਂਦੀਆਂ।



*ਖੂਹ ਜੋ ਹੁਣ ਪੰਜਾਬ ਵਿਚੋਂ ਹੌਲੀ-ਹੌਲੀ ਲੋਪ ਹੋ ਰਹੇ ਹਨ।*

ਹੁਣ ਗੱਲ ਤੂਤਾਂ ਵਾਲਾ ਖੂਹ ਦੀ। ਇਸ ਨੂੰ ਬਾਬਿਆਂ ਦਾ ਖੂਹ ਵੀ ਕਿਹਾ ਜਾਂਦਾ ਸੀ, ਕਿਉਂਕਿ ਇਹ ਬਾਬਿਆਂ ਦੇ ਖੇਤਾਂ ਦੇ ਇਕ ਕਿਨਾਰੇ ਉਤੇ ਸੀ। ਇਸ ਖੂਹ ਦੁਆਲੇ ਸੰਘਣੇ ਦਰਖਤ ਸਨ ਜਿਨ੍ਹਾਂ ਵਿਚੋਂ ਬਹੁਤੇ ਸ਼ਹਿਤੂਤ ਦੇ ਸਨ। ਇਸੇ ਕਾਰਨ ਇਸ ਨੂੰ 'ਤੂਤਾਂ ਵਾਲਾ ਖੂਹ' ਕਿਹਾ ਜਾਣ ਲੱਗ ਪਿਆ। ਕਈ ਸਾਲ ਪਹਿਲਾਂ ਜਦੋਂ ਮਰਹੂਮ ਸੋਹਣ ਸਿੰਘ ਸੀਤਲ ਦਾ ਨਾਵਲ 'ਤੂਤਾਂ ਵਾਲਾ ਖੂਹ' ਪੜ੍ਹਿਆ ਤਾਂ ਮੇਰੇ ਮਨ ਵਿਚ ਨਕਸ਼ਾ ਇਸੇ ਖੂਹ ਵਾਲਾ ਉਭਰਿਆ ਸੀ। 1960ਵਿਆਂ ਦੇ ਜਿਨ੍ਹਾਂ ਦਿਨਾਂ ਦਾ ਮੈਂ ਜ਼ਿਕਰ ਕਰ ਰਿਹਾ ਹਾਂ, ਉਨੀਂ ਦਿਨੀਂ ਪਿੰਡਾਂ ਦੇ ਲੋਕਾਂ ਕੋਲ ਬਾਰਾਂ ਮਹੀਨੇ ਕੰਮ ਨਹੀਂ ਸੀ ਹੁੰਦਾ। ਵੈਸੇ ਵੀ ਲੋਕ ਗਰਮੀਆਂ ਦੇ ਮਹੀਨਿਆਂ ਵਿਚ ਤੜਕੇ ਉਠ ਕੇ ਸੂਰਜ ਨਿਕਲਦੇ ਤੱਕ ਕੰਮ ਮੁਕਾ ਲੈਂਦੇ ਸਨ। ਪਰਵਾਸੀ ਮਜ਼ਦੂਰ ਨਹੀਂ ਸਨ ਆਉਣੇ ਸ਼ੁਰੂ ਹੋਏ। ਕਿਸਾਨ ਡੰਗਰਾਂ ਨੂੰ ਪੱਠੇ ਪਾ ਕੇ ਫਿਰ ਸ਼ਾਮ ਤੱਕ ਵਿਹਲੇ ਹੁੰਦੇ ਸਨ, ਦੁਪਹਿਰਾ ਕੱਟਣਾ ਬੜਾ ਮੁਸ਼ਕਿਲ ਹੁੰਦਾ। ਇਹ ਦੁਪਹਿਰਾ ਬਹੁਤੇ ਲੋਕੀਂ ਤੂਤਾਂ ਵਾਲੇ ਖੂਹ 'ਤੇ ਕੱਟਦੇ। ਕਈ ਸੁਸਤਾ ਰਹੇ ਹੁੰਦੇ, ਕਈ ਬਾਰਾਂ ਟਾਹਣੀ ਖੇਡਣ ਲੱਗ ਪੈਂਦੇ। ਕਈ ਫਟੀ ਪੁਰਾਣੀ ਤਾਸ਼ ਦੀ ਬਾਜ਼ੀ ਲੈ ਬੈਠਦੇ। ਆਮ ਤੌਰ 'ਤੇ ਸੀਪ ਹੀ ਖੇਡੀ ਜਾਂਦੀ। ਚਾਰ ਬੰਦੇ ਖੇਡਣ ਵਾਲੇ ਹੁੰਦੇ, ਤਾਂ ਪੰਦਰਾਂ ਦੇਖਣ ਲਈ ਉਨ੍ਹਾਂ ਦੁਆਲੇ ਬੈਠ ਜਾਂਦੇ। ਕਈ-ਕਈ ਘੰਟੇ ਤਾਸ਼ ਚੱਲਦੀ ਰਹਿੰਦੀ। ਕੋਈ ਨਾ ਕੋਈ ਬਜ਼ੁਰਗ ਵਾਣ ਵੱਟਣ ਜਾਂ ਸ਼ਹਿਤੂਤ ਦੀਆਂ ਟਾਹਣੀਆਂ ਕੱਟ ਕੇ ਟੋਕਰੀਆਂ ਬਣਾਉਣ ਦੇ ਕੰਮ ਵੀ ਲੱਗ ਜਾਂਦਾ।

ਜਿਨ੍ਹਾਂ ਨੂੰ ਗਰਮੀ ਮਹਿਸੂਸ ਹੁੰਦੀ, ਉਹ ਹਿੱਕ ਦੇ ਜ਼ੋਰ ਨਾਲ ਗਾਧੀ ਗੇੜ ਕੇ ਚਲ੍ਹਾ ਭਰ ਕੇ ਨਹਾ ਲੈਂਦੇ। ਕਈ ਨੌਜਵਾਨ ਖੂਹ ਵਿਚ ਛਾਲਾਂ ਮਾਰਦੇ ਤੇ ਕਈ ਉਸ ਦੇ ਤਲੇ ਵਿਚੋਂ ਇੱਟਾਂ ਚੁੱਕ-ਚੁੱਕ ਕੇ ਲਿਆਉਂਦੇ। ਫਿਰ ਮਾਹਲ ਫੜ ਕੇ ਉਪਰ ਚੜ੍ਹ ਆਉਂਦੇ। ਮੈਂ ਪਾਣੀ ਤੋਂ ਬਹੁਤ ਡਰਦਾ ਸਾਂ, ਹਾਲਾਂਕਿ ਮਿਲਖੀ ਦੇ ਬੂਟੇ ਨੇ ਕਈ ਵਾਰੀ ਮੈਨੂੰ ਹੌਸਲਾ ਦੇ ਕੇ ਛਾਲ ਮਾਰਨ ਲਈ ਕਿਹਾ, ਪਰ ਮੈਂ ਸਦਾ ਡਰਦਾ ਹੀ ਰਿਹਾ। ਮਾਹਲ ਫੜ ਕੇ ਕਈ ਵਾਰੀ ਖੂਹ ਵਿਚ ਜ਼ਰੂਰ ਉਤਰਿਆ ਸਾਂ, ਪਰ ਹੇਠਾਂ ਜਾ ਕੇ ਮਾਹਲ ਫੜ ਕੇ ਹੀ ਤਾਰੀਆ ਲਾਉਂਦਾ ਰਹਿੰਦਾ ਸਾਂ।

ਮੇਰੇ ਦਾਦਾ ਮੇਲਾ ਸਿੰਘ ਦੱਸਦੇ ਹੁੰਦੇ ਸਨ ਕਿ ਇਸ ਖੂਹ ਦਾ ਗੰਡ ਉਨ੍ਹਾਂ ਦੇ ਪਿਤਾ ਅਮੀਰ ਚੰਦ ਤੇ ਚਾਚੇ ਝੰਡੇ ਨੇ ਪਾਇਆ ਸੀ। ਉਹ ਦੋਵੇਂ ਖੂਹੀਆਂ ਉਤਾਰਨ ਦੇ ਹੀ ਨਹੀਂ, ਸਗੋਂ ਉਸ ਵਿਚ ਗੰਡ ਪਾਉਣ ਦੇ ਵੀ ਮਾਹਰ ਸਨ। ਇਸ ਖੂਹ ਦੇ ਗੰਡ ਲਈ ਪਹਿਲਾਂ ਲਾਲੇ ਵਾਲੀ ਤੋਂ ਮਿਸਤਰੀ ਲਿਆਂਦਾ ਗਿਆ ਸੀ, ਕਿਉਂਕਿ ਮੇਰੇ ਬਜ਼ੁਰਗ ਅਮੀਰ ਚੰਦ ਤੇ ਝੰਡਾ ਕਿਸੇ ਗੱਲੋਂ ਪਿੰਡ ਵਾਲਿਆਂ ਨਾਲ ਖਫਾ ਸਨ। ਉਹ ਲੱਕੜੀ ਦੇ ਮਾਹਰ ਮਿਸਤਰੀ ਸਨ, ਪਰ ਜਦੋਂ ਲਾਲੇ ਵਾਲੀ ਦੇ ਮਿਸਤਰੀ ਨੇ ਗੰਡ ਪਾਉਣ ਤੋਂ ਪਹਿਲਾਂ ਹੀ ਗਲਤੀ ਕਰ ਦਿੱਤੀ, ਤਾਂ ਮੇਰੇ ਬਜ਼ੁਰਗਾਂ ਨੇ ਉਸ ਨੂੰ ਰੋਕ ਦਿੱਤਾ। ਕਹਿੰਦੇ ਹਨ ਕਿ ਲਾਲੇ ਵਾਲੀ ਦੇ ਮਿਸਤਰੀ ਨੇ ਚੈਲਿੰਜ ਕੀਤਾ ਸੀ ਕਿ ਜਿਸ ਤਰੀਕੇ ਨਾਲ ਮੇਰੇ ਬਜ਼ੁਰਗ ਗੰਡ ਪਾਉਣ ਲੱਗੇ ਹਨ, ਉਸ ਨਾਲ ਖੂਹ ਦਸਾਂ ਸਾਲਾਂ ਵਿਚ ਬਹਿ ਜਾਵੇਗਾ, ਪਰ ਉਹਦੀ ਭਵਿਖਵਾਣੀ ਗਲਤ ਸਿੱਧ ਹੋਈ।

ਹੁਣ ਪਤਾ ਲੱਗਾ ਹੈ ਕਿ ਬਾਬਿਆਂ ਨੇ ਜ਼ਮੀਨ ਦੇ ਪਲਾਟ ਕੱਟ ਦਿੱਤੇ ਹਨ, ਇਸ ਲਈ ਸੰਭਵ ਹੈ ਕਿ ਹੋਰ ਕੁਝ ਸਾਲਾਂ ਨੂੰ ਖੂਹ ਦਾ ਨਾਮੋ-ਨਿਸ਼ਾਨ ਨਾ ਰਹੇ, ਤੇ ਕੁਝ ਦਹਾਕਿਆਂ ਬਾਅਦ ਕੋਈ ਇਹ ਕਹਿਣ ਵਾਲਾ ਵੀ ਨਾ ਰਹੇ ਕਿ ਇਥੇ ਕਦੇ ਤੂਤਾਂ ਵਾਲਾ ਖੂਹ ਹੁੰਦਾ ਸੀ। ਮੇਰੀ ਬੇਟੀ ਖਬਰੇ ਇਸ ਦੁਖਾਂਤ ਨੂੰ ਚਿਤਵ ਸਕਦੀ ਹੈ ਕਿ ਨਹੀਂ?

**(ਚਲਦਾ)**

# ਬੱਚਾ

ਤਾਂ ਫਿਰ ਤੁਹਾਡੇ ਦਰਸ਼ਨ ਕਰਾਂਗਾ।" ਇਹ ਕਹਿ ਕੇ ਉਹ ਕਮਲਿਆਂ ਵਾਂਗ ਇੱਕ ਪਾਸੇ ਤੁਰ ਪਿਆ।

ਇਸ ਤੋਂ ਬਾਅਦ ਮੈਨੂੰ ਕਿਸੇ ਜ਼ਰੂਰੀ ਕੰਮ ਨੈਨੀਤਾਲ ਜਾਣਾ ਪਿਆ, ਸੈਰ ਕਰਨ ਲਈ ਨਹੀਂ। ਇੱਕ ਮਹੀਨੇ ਬਾਅਦ ਮੁੜਿਆ। ਅਜੇ ਤਨ ਦੇ ਕੱਪੜੇ ਵੀ ਨਹੀਂ ਉਤਾਰੇ ਸਨ ਕਿ ਗੰਗੂ ਨਵਜੰਮੇ ਬੱਚੇ ਨੂੰ ਗੋਦੀ ਚੁੱਕੀ ਖੜ੍ਹਾ ਹੈ। ਸ਼ਾਇਦ ਕ੍ਰਿਸ਼ਨ ਨੂੰ ਪ੍ਰਾਪਤ ਕਰ ਕੇ ਨੰਦ ਵੀ ਇੰਨੇ ਨਿਹਾਲ ਨਾ ਹੋਏ ਹੋਣ। ਜਾਪਦਾ ਸੀ, ਉਹਦਾ ਰੋਮ-ਰੋਮ ਆਨੰਦ ਨਾਲ ਭਰਿਆ ਹੋਇਆ ਸੀ। ਚਿਹਰੇ ਅਤੇ ਅੱਖਾਂ 'ਚੋਂ ਮੋਹ ਤੇ ਸ਼ਰਧਾ ਦੀਆਂ ਤਰੰਗਾਂ ਨਿਕਲ ਰਹੀਆਂ ਸਨ। ਕੁਝ ਅਜਿਹਾ ਭਾਵ ਸੀ ਜਿਵੇਂ ਕਿਸੇ ਭੁੱਖ ਤੋਂ ਪੀੜਤ ਮੰਗਤੇ ਦੇ ਚਿਹਰੇ 'ਤੇ ਢਿੱਡ ਭਰ ਕੇ ਖਾਣਾ ਖਾਣ ਤੋਂ ਬਾਅਦ ਆਉਂਦਾ ਹੈ।

ਮੈਂ ਪੁੱਛਿਆ, "ਕਹੋ ਮਹਾਰਾਜ, ਗੋਮਤੀ ਦਾ ਕੁਝ ਪਤਾ ਲੱਗਿਆ? ਤੂੰ ਤਾਂ ਬਾਹਰ ਗਿਆ ਹੋਇਆ ਸੀ।"

ਗੰਗੂ ਨੇ ਜਵਾਬ ਦਿੱਤਾ, "ਹਾਂ ਬਾਬੂ ਜੀ, ਤੁਹਾਡੇ ਆਸ਼ੀਰਵਾਦ ਨਾਲ ਲੱਭ ਲਿਆਇਆ ਹਾਂ। ਲਖਨਊ ਦੇ ਜ਼ਨਾਨਾ ਹਸਪਤਾਲ 'ਚੋਂ ਮਿਲੀ ਹੈ। ਇੱਥੇ ਇੱਕ ਸਹੇਲੀ ਨੂੰ ਕਹਿ ਗਈ ਸੀ ਕਿ ਜੇ ਉਹ ਬਹੁਤ ਘਬਰਾ ਜਾਏ ਤਾਂ ਉਹਨੂੰ ਦੱਸ ਦੇਈਂ। ਮੈਂ ਸੁਣਦਿਆਂ ਹੀ ਲਖਨਊ ਭੱਜਿਆ। ਉਹਨੂੰ ਖਿੱਚ ਲਿਆਇਆ, ਨਾਲ ਇਹ ਬੱਚਾ ਵੀ ਮਿਲ ਗਿਆ।"

ਉਸ ਨੇ ਬੱਚੇ ਨੂੰ ਚੁੱਕ ਕੇ ਮੇਰੇ ਵੱਲ ਵਧਾਇਆ ਜਿਵੇਂ ਕੋਈ ਖਿਡਾਰੀ ਤਗਮਾ ਦਿਖਾ ਰਿਹਾ ਹੋਵੇ।

ਮੈਂ ਵਿਅੰਗ ਨਾਲ ਪੁੱਛਿਆ, "ਅੱਛਾ ਇਹ ਮੁੰਡਾ ਵੀ ਮਿਲ ਗਿਆ? ਸ਼ਾਇਦ ਇਸੇ ਕਰ ਕੇ ਉਹ ਇੱਥੋਂ ਭੱਜ ਗਈ ਸੀ। ਹੈ ਤਾਂ ਤੇਰਾ ਹੀ ਮੁੰਡਾ?"

"ਮੇਰਾ ਕਾਹਨੂੰ ਹੈ ਬਾਬੂ ਜੀ, ਤੁਹਾਡਾ ਹੈ, ਪਰਮਾਤਮਾ ਦਾ ਹੈ।"

"ਲਖਨਊ 'ਚ ਪੈਦਾ ਹੋਇਆ?"

"ਹਾਂ ਬਾਬੂ ਜੀ, ਅਜੇ ਤਾਂ ਕੁਝ ਮਹੀਨਿਆਂ ਦਾ ਹੈ।"

"ਤੇਰਾ ਵਿਆਹ ਹੋਏ ਨੂੰ ਕਿੰਨਾ ਸਮਾਂ ਹੋ ਗਿਆ?"

"ਇਹ ਸੱਤਵਾਂ ਮਹੀਨਾ ਲੰਘ ਰਿਹਾ ਹੈ।"

"ਫਿਰ ਵਿਆਹ ਤੋਂ ਛੇ ਮਹੀਨੇ ਬਾਅਦ ਪੈਦਾ ਹੋ ਗਿਆ।"

"ਹੋਰ ਕੀ ਬਾਬੂ ਜੀ!"

"ਫਿਰ ਵੀ ਤੇਰਾ ਮੁੰਡਾ ਹੈ?"

"ਹਾਂ ਜੀ।"

"ਇਹ ਕਿਹੜੀਆਂ ਬੇਸਿਰ-ਪੈਰ ਦੀਆਂ ਗੱਲਾਂ ਕਰ ਰਿਹਾ ਹੈਂ ਤੂੰ?"

ਪਤਾ ਨਹੀਂ ਉਹ ਮੇਰੇ ਭਾਵਾਂ ਨੂੰ ਸਮਝ ਰਿਹਾ ਸੀ, ਜਾਂ ਬਣ ਰਿਹਾ ਸੀ। ਉਸੇ ਨਿਰਛਲ ਭਾਵ ਨਾਲ ਬੋਲਿਆ, "ਮਰਦੀ-ਮਰਦੀ ਬਚੀ ਹੈ ਬਾਬੂ ਜੀ, ਨਵਾਂ ਜਨਮ ਹੋਇਆ। ਤਿੰਨ ਦਿਨ ਤਿੰਨ ਰਾਤਾਂ ਸਹਿਕਦੀ ਰਹੀ। ਬਸ ਪੁੱਛੋ ਹੀ ਨਾ ਕੁਝ।"

ਮੈਂ ਜ਼ਰਾ ਤਨਜ਼ੀਆ ਲਹਿਜ਼ੇ 'ਚ ਕਿਹਾ, "ਪਰ ਛੇ ਮਹੀਨਿਆਂ 'ਚ ਬੱਚਾ ਪੈਦਾ ਹੋਣ ਬਾਰੇ ਅੱਜ ਹੀ ਸੁਣਿਆ ਹੈ!"

ਇਹ ਸੱਟ ਨਿਸ਼ਾਨੇ 'ਤੇ ਜਾ ਲੱਗੀ।

ਉਹ ਮੁਸਕਰਾਉਂਦਾ ਬੋਲਿਆ, "ਅੱਛਾ! ਇਹ ਗੱਲ ਐ! ਮੈਨੂੰ ਤਾਂ ਇਹਦਾ ਧਿਆਨ ਹੀ ਨਹੀਂ ਆਇਆ। ਇਸੇ ਡਰ 'ਚੋਂ ਤਾਂ ਗੋਮਤੀ ਭੱਜੀ ਸੀ। ਮੈਂ ਕਿਹਾ, ਗੋਮਤੀ ਜੇ ਤੇਰਾ ਮਨ ਮੇਰੇ ਨਾਲ ਨਹੀਂ ਮਿਲਦਾ ਤਾਂ ਮੈਨੂੰ ਛੱਡ ਦੇ। ਮੈਂ ਹੁਣੇ ਚਲਾ ਜਾਵਾਂਗਾ ਅਤੇ ਫਿਰ ਕਦੇ ਵੀ ਤੇਰੇ ਕੋਲ ਨਹੀਂ ਆਵਾਂਗਾ। ਤੈਨੂੰ ਜੇ ਕਦੇ ਕੰਮ ਪਵੇ ਤਾਂ ਮੈਨੂੰ ਲਿਖੀਂ! ਮੈਂ ਤੇਰੀ ਹਰ ਸੰਭਵ ਮੱਦਦ ਕਰਾਂਗਾ। ਮੈਨੂੰ ਤੇਰੇ 'ਤੇ ਕੋਈ ਗਿਲਾ ਨਹੀਂ। ਮੇਰੀਆਂ ਅੱਖਾਂ 'ਚ ਅੱਜ ਵੀ ਤੂੰ ਓਨੀ ਹੀ ਭਲੀ ਏਂ। ਅੱਜ ਵੀ ਮੈਂ ਤੈਨੂੰ ਓਨਾ ਹੀ ਚਾਹੁੰਦਾ ਹਾਂ। ਨਹੀਂ, ਹੁਣ ਮੈਂ ਤੈਨੂੰ ਹੋਰ ਵੀ ਜ਼ਿਆਦਾ ਚਾਹੁੰਦਾ ਹਾਂ; ਜੇ ਤੇਰਾ ਮਨ ਮੈਥੋਂ ਫਿਰਿਆ ਨਹੀਂ ਤਾਂ ਮੇਰੇ ਨਾਲ ਚੱਲ। ਗੰਗੂ ਜਿਉਂਦੇ ਜੀਅ ਤੇਰੇ ਨਾਲ ਬੇਵਫ਼ਾਈ ਨਹੀਂ ਕਰਦਾ। ਮੈਂ ਤੇਰੇ ਨਾਲ ਇਸ ਕਰ ਕੇ ਵਿਆਹ ਨਹੀਂ ਕੀਤਾ ਕਿ ਤੂੰ ਦੇਵੀ ਏਂ, ਸਗੋਂ ਇਸ ਕਰ ਕੇ ਕਿ ਮੈਂ ਤੈਨੂੰ ਚਾਹੁੰਦਾ ਹਾਂ ਅਤੇ ਸੋਚਦਾ ਹਾਂ ਕਿ ਤੂੰ ਵੀ ਮੈਨੂੰ ਚਾਹੁੰਦੀ ਏਂ। ਇਹ ਬੱਚਾ, ਮੇਰਾ ਬੱਚਾ ਹੈ। ਮੇਰਾ ਆਪਣਾ ਬੱਚਾ। ਮੈਂ ਬੀਜਿਆ ਹੋਇਆ ਖੇਤ ਲਿਆ ਹੈ ਤਾਂ ਕੀ ਉਸ ਦੀ ਫ਼ਸਲ ਇਸ ਕਰ ਕੇ ਛੱਡ ਦਿਆਂ ਕਿ ਉਸ ਨੂੰ ਕਿਸੇ ਹੋਰ ਨੇ ਬੀਜਿਆ ਸੀ?"

***ਪੰਜ ਮਹੀਨੇ ਲੰਘ ਗਏ। ਗੰਗੂ ਤੇ ਗੋਮਤੀ ਨੇ ਵਿਆਹ ਕਰ ਲਿਆ ਸੀ ਅਤੇ ਉਸ ਮੁਹੱਲੇ ਵਿਚ ਖਪਰੈਲ ਦਾ ਘਰ ਲੈ ਕੇ ਰਹਿੰਦੇ ਸੀ। ਉਹ ਚਾਟ ਦੀ ਰੇਹੜੀ ਲਾ ਕੇ ਗੁਜ਼ਾਰਾ ਕਰਦਾ ਸੀ। ਮੈਨੂੰ ਕਦੇ ਬਾਜ਼ਾਰ ਵਿਚ ਮਿਲ ਜਾਂਦਾ ਤਾਂ ਮੈਂ ਉਸ ਦਾ ਹਾਲ-ਚਾਲ ਪੁੱਛਦਾ। ਮੈਨੂੰ ਉਸ ਦੇ ਜੀਵਨ ਵਿਚ ਖ਼ਾਸ ਦਿਲਚਸਪੀ ਹੋ ਗਈ ਸੀ। ਇਹ ਇੱਕ ਸਮਾਜਕ ਸਵਾਲ ਦੀ ਪ੍ਰੀਖਿਆ ਸੀ। ਸਮਾਜਕ ਹੀ ਨਹੀਂ, ਮਨੋਵਿਗਿਆਨਕ ਵੀ।***

ਮੈਂ ਕੱਪੜੇ ਉਤਾਰਨਾ ਭੁੱਲ ਗਿਆ। ਕਹਿ ਨਹੀਂ ਸਕਦਾ, ਕਿਉਂ ਮੇਰੀਆਂ ਅੱਖਾਂ ਨਮ ਹੋ ਗਈਆਂ। ਪਤਾ ਨਹੀਂ ਉਹ ਕਿਹੜੀ ਸ਼ਕਤੀ ਸੀ ਜਿਸ ਨੇ ਮੇਰੇ ਮਨ ਦੀ ਨਫ਼ਰਤ ਨੂੰ ਦੱਬ ਕੇ ਮੇਰੇ ਹੱਥਾਂ ਨੂੰ ਅੱਗੇ ਵਧਾ ਦਿੱਤਾ। ਮੈਂ ਉਸ ਨਿਰਕਲੰਕ ਬੱਚੇ ਨੂੰ ਗੋਦ ਵਿਚ ਲੈ ਲਿਆ ਅਤੇ ਇੰਨੇ ਪਿਆਰ ਨਾਲ ਚੁੰਮਿਆ ਕਿ ਸ਼ਾਇਦ ਆਪਣੇ ਬੱਚੇ ਨੂੰ ਵੀ ਨਾ ਚੁੰਮਿਆ ਹੋਵੇ।

ਗੰਗੂ ਬੋਲਿਆ, "ਬਾਬੂ ਜੀ ਬੜੇ ਭਲੇ ਹੋ। ਮੈਂ ਗੋਮਤੀ ਕੋਲ ਵਾਰ-ਵਾਰ ਤੁਹਾਡੀਆਂ ਗੱਲਾਂ ਕਰਦਾ ਹੁੰਦਾ ਸੀ, ਕਹਿੰਦਾ ਸੀ ਚੱਲ, ਇੱਕ ਵਾਰ ਉਨ੍ਹਾਂ ਦੇ ਦਰਸ਼ਨ ਕਰ ਕੇ ਆਈਏ, ਪਰ ਉਹ ਸ਼ਰਮ ਦੀ ਮਾਰੀ ਆਉਂਦੀ ਹੀ ਨਹੀਂ ਸੀ।"

ਮੈਂ ਅਤੇ ਭਲਾ!...ਆਪਣੀ ਭਲਾਈ ਦਾ ਪਰਦਾ ਅੱਜ ਅੱਖਾਂ ਤੋਂ ਪਰ੍ਹਾਂ ਹਟਿਆ। ਮੈਂ ਭਗਤੀ ਭਾਵ 'ਚ ਡੁੱਬੀ ਆਵਾਜ਼ ਵਿਚ ਕਿਹਾ, "ਨਹੀਂ ਜੀ, ਮੇਰੇ ਵਰਗੇ ਦੁਸ਼ਟ ਬੰਦੇ ਕੋਲ ਉਹ ਕਿਉਂ ਆਵੇਗੀ? ਚੱਲੋ! ਮੈਂ ਉਸ ਦੇ ਦਰਸ਼ਨ ਕਰਨ ਚਲਦਾ ਹਾਂ। ਤੂੰ ਮੈਨੂੰ ਭਲਾ ਬੰਦਾ ਸਮਝਦਾ ਏਂ? ਮੈਂ ਉਪਰੋਂ ਭਲਾ ਲੱਗਦਾ ਹਾਂ, ਪਰ ਦਿਲ ਦਾ ਕਮੀਨਾ ਹਾਂ। ਅਸਲੀ ਭਲਾਈ ਤਾਂ ਤੇਰੇ 'ਚ ਹੈ ਅਤੇ ਇਹ ਬੱਚਾ ਉਹ ਫੁੱਲ ਹੈ ਜਿਸ 'ਚੋਂ ਤੇਰੀ ਭਲਾਈ ਦੀ ਮਹਿਕ ਆ ਰਹੀ ਹੈ।"

ਮੈਂ ਬੱਚੇ ਨੂੰ ਹਿੱਕ ਨਾਲ ਲਾ ਕੇ ਗੰਗੂ ਦੇ ਨਾਲ ਤੁਰ ਪਿਆ।

## ਕਾਵਿ-ਕਿਆਰੀ

### ਗ਼ਜ਼ਲ

ਜਦ ਜਦ ਵੀ ਆਣ ਖਲੋਇਆ ਹਾਂ,
ਬੋਹੜ ਦੀ ਠੰਡੀ ਛਾਂ ਥੱਲੇ।
ਫੁੱਲ ਵਰਗਾ ਹੌਲਾ ਹੋਇਆ ਹਾਂ,
ਬੋਹੜ ਦੀ ਠੰਡੀ ਛਾਂ ਥੱਲੇ।
ਫਿਕਰ ਤੇ ਜ਼ਿੰਮੇਵਾਰੀ ਦੀ,
ਪੰਡ ਆਪਣੇ ਸਿਰ ਤੋਂ ਲਾਹ ਕੇ ਤੇ,
ਆ ਮਿੱਠੀ ਨੀਂਦਰ ਸੋਇਆ ਹਾਂ,
ਬੋਹੜ ਦੀ ਠੰਡੀ ਛਾਂ ਥੱਲੇ।
ਮੰਜ਼ਲ ਜਦ ਦੂਰੋਂ ਨਜ਼ਰ ਪਈ,
ਕੋਈ ਅਜ਼ਬ ਨਜ਼ਾਰਾ ਮਿਲਿਆ ਤਦ,
ਖੁਸ਼ੀਆਂ ਵਿਚ ਖੀਵਾ ਹੋਇਆ ਹਾਂ,
ਬੋਹੜ ਦੀ ਠੰਡੀ ਛਾਂ ਥੱਲੇ।
ਦਿਲ ਜਦ ਵੀ ਹੈ ਉਪਰਾਮ ਹੋਇਆ,
ਕੋਈ ਯਾਦ ਪਟਾਰੀ ਖੋਲ੍ਹ ਲਈ,
ਤੇ ਖਾਬਾਂ ਅੰਦਰ ਖੋਇਆ ਹਾਂ,
ਬੋਹੜ ਦੀ ਠੰਡੀ ਛਾਂ ਥੱਲੇ।
ਜੱਗ ਕੋਲੋਂ ਮੁੱਖ ਭਵਾ ਕੇ ਤੇ,
ਦਰਦਾਂ ਦਾ ਹਾਣੀ ਹੋ ਬਹਿੰਦਾ,
ਮੈਂ ਛਲ ਛਲ ਅੱਥਰੂ ਰੋਇਆ ਹਾਂ,
ਬੋਹੜ ਦੀ ਠੰਡੀ ਛਾਂ ਥੱਲੇ।
ਇਹ ਪ੍ਰੀਤਾਂ ਵਾਲੀ ਗਾਨੀ ਦਾ,
ਹੈ ਇੱਕ ਇੱਕ ਮਣਕਾ ਆਖ ਰਿਹਾ,
ਮੈਂ ਗਿਆ 'ਰੁਪਾਲ' ਪਰੋਇਆ ਹਾਂ,
ਬੋਹੜ ਦੀ ਠੰਡੀ ਛਾਂ ਥੱਲੇ।

*-ਜਸਵਿੰਦਰ ਸਿੰਘ ਰੁਪਾਲ*
*ਫੋਨ: 91-98147-15796*

# ਪੰਜਾਬੀ ਆਰਟਸ ਐਸੋਸੀਏਸ਼ਨ ਅਤੇ ਪੰਜਾਬੀ ਰੰਗ-ਮੰਚ

**ਕਲਾ ਦੇ ਰੰਗ**

ਮਨੁੱਖੀ ਜ਼ਿੰਦਗੀ ਦਾ ਕੀ ਅਰਥ ਹੈ? ਕਲਾ ਦਾ ਕੀ ਮਕਸਦ ਹੈ? ਇਨਸਾਨੀ ਜੀਵਨ ਤੇ ਕਲਾ ਦਾ ਆਪਸ ਵਿਚ ਕੀ ਸਬੰਧ ਹੈ? ਕਲਾ ਜੀਵਨ ਵਿਚੋਂ ਪੈਦਾ ਹੁੰਦੀ ਹੈ ਤੇ ਮੋੜਵੇਂ ਰੂਪ ਵਿਚ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ; ਕਿਵੇਂ ਕਰਦੀ ਹੈ? ਇਨਸਾਨੀ ਜ਼ਿੰਦਗੀ ਨੂੰ ਸੋਹਣੇ, ਸੁਚੱਜੇ ਤਰੀਕੇ ਨਾਲ ਜਿਉਣ ਦੀ ਜਾਚ ਸਿਖਾਉਣ ਵਿਚ ਕਲਾ ਦੀ ਕੀ ਭੂਮਿਕਾ ਹੈ, ਤੇ ਕਿਸ ਤਰ੍ਹਾਂ ਦੀ ਭੂਮਿਕਾ ਹੋਣੀ ਚਾਹੀਦੀ ਹੈ? ਇਹ ਸਾਰੇ ਸਵਾਲ ਮਨੁੱਖੀ ਸਭਿਅਤਾ ਜਿੰਨੇ ਹੀ ਪੁਰਾਣੇ ਹਨ। ਇਹ ਚਰਚਾ ਸਦਾ ਹੁੰਦੀ ਰਹੀ ਹੈ ਅਤੇ ਸਦਾ



**ਗੁਰਦਿਆਲ ਸਿੰਘ ਬੱਲ**

e-mail: gurdialbal01@gmail.com

ਹੁੰਦੀ ਰਹਿਣੀ ਹੈ।

ਇਸ ਚਰਚਾ ਬਾਰੇ ਗੱਲ ਸ਼ੁਰੂ ਕਰਦਿਆਂ ਮਨ ਅੰਦਰ ਵਾਲਮੀਕ ਰਿਸ਼ੀ ਦੀ 'ਰਮਾਇਣ', ਰਿਸ਼ੀ ਵੇਦ ਵਿਆਸ ਦਾ 'ਮਹਾਂ ਭਾਰਤ', ਫਿਰਦੌਸੀ ਦਾ 'ਸ਼ਾਹ ਨਾਮਾ', ਹੋਮਰ ਦੀਆਂ ਰਚਨਾਵਾਂ 'ਇਲੀਅਡ' ਤੇ 'ਓਡੀਸੀ', ਮਹਾਂ ਕਵੀ ਕਾਲੀਦਾਸ ਦੀ ਰਚਨਾ 'ਸ਼ਕੁੰਤਲਾ', ਸੋਫੋਕਲੀਜ਼ ਦਾ 'ਰਾਜਾ ਇਡੀਪਸ', ਐਸਕਾਈਲਸ, ਯੂਰੀਪੀਡਸ ਅਤੇ ਯੂਨਾਨੀ ਹਾਸ ਰਸੀ ਨਾਟਕਕਾਰ ਅਰਿਸੋਟਫੇਨਜ ਦਾ 'ਲਾਈਸੈਸਟਰਾਟਾ' ਅਤੇ ਹੋਰ ਅਨੇਕਾਂ ਪ੍ਰਾਚੀਨ ਕ੍ਰਿਤਾਂ ਦਾ ਚੇਤਾ ਆਪ-ਮੁਹਾਰੇ ਉਭਰ ਆਉਂਦਾ ਹੈ। ਫਿਰ 1000 ਕੁ ਸਾਲ ਪਹਿਲਾਂ ਦਾ ਲੰਮਾ ਸਮਾਂ ਇੱਕ ਤਰ੍ਹਾਂ ਦੇ ਅੰਧਕਾਰ ਦਾ ਯੁੱਗ ਹੈ। 16ਵੀਂ ਸਦੀ ਵਿਚ ਸ਼ੇਕਸਪੀਅਰ ਨਾਲ ਯੂਰਪ ਅੰਦਰ ਆਧੁਨਿਕ ਨਾਟਕ ਦੀ ਸ਼ੁਰੂਆਤ ਹੁੰਦੀ ਹੈ, ਪਰ ਭਾਰਤੀ ਉਪ ਮਹਾਂਦੀਪ ਨੂੰ ਅਜਿਹੇ ਪੁਨਰ-ਜਾਗਰਨ ਲਈ 3-4 ਸੌ ਸਾਲ ਹੋਰ ਉਡੀਕ ਕਰਨੀ ਪੈਂਦੀ ਹੈ। ਪੰਜਾਬੀ ਨਾਟਕ ਨੂੰ ਨਵੀਂ ਸ਼ੁਰੂਆਤ ਲਈ ਰਸਤਾ 20ਵੀਂ ਸਦੀ ਦੇ ਪਹਿਲੇ ਦਹਾਕੇ ਬਾਅਦ ਹੀ ਮਿਲਦਾ ਹੈ ਜਦੋਂ ਪੰਜਾਬੀ ਰੰਗ-ਮੰਚ ਦੀ ਨੱਕੜਦਾਦੀ ਨੋਰਾ ਰਿਚਰਡ ਝੰਡਾ ਗੱਡਦੀ ਹੈ ਅਤੇ ਪੰਜਾਬੀ ਬੋਲੀ ਵਿਚ ਨਾਟਕ ਕਲਾ ਦੇ ਨਿਕਾਸ ਤੇ ਵਿਕਾਸ ਦੀ ਸ਼ੁਰੂਆਤ ਕਰਦੀ ਹੈ। ਨੋਰਾ ਰਿਚਰਡ ਪ੍ਰੇਰਨਾਮਈ ਅਤੇ ਬਹੁ-ਮੁਖੀ ਪ੍ਰਤਿਭਾ ਵਾਲੀ ਸ਼ਖਸੀਅਤ ਸੀ। ਪੰਜਾਬੀ ਸਾਹਿਤਕਾਰਾਂ ਦੀਆਂ ਕਈ ਪੀੜ੍ਹੀਆਂ ਨੂੰ ਉਸ ਨੇ ਪ੍ਰਭਾਵਤ ਕੀਤਾ ਅਤੇ ਇਹ ਸਿਲਸਿਲਾ ਅਜੇ ਵੀ ਜਾਰੀ ਹੈ।

ਨਾਟਕ ਕਲਾ ਅਤੇ ਨੋਰਾ ਰਿਚਰਡ ਦੀ ਪੰਜਾਬੀ ਨਾਟਕ ਨੂੰ ਦੇਣ ਬਾਰੇ ਕੁਝ ਇਸੇ ਤਰ੍ਹਾਂ ਦੇ ਵਿਚਾਰ ਟੋਰਾਂਟੋ ਦੀ ਪੰਜਾਬੀ ਆਰਟਸ ਐਸੋਸੀਏਸ਼ਨ ਦੇ ਬੁਲਾਰੇ ਅਤੇ ਰੂਹੇ-ਰਵਾਂ ਬਲਜਿੰਦਰ ਲੇਲ੍ਹਣਾ ਦੇ ਹਨ। ਪਿੱਛੇ ਜਿਹੇ ਉਨ੍ਹਾਂ ਨਾਲ ਬਰੈਂਪਟਨ (ਕੈਨੇਡਾ) ਵਿਚ ਨੋਰਾ ਦੀ ਯਾਦ ਵਿਚ ਪੰਜਾਬੀ ਨਾਟਕ ਦੀ ਸ਼ਤਾਬਦੀ ਨੂੰ ਸਮਰਪਿਤ ਨਾਟ ਮੇਲੇ ਤੋਂ ਬਾਅਦ ਇਸ ਬਾਰੇ ਗੱਲਾਂ ਹੋਈਆਂ। ਇਹ ਨਾਟ ਮੇਲਾ ਮਿਸ਼ਾਲ ਆਗਸ ਵਾਲੇ ਸਤਿੰਦਰ ਚਾਹਲ ਅਤੇ ਜਸਵਿੰਦਰ ਬੱਬੂ ਦੀ ਪਹਿਲਕਦਮੀ 'ਤੇ ਪੰਜਾਬੀ ਆਰਟਸ ਐਸੋਸੀਏਸ਼ਨ, ਹੈਟਸ ਅੱਪ, ਚੇਤਨਾ ਕਲਚਰਲ ਸੈਂਟਰ ਅਤੇ ਜ਼ਫਰ ਸ਼ਾਹ ਦੀ ਟੀਮ ਵਲੋਂ ਲਾਇਆ ਗਿਆ। ਨਾਟ ਮੇਲੇ ਦੌਰਾਨ ਐਸੋਸੀਏਸ਼ਨ ਵਲੋਂ 'ਪੰਜ ਡਾਲਰ ਦਾ ਨੋਟ', ਹੈਟਸ ਅੱਪ ਵਲੋਂ ਗੁਰਸ਼ਰਨ ਸਿੰਘ ਲਿਖਤ ਨਾਟਕ 'ਵੰਗਾਰ', ਜ਼ਫਰ ਸ਼ਾਹ ਦੀ ਟੀਮ ਵਲੋਂ 'ਦਾਖਲਾ ਫਰੀ' ਅਤੇ ਚੇਤਨਾ ਕਲਚਰਲ ਸੈਂਟਰ ਵਾਲਿਆਂ ਦੀ ਟੀਮ ਵਲੋਂ 'ਸੁਪਰ ਵੀਜ਼ਾ' ਨਾਟਕ ਖੇਡੇ ਗਏ।

ਦੋ ਦਹਾਕੇ ਪਹਿਲਾਂ ਦੀਆਂ ਗੱਲਾਂ-ਬਾਤਾਂ ਹਨ, ਪੰਜਾਬੀ ਆਰਟਸ ਐਸੋਸੀਏਸ਼ਨ ਆਫ ਟੋਰਾਂਟੋ ਦੇ ਕਲਾਕਾਰਾਂ ਵਲੋਂ ਆਪਣੀ ਸਰਗਰਮੀ 1992 ਵਿਚ ਪੰਜਾਬੀ ਲੋਕ ਮੇਲਾ ਕਰਵਾ ਕੇ ਸ਼ੁਰੂ ਕੀਤੀ ਸੀ। ਇਸ ਨਾਟ ਮੇਲੇ ਵਿਚ ਵੈਨਕੂਵਰ ਤੋਂ ਸਾਧੂ ਬਿਨਿੰਗ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ ਅਤੇ ਉਨ੍ਹਾਂ ਦੀ ਟੀਮ ਵਲੋਂ ਹੀ ਦੋ ਨਾਟਕ ਖੇਡੇ ਗਏ। ਮੇਲੇ ਦੀ ਸ਼ੁਰੂਆਤ ਅਤੇ ਸਫਲਤਾ ਦਾ ਸਿਹਰਾ ਕੁਲਦੀਪ ਰੰਧਾਵਾ, ਰਜਿੰਦਰ ਸਿੰਘ ਅਤੇ ਬਲਤੇਜ ਪੰਨੂੰ ਦੇ ਸਿਰ ਬੱਝਿਆ। 1994 ਵਿਚ ਡਾ. ਹਰਚਰਨ ਸਿੰਘ ਲਿਖਤ ਨਾਟਕ 'ਹਿੰਦ ਦੀ ਚਾਦਰ' ਅਤੇ 1996 ਵਿਚ 'ਚਮਕੌਰ ਦੀ ਗੜ੍ਹੀ ਤੋਂ ਸਰਹਿੰਦ ਤੱਕ' ਨਾਟਕ ਖੇਡੇ ਗਏ। ਮਗਰੋਂ ਟੋਰਾਂਟੋ ਵਿਚ ਪੰਜਾਬੀ ਰੰਗਮੰਚ ਦੀ ਕਾਰਕਰਦਗੀ ਨੂੰ ਨਿੱਗਰ ਹੁੰਗਾਰਾ ਡਾ. ਆਤਮਜੀਤ ਦੀ ਆਮਦ ਨਾਲ ਮਿਲਿਆ। ਉਨ੍ਹਾਂ ਦੀ ਨਿਰਦੇਸ਼ਨਾ ਹੇਠ 1995 ਵਿਚ 'ਹੋਏ ਪਰਦੇਸੀ', 1997 ਵਿਚ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਅਤੇ 1999 ਵਿਚ 'ਸਭਿ ਕਿਛੁ ਹੋਤਿ ਉਪਾਇ' ਨਾਟਕ ਬੜੀ ਕਾਮਯਾਬੀ ਨਾਲ ਖੇਡੇ ਗਏ। ਇਨ੍ਹਾਂ ਵਿਚੋਂ ਸਆਦਤ ਹਸਨ ਮੰਟੋ ਦੀ ਅਮਰ ਕਹਾਣੀ 'ਟੋਭਾ ਟੇਕ ਸਿੰਘ' ਉਤੇ ਆਧਾਰਤ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਬੜਾ ਜ਼ੋਰਦਾਰ ਰਿਹਾ। ਇਸ ਦਾ ਪ੍ਰਭਾਵ ਕਈਆਂ ਦੇ ਮਨ ਵਿਚ ਅੱਜ ਤੱਕ ਚਨੁਕਰੀ ਮੇਖ ਵਾਂਗ ਖੁਭਿਆ ਹੋਇਆ ਹੈ। ਇਹ ਨਾਟਕ ਭਾਰਤ, ਪਾਕਿਸਤਾਨ ਦੀ ਅਹਿਮਕਾਨਾ ਵੰਡ ਉਪਰ ਆਧਾਰਤ ਸੀ। ਬਲਜਿੰਦਰ ਲੇਲ੍ਹਣਾ, ਮੰਟੋ ਦੇ ਅੰਦਾਜ਼ ਦੀ ਗੱਲ ਵਾਰ-ਵਾਰ ਕਰਦੇ ਹਨ ਅਤੇ ਕਹਿੰਦੇ ਹਨ ਕਿ ਅਜਿਹੇ ਵਿਅੰਗਮਈ ਅੰਦਾਜ਼ 'ਚ ਮਾਨਵਵਾਦ ਅਤੇ ਮਾਨਵੀ ਏਕਤਾ ਦੇ ਸੁਨੇਹੇ ਦੀ ਇਸ ਤੋਂ ਬਿਹਤਰ ਕਥਾ ਕੋਈ ਲੇਖਕ ਕੀ ਪਾਵੇਗਾ!

2000 ਦੇ ਆਸ-ਪਾਸ ਪੰਜਾਬੀ ਭਾਈਚਾਰੇ ਦੀ ਮੰਗ ਆਈ ਕਿ ਵੱਧ ਤੋਂ ਵੱਧ ਨਾਟਕਾਂ ਦੇ ਵਿਸ਼ੇ ਕੈਨੇਡਾ ਵੱਸਦੇ ਆਪਣੇ ਲੋਕਾਂ ਦੀਆਂ ਸਮੱਸਿਆਵਾਂ 'ਤੇ ਕੇਂਦ੍ਰਿਤ ਹੋਣੇ ਚਾਹੀਦੇ ਹਨ। ਬਲਜਿੰਦਰ ਲੇਲ੍ਹਣਾ ਦੀ ਆਪਣੀ ਰਾਏ ਵੀ ਇਹੀ ਸੀ। ਉਹ ਮੰਨਦੇ ਹਨ ਕਿ ਉਨ੍ਹਾਂ ਦੀਆਂ ਸਭਿਆਚਾਰਕ, ਭਾਈਚਾਰਕ ਜੜ੍ਹਾਂ ਪੰਜਾਬ ਦੀ ਧਰਤੀ ਵਿਚ ਹਨ, ਇਹ ਜੜ੍ਹਾਂ ਹੀ ਸਾਡੇ ਲੋਕਾਂ ਨੂੰ ਪਛਾਣ ਦਾ ਅਹਿਸਾਸ ਦਿੰਦੀਆਂ ਹਨ ਜੋ ਇਨਸਾਨੀ ਸ਼ਖਸੀਅਤ ਦੇ ਵਿਕਾਸ ਤੇ ਵਿਗਾਸ ਲਈ ਅਹਿਮ ਵੀ ਹੈ, ਪਰ ਇਹ ਵੀ ਉਤਨੀ ਹੀ ਜ਼ੋਰਦਾਰ ਸੱਚਾਈ ਹੈ ਕਿ ਪੰਜਾਬ ਛੱਡ ਕੇ ਆਏ ਸਾਡੇ ਲੋਕਾਂ ਦੇ ਨਵੇਂ ਘਰ ਹੁਣ ਕੈਨੇਡਾ ਅਤੇ ਅਮਰੀਕਾ ਵਿਚ ਹਨ। ਉਨ੍ਹਾਂ ਦੀਆਂ ਸਮੱਸਿਆਵਾਂ ਵੀ ਪਰਵਾਸ ਦੀ ਇਸ ਹਕੀਕਤ ਨਾਲ ਜੁੜੀਆਂ ਹੋਈਆਂ ਹਨ। ਪੰਜਾਬੀ ਵਿਰਸੇ ਨੂੰ ਹਰ ਹਾਲ ਵਿਚ ਚੇਤੇ ਰੱਖਿਆ ਜਾਣਾ ਚਾਹੀਦਾ ਹੈ, ਪਰ ਆਪਣੇ ਨਵੇਂ 'ਹੋਮ ਲੈਂਡ' ਹੁਣ ਸਾਡੇ ਲੋਕਾਂ ਨੇ ਕੈਨੇਡਾ ਦੀ ਧਰਤੀ 'ਤੇ ਹੀ ਬਣਾਉਣੇ ਹਨ। ਇਸ ਲਈ ਰਵਾਇਤੀ ਹੇਰਵੇ ਤੋਂ ਹੁਣ ਬਾਹਰ ਆ ਜਾਣਾ ਚਾਹੀਦਾ ਹੈ। ਹੇਰਵਾ ਸਕਾਰਾਤਮਿਕ ਹੋਵੇ ਤਾਂ ਉਸ ਵਿਚ ਵੀ ਬਿਹਤਰੀ ਹੈ, ਨਾਕਾਰਤਮਿਕ ਭੋਂ ਹੇਰਵੇ ਨੇ ਜਿਸ ਤਰ੍ਹਾਂ ਦੇ ਗੁਲ ਖਿਲਾਏ ਹਨ, ਉਹ ਸਾਡੇ ਲੋਕਾਂ ਨੇ ਪਿਛਲੇ ਦੋ-ਤਿੰਨ ਦਹਾਕਿਆਂ ਦੌਰਾਨ ਵੇਖ ਹੀ ਲਏ ਹਨ। ਲੋੜ ਹੁਣ ਉਸ ਤਰ੍ਹਾਂ ਦੇ 'ਭੋਂ' ਹੇਰਵੇ ਤੋਂ ਬਾਹਰ ਆਉਣ ਦੀ ਹੈ। ਕਲਾ ਅਤੇ ਕਲਾਕਾਰ ਇਸ ਦਿਸ਼ਾ ਵਿਚ ਨਿਸਚੇ ਹੀ ਸਾਰਥਿਕ ਭੂਮਿਕਾ ਨਿਭਾਅ ਸਕਦੇ ਹਨ।

ਇਸੇ ਸਰੋਕਾਰ ਨੂੰ ਧਿਆਨ ਵਿਚ ਰੱਖਦਿਆਂ ਕਲੱਬ ਵਲੋਂ 2000 ਵਿਚ ਮੇਜਰ ਮਾਂਗਟ ਦਾ ਲਿਖਿਆ ਨਾਟਕ 'ਪਿੰਜਰੇ' ਖੇਡਿਆ ਗਿਆ। ਇਹ ਨਾਟਕ ਕੈਨੇਡਾ ਆਏ ਪੰਜਾਬੀ ਮੂਲ ਦੇ ਲੋਕਾਂ ਦੀਆਂ ਪਰਿਵਾਰਕ ਸਮੱਸਿਆਵਾਂ ਅਤੇ ਵਹਿਮਾਂ-ਭਰਮਾਂ ਦੇ ਮੱਕੜ ਜਾਲ ਬਾਰੇ ਸੀ। ਬਲਜਿੰਦਰ ਲੇਲ੍ਹਣਾ ਨੇ ਖੁਦ 2003-04 ਵਿਚ ਨਾਟਕ 'ਆਤਿਸ਼' ਦਾ ਨਿਰਦੇਸ਼ਨ ਕੀਤਾ ਜਿਹੜਾ ਵਿੰਗ ਕਮਾਂਡਰ ਬੀ.ਐਸ. ਫਲਾਵਰ ਦਾ ਲਿਖਿਆ ਹੋਇਆ ਸੀ। ਇਹ ਨਾਟਕ ਪੀੜ੍ਹੀਆਂ ਦੇ ਪਾੜੇ ਕਾਰਨ ਪੈਦਾ ਹੋਣ ਵਾਲੇ ਤਨਾਜਿਆਂ ਨਾਲ ਸਬੰਧਤ ਸੀ। 2005-06 ਵਿਚ ਪਾਲੀ ਭੁਪਿੰਦਰ ਦਾ ਨਾਟਕ 'ਧੁਖਦੇ ਕਲੀਰੇ' ਇਕਬਾਲ ਮਾਹਲ ਦੇ ਸਹਿਯੋਗ ਨਾਲ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਅੰਦਰ ਖੇਡਿਆ ਗਿਆ। ਇਸ ਨਾਟਕ ਨੂੰ ਨਿਰਦੇਸ਼ਨਾ ਮੈਡਮ ਨਿਰਮਲ ਰਿਸ਼ੀ ਨੇ ਦਿੱਤੀ। ਇਸ ਨਾਟਕ ਦਾ ਥੀਮ ਕੈਨੇਡਾ ਆਉਣ ਦੇ ਲਾਲਚ ਵਿਚ ਨੌਜਵਾਨ ਕੁੜੀਆਂ-ਮੁੰਡਿਆਂ 'ਤੇ ਠੋਸੇ ਜਾਣ ਵਾਲੇ ਬੇਲੋੜੇ ਅਤੇ 'ਅਣਮਨੁੱਖੀ' ਰਿਸ਼ਤਿਆਂ 'ਤੇ ਆਧਾਰਤ ਸੀ। 2007 ਵਿਚ ਐਸੋਸੀਏਸ਼ਨ ਵਲੋਂ ਪਾਲੀ ਭੁਪਿੰਦਰ ਦਾ ਇਕ ਹੋਰ ਨਾਟਕ 'ਰਾਤ ਚਾਨਣੀ' ਖੇਡਿਆ ਗਿਆ। ਇਸ ਨਾਟਕ ਨੂੰ ਖੁਦ ਉਨ੍ਹਾਂ ਨੇ ਕੁਲਦੀਪ ਰੰਧਾਵਾ ਦੇ ਸਹਿਯੋਗ ਨਾਲ ਨਿਰਦੇਸ਼ਤ ਕੀਤਾ। ਇਸ ਨਾਟਕ ਦਾ ਥੀਮ ਨਰੜ ਵਿਆਹਾਂ ਅਤੇ ਸੌਦੇਬਾਜ਼ੀ ਵਿਚ ਹੋ ਰਹੇ ਰਿਸ਼ਤਿਆਂ ਦੀ 'ਸਿਆਸਤ' ਉਤੇ ਆਧਾਰਤ ਸੀ। ਐਸੋਸੀਏਸ਼ਨ ਵਲੋਂ ਪਾਲੀ ਭੁਪਿੰਦਰ ਦੀ ਨਿਰਦੇਸ਼ਨਾ ਹੇਠ 'ਰੌਂਗ ਨੰਬਰ', 'ਮੀ ਐਂਡ ਮਾਈ ਸਟੋਰੀ' ਅਤੇ ਸਰਬਜੀਤ ਅਰੋੜਾ ਦੀ ਨਿਰਦੇਸ਼ਨਾ ਹੇਠ 'ਆਰ.ਐਸ.ਵੀ.ਪੀ.' ਨਾਟਕ ਵੀ ਕਰਵਾਏ ਗਏ।

***ਦੋ ਦਹਾਕੇ ਪਹਿਲਾਂ ਦੀਆਂ ਗੱਲਾਂ-ਬਾਤਾਂ ਹਨ, ਪੰਜਾਬੀ ਆਰਟਸ ਐਸੋਸੀਏਸ਼ਨ ਆਫ ਟੋਰਾਂਟੋ ਦੇ ਕਲਾਕਾਰਾਂ ਵਲੋਂ ਆਪਣੀ ਸਰਗਰਮੀ 1992 ਵਿਚ ਪੰਜਾਬੀ ਲੋਕ ਮੇਲਾ ਕਰਵਾ ਕੇ ਸ਼ੁਰੂ ਕੀਤੀ ਸੀ। ਇਸ ਨਾਟ ਮੇਲੇ ਵਿਚ ਵੈਨਕੂਵਰ ਤੋਂ ਸਾਧੂ ਬਿਨਿੰਗ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ ਅਤੇ ਉਨ੍ਹਾਂ ਦੀ ਟੀਮ ਵਲੋਂ ਹੀ ਦੋ ਨਾਟਕ ਖੇਡੇ ਗਏ।***

2010 ਵਿਚ ਬਲਜਿੰਦਰ ਲੇਲ੍ਹਣਾ ਵਲੋਂ 'ਸਿਰਜਣਾ' ਅਤੇ ਸਰਬਜੀਤ ਅਰੋੜਾ ਵਲੋਂ 'ਮਿਸਟਰ ਐਮ.ਐਲ.ਏ' ਸਿਰਲੇਖਾਂ ਹੇਠਲੇ ਨਾਟਕ ਨਿਰਦੇਸ਼ਤ ਕੀਤੇ ਗਏ। 'ਸਿਰਜਣਾ' ਪਾਲੀ ਭੁਪਿੰਦਰ ਨੇ ਲਿਖਿਆ ਸੀ ਅਤੇ ਇਸ ਵਿਚ ਭਰੂਣ ਹੱਤਿਆ ਦਾ ਮੁੱਦਾ ਉਠਾਇਆ ਗਿਆ ਸੀ। 'ਮਿਸਟਰ ਐਮ.ਐਲ.ਏ' ਰਾਜਨੀਤਕ ਵਿਅੰਗ ਸੀ ਜਿਸ ਵਿਚ ਦੱਸਿਆ ਗਿਆ ਸੀ ਕਿ ਸਿਆਸਤਦਾਨ ਨਿੱਕੇ-ਨਿੱਕੇ ਲਾਲਚਾਂ ਲਈ ਕਿਸ ਤਰ੍ਹਾਂ ਦੇ ਕੌਤਕ ਕਰਦੇ ਹਨ।



*ਬਲਜਿੰਦਰ ਲੇਲ੍ਹਣਾ*

ਹੁੰਦੇ-ਹੁੰਦੇ ਸਾਲ 2013 ਆ ਗਿਆ ਜੋ ਭਾਰਤੀ/ਪੰਜਾਬੀ/ਸਿੱਖ ਭਾਈਚਾਰਕ ਮੂਲ ਦੇ ਲੋਕਾਂ ਦੀ ਕੈਨੇਡਾ ਵੱਲ ਆਮਦ ਅਤੇ ਸ਼ਾਨਾਮਤੀ ਗਦਰ ਲਹਿਰ ਦੀ ਸ਼ਤਾਬਦੀ ਦਾ ਸਾਲ ਹੈ। ਬਲਜਿੰਦਰ ਲੇਲ੍ਹਣਾ ਨੂੰ ਗਦਰ ਲਹਿਰ ਵਿਚ ਮੁੱਢ ਤੋਂ ਹੀ ਦਿਲਚਸਪੀ ਸੀ। ਦਰਅਸਲ, ਉਨ੍ਹੀਂ ਦਿਨੀਂ 'ਮੋਗਾ ਮੂਵਮੈਂਟ' ਅਤੇ ਉਸ ਤੋਂ ਪ੍ਰੇਰਤ ਪੀ.ਐਸ.ਯੂ. ਦੀ ਅਗਵਾਈ ਹੇਠ ਵਿਦਿਆਰਥੀ ਅੰਦੋਲਨ ਦਾ ਸਮਾਂ ਸੀ। ਨੌਜਵਾਨ ਰੂਸੀ ਇਨਕਲਾਬ ਦੀ ਗੱਲ ਤਾਂ ਕਰਦੇ ਹੀ ਸਨ, ਉਸ ਦੌਰ ਦੇ ਨੌਜਵਾਨ ਸ਼ਹੀਦ ਭਗਤ ਸਿੰਘ ਅਤੇ ਖੁਦ ਸ਼ਹੀਦ ਭਗਤ ਸਿੰਘ ਦੀ ਪ੍ਰੇਰਨਾ ਦੇ ਸੋਮੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਗੱਲ ਅਕਸਰ ਕਰਦੇ ਹੁੰਦੇ ਸਨ। ਬਹੁਤਿਆਂ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਮਹਾਨ ਜੀਵਨ ਗਾਥਾ ਪੰਜਾਬੀ ਦੇ ਸਿਰਮੌਰ ਨਾਵਲਕਾਰ ਨਾਨਕ ਸਿੰਘ ਦਾ ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਪੜ੍ਹ ਕੇ ਜਾਣੀ ਸੀ। ਬਲਜਿੰਦਰ ਨੇ ਵੀ ਇਹ ਨਾਵਲ ਅਤੇ ਜਸਵੰਤ ਸਿੰਘ ਕੰਵਲ ਦਾ ਨਾਵਲ 'ਰਾਤ ਬਾਕੀ ਹੈ' ਦੋ-ਦੋ ਵਾਰ ਪੜ੍ਹੇ ਸਨ। ਫਿਰ ਪਿਛਲੇ ਵਰ੍ਹੇ ਜਦੋਂ ਗਦਰ ਲਹਿਰ ਸ਼ਤਾਬਦੀ ਸਮਾਰੋਹਾਂ ਦੀ ਗੱਲ ਚੱਲੀ ਤਾਂ ਉਨ੍ਹਾਂ ਮੁੜ ਆਪਣੇ ਮਿੱਤਰ ਪਾਲੀ ਭੁਪਿੰਦਰ ਨਾਲ ਗੱਲ ਕੀਤੀ। ਉਨ੍ਹਾਂ ਦੀ ਸੰਸਥਾ ਵਲੋਂ ਪਿਛਲੇ ਵਰ੍ਹੇ ਪੇਸ਼ ਨਾਟਕ 'ਇਕ ਸੁਪਨੇ ਦਾ ਪੁਲੀਟੀਕਲ ਮਰਡਰ' ਇਕ ਤਰ੍ਹਾਂ ਨਾਲ ਇਸ ਸਾਂਝੇ ਸਰੋਕਾਰ ਦਾ ਹੀ ਸਿੱਟਾ ਸੀ।

ਹਾਲ ਹੀ ਵਿਚ ਪੰਜਾਬੀ ਨਾਟਕ ਦੀ ਸ਼ਤਾਬਦੀ ਨੂੰ ਸਮਰਪਿਤ ਮੇਲੇ ਵਿਚ 'ਪੰਜ ਡਾਲਰ ਦਾ ਨੋਟ' ਨਾਟਕ ਖੇਡਿਆ ਗਿਆ। ਇਹ ਨਾਟਕ ਹਰਪ੍ਰੀਤ ਸੇਖਾ ਦੀ ਕਹਾਣੀ 'ਤੇ ਆਧਾਰਤ ਸੀ। ਇਸ ਦਾ ਨਾਟਕੀ ਰੂਪਾਂਤਰਨ ਇਕ ਵਾਰ ਮੁੜ ਪਾਲੀ ਭੁਪਿੰਦਰ ਦਾ ਸੀ ਅਤੇ ਨਿਰਦੇਸ਼ਨਾ ਦੀ ਜ਼ਿੰਮੇਵਾਰੀ ਐਤਕੀਂ ਸਰਬਜੀਤ ਅਰੋੜਾ ਵਲੋਂ ਨਿਭਾਈ ਗਈ। ਇਸ ਨਾਟਕ ਦਾ ਥੀਮ ਥੁੜ੍ਹਾਂ ਮਾਰੀ ਜ਼ਿੰਦਗੀ ਦੀਆਂ ਉਹ ਪ੍ਰੇਸ਼ਾਨੀਆਂ ਹਨ ਜਿਸ ਕਿਸਮ ਦੀਆਂ ਪ੍ਰੇਸ਼ਾਨੀਆਂ ਸੁਜਾਨ ਸਿੰਘ ਦੀ ਕਹਾਣੀ 'ਕੁਲਫੀ' ਜਾਂ ਰਜਿੰਦਰ ਸਿੰਘ ਬੇਦੀ ਦੀ ਕਹਾਣੀ 'ਗਰਮ ਕੋਟ' ਵਿਚ ਦਰਜ ਹੋਈਆਂ ਹਨ। ਇਹ ਕਹਾਣੀ ਦੱਸਦੀ ਹੈ ਕਿ ਅਜੋਕੀ ਦੁਨੀਆਂ ਅੰਦਰ ਬਥੇਰੀਆਂ ਤਰੱਕੀਆਂ ਹੋ ਗਈਆਂ ਹਨ, ਯੁੱਗ ਬਦਲ ਗਏ ਹਨ, ਪਰ ਆਮ ਆਦਮੀ ਦੀ ਹੋਣੀ ਅੱਜ ਵੀ ਉਸੇ ਤਰ੍ਹਾਂ ਦੀਆਂ ਗੁੰਝਲਾਂ ਵਿਚ ਫਸੀ ਹੋਈ ਹੈ। ਨਾਟਕ ਦੀ ਕਹਾਣੀ ਦਾ ਨਾਇਕ ਜੈਮਲ ਸਿੰਘ ਆਪਣੇ ਨੂੰਹ-ਪੁੱਤਰ ਕੋਲ ਕੈਨੇਡਾ ਦੀ 'ਖਵਾਬਾਂ' ਦੀ ਧਰਤੀ ਉਤੇ 'ਲੈਂਡ' ਤਾਂ ਕਰ ਗਿਆ ਪਰ ਜ਼ਿੰਦਗੀ ਦੀਆਂ ਤੰਗੀਆਂ-ਤੁਰਸ਼ੀਆਂ ਨੇ ਉਸ ਦਾ ਖਹਿੜਾ 'ਬਹੁਲਤਾ ਵਾਲੇ ਇਸ ਸੰਸਾਰ' ਅੰਦਰ ਵੀ ਛੱਡਿਆ ਨਹੀਂ। ਇਸੇ ਤਰ੍ਹਾਂ ਦੇ ਥੀਮ ਨੂੰ ਦੋ ਕੁ ਦਹਾਕੇ ਪਹਿਲਾਂ ਵਾਲੀ ਪੀੜ੍ਹੀ ਦੇ ਸਮਰੱਥ ਕਥਾਕਾਰ ਅਮਨਪਾਲ ਸਾਰਾ ਨੇ 'ਵੀਹਾਂ ਦਾ ਨੋਟ' ਨਾਂ ਦੀ ਕਥਾ-ਕਹਾਣੀਆਂ ਦੀ ਯਾਦਗਾਰੀ ਕਿਤਾਬ ਵਿਚ ਛੂਹਿਆ ਸੀ। ਹਰਪ੍ਰੀਤ ਸੇਖਾ, ਅਮਨਪਾਲ ਸਾਰਾ ਦੀ ਰਵਾਇਤ ਨੂੰ ਹੀ ਅਗਾਂਹ ਤੋਰਦਾ ਹੈ।

20ਵੀਂ ਸਦੀ ਦੇ ਪੰਜਾਬੀ ਨਾਟਕ ਬਾਰੇ ਬਲਜਿੰਦਰ ਲੇਲ੍ਹਣਾ ਦਾ ਵਿਚਾਰ ਸੀ ਕਿ ਇਸ ਦਿਸ਼ਾ ਵਿਚ ਮੁਢਲੇ ਨਾਟਕਕਾਰਾਂ ਵਿਚੋਂ ਆਈ.ਸੀ. ਨੰਦਾ ਦਾ ਕੰਮ ਵਧੀਆ ਸੀ। ਉਸ ਦੇ ਨਾਟਕ ਸਮਾਜਕ ਸਰੋਕਾਰਾਂ ਨਾਲ ਵਾਬਸਤਾ ਸਨ। ਉਸ ਤੋਂ ਬਾਅਦ ਬਲਵੰਤ ਗਾਰਗੀ ਨਿਸਚੇ ਹੀ ਪੰਜਾਬੀ ਨਾਟਕ ਦੀ ਦਿਓ-ਕੱਦ ਸ਼ਖਸੀਅਤ ਸੀ, ਪਰ ਗਾਰਗੀ ਨੇ ਔਰਤ-ਮਰਦ ਸਬੰਧਾਂ, ਇਥੋਂ ਤਕ ਕਿ ਉਲਾਰ ਮਨੁੱਖੀ ਰੁਚੀਆਂ ਨੂੰ ਵੱਖ-ਵੱਖ ਕੋਣਾਂ ਤੋਂ ਸਮਝਣ ਅਤੇ ਪੇਸ਼ ਕਰਨ 'ਤੇ ਇਤਨਾ ਜ਼ਿਆਦਾ ਅਤੇ ਇਕਪਾਸੜ ਜ਼ੋਰ ਲਗਾ ਦਿੱਤਾ ਕਿ ਜੀਵਨ ਦੇ ਹੋਰ ਅਨੇਕਾਂ ਪਹਿਲੂਆਂ ਨੂੰ ਮੂਲੋਂ ਹੀ ਨਜ਼ਰਅੰਦਾਜ਼ ਕਰ ਦਿੱਤਾ। ਫਿਰ ਵੀ ਉਸ ਦਾ ਪਹਿਲਾ ਨਾਟਕ 'ਲੋਹਾ ਕੁੱਟ' ਵਧੀਆ ਸੀ, ਮਾਨੋ ਗਾਰਗੀ ਨੇ ਸ਼ੁਰੂਆਤ ਹੀ ਸਿਖਰ ਤੋਂ ਕੀਤੀ ਸੀ। ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਵਧੀਆ ਸਨ, ਪਰ ਨਾਟਕ ਦੇ ਖੇਤਰ ਵਿਚ ਉਨ੍ਹਾਂ ਕੋਲੋਂ ਗੱਲ ਨਾ ਬਣ ਸਕੀ। ਡਾ. ਹਰਚਰਨ ਸਿੰਘ, ਕਪੂਰ ਸਿੰਘ ਘੁੰਮਣ ਅਤੇ ਗੁਰਦਿਆਲ ਸਿੰਘ ਫੁੱਲ ਨੇ ਵੀ ਵਧੀਆ ਨਾਟਕਾਂ ਦੀ ਰਚਨਾ ਕੀਤੀ, ਪਰ ਪੰਜਾਬ ਦੀ ਗਰੀਬ ਕਿਸਾਨੀ ਦੀਆਂ ਥੁੜ੍ਹਾਂ ਤੇ ਤੰਗੀਆਂ ਨੂੰ ਆਪਣੇ ਨਾਟਕਾਂ ਅਤੇ ਇਕਾਂਗੀਆਂ ਦਾ ਕੇਂਦਰੀ ਸਰੋਕਾਰ ਅਜਮੇਰ ਔਲਖ ਨੇ ਬਣਾਇਆ।

ਕੁਲਦੀਪ ਰੰਧਾਵਾ, ਹਰਭਜਨ ਫਲੌਰ, ਜਨਕ ਜੋਸ਼ੀ, ਜਗਮਾਲ ਚਾਹਲ ਅਤੇ ਬਲਜਿੰਦਰ ਲੇਲ੍ਹਣਾ ਨੇ 20-22 ਵਰ੍ਹੇ ਪਹਿਲਾਂ ਜਿਸ ਸਭਿਆਚਾਰਕ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ, ਉਸੇ ਪਰਿਵਾਰ ਵਿਚ ਅੱਜ ਸਰਬਜੀਤ ਅਰੋੜਾ, ਤਰਨਜੀਤ ਸੰਧੂ, ਹਰਜੀਤ ਔਜਲਾ, ਤੇਜਿੰਦਰ ਬੇਦੀ, ਨਿਰੰਕਾਰ ਸੰਧੂ, ਗੁਰਚਰਨ ਸਿੰਘ, ਗੁਰਿੰਦਰ ਢਿਲੋਂ, ਜਗਵਿੰਦਰ ਜੱਜ, ਨਵਕਿਰਨ ਲੇਲ੍ਹਣਾ, ਰਜੇਸ਼ ਪ੍ਰਭਾਕਰ, ਪਵਨ ਸੰਧੂ, ਨਵਕਿਰਨ ਰੰਧਾਵਾ, ਹਰਲੀਨ, ਬਲਦੀਪ, ਦੀਪਾ ਗਰੇਵਾਲ, ਹਰਮਨ ਸਿੱਧੂ, ਸਤਨਾਮ ਫਲੌਰ, ਮਨਦੀਪ ਵੜੈਚ, ਬਿਲਾਵਲ ਕਾਹਲੋਂ, ਪਰਵਿੰਦਰ ਆਦਿ ਮੈਂਬਰਾਂ ਦਾ ਤਕੜਾ ਕਾਫਲਾ ਹੈ ਅਤੇ ਇਹ ਸਾਰੇ ਆਪਣੇ ਪ੍ਰਧਾਨ ਕੁਲਦੀਪ ਰੰਧਾਵਾ ਦੀ ਅਗਵਾਈ ਹੇਠ ਪੂਰੀ ਪ੍ਰਤੀਬਧਤਾ ਨਾਲ ਕੰਮ ਕਰ ਰਹੇ ਹਨ।

---

# ਪੰਜਾਬੀਆਂ ਦਾ ਮਾਣਯੋਗ ਸ਼ਾਇਰ: ਹਾਸ਼ਮ

ਅੰਮ੍ਰਿਤਸਰ ਜਿਲ੍ਹੇ ਦੇ ਵੱਡੇ ਪਿੰਡ ਜਗਦੇਵ ਕਲਾਂ ਨੂੰ ਰਹਿੰਦੀ ਦੁਨੀਆਂ ਤੱਕ ਇਸ ਗੱਲ ਦਾ ਮਾਣ ਰਹੇਗਾ ਕਿ ਉਸ ਦੀ ਸਰਜ਼ਮੀਨ 'ਤੇ ਪੰਜਾਬੀ ਦਾ ਮਹਾਨ ਸ਼ਾਇਰ ਹਾਸ਼ਮ ਪੈਦਾ ਹੋਇਆ, ਖੇਡਿਆ ਮੱਲ੍ਹਿਆ ਅਤੇ ਜਜ਼ਬਾਤ ਨੂੰ ਟੁੰਬਣ ਵਾਲੀ ਸ਼ੈਲੀ ਵਿਚ ਸ਼ਬਦਾਂ ਦਾ ਕਲਾਕਾਰ

**ਪ੍ਰੋ. ਸੁਰਿੰਦਰ ਮੰਡ**
**ਫੋਨ: 91-94173-24543**

ਬਣ ਕੇ ਜੀਵਨ ਨੂੰ ਸਮਝਣ ਦੀ ਖਾਸ ਦਿਸ਼ਾ ਦੇ ਗਿਆ। ਅੱਜ ਕੱਲ੍ਹ ਉਸ ਦਾ ਪਰਿਵਾਰ ਥਰਪਾਲ, ਜ਼ਿਲ੍ਹਾ ਸਿਆਲਕੋਟ ਅਤੇ ਲਾਹੌਰ ਵਿਚ ਵੱਸਦਾ ਹੈ।

27 ਨਵੰਬਰ 1735 ਨੂੰ ਹਾਜ਼ੀ ਮੁਹੰਮਦ ਸ਼ਰੀਫ ਦੇ ਘਰ ਜਨਮੇ ਹਾਸ਼ਮ ਸ਼ਾਹ ਨੂੰ ਹਿਕਮਤ ਦੀ ਵੀ ਸਮਝ ਸੀ। ਉਸ ਨੇ ਹਿੰਦੀ, ਸੰਸਕ੍ਰਿਤ ਵੀ ਪੜ੍ਹੀ ਸੀ। ਉਸ ਦਾ ਮਹਾਰਾਜਾ ਰਣਜੀਤ ਸਿੰਘ ਦੀ ਨਜ਼ਰ ਵਿਚ ਵੀ ਵੱਡਾ ਮਾਣ ਸਤਿਕਾਰ ਸੀ। ਹਾਸ਼ਮ ਨੇ ਹੀਰ ਰਾਂਝਾ, ਸੋਹਣੀ ਮਹੀਂਵਾਲ ਅਤੇ ਸ਼ੀਰੀ ਫਰਹਾਦ ਅਤੇ ਸੱਸੀ ਪੁਨੂੰ ਦੇ ਕਿੱਸੇ ਲਿਖੇ। ਸੋਹਣੀ ਮਹੀਵਾਲ ਅਤੇ ਸ਼ੀਰੀ ਫਰਹਾਦ ਦਾ ਕਿੱਸਾ ਪੰਜਾਬੀ 'ਚ ਸਭ ਤੋਂ ਪਹਿਲਾਂ ਹਾਸ਼ਮ ਨੇ ਲਿਖਿਆ। ਸੱਸੀ ਪੁਨੂੰ ਦਾ ਕਿੱਸਾ ਉਸ ਦੀ ਮਸ਼ਹੂਰ ਲਿਖਤ ਹੈ।

ਪੰਜਾਬੀ ਕਿੱਸਾਕਾਰਾਂ ਵਿਚੋਂ ਹਾਸ਼ਮ ਇਸ ਗੱਲੋਂ ਵੀ ਨਿਵੇਕਲੀ ਵਡਿਆਈ ਦਾ ਹੱਕਦਾਰ ਹੈ ਕਿ ਉਸ ਨੇ ਵਧੀਆ ਕਿੱਸਿਆਂ ਤੋਂ ਇਲਾਵਾ ਹੋਰ ਲਿਖਤਾਂ ਵੀ ਲਿਖੀਆਂ ਜਿਵੇਂ ਦੋਹੜੇ, ਡਿਓੜਾਂ, ਗੰਜੇ ਅਸਰਾਰ ਛੇ ਸੀਹਰਫੀਆਂ ਤੇ ਕੁਝ ਗਜ਼ਲਾਂ। ਹਿੰਦੀ 'ਚ ਗਿਆਨ ਪ੍ਰਕਾਸ਼, ਸ਼ਲੋਕ, ਚਿੰਤਾ ਹਰ, ਪੋਥੀ ਰਾਜਨੀਤੀ, ਪੋਥੀ ਹਿਕਮਤ, ਟੀਕਾ ਪੰਜ ਗ੍ਰੰਥੀ। ਇਸ ਤੋਂ ਇਲਾਵਾ ਫਾਰਸੀ 'ਚ ਦੀਵਾਨ ਹਾਸ਼ਮ, ਮਸਨਵੀ ਹਾਸ਼ਮ, ਚਹਾਰ-ਬਹਾਰ, ਫਕਰਨਾਮਾ ਆਦਿ (ਪਿਆਰਾ ਸਿੰਘ ਪਦਮ, ਹਾਸ਼ਮ ਰਚਨਾਲਵੀ)।

ਇੰਜ ਹਾਸ਼ਮ ਬਹੁਪੱਖੀ ਲੇਖਕ ਹੈ। ਉਸ ਨੇ ਸੁੰਦਰ ਠੇਠ ਪੰਜਾਬੀ ਵਿਚ, ਹੰਢੇ ਹੋਏ ਸ਼ਾਇਰ ਦਾ ਸਬੂਤ ਦਿੰਦਿਆਂ, ਮੋਤੀਆਂ ਵਾਂਗ ਸ਼ਬਦ ਚੁਗ ਚੁਗ ਸੰਜਮੀ ਸ਼ੈਲੀ ਵਿਚ ਕਿੱਸੇ ਲਿਖੇ। ਦਰਦ ਨੂੰ ਲਫ਼ਜ਼ਾਂ ਵਿਚ ਬੰਨ੍ਹਣ ਅਤੇ ਪੜ੍ਹਨ ਸੁਣਨ ਵਾਲੇ ਦੇ ਦਿਲ ਨੂੰ ਧੂਹ ਪਾਉਣ ਦੀ ਹੱਦ ਤਕ ਪ੍ਰਭਾਵਿਤ ਕਰਨ ਪੱਖੋਂ ਉਹ ਬੇਮਿਸਾਲ ਹੈ। ਤਾਂ ਹੀ ਤਾਂ ਹਾਸ਼ਮ ਨੂੰ ਬਿਰਹਾ ਦੇ ਸਿਰਮੌਰ ਸ਼ਾਇਰ ਦਾ ਰੁਤਬਾ ਹਾਸਲ ਹੈ।

ਚਮਕੀ ਆਣ ਦੁਪਹਿਰਾ ਵੇਲੇ,
ਗਰਮੀ ਗਰਮ ਬਹਾਰੇ।
ਤਪਦੀ ਵਾਓ ਵਗੇ ਅਸਮਾਨੋ,
ਪੰਛੀ ਮਾਰ ਉਤਾਰੇ।
ਆਤਸ਼ ਦਾ ਦਰਿਆ ਖਲੋਤਾ,
ਥਲ ਮਾਰੂ ਵਲ ਚਾਰੇ।
ਹਾਸ਼ਮ ਫੇਰ ਪਿਛਾਂਹ ਨਾ ਮੁੜਦੀ,
ਲੂੰ-ਲੂੰ ਹੋਤ ਪੁਕਾਰੇ।

ਆਪਣੇ ਸਮੇਂ ਦੇ ਸਮਾਜ ਸ਼ਾਸਤਰੀ ਸੱਚ, ਵਕਤ ਦੀ ਰਾਜਨੀਤੀ ਅਤੇ ਜਮਾਤੀ ਸਮਾਜਕ ਸਭਿਆਚਾਰਕ ਬਣਤਰ ਦਾ ਖੂਬਸੂਰਤ ਬਿਆਨ ਜਿਵੇਂ ਹਾਸ਼ਮ ਨੇ ਕੀਤਾ, ਉਹ ਬੇਮਿਸਾਲ ਹੈ। ਉਸ ਨੇ ਦਵੱਈਆ ਛੰਦ ਨੂੰ ਤਿੰਨ ਕਿੱਸਿਆਂ ਸੱਸੀ, ਸੋਹਣੀ, ਸ਼ੀਰੀ 'ਚ ਇਉਂ ਵਰਤਿਆ ਤੇ ਨਿਖਾਰਿਆ ਹੈ ਕਿ ਪੜ੍ਹਨ ਵਾਲਾ ਅਸ਼ ਅਸ਼ ਕਰ ਉਠੇ।

ਪੱਛੜੇ ਅਤੇ ਦਕੀਆਨੂਸੀ ਸੋਚ ਵਾਲੇ ਸਮਾਜ ਨੂੰ ਮੁਹੱਬਤ ਦੀ ਪਾਕੀਜ਼ਗੀ ਦਾ ਸੁਨੇਹਾ ਜਿਸ ਅੰਦਾਜ਼ 'ਚ ਹਾਸ਼ਮ ਨੇ ਦਿੱਤਾ ਹੈ, ਉਹ ਨਿਵੇਕਲਾ ਅਤੇ ਕਾਬਲੇ ਤਾਰੀਫ ਹੈ। ਉਸ ਦਾ ਇਕ ਇਕ ਲਫਜ਼ ਇਨਸਾਨ ਨੂੰ ਅੰਦਰ ਤਕ ਹਲੂਣ ਸੁੱਟਣ ਅਤੇ ਕੁਝ ਚੰਗਾ ਸੋਚਣ ਲਈ ਮਜਬੂਰ ਕਰਨ ਦੀ ਤਾਕਤ ਰੱਖਦਾ ਹੈ। ਉਸਾਦਾ ਨਜ਼ਰੀਆ ਕੁਦਰਤ ਵਰਗਾ ਵਿਸ਼ਾਲ ਹੈ ਅਤੇ ਅੰਦਾਜ਼ ਅਪਰੇਸ਼ਨ ਕਰਨ ਵਾਲੇ ਸਿਆਣੇ ਡਾਕਟਰ ਵਰਗਾ ਬੇਲਿਹਾਜਾ।

ਫਲਸਫ਼ਾਨਾ ਛੋਹ ਦੇ ਕੇ ਲਿਖਣਾ, ਇਨਸਾਨੀ ਮੂਲ ਦੀਆਂ ਤਰੰਗਾਂ ਛੇੜਨੀਆਂ ਅਤੇ ਉਨ੍ਹਾਂ ਦੇ ਸਮਾਜੀ ਬਣਤਰ ਨਾਲ ਰਗੜ ਖਾ ਕੇ ਨਿਕਲਣ ਵਾਲੇ ਚੰਗਿਆੜਿਆਂ ਦੀਆਂ ਫੁੱਲਝੜੀਆਂ ਵਖਾਉਣੀਆਂ, ਪਰ ਵਿਚੋਂ ਗਿਆਨ ਦੀ ਲਿਸ਼ਕੋਰ ਵੀ ਮਾਰਨੀ ਹਾਸ਼ਮ ਦੀ ਸ਼ਾਇਰੀ ਦੀ ਲਾਸਾਨੀ ਪ੍ਰਾਪਤੀ ਹੈ। ਉਨ੍ਹਾਂ ਦੇ ਚੰਗੇ ਭਾਗ ਹੋਣਗੇ, ਜਿਹੜੇ ਹਾਸ਼ਮ ਦੀਆਂ ਲਿਖਤਾਂ ਨੂੰ ਪੜ੍ਹ ਲੈਣਗੇ।

ਹਾਸ਼ਮ ਦੇ ਮੁਹੱਬਤੀ ਤੇ ਬਿਰਹਾ ਵਿਚ ਗੜੁੱਚ ਲਫਜ਼ ਪੜ੍ਹਨ/ਸੁਣਨ ਵਾਲੇ ਨੂੰ ਨਿਚੋੜ ਕੇ ਬਦੋ-ਬਦੀ ਉਸ ਦੀਆਂ ਅੱਖਾਂ ਵਿਚੋਂ ਹੰਝੂ ਕੱਢ ਲਿਆਉਂਦੇ ਹਨ।

ਤੁਰਸਾਂ ਮੂਲ ਨਾ ਮੁੜਸਾਂ ਰਾਹੋਂ,
ਜਾਨ ਤਲੀ ਪਰ ਧਰਸਾਂ।
ਜਬ ਲਗ ਸਾਸ ਨਿਰਾਸ ਨਾ ਹੋਵਾਂ,
ਮਰਨੋਂ ਮੂਲ ਨਾ ਡਰਸਾਂ।

# ਜਮਹੂਰੀਅਤ ਦੇ ਚੌਥੇ ਥੰਮ ਦੀਆਂ ਹਕੀਕਤਾਂ

## ਪੱਤਰਕਾਰੀ ਦੀ ਪਰਿਕਰਮਾ

***ਪੱਤਰਕਾਰੀ ਦਾ ਅਰੰਭ ਬਹੁਤ ਵੱਡੇ ਮਿਸ਼ਨ ਤੋਂ ਹੋਇਆ ਸੀ। ਇਹ ਮਿਸ਼ਨ ਸੱਚ ਦੀ ਤਲਾਸ਼ ਕਰਨ ਅਤੇ ਸੁੱਚ ਦਾ ਹੋਕਾ ਦੇਣ ਦਾ ਸੀ। ਆਮ ਕਰ ਕੇ ਆਮ ਬੰਦੇ ਤੱਕ ਬਹੁਤ ਸਾਰੀਆਂ ਗੱਲਾਂ ਅਤੇ ਤੱਥ ਬਹੁਤ ਵਾਰ ਪੁੱਜਦੇ ਹੀ ਨਹੀਂ। ਇਹ ਤੱਥ ਸਹੀ ਕੋਣ ਤੋਂ ਸਾਹਮਣੇ ਲਿਆਉਣ ਦੀ ਜ਼ਿੰਮੇਵਾਰੀ ਹੀ ਪੱਤਰਕਾਰੀ ਦੇ ਇਸ ਮਿਸ਼ਨ ਦਾ ਅਸਲਾ ਸੀ ਪਰ ਜਦੋਂ ਤੋਂ ਇਸ ਖੇਤਰ ਵਿਚ ਸਿਆਸੀ, ਵਪਾਰਕ ਅਤੇ ਪ੍ਰਸ਼ਾਸਕੀ ਦਖਲ ਵਧਿਆ ਹੈ, ਮਿਸ਼ਨ ਦਾ ਸੁੱਚਾ ਰੰਗ, ਬਦਰੰਗ ਹੋ ਗਿਆ ਹੈ। ਮਿਸ਼ਨ ਨੂੰ ਪ੍ਰਣਾਏ ਜਿਊੜੇ ਹੁਣ ਮਸਾਂ ਹੀ ਲੱਭਦੇ ਹਨ। ਬੀਬੀ ਗੁਲਸ਼ਨ ਦਿਆਲ ਨੇ ਪੱਤਰਕਾਰੀ ਦੇ ਇਸ ਫਿਕਰ ਬਾਰੇ ਆਪਣੇ ਵਿਚਾਰ ਤੇ ਤਜਰਬੇ ਇਸ ਲੇਖ ਵਿਚ ਸਾਂਝੇ ਕੀਤੇ ਹਨ।-ਸੰਪਾਦਕ***

ਕਦੀ ਸੋਚਿਆ ਨਹੀਂ ਸੀ ਕਿ ਕਿਸੇ ਦਿਨ ਮੈਂ ਲਿਖਣ ਲੱਗਾਂਗੀ, ਤੇ ਫਿਰ ਸਾਹਿਤ ਅਕਾਡਮੀ ਵੱਲੋਂ ਮੈਨੂੰ ਪ੍ਰੈਸ ਬਾਰੇ ਬੋਲਣ ਲਈ ਆਖਿਆ ਜਾਵੇਗਾ, ਪਰ ਜ਼ਿੰਦਗੀ ਮਿਥੇ ਹੋਏ ਰਾਹਾਂ 'ਤੇ ਕਦ ਤੁਰਦੀ ਹੈ? ਇਹ ਜਦ ਵੀ ਚਾਹੇ ਨਵੇਂ ਸੁਆਲ ਤੇ ਨਵੇਂ ਰਾਹ ਮੂਹਰੇ ਲਿਆ ਖੜ੍ਹਾ ਕਰ ਦਿੰਦੀ ਹੈ। ਕਈ ਸਾਲ ਪਹਿਲਾਂ ਜਦ ਮੈਂ ਅਜੇ ਅਮਰੀਕਾ ਆਈ ਹੀ ਸੀ, ਤਾਂ ਮੈਨੂੰ ਜਰਨਲਿਜ਼ਮ ਦੀ ਕਲਾਸ ਲੈਣੀ ਪਈ ਸੀ। ਇਹ ਬਤੌਰ ਅਧਿਆਪਕ ਮੇਰੀ ਵੁਕਅਤ ਲਈ ਜ਼ਰੂਰੀ ਸੀ। ਪਹਿਲੇ ਦਿਨ ਕਲਾਸ ਵਿਚ ਗਈ ਤਾਂ ਇਹ ਖਚਾ-ਖਚ ਭਰੀ ਹੋਈ ਸੀ। ਟੀਚਰ ਆਇਆ ਤਾਂ ਵਾਰੀ-



**ਗੁਲਸ਼ਨ ਦਿਆਲ**
sohanigullu@gmail.com

ਵਾਰੀ ਸਭ ਤੋਂ ਪੁੱਛਣ ਲੱਗਾ, 'ਇਹ ਕਲਾਸ ਕਿਉਂ ਲੈ ਰਹੇ ਹੋ?' ਸਭ ਨੇ ਆਪੋ-ਆਪਣੇ ਕਾਰਨ ਦੱਸੇ। ਉਸ ਆਖਿਆ, 'ਤੁਹਾਡੇ ਵਿਚੋਂ ਅੱਧੇ ਹੀ ਸਿਰੇ ਚੜ੍ਹਨਗੇ।' ਅਸੀਂ ਸਾਰੇ ਹੈਰਾਨ, ਪਰ ਹੋਈ ਉਹੀ ਗੱਲ! ਅਖੀਰ ਤੱਕ ਜਮਾਤ ਤੀਜਾ ਹਿੱਸਾ ਰਹਿ ਗਈ ਸੀ। ਸੋਚਦੀ ਹਾਂ...ਇੰਜ ਨਹੀਂ ਕਿ ਇਹ ਜਮਾਤ ਔਖੀ ਸੀ, ਪਰ ਅਸਲ ਗੱਲ ਸ਼ਾਇਦ ਇਹ ਸੀ ਕਿ ਇਹ ਕਿੱਤਾ ਹੀ ਔਖਾ ਹੈ ਜਿਸ ਨੂੰ ਪੂਰੀ ਸੱਚਾਈ ਤੇ ਇਮਾਨਦਾਰੀ ਨਾਲ ਨਿਭਾਉਣ ਵਾਲੇ ਲੋਕ ਮੁੱਠੀ ਭਰ ਹੀ ਹੁੰਦੇ ਹਨ।

ਕੁਝ ਸਾਲ ਹੋਏ ਜਦ ਰੂਸੀ ਫੌਜ ਨੇ ਚੇਚਨੀਆ ਦੇ ਆਜ਼ਾਦੀ ਮੰਗਦੇ ਲੋਕਾਂ ਨੂੰ ਬਾਗੀ ਆਖ ਕੇ ਬੇਰਹਿਮੀ ਨਾਲ ਮਾਰਿਆ, ਤਾਂ ਦੁਨੀਆਂ ਦੇ ਬਹੁਤ ਸਾਰੇ ਲੋਕਾਂ ਨੂੰ ਉਸ ਕਤਲੇਆਮ ਬਾਰੇ ਪਤਾ ਵੀ ਨਹੀਂ ਲੱਗਿਆ। ਉਸ ਵੇਲੇ ਜਦ ਰੂਸੀ ਪੱਤਰਕਾਰ ਅੱਨਾ ਪਾਲਿਤਕੋਵਸਕਾਇਆ ਨੇ ਸਹੀ ਤੇ ਸੱਚੀਆਂ ਖਬਰਾਂ ਦੇਣ ਦੀ ਕੋਸ਼ਿਸ਼ ਕੀਤੀ, ਪਹਿਲਾਂ ਤਾਂ ਉਸ ਨੂੰ ਚੇਤਾਵਨੀ ਦੇ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ, ਫਿਰ ਡਰਾਉਣਾ ਤੇ ਧਮਕਾਉਣਾ ਸ਼ੁਰੂ ਕੀਤਾ; ਪਰ ਹਰ ਵੇਲੇ ਉਸ ਦਾ ਜੁਆਬ ਇਹੀ ਸੀ ਕਿ ਉਹ ਉਹੀ ਕੁਝ ਆਖ ਤੇ ਲਿਖ ਰਹੀ ਹੈ ਜੋ ਉਹ ਦੇਖ ਰਹੀ ਹੈ। ਫਿਰ ਉਹ ਚੁੱਪ ਕਿਵੇਂ ਰਹਿ ਸਕਦੀ ਹੈ? ਆਖਿਰ ਉਸ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ! ਉਸ ਦੀ ਮੌਤ ਵੇਲੇ ਸੁਆਲ ਉਠਿਆ: Is Journalism worth dying for? ਤੇ ਮਗਰੋਂ ਇਸੇ ਨਾਮ ਦੀ ਕਿਤਾਬ ਵੀ ਛਪੀ।

ਅਜਿਹੀ ਸੂਰਤ ਵਿਚ ਸੋਚਦੀ ਹਾਂ ਕਿ ਜੋ ਅਸੀਂ ਅਖਬਾਰਾਂ/ਮੀਡੀਆ ਵਿਚ ਪੜ੍ਹਦੇ/ਸੁਣਦੇ ਹਾਂ, ਕੀ ਉਹ ਪੂਰਾ ਸੱਚ ਹੁੰਦਾ ਹੈ? ਜਾਂ ਉਹ ਕੁਝ ਹੁੰਦਾ ਹੈ ਜੋ ਉਸ ਅਖਬਾਰ ਦਾ ਐਡੀਟਰ ਜਾਂ ਲਿਖਾਰੀ ਜਾਂ ਮਾਲਿਕ ਸਾਡੇ ਦਿਮਾਗ ਵਿਚ ਪਾਉਣਾ ਚਾਹੁੰਦਾ ਹੈ।

ਫਿਰ ਵੀ ਪੂਰਾ-ਅਧੂਰਾ ਜਾਂ ਅੱਧ-ਪਚੱਧਾ ਸੱਚ ਜੋ ਖਬਰਾਂ ਰਾਹੀਂ ਸਾਡੇ ਤੱਕ ਪੁੱਜਦਾ ਹੈ, ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ। ਜੇ ਤੁਹਾਨੂੰ ਅਖਬਾਰ ਪੜ੍ਹਨ ਦੀ ਆਦਤ ਹੈ, ਤਾਂ ਤੁਹਾਨੂੰ ਪਤਾ ਹੀ ਹੋਵੇਗਾ ਕਿ ਕਿੰਨੀ ਬੇਕਰਾਰੀ ਨਾਲ ਅਸੀਂ ਨਿੱਤ ਅਖਬਾਰਾਂ ਉਡੀਕਦੇ ਹੁੰਦੇ ਸਾਂ। ਜੇ ਅਖਬਾਰ ਨਹੀਂ ਵੀ ਪੜ੍ਹਦੇ, ਤਾਂ ਕੋਸ਼ਿਸ਼ ਕਰਦੇ ਹੋ ਕਿ ਰੇਡੀਓ ਜਾਂ ਟੀ.ਵੀ. ਤੋਂ ਦਿਨ ਵਿਚ ਘੱਟੋ-ਘੱਟ ਇੱਕ ਵਾਰ ਖਬਰਾਂ ਜ਼ਰੂਰ ਸੁਣ ਸਕੋ।

ਪੜ੍ਹਿਆ-ਲਿਖਿਆ ਸਮਾਜ ਜੇ ਖਬਰਾਂ ਵੱਲ ਧਿਆਨ ਨਹੀਂ ਦਿੰਦਾ ਕਿ ਉਸ ਦੇ ਆਲੇ-ਦੁਆਲੇ ਕੀ ਹੋ ਰਿਹਾ ਹੈ, ਜਾਂ ਬਾਕੀ ਦੁਨੀਆਂ ਵਿਚ ਕੀ ਹੋ ਰਿਹਾ ਹੈ, ਤਾਂ ਸਮਝੋ ਉਸ ਸਮਾਜ ਦੇ ਬੁਰੇ ਦਿਨ ਆਉਣ ਵਾਲੇ ਹਨ ਤੇ ਉਹ ਗਿਰਾਵਟ ਵੱਲ ਜਾ ਰਿਹਾ ਹੈ। ਅਸਮਰੱਥਾ, ਦਿਸ਼ਾਹੀਣਤਾ, ਦਗਾ, ਬੇਵਫਾਈ, ਬੇਵਸਾਹੀ, ਦਹਿਸ਼ਤ, ਤੇ ਘੋਰ ਚਰਮ ਸੀਮਾ ਨੂੰ ਛੂੰਹਦਾ ਸੰਕਟ ਹੀ ਅਜਿਹੇ ਸਮਾਜ ਦੇ ਹਿੱਸੇ ਆਵੇਗਾ। ਸਹੀ ਖਬਰਾਂ ਦਾ ਮਤਲਬ ਹੈ ਸਹੀ ਖਬਰਾਂ, ਤੇ ਜੇ ਸਰਕਾਰ ਜਾਂ ਮੀਡੀਆ ਸਹੀ ਖਬਰ ਨਹੀਂ ਦੇ ਰਿਹਾ, ਤਾਂ ਸਮਝ ਲਓ ਕਿ ਸਰਕਾਰ ਤੇ ਮੀਡੀਆ ਸ਼ਰਾਰਤ 'ਤੇ ਉਤਰ ਆਏ ਹਨ; ਕਿਉਂਕਿ ਉਹ ਨਹੀਂ ਚਾਹੁੰਦੇ ਕਿ ਲੋਕ ਜਾਂ ਸਮਾਜ ਖਾਸ ਮੁੱਦਿਆਂ 'ਤੇ ਸਿਆਣਪ ਭਰੇ ਫੈਸਲੇ ਕਰਨ ਜਾਂ ਉਨ੍ਹਾਂ ਬਾਰੇ ਸੁਆਲ ਉਠਾਉਣ। ਲੋਕਾਂ ਕੋਲ ਜੇ ਕਿਸੇ ਗੱਲ ਦੀ ਸਹੀ ਤਸਵੀਰ ਨਹੀਂ, ਕੋਈ ਖਬਰ ਨਹੀਂ ਤਾਂ ਬਹੁਤ ਮੁਸ਼ਕਿਲ ਹੈ ਸਹੀ ਸੁਆਲ ਪੁੱਛਣੇ ਤੇ ਸਹੀ ਫੈਸਲੇ ਕਰਨੇ! ਜੇ ਉਨ੍ਹਾਂ ਕੋਲ ਸਹੀ ਖਬਰ ਹੀ ਨਹੀਂ ਤਾਂ ਫਿਰ ਉਹ ਕਿਸ ਗੱਲ 'ਤੇ ਬਹਿਸ ਕਰਨ ਤੇ ਕਿਸ ਤਰ੍ਹਾਂ ਸਰਕਾਰ ਨੂੰ ਸਹੀ ਸੁਆਲ ਕਰਨ?

ਪੱਤਰਕਾਰ ਤੇ ਪ੍ਰੈਸ ਰਿਪੋਰਟਰ ਨੇ ਸਾਨੂੰ ਸਹੀ ਤਸਵੀਰ ਹੀ ਨਹੀਂ ਦਿਖਾਉਣੀ ਹੁੰਦੀ, ਬਲਕਿ ਸਾਨੂੰ ਸਹੀ ਫੈਸਲੇ ਕਰਨ, ਸਹੀ ਰਾਏ ਬਣਾਉਣ ਬਾਰੇ ਵੀ ਸਿਖਾਉਣਾ ਹੁੰਦਾ ਹੈ। ਸੋ, ਉਨ੍ਹਾਂ ਦੇ ਮੋਢਿਆਂ 'ਤੇ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਬਹੁਤ ਸਾਰੀਆਂ ਖਬਰਾਂ ਨੂੰ ਸਮਝਣ ਲਈ ਉਨ੍ਹਾਂ ਦੀ ਲੋੜ ਹੁੰਦੀ ਹੈ। ਸਰਕਾਰ ਦੇ ਬਹੁਤ ਸਾਰੇ ਪੱਖ ਅਤੇ ਪਾਲਿਸੀਆਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਆਮ ਜਨਤਾ ਨੂੰ ਨਾ ਤਾਂ ਪਤਾ ਹੁੰਦਾ ਹੈ ਤੇ ਨਾ ਹੀ ਕੋਈ ਸਮਝ ਹੁੰਦੀ ਹੈ, ਕਿਉਂਕਿ ਇਨ੍ਹਾਂ ਬਾਰੇ ਆਮ ਲੋਕਾਂ ਨੂੰ ਕੋਈ ਸਿੱਧਾ ਤਜਰਬਾ ਨਹੀਂ ਹੁੰਦਾ। ਇਹ ਜ਼ਿੰਮਾ ਪ੍ਰੈਸ ਦਾ ਹੁੰਦਾ ਹੈ, ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਅਸੀਂ ਪੂਰੀ ਜ਼ਿੰਮੇਵਾਰੀ ਉਨ੍ਹਾਂ ਉਤੇ ਹੀ ਸੁੱਟ ਦਈਏ। ਸਹੀ ਤਸਵੀਰ ਨੂੰ ਸਮਝਣ ਲਈ ਖੁਦ ਨੂੰ ਵੀ ਸੂਝ ਹੋਣੀ ਚਾਹੀਦੀ ਹੈ। ਮੁੱਕਦੀ ਗੱਲ, ਲੋਕਤੰਤਰ ਦੇ ਪੈਰ ਮਜ਼ਬੂਤ ਕਰਨ ਲਈ ਜ਼ਰੂਰੀ ਹੈ ਕਿ ਲੋਕਾਂ ਨੂੰ ਭਰੋਸੇਯੋਗ ਸੂਤਰਾਂ ਤੋਂ ਸਹੀ ਤੇ ਸੱਚੀਆਂ ਖਬਰਾਂ ਮਿਲਦੀਆਂ ਰਹਿਣ; ਨਹੀਂ ਤਾਂ ਲੋਕਤੰਤਰ ਡਗਮਗਾ ਜਾਵੇਗਾ।

2006 ਵਿਚ ਕਾਰਨੇਗੀ ਕਾਰਪੋਰੇਸ਼ਨ ਨੇ ਸਰਵੇਖਣ ਕਰਵਾਇਆ ਸੀ ਜਿਸ ਵਿਚ ਚਿੰਤਾਜਨਕ ਤੱਥ ਸਾਹਮਣੇ ਆਏ ਸਨ। ਇਸ ਮੁਤਾਬਕ ਸਿਰਫ 8% ਲੋਕ ਹੀ ਪੱਤਰਕਾਰਾਂ ਜਾਂ ਮੀਡੀਆ ਉਤੇ ਭਰੋਸਾ ਕਰਦੇ ਹਨ। ਇਹ ਗੱਲ ਭਾਵੇਂ ਅਮਰੀਕਾ ਬਾਰੇ ਸੀ, ਪਰ ਭਾਰਤ ਦੇ ਹਾਲਾਤ ਵੀ ਇਸ ਤੋਂ ਵੱਖਰੇ ਨਹੀਂ ਹੋਣਗੇ। ਮੈਨੂੰ ਯਾਦ ਹੈ, ਕਿਸੇ ਖਾਸ ਘਟਨਾ ਵੇਲੇ ਲੋਕ ਆਕਾਸ਼ਵਾਣੀ ਜਾਂ ਲੋਕਲ ਅਖਬਾਰਾਂ ਦੀ ਥਾਂ ਬੀ.ਬੀ.ਸੀ. ਦੀਆਂ ਖਬਰਾਂ 'ਤੇ ਵਧੇਰੇ ਯਕੀਨ ਕਰਦੇ ਸਨ। ਜਿਸ ਤਰ੍ਹਾਂ ਬਚਪਨ ਵਿਚ ਅਸੀਂ ਕੁਲਦੀਪ ਨਈਅਰ, ਖੁਸ਼ਵੰਤ ਸਿੰਘ ਜਾਂ ਇੰਦਰ ਮਲਹੋਤਰਾ 'ਤੇ ਯਕੀਨ ਕਰ ਲੈਂਦੇ ਸੀ, ਉਹ ਯਕੀਨ ਹੁਣ ਦੇ ਪੱਤਰਕਾਰਾਂ 'ਤੇ ਬੱਝਦਾ ਨਹੀਂ। ਹੋ ਸਕਦਾ ਹੈ ਕਿ ਇਹ ਉਮਰ ਦਾ ਤਕਾਜ਼ਾ ਹੋਵੇ, ਹੋ ਸਕਦਾ ਹੈ ਹੁਣ ਦੇ ਨੌਜਵਾਨਾਂ ਲਈ ਕੋਈ ਹੋਰ ਉਨ੍ਹਾਂ ਦਾ ਮਨਪਸੰਦ ਜਰਨਲਿਸਟ ਹੋਵੇ ਜਿਸ 'ਤੇ ਉਹ ਯਕੀਨ ਕਰ ਸਕਦੇ ਹੋਣ; ਪਰ ਜੇ ਪੱਤਰਕਾਰ ਸਿਆਸੀ ਪਾਰਟੀਆਂ ਜਾਂ ਸਰਕਾਰ ਦੇ ਹੱਥਾਂ ਵਿਚ ਖੇਡ ਕੇ ਆਪਣੀਆਂ ਖਬਰਾਂ ਉਸ ਰੰਗ ਵਿਚ ਪੇਸ਼ ਕਰਦੇ ਹਨ; ਜਾਂ ਜ਼ਾਤੀ ਫਾਇਦਿਆਂ ਲਈ ਵਿਕ ਜਾਂਦੇ ਹਨ; ਜਾਂ ਜੇ ਉਨ੍ਹਾਂ ਦੀ ਕੋਈ ਆਪਣੀ ਵਿਚਾਰਧਾਰਾ ਹੁੰਦੀ ਹੈ ਜਿਸ ਨੂੰ ਉਹ ਪ੍ਰਚਲਿਤ ਕਰਨਾ ਚਾਹੁੰਦੇ ਨੇ, ਤਾਂ ਸੱਚ ਬਹੁਤ ਪਿਛਾਂਹ ਰਹਿ ਜਾਂਦਾ ਹੈ।

ਇਸ ਦੇ ਨਾਲ ਹੀ ਉਨ੍ਹਾਂ ਗੱਲਾਂ ਬਾਰੇ ਵੀ ਸੋਚਣਾ ਪਵੇਗਾ ਜੋ ਚੰਗੀ ਪੱਤਰਕਾਰੀ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਸਹੀ ਖਬਰਾਂ ਕੀ ਕਰਨਗੀਆਂ ਜੇ ਇਨ੍ਹਾਂ ਨੂੰ ਸੁਣਨ/ਪੜ੍ਹਨ ਵਾਲੇ ਲੋਕ ਅਖਬਾਰਾਂ ਤੇ ਮੀਡੀਆ ਤੋਂ ਸਿਰਫ ਮਨੋਰੰਜਨ ਹੀ ਭਾਲਣ? 24 ਘੰਟੇ ਟੀ.ਵੀ. 'ਤੇ ਡਰਾਮੇ ਤੇ ਰੰਗਾ-ਰੰਗ ਪ੍ਰੋਗਰਾਮ ਜਦ ਲੋਕਾਂ ਦਾ ਵਧੇਰੇ ਧਿਆਨ ਖਿੱਚਦੇ ਹਨ ਤਾਂ ਖਬਰਾਂ ਦੇਣ ਵਾਲੇ ਨੂੰ ਵੀ ਉਹ ਜੋਸ਼ ਨਹੀਂ ਰਹਿੰਦਾ ਜੋ ਕਿਸੇ ਜ਼ਮਾਨੇ ਵਿਚ ਪੱਤਰਕਾਰਾਂ ਨੂੰ ਰਹਿੰਦਾ ਸੀ; ਜਾਂ ਜਦ ਟੀ.ਵੀ. ਇੰਨਾ ਸ਼ਕਤੀਸ਼ਾਲੀ ਨਹੀਂ ਸੀ। ਹੁਣ ਤਾਂ ਬਹੁਤੇ ਲੋਕਾਂ ਦਾ ਇਹ ਰਵੱਈਆ ਹੈ ਜਿਵੇਂ ਜੀਣ ਲਈ ਸਿਰਫ ਮਨੋਰੰਜਨ ਹੀ ਜ਼ਰੂਰੀ ਹੋਵੇ!

ਟੀ.ਵੀ. ਤੋਂ ਬਾਅਦ ਪੱਤਰਕਾਰੀ ਨੂੰ ਜਿਸ ਚੀਜ਼ ਨੇ ਨੁਕਸਾਨ ਪਹੁੰਚਾਇਆ ਹੈ, ਉਹ ਹੈ ਬਲੌਗ ਦਾ ਰਿਵਾਜ। ਅਜੋਕੇ ਵਿਸ਼ਿਆਂ, ਮੁੱਦਿਆਂ ਤੇ ਸਮੱਸਿਆਵਾਂ ਬਾਰੇ ਬਲੌਗ ਲਿਖ ਕੇ ਆਪਣੇ ਵਿਚਾਰ ਪੇਸ਼ ਕਰਨੇ ਚੰਗਾ ਢੰਗ ਹੈ, ਪਰ ਬਲੌਗ ਚੰਗੀ ਪੱਤਰਕਾਰੀ ਦੀ ਥਾਂ ਨਹੀਂ ਲੈ ਸਕਦੀ। ਇੱਕ ਤਾਂ ਬਲੌਗ ਪੜ੍ਹਨ ਵਾਲੇ ਘੱਟ ਹੁੰਦੇ ਹਨ; ਤੇ ਫਿਰ ਤੁਸੀਂ ਉਸੇ ਕਿਸਮ ਦਾ ਬਲੌਗ ਲੱਭੋਗੇ ਜਾਂ ਪੜ੍ਹੋਗੇ ਜਿਸ ਗੱਲ ਜਾਂ ਰਾਏ ਨਾਲ ਤੁਸੀਂ ਕਿਤੋਂ ਅੰਦਰੋਂ ਪਹਿਲੋਂ ਹੀ ਸਹਿਮਤ ਹੁੰਦੇ ਹੋ; ਜਾਂ ਫਿਰ ਜੇ ਬਲੌਗ ਵਾਲੀ ਗੱਲ ਤੁਹਾਡੇ ਨਾਲ ਮੇਲ ਨਹੀਂ ਖਾਂਦੀ ਤਾਂ ਫਿਰ ਤੁਸੀਂ ਉਹ ਚੀਜ਼ ਪੜ੍ਹਨਾ ਹੀ ਬੰਦ ਕਰ ਦੇਵੋਗੇ। ਅਖਬਾਰਾਂ ਵਿਚ ਵੱਖ-ਵੱਖ ਰਾਵਾਂ ਵਾਲੇ ਲੋਕ ਅੱਡ-ਅੱਡ ਨਜ਼ਰੀਏ ਪੇਸ਼ ਕਰਦੇ ਹਨ ਤੇ ਹਰ ਨਜ਼ਰੀਏ ਦੀ ਆਪਣੀ ਦੇਣ ਹੁੰਦੀ ਹੈ।

ਖਬਰਾਂ ਨੂੰ ਸਨਸਨੀਖੇਜ਼ ਬਣਾ ਕੇ ਪੇਸ਼ ਕਰਨ ਦੀ ਰੁਚੀ ਪੱਤਰਕਾਰੀ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਉਂਦੀ ਹੈ। ਇਹ ਕੁ-ਰੁਚੀ ਟੀ.ਵੀ. ਤੋਂ ਆਈ ਹੈ। ਟੀ.ਵੀ. ਵਾਲਿਆਂ ਦੀ ਹੋਂਦ ਉਨ੍ਹਾਂ ਦੇ ਦਰਸ਼ਕਾਂ 'ਤੇ ਨਿਰਭਰ ਕਰਦੀ ਹੈ। ਜਿੰਨੇ ਦਰਸ਼ਕ ਉਸੇ ਹਿਸਾਬ ਨਾਲ ਇਸ਼ਤਿਹਾਰ ਮਿਲਦੇ ਹਨ। ਹਰ ਇਸ਼ਤਿਹਾਰ ਦੀ ਕੀਮਤ ਦਰਸ਼ਕਾਂ ਦੀ ਗਿਣਤੀ ਨਾਲ ਜੁੜੀ ਹੁੰਦੀ ਹੈ। ਸੋ, ਟੀ.ਵੀ. ਚੈਨਲਾਂ ਵਾਲੇ ਆਪਣੇ ਦਰਸ਼ਕਾਂ ਨੂੰ ਆਪਣੇ ਨਾਲ ਜੋੜਨ ਲਈ ਖਬਰਾਂ ਨੂੰ ਸਨਸਨੀਖੇਜ਼ ਬਣਾ ਦਿੰਦੇ ਹਨ। ਕਈ ਵਾਰ ਤਾਂ ਇੰਨਾ ਕਹਿਰ ਹੋ ਜਾਂਦਾ ਹੈ ਕਿ ਖਬਰ ਦੀ ਅਸਲੀਅਤ ਹੀ ਗੁਆਚ ਜਾਂਦੀ ਹੈ। ਇਸ ਦਾ ਇਕ ਹੋਰ ਭੈੜਾ ਅਸਰ ਪੈਂਦਾ ਹੈ। ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟ ਕੇ ਅਜਿਹੀਆਂ ਬੇਕਾਰ ਗੱਲਾਂ ਵੱਲ ਚਲਿਆ ਜਾਂਦਾ ਹੈ। ਇਸੇ ਕਰ ਕੇ ਬਹੁਤੀ ਵਾਰ ਇਹੋ ਜਿਹੀਆਂ ਗੱਲਾਂ ਨਾਲ ਸਿਆਸੀ ਬੰਦੇ ਅਸਲ ਗੱਲ ਲੁਕਾਉਣ ਵਿਚ ਕਾਮਯਾਬ ਹੋ ਜਾਂਦੇ ਨੇ; ਮਸਲਨ, ਅਮਰੀਕਾ ਵਿਚ ਪੂਰੀ ਦੁਨੀਆਂ ਦਾ ਧਿਆਨ ਮੀਡੀਆ ਨੇ ਬਿਲ ਕਲਿੰਟਨ ਅਤੇ ਮੋਨਿਕਾ ਦੇ ਸਬੰਧਾਂ 'ਤੇ ਲਾਈ ਰੱਖਿਆ। ਭਲਾ ਪੁੱਛਣ ਵਾਲਾ ਹੋਵੇ, ਅਮਰੀਕਾ ਜਾਂ ਦੁਨੀਆਂ ਦੀ ਇਸ ਨਾਲ ਕਿਹੜੀ ਸਮੱਸਿਆ ਸੁਲਝੀ?

ਇਸੇ ਪ੍ਰਸੰਗ ਵਿਚ ਭਾਰਤ ਦੀ ਹੀ ਗੱਲ ਹੈ। ਇਸ ਵੇਲੇ ਸਾਰਾ ਧਿਆਨ ਤਾਂ ਇਸ ਪਾਸੇ ਹੋਣਾ ਚਾਹੀਦਾ ਹੈ ਕਿ ਨਵੀਂ ਸਰਕਾਰ ਭਾਰਤ ਦੀ ਆਰਥਿਕਤਾ ਲਈ ਕੀ ਕਰ ਰਹੀ ਹੈ, ਗਰੀਬੀ ਦੂਰ ਕਰਨ ਲਈ ਕੀ ਕਦਮ ਉਠਾ ਰਹੀ ਹੈ, ਜਾਂ ਫਿਰ ਜਿਹੜੇ ਲੱਖਾਂ-ਕਰੋੜਾਂ ਬੱਚੇ ਸਕੂਲ ਨਹੀਂ ਜਾਂਦੇ, ਉਨ੍ਹਾਂ ਦੀ ਪੜ੍ਹਾਈ ਲਈ ਕੀ ਕਰ ਰਹੀ ਹੈ? ਪਰ ਸਾਰਾ ਧਿਆਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਉਸ ਤਸਵੀਰ ਵੱਲ ਕਰ ਦਿੱਤਾ ਗਿਆ ਹੈ ਜਿਸ ਵਿਚ ਉਹ ਝਾੜੂ ਚੁੱਕੀ ਖੜ੍ਹਾ ਹੈ! ਕੀ ਇਉਂ ਝਾੜੂ ਚੁੱਕਣ ਨਾਲ ਭਾਰਤ ਦੀ ਗੰਦਗੀ ਮੁੱਕ ਜਾਵੇਗੀ? ਗੰਦਗੀ ਦੂਰ ਕਰਨ ਲਈ ਖਾਸ ਠੋਸ ਕਦਮ ਚੁੱਕਣੇ ਚਾਹੀਦੇ ਨੇ। ਭਾਰਤ ਦੀ ਵਧਦੀ ਆਬਾਦੀ ਬਾਰੇ ਕੋਈ ਸੋਚ ਹੀ ਨਹੀਂ ਰਿਹਾ ਜਦ ਕਿ ਭਾਰਤ ਦੀਆਂ ਬਹੁਤੀਆਂ ਸਮੱਸਿਆਵਾਂ ਦਾ ਸਬੰਧ ਤੇਜ਼ੀ ਨਾਲ ਵਧ ਰਹੀ ਆਬਾਦੀ ਹੀ ਹੈ। ਕਿਸੇ ਵੀ ਸਿਆਣੇ ਬੰਦੇ ਜਾਂ ਪੱਤਰਕਾਰ ਨੇ ਮੋਦੀ ਨੂੰ ਇਹ ਸੁਆਲ ਨਹੀਂ ਕੀਤਾ ਕਿ ਇਸ ਤਰ੍ਹਾਂ ਬਦਲਾਓ ਕਿਵੇਂ ਆ ਜਾਵੇਗਾ? ਉਨ੍ਹਾਂ ਸਲੱਮ ਤੇ ਝੁੱਗੀਆਂ ਨੂੰ ਕੌਣ ਸਾਫ਼ ਰੱਖੇਗਾ ਜੋ ਸਾਡੇ ਦੇਸ਼ ਵਿਚ ਥਾਂ-ਥਾਂ ਹਨ?

***ਇਸ ਵੇਲੇ ਸਾਰਾ ਧਿਆਨ ਤਾਂ ਇਸ ਪਾਸੇ ਹੋਣਾ ਚਾਹੀਦਾ ਹੈ ਕਿ ਨਵੀਂ ਸਰਕਾਰ, ਭਾਰਤ ਦੀ ਆਰਥਿਕਤਾ ਲਈ ਕੀ ਕਰ ਰਹੀ ਹੈ, ਗਰੀਬੀ ਦੂਰ ਕਰਨ ਲਈ ਕੀ ਕਦਮ ਉਠਾ ਰਹੀ ਹੈ, ਜਾਂ ਫਿਰ ਜਿਹੜੇ ਲੱਖਾਂ-ਕਰੋੜਾਂ ਬੱਚੇ ਸਕੂਲ ਨਹੀਂ ਜਾਂਦੇ, ਉਨ੍ਹਾਂ ਦੀ ਪੜ੍ਹਾਈ ਲਈ ਕੀ ਕਰ ਰਹੀ ਹੈ? ਪਰ ਸਾਰਾ ਧਿਆਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਉਸ ਤਸਵੀਰ ਵੱਲ ਕਰ ਦਿੱਤਾ ਗਿਆ ਹੈ ਜਿਸ ਵਿਚ ਉਹ ਝਾੜੂ ਚੁੱਕੀ ਖੜ੍ਹਾ ਹੈ! ਕੀ ਇਉਂ ਝਾੜੂ ਚੁੱਕਣ ਨਾਲ ਭਾਰਤ ਦੀ ਗੰਦਗੀ ਮੁੱਕ ਜਾਵੇਗੀ?***




ਅੱਜ ਕੱਲ੍ਹ ਦੀਆਂ ਖਬਰਾਂ ਇਹ ਨਹੀਂ ਹੁੰਦੀਆਂ ਕਿ ਅਸਲ ਵਿਚ ਕੀ ਹੋ ਰਿਹਾ ਹੈ, ਬਲਕਿ ਇਹ ਹੁੰਦੀਆਂ ਹਨ ਕਿ ਕਿਸ ਨੇ ਕੀ ਕਿਹਾ ਹੈ! ਇਸ ਦਾ ਅਸਲੀ ਮਕਸਦ ਉਸ ਸ਼ਖਸ ਨੂੰ ਪ੍ਰੋਮੋਟ ਕਰਨਾ ਹੁੰਦਾ ਹੈ। ਖਬਰਾਂ ਦੇ ਫਾਇਦਿਆਂ ਦਾ ਵਹਿਣ ਸਹੀ ਮਾਅਨਿਆਂ ਵਿਚ ਉਪਰੋਂ ਥੱਲੇ ਵੱਲ ਹੁੰਦਾ ਹੈ ਜਿਸ ਦਾ ਫਾਇਦਾ ਪਹਿਲਾਂ ਸਰਕਾਰ ਤੇ ਫਿਰ ਸਰਕਾਰੀ ਮੁਲਾਜ਼ਮਾਂ (ਪਹਿਲਾਂ ਵੱਡੇ, ਫਿਰ ਛੋਟੇ) ਵੱਲ ਆਉਂਦਾ ਹੈ। ਆਮ ਆਦਮੀ ਤਾਂ ਸਿਰਫ ਇਸ ਸ਼ੋਸ਼ੇਬਾਜ਼ੀ ਦਾ ਤਮਾਸ਼ਬੀਨ ਹੀ ਹੁੰਦਾ ਹੈ।

ਇਥੇ ਹੀ ਬੱਸ ਨਹੀਂ ਹੁੰਦੀ, ਇੱਕ ਹੋਰ ਚਾਲ ਮੀਡੀਆ ਵਾਲੇ ਚਲਦੇ ਹਨ। ਅਜਿਹੀ ਚਾਲ ਪਿੱਛੇ ਕਈ ਵਾਰ ਸਿਆਸੀ ਬੰਦਿਆਂ ਦਾ ਹੱਥ ਹੁੰਦਾ ਹੈ। ਇਹ ਚਾਲ ਹੈ- ਲੋਕਾਂ ਨੂੰ ਇੱਕ-ਦੂਜੇ ਦੇ ਵਿਰੁਧ ਕਰਨਾ ਤੇ ਅੱਡ-ਅੱਡ ਧਰਮਾਂ ਦੇ ਲੋਕਾਂ ਨੂੰ ਇੱਕ-ਦੂਜੇ ਦੇ ਵਿਰੁਧ ਭੜਕਾਉਣਾ! ਉਦੋਂ ਕਈ ਵਾਰ ਸਿਆਸੀ ਬੰਦੇ ਵੀ ਪੱਤਰਕਾਰਾਂ 'ਤੇ ਇਹੀ ਇਲਜ਼ਾਮ ਲਾਉਂਦੇ ਹਨ ਕਿ ਪੱਤਰਕਾਰ ਸਾਫ ਸਪਸ਼ਟ ਗੱਲ ਦੀ ਥਾਂ ਲੋਕਾਂ ਨੂੰ ਭੰਬਲਭੂਸੇ ਵਿਚ ਪਾ ਕੇ ਨਵੀਂ ਬੇਤੁਕੀ ਤਕਰਾਰ ਖੜ੍ਹੀ ਕਰਦੇ ਹਨ। ਕੁਝ ਹੱਦ ਤੱਕ ਇਹ ਸੱਚ ਵੀ ਹੈ। ਜਿਵੇਂ, ਦੂਜੀ ਸੰਸਾਰ ਜੰਗ ਵੇਲੇ ਪੂਰਾ ਜਰਮਨ ਮੀਡੀਆ ਖਬਰਾਂ ਘੱਟ ਦੇ ਰਿਹਾ ਸੀ, ਪ੍ਰਾਪੇਗੰਡਾ ਵਧੇਰੇ ਸੀ, ਭਾਵੇਂ ਇਹ ਸਾਰਾ ਕੁਝ ਸਰਕਾਰ ਦੇ ਦਬਾਅ ਹੇਠ ਹੀ ਹੋ ਰਿਹਾ ਸੀ। ਭਾਰਤ ਦੀ ਪੱਤਰਕਾਰੀ ਵਿਚ ਵੀ ਅਜਿਹੀਆਂ ਬਥੇਰੀਆਂ ਮਿਸਾਲਾਂ ਮਿਲ ਜਾਣਗੀਆਂ। ਪੰਜਾਬ ਦੀ ਹੀ ਗੱਲ ਕਰ ਲਓ। ਪਤਾ ਹੀ ਹੁੰਦਾ ਹੈ ਕਿ ਕਿਹੜਾ ਅਖਬਾਰ, ਕਿਸ ਪਾਰਟੀ ਦੀ ਗੱਲ ਕਿਵੇਂ ਕਰੇਗਾ! 'ਅਜੀਤ' ਹੈ ਤਾਂ ਮੌਜੂਦਾ ਸਰਕਾਰ ਦੀ ਜੀ ਹਜ਼ੂਰੀ ਹੀ ਹੋਵੇਗੀ; 'ਅਕਾਲੀ ਪਤਰਿਕਾ' ਅਕਾਲੀਆਂ ਦਾ ਪ੍ਰਾਪੇਗੰਡਾ ਕਰੇਗਾ, 'ਨਵਾਂ ਜ਼ਮਾਨਾ' ਕਮਿਊਨਿਸਟ ਵਿਚਾਰਧਾਰਾ ਨੂੰ ਪੇਸ਼ ਕਰਦਾ ਹੋਵੇਗਾ ਤੇ 'ਪੰਜਾਬ ਕੇਸਰੀ' ਦਾ ਰੁਖ ਹੋਰ ਗੱਲਾਂ ਵੱਲ ਜਾਂ ਅਕਾਲੀਆਂ ਦੇ ਵਿਰੁਧ ਹੋਵੇਗਾ। ਜਦ ਹੱਥ ਵਿਚ ਅਖਬਾਰ ਫੜਨ ਤੋਂ ਪਹਿਲਾਂ ਹੀ ਪਤਾ ਹੋਵੇ ਕਿ ਉਸ ਦੇ ਐਡੀਟਰ ਦਾ ਝੁਕਾਅ ਕੀ ਹੋਵੇਗਾ, ਤਾਂ ਇਸ ਤਰ੍ਹਾਂ ਦੀ ਅਖਬਾਰ ਵਿਚੋਂ ਹੌਲੀ-ਹੌਲੀ ਭਰੋਸਾ ਤੇ ਰੁਚੀ ਘਟਦੀ ਰਹਿੰਦੀ ਹੈ। ਇਸੇ ਕਰ ਕੇ ਹੁਣ ਬਹੁਤੀਆਂ ਅਖਬਾਰਾਂ 'ਤੇ ਯਕੀਨ ਨਹੀਂ ਰਿਹਾ। ਜਦ ਪੰਜਾਬ ਸੰਤਾਪ ਵਿਚੋਂ ਗੁਜ਼ਰ ਰਿਹਾ ਸੀ, ਇਹ ਅਖਬਾਰ ਲੋਕਾਂ ਨੂੰ ਆਪਸ ਵਿਚ ਜੋੜ ਨਹੀਂ ਸਕੇ। ਇਹ ਵੀ ਸੱਚ ਹੈ ਕਿ ਕੁਝ ਅਖਬਾਰਾਂ ਗੋਲੀ ਦੇ ਡਰ ਤੋਂ ਖਬਰਾਂ ਨੂੰ ਹੋਰ ਢੰਗ ਨਾਲ ਪੇਸ਼ ਕਰ ਰਹੇ ਸਨ ਅਤੇ ਜਿਨ੍ਹਾਂ ਨੇ ਗੋਲੀ ਦਾ ਭੈਅ ਨਹੀਂ ਮੰਨਿਆ, ਉਨ੍ਹਾਂ ਨੂੰ ਜਾਨਾਂ ਤੋਂ ਹੱਥ ਧੋਣੇ ਪਏ, ਭਾਵੇਂ ਪੂਰੇ ਪੱਖ ਉਨ੍ਹਾਂ ਨੇ ਵੀ ਪੇਸ਼ ਨਹੀਂ ਕੀਤੇ।

ਜਦ ਕੋਈ ਅਖਬਾਰ ਆਪਣੀ ਹੀ ਵਿਚਾਰਧਾਰਾ ਅਨੁਸਾਰ ਖਬਰਾਂ ਪੇਸ਼ ਕਰੇ ਤਾਂ ਕੋਈ ਹੱਲ ਨਹੀਂ ਨਿਕਲਦਾ। ਇਸੇ ਕਰ ਕੇ ਕਈ ਵਾਰ ਲੋੜ ਵੇਲੇ ਅਖਬਾਰ ਲੋਕਾਂ ਨੂੰ ਸਹੀ ਸੇਧ ਦੇਣ ਵਿਚ ਅਸਫਲ ਹੋ ਜਾਂਦੇ ਹਨ। 1984 ਵੇਲੇ ਵੀ ਅਤੇ ਉਸ ਤੋਂ ਪਹਿਲਾਂ ਵੀ ਪੰਜਾਬ ਦੀਆਂ ਅਖਬਾਰਾਂ ਸਿਆਸੀ ਲੋਕਾਂ ਦੀਆਂ ਭੱਦੀਆਂ ਚਾਲਾਂ ਨੂੰ ਨੰਗਾ ਨਹੀਂ ਕਰ ਸਕੀਆਂ, ਜਦੋਂ ਕਿ ਪੱਤਰਕਾਰਾਂ ਦਾ ਕੰਮ 'ਖਬਰਾਂ ਪਿੱਛੇ ਲੁਕੀਆਂ ਖਬਰਾਂ' ਨੂੰ ਪੇਸ਼ ਕਰਨਾ ਹੁੰਦਾ ਹੈ।

ਚੈੱਕ ਮੂਲ ਦੇ ਬ੍ਰਿਟਿਸ਼ ਲੇਖਕ ਟੌਮ ਸਟੌਪਰਡ ਨੇ ਇਕ ਵਾਰ ਆਖਿਆ ਸੀ, "ਮੈਂ ਅਜੇ ਵੀ ਇਸ ਗੱਲ ਵਿਚ ਯਕੀਨ ਰੱਖਦਾ ਹਾਂ ਕਿ ਜੇ ਤੁਹਾਡਾ ਮੰਤਵ ਦੁਨੀਆਂ ਨੂੰ ਬਦਲਣ ਦਾ ਹੈ, ਤਾਂ ਸਭ ਤੋਂ ਛੋਟਾ ਤੇ ਜ਼ਬਰਦਸਤ ਹਥਿਆਰ ਪੱਤਰਕਾਰੀ ਹੈ।" ਮੈਨੂੰ ਵੀ ਟੌਮ ਸਟੌਪਰਡ ਦੀ ਇਸ ਗੱਲ 'ਤੇ ਯਕੀਨ ਹੈ। ਸੱਚਮੁੱਚ, ਜੇ ਕੋਈ ਪੱਤਰਕਾਰੀ ਨੂੰ ਚੰਗੇਰੀ ਦੁਨੀਆਂ ਬਣਾਉਣ ਲਈ ਵਰਤਣਾ ਚਾਹੁੰਦਾ ਹੈ, ਤਾਂ ਇਸ ਦੇ ਹੱਥ ਵਿਚ ਬੇਹਿਸਾਬ ਤਾਕਤ ਹੈ। ਪੱਤਰਕਾਰੀ ਸਾਹਸ ਵਾਲਾ ਕੰਮ ਹੈ ਜਿਸ ਦਾ ਮਤਲਬ ਹੈ ਗੈਰ-ਪ੍ਰਚਲਿਤ ਨਾਲ ਜੁੜਨਾ, ਨਾ ਕਿ ਪ੍ਰਚਲਿਤ ਰਾਏ ਤੇ ਲੋਕਾਂ ਨਾਲ ਜੁੜਨਾ। ਕਿਸੇ ਵੀ ਦੇਸ਼ ਦਾ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਤਾਂ ਕੁਝ ਸਾਲਾਂ ਤੱਕ ਹੀ ਰਾਜ ਕਰ ਸਕਦਾ ਹੈ, ਪਰ ਸਹੀ ਤੇ ਸਾਹਸ ਭਰੀ ਪੱਤਰਕਾਰੀ ਰਹਿੰਦੀ ਦੁਨੀਆਂ ਤੱਕ ਰਾਜ ਕਰ ਸਕਦੀ ਹੈ। ਸਹੀ, ਸੂਝ ਤੇ ਵਿਵੇਕ ਵਾਲੀ ਤੇ ਢੁੱਕਵੀਂ ਪੱਤਰਕਾਰੀ ਵੱਡੀ ਸਮਾਜ ਸੇਵਾ ਹੈ। ਇਹ ਆਪਣੇ ਪਾਠਕਾਂ ਨੂੰ, ਬਣ ਰਹੇ ਇਤਿਹਾਸ ਨੂੰ ਆਪਣੀਆਂ ਅੱਖਾਂ ਨਾਲ ਦੇਖਣ ਦਾ ਮੌਕਾ ਦਿੰਦੀ ਹੈ। ਅੱਜ ਦੀ ਖਬਰ ਕੱਲ੍ਹ ਨੂੰ ਪੜ੍ਹੇ ਜਾਣ ਵਾਲੇ ਇਤਿਹਾਸ ਦਾ ਮੁਢਲਾ ਡਰਾਫਟ ਹੈ। ਇਸ ਤਰ੍ਹਾਂ ਦੇ ਪਵਿੱਤਰ ਕੰਮ ਵਿਚ ਸਿਆਣੇ ਪੱਤਰਕਾਰ ਨੂੰ ਕਾਇਮ ਰਹਿਣਾ ਚਾਹੀਦਾ ਹੈ। ਅਮਰੀਕਾ ਦੇ ਰਾਸ਼ਟਰਪਤੀ ਜੈਫਰਸਨ ਨੇ ਆਖਿਆ ਸੀ, "ਜਿਥੇ ਪ੍ਰੈਸ ਆਜ਼ਾਦ ਹੈ ਤੇ ਸਹੀ ਹੈ ਅਤੇ ਆਦਮੀ ਪੜ੍ਹਨ ਦੇ ਕਾਬਿਲ ਹੈ, ਉਥੇ ਸਭ ਕੁਝ ਸੁਰੱਖਿਅਤ ਹੈ।"



***ਚੈਕ ਮੂਲ ਦੇ ਬ੍ਰਿਟਿਸ਼ ਲੇਖਕ ਟੌਮ ਸਟੌਪਰਡ ਨੇ ਇਕ ਵਾਰ ਆਖਿਆ ਸੀ, "ਮੈਂ ਅਜੇ ਵੀ ਇਸ ਗੱਲ ਵਿਚ ਯਕੀਨ ਰੱਖਦਾ ਹਾਂ ਕਿ ਜੇ ਤੁਹਾਡਾ ਮੰਤਵ ਦੁਨੀਆਂ ਨੂੰ ਬਦਲਣ ਦਾ ਹੈ, ਤਾਂ ਸਭ ਤੋਂ ਛੋਟਾ ਤੇ ਜ਼ਬਰਦਸਤ ਹਥਿਆਰ ਪੱਤਰਕਾਰੀ ਹੈ।" ਸੱਚਮੁੱਚ, ਜੇ ਕੋਈ ਪੱਤਰਕਾਰੀ ਨੂੰ ਚੰਗੇਰੀ ਦੁਨੀਆਂ ਬਣਾਉਣ ਲਈ ਵਰਤਣਾ ਚਾਹੁੰਦਾ ਹੈ, ਤਾਂ ਇਸ ਦੇ ਹੱਥ ਵਿਚ ਬੇਹਿਸਾਬ ਤਾਕਤ ਹੈ।***

# ਚਾਰ ਸਾਹਿਬਜ਼ਾਦੇ: ਇਤਿਹਾਸ ਨੂੰ ਆਵਾਜ਼

***ਫਿਲਮ 'ਚਾਰ ਸਾਹਿਬਜ਼ਾਦੇ' ਸਿਰਫ ਸਾਹਿਬਜ਼ਾਦਿਆਂ ਬਾਰੇ ਹੀ ਨਹੀਂ, ਇਸ ਵਿਚ ਸਿੱਖੀ ਅਤੇ ਸਿੱਖੀ ਦੇ ਸੰਕਲਪ ਉਘਾੜ ਕੇ ਪੇਸ਼ ਕੀਤੇ ਗਏ ਹਨ। ਇਸ ਐਨੀਮੇਟਡ ਫਿਲਮ ਨੂੰ ਸੰਸਾਰ ਭਰ ਵਿਚ ਦਰਸ਼ਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ। ਪੰਜਾਬ, ਉਤਰਾਂਚਲ ਤੇ ਮੱਧ ਪ੍ਰਦੇਸ਼ ਦੀਆਂ ਸਰਕਾਰਾਂ ਨੇ ਤਾਂ ਇਸ ਫਿਲਮ ਨੂੰ ਟੈਕਸ ਤੋਂ ਵੀ ਛੋਟ ਦੇ ਦਿੱਤੀ ਹੈ। ਪੰਜਾਬੀ ਹੀ ਨਹੀਂ, ਗੈਰ-ਪੰਜਾਬੀ ਵੀ ਇਹ ਫਿਲਮ ਹੁੰਮ-ਹੁਮਾ ਕੇ ਦੇਖ ਰਹੇ ਹਨ। ਇਨ੍ਹਾਂ ਦੀ ਸਹੂਲਤ ਲਈ ਫਿਲਮ ਦੇ ਸਬ-ਟਾਈਟਲ ਦੂਜੀਆਂ ਭਾਸ਼ਾਵਾਂ ਵਿਚ ਦਿੱਤੇ ਗਏ ਹਨ।***




'ਚਾਰ ਸਾਹਿਬਜ਼ਾਦੇ' ਫਿਲਮ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨਾਲ ਸਬੰਧਤ ਇਤਿਹਾਸਕ ਘਟਨਾਵਾਂ ਉਤੇ ਆਧਾਰਤ ਹੈ। ਐਨੀਮੇਸ਼ਨ ਵਿਧੀ ਰਾਹੀਂ ਬਣਾਈ ਇਹ ਫਿਲਮ ਆਨੰਦਪੁਰ ਸਾਹਿਬ ਤੋਂ ਅਰੰਭ ਹੁੰਦੀ ਹੈ ਅਤੇ ਫਿਰ ਇਸ ਵਿਚ ਸਾਹਿਬਜ਼ਾਦਿਆਂ ਦੇ ਬਚਪਨ, ਦਸਮੇਸ਼ ਪਿਤਾ ਤੇ ਪਰਿਵਾਰ ਦੇ ਹੋਰ ਮੈਂਬਰਾਂ ਦੇ ਜੀਵਨ ਵੇਰਵੇ ਉਭਰਨੇ ਅਰੰਭ ਹੋ ਜਾਂਦੇ ਹਨ। ਸਾਹਿਬਜ਼ਾਦਿਆਂ ਅਤੇ ਹੋਰ ਕਿਰਦਾਰਾਂ ਨੂੰ ਭਾਵੇਂ ਐਨੀਮੇਸ਼ਨ ਰਾਹੀਂ ਇਸ ਫਿਲਮ ਵਿਚ ਸਾਕਾਰ ਕੀਤਾ ਗਿਆ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਦਾ ਕਿਰਦਾਰ ਸਿਰਫ ਤਸਵੀਰਾਂ ਰਾਹੀਂ ਦਿਖਾਇਆ ਗਿਆ ਹੈ। ਬਹੁਤ ਸਾਰੇ ਮੌਕਿਆਂ 'ਤੇ ਇਹ ਫਿਲਮ ਬਹੁਤ ਭਾਵੁਕ ਕਰਦੀ ਹੈ ਅਤੇ ਉਦਾਸ ਵੀ, ਪਰ ਕਿਤੇ-ਕਿਤੇ ਹਾਸਾ-ਠੱਠਾ ਵੀ ਝਾਤੀਆਂ ਮਾਰਦਾ ਹੈ।

'ਚਾਰ ਸਹਿਬਜ਼ਾਦੇ' ਅੱਜ ਕੱਲ੍ਹ ਸੰਸਾਰ ਭਰ ਵਿਚ ਦਿਖਾਈ ਜਾ ਰਹੀ ਹੈ ਅਤੇ ਗੈਰ-ਪੰਜਾਬੀਆਂ ਲਈ ਸਬ-ਟਾਇਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਫਿਲਮ ਉਨ੍ਹਾਂ ਇਤਿਹਾਸਕ ਘਟਨਾਵਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ ਜਿਨ੍ਹਾਂ ਕਰ ਕੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਹੋਈ। ਉਂਜ, ਜਿਸ ਢੰਗ ਨਾਲ ਫਿਲਮ ਵਿਚ ਸਿੱਖ ਇਤਿਹਾਸ ਪੇਸ਼ ਕੀਤਾ ਗਿਆ ਹੈ, ਉਸ ਤੋਂ ਜਾਪਦਾ ਹੈ ਕਿ ਇਹ ਫਿਲਮ ਬੱਚਿਆਂ ਅਤੇ ਨਵੀਂ ਪੀੜ੍ਹੀ ਨੂੰ ਧਿਆਨ ਵਿਚ ਰੱਖ ਕੇ ਬਣਾਈ ਗਈ ਹੈ। ਫਿਲਮ ਤੋਂ ਸਿੱਖ ਧਰਮ ਦੇ ਸੰਕਲਪਾਂ ਦਾ ਸਪਸ਼ਟ ਪਤਾ ਲਗਦਾ ਹੈ। ਫਿਲਮ ਵਿਚ ਸਿੱਖਾਂ ਦੇ ਲਿਬਾਸ ਦਾ ਉਚੇਚਾ ਧਿਆਨ ਰੱਖਿਆ ਗਿਆ ਹੈ।

'ਚਾਰ ਸਹਿਬਜ਼ਾਦੇ' ਵਿਚ ਚਮਕੌਰ ਸਾਹਿਬ ਦੀ ਅਸਾਵੀਂ ਲੜਾਈ, ਜਿਸ ਵਿਚ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਸ਼ਹੀਦ ਹੋ ਗਏ ਸਨ, ਦਾ ਜ਼ਿਕਰ ਲੂ ਕੰਡੇ ਖੜ੍ਹੇ ਕਰਨ ਵਾਲਾ ਹੈ। ਚਮਕੌਰ ਸਾਹਿਬ ਦੀ ਲੜਾਈ ਤੋਂ ਬਾਅਦ ਫਿਲਮ ਦੇ ਕੇਂਦਰ ਵਿਚ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਆ ਜਾਂਦੇ ਹਨ। ਮਾਤਾ ਗੁਜਰੀ ਜੀ ਦੇ ਕਿਰਦਾਰ ਨੂੰ ਬਹੁਤ ਭਾਵੁਕ ਰੂਪ ਵਿਚ ਉਸਾਰਿਆ ਗਿਆ ਹੈ। ਕੁਝ ਲੋਕਾਂ ਨੇ ਇਹ ਇਤਰਾਜ਼ ਵੀ ਕੀਤਾ ਹੈ ਕਿ ਮਾਤਾ ਗੁਜਰੀ ਦੇ ਕਿਰਦਾਰ ਦਾ ਦਲੇਰੀ ਵਾਲਾ ਪੱਖ ਬਹੁਤਾ ਨਹੀਂ ਉਭਾਰਿਆ ਗਿਆ। ਉਂਜ, ਫਿਲਮ ਵਿਚ ਦਿਖਾਇਆ ਗਿਆ ਹੈ ਕਿ ਮਾਤਾ ਗੁਜਰੀ ਜੀ ਠੰਢੇ ਬੁਰਜ ਤੋਂ ਛਾਲ ਨਹੀਂ ਮਾਰਦੇ ਜਿਸ ਤਰ੍ਹਾਂ ਆਮ ਕਰ ਕੇ ਇਤਿਹਾਸ ਪੜ੍ਹਿਆ ਜਾਂਦਾ ਹੈ; ਬਲਕਿ ਉਹ 'ਜਪੁਜੀ ਸਾਹਿਬ' ਦਾ ਪਾਠ ਕਰਦਿਆਂ ਆਖਰੀ ਸਾਹ ਲੈਂਦੇ ਹਨ। ਇਨ੍ਹਾਂ ਕਿਰਦਾਰਾਂ ਤੋਂ ਇਲਾਵਾ ਮਾਤਾ ਭਾਗ ਕੌਰ ਦਾ ਕਿਰਦਾਰ ਵੀ ਚੋਖਾ ਉਭਾਰਿਆ ਗਿਆ ਹੈ।

ਇਸ ਫਿਲਮ ਨੇ ਦੇਸ਼-ਵਿਦੇਸ਼ ਵਿਚ ਕਮਾਈ ਵੀ ਵਾਹਵਾ ਕੀਤਾ ਹੈ। ਫਿਲਮ ਪ੍ਰਸਿੱਧ ਫਿਲਮ ਨਿਰਮਾਤਾ ਹੈਰੀ ਬਾਜਵਾ ਅਤੇ ਉਸ ਦੀ ਪਤਨੀ ਪੰਮੀ ਬਾਜਵਾ ਨੇ ਬਣਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਪਣੀ ਇਸ ਫਿਲਮ ਰਾਹੀਂ ਸਿੱਖ ਧਰਮ ਅਤੇ ਇਸ ਦੇ ਸੰਕਲਪਾਂ ਬਾਰੇ ਗੱਲ ਕਰਨੀ ਚਾਹੁੰਦੇ ਸਨ। ਉਨ੍ਹਾਂ ਫਿਲਮ ਦੀ ਚਰਚਾ ਤੇ ਕਮਾਈ ਤੋਂ ਤਸੱਲੀ ਪ੍ਰਗਟ ਕੀਤੀ ਹੈ ਅਤੇ ਕਿਹਾ ਹੈ ਕਿ ਉਹ ਭਵਿੱਖ ਵਿਚ ਹੋਰ ਅਜਿਹੇ ਕੁਝ ਪ੍ਰੋਜੈਕਟ ਉਲੀਕਣਗੇ। ਆਮ ਦਰਸ਼ਕ ਵਰਗ ਨੇ ਵੀ ਇਸ ਫਿਲਮ ਨੂੰ ਵਾਹਵਾ ਹੁੰਗਾਰਾ ਭਰਿਆ ਹੈ। ਇਸ ਹੁੰਗਾਰੇ ਦਾ ਹੀ ਅਸਰ ਹੈ ਕਿ ਪੰਜਾਬ ਅਤੇ ਮੱਧ ਪ੍ਰਦੇਸ਼ ਵਿਚ ਇਸ ਫਿਲਮ ਨੂੰ ਟੈਕਸ ਤੋਂ ਛੋਟ ਦੇ ਦਿੱਤੀ ਗਈ ਹੈ। ਅੱਜ ਕੱਲ੍ਹ ਸਿਰਫ਼ ਵਪਾਰਕ ਨੁਕਤੇ ਨੂੰ ਧਿਆਨ ਵਿਚ ਰੱਖ ਕੇ ਬਣਾਈਆਂ ਜਾ ਰਹੀਆਂ ਫਿਲਮਾਂ ਦੇ ਪ੍ਰਸੰਗ ਵਿਚ ਇਸ ਫਿਲਮ ਦੀ ਅਹਿਮੀਅਤ ਬਹੁਤ ਜ਼ਿਆਦਾ ਵੱਧ ਜਾਂਦੀ ਹੈ। ਫਿਲਮ ਨੇ ਸਿੱਖੀ ਦੇ ਸੰਕਲਪ ਦਰਸ਼ਕਾਂ ਦੇ ਸਾਹਮਣੇ ਖੁੱਲ੍ਹ ਕੇ ਰੱਖੇ ਹਨ।



***ਫਿਲਮ 'ਚਾਰ ਸਾਹਿਬਜ਼ਾਦੇ' ਦਾ ਨਿਰਮਾਤਾ-ਨਿਰਦੇਸ਼ਕ ਹੈਰੀ ਬਾਜਵਾ ਆਪਣੀ ਪਤਨੀ ਪੰਮੀ ਬਾਜਵਾ ਅਤੇ ਅਦਾਕਾਰ ਪੁੱਤਰ ਹਰਮਨ ਬਾਜਵਾ ਨਾਲ।***

## ਗੋਵਿੰਦ ਨਿਹਲਾਨੀ ਨੇ ਵੀ ਐਨੀਮੇਟਡ ਫਿਲਮ ਬਣਾਈ

ਫਿਲਮਸਾਜ਼ ਗੋਵਿੰਦ ਨਿਹਲਾਨੀ ਨੇ ਵੀ ਐਨੀਮੇਟਡ ਫਿਲਮ 'ਕਮਲੂ ਹੈਪੀ ਹੈਪੀ' ਬਣਾਈ ਹੈ ਜੋ ਬੱਚਿਆਂ ਬਾਰੇ ਹੈ। ਇਹ 3-ਡੀ ਫਿਲਮ ਅਗਲੇ ਸਾਲ ਰਿਲੀਜ਼ ਹੋ ਰਹੀ ਹੈ। ਗੋਵਿੰਦ 10 ਸਾਲ ਦੇ ਵਕਫੇ ਪਿਛੋਂ ਫਿਲਮ ਲੈ ਕੇ ਆਏ ਹਨ। ਉਨ੍ਹਾਂ 2004 ਵਿਚ ਫਿਲਮ 'ਦੇਵ' ਬਣਾਈ ਸੀ। ਉਨ੍ਹਾਂ 'ਅਰਧ ਸੱਤਿਆ', 'ਦ੍ਰੋਹਕਾਲ', 'ਹਜ਼ਾਰ ਚੌਰਾਸੀ ਕੀ ਮਾਂ', 'ਆਕ੍ਰੋਸ਼' ਵਰਗੀਆਂ ਦਮਦਾਰ ਫਿਲਮਾਂ ਬਣਾਈਆਂ ਹਨ। 1947 ਦੀ ਵੰਡ ਬਾਰੇ ਭੀਸ਼ਮ ਸਾਹਨੀ ਦੇ ਨਾਵਲ ਨੂੰ ਆਧਾਰ ਬਣਾ ਕੇ ਉਹ ਟੀ.ਵੀ. ਸੀਰੀਅਲ 'ਤਮਸ' ਬਣਾ ਚੁੱਕੇ ਹਨ ਜੋ ਬੇਹੱਦ ਚਰਚਿਤ ਹੋਇਆ ਸੀ।



# ਸਿਰੇ ਦਾ ਕਲਾਕਾਰ ਸਦਾਸ਼ਿਵ

ਸਦਾਸ਼ਿਵ ਅਮਰਾਪੁਰਕਰ ਮਰਾਠੀ ਥਿਏਟਰ ਦਾ ਕਹਿੰਦਾ-ਕਹਾਉਂਦਾ ਕਲਾਕਾਰ ਸੀ। ਉਹਦਾ ਜਨਮ ਮਹਾਰਾਸ਼ਟਰ ਵਿਚ 11 ਮਈ 1950 ਨੂੰ ਹੋਇਆ ਸੀ। ਉਸ ਨੇ ਹਿੰਦੀ ਫਿਲਮਾਂ ਵਿਚ ਬਤੌਰ ਖਲਨਾਇਕ ਚੰਗਾ ਨਾਮ ਕਮਾਇਆ। ਉਸ ਦੀ ਹਿੰਦੀ ਫਿਲਮਾਂ ਵਿਚ ਆਉਣ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਸਾਰਥਕ ਸਿਨੇਮਾ ਬਣਾਉਣ ਵਾਲੇ ਫਿਲਮਸਾਜ਼ ਗੋਵਿੰਦ ਨਿਹਲਾਨੀ ਉਨ੍ਹੀਂ ਦਿਨੀਂ (1984 ਵਿਚ) ਫਿਲਮ 'ਅਰਧ ਸੱਤਿਆ' ਬਣਾ ਰਹੇ ਸਨ। ਉਹ ਖਲਨਾਇਕ ਦੀ ਤਲਾਸ਼ ਵਿਚ ਸਨ। ਪ੍ਰਸਿੱਧ ਲੇਖਕ ਵਿਜੇ ਤੇਂਦੁਲਕਰ ਨੇ ਉਸ ਨੂੰ ਸਦਾਸ਼ਿਵ ਅਮਰਾਪੁਰਕਰ ਦੀ ਦੱਸ ਪਾਈ। ਗੋਵਿੰਦ ਨਿਹਲਾਨੀ, ਸਦਾਸ਼ਿਵ ਅਮਰਾਪੁਰਕਰ ਨੂੰ ਦੱਸੇ ਬਗੈਰ ਉਸ ਦਾ ਨਾਟਕ 'ਹੈਂਡਸ ਅੱਪ' ਦੇਖਣ ਚਲਾ ਗਿਆ। ਇਹ ਨਾਟਕ ਹਾਸ-ਵਿਅੰਗ ਵਾਲਾ ਸੀ, ਪਰ ਇਹ ਨਾਟਕ ਦੇਖਦੇ ਸਾਰ ਗੋਵਿੰਦ ਨੇ ਫੈਸਲਾ ਕਰ ਲਿਆ ਕਿ ਸਬੰਧਤ ਕਿਰਦਾਰ ਸਦਾਸ਼ਿਵ ਅਮਰਾਪੁਰਕਰ ਹੀ ਨਿਭਾਏਗਾ। ਬਾਅਦ ਵਿਚ ਇਸ ਕਿਰਦਾਰ ਲਈ ਸਦਾਸ਼ਿਵ ਨੂੰ 1984 ਦਾ ਸਰਵੋਤਮ ਸਹਾਇਕ ਅਦਾਕਾਰ ਦਾ ਐਵਾਰਡ ਮਿਲਿਆ। ਬਾਅਦ ਵਿਚ ਜਦੋਂ ਉਹ ਹਿੰਦੀ ਫਿਲਮਾਂ ਵਿਚ ਬਤੌਰ ਖਲਨਾਇਕ ਛਾਅ ਗਿਆ। ਉਸ ਨੂੰ 1991 ਵਿਚ ਫਿਲਮ 'ਸੜਕ' ਲਈ ਫਿਲਮਫੇਅਰ ਦਾ ਸਰਵੋਤਮ ਖਲਨਾਇਕ ਦਾ ਪੁਰਸਕਾਰ ਮਿਲਿਆ। 'ਕਾਲ ਚੱਕਰ' ਅਤੇ 'ਇਸ਼ਕ' ਲਈ ਵੀ ਸਰਵੋਤਮ ਖਲਨਾਇਕ ਲਈ ਉਸ ਦਾ ਨਾਮ ਨਾਮਜ਼ਦ ਹੋਇਆ। 'ਅਰਧ ਸੱਤਿਆ' ਤੋਂ ਬਾਅਦ ਉਸ ਨੂੰ 'ਪੁਰਾਣਾ ਮੰਦਿਰ', 'ਨਾਸੂਰ', 'ਜਵਾਨੀ' ਅਤੇ 'ਖਾਮੋਸ਼' ਫਿਲਮਾਂ ਵਿਚ ਛੋਟੇ-ਮੋਟੇ ਰੋਲ ਮਿਲੇ। ਫਿਰ 1987 ਵਿਚ ਧਰਮਿੰਦਰ ਦੀ ਫਿਲਮ 'ਹਕੂਮਤ' ਵਿਚ ਉਸ ਨੂੰ ਖਲਨਾਇਕ ਦਾ ਰੋਲ ਮਿਲਿਆ। ਇਸ ਤੋਂ ਬਾਅਦ ਉਸ ਨੇ ਮੁੜ ਪਿੱਛੇ ਨਹੀਂ ਦੇਖਿਆ।





# ਨੰਦਨਾ ਸੇਨ ਦੀਆਂ ਨਾਦਾਨੀਆਂ

ਨੰਦਨਾ ਸੇਨ ਹੁਣੇ-ਹੁਣੇ ਫਿਲਮ 'ਰੰਗ ਰਸੀਆ' ਕਾਰਨ ਚਰਚਾ ਵਿਚ ਆਈ ਹੈ। 'ਰੰਗ ਰਸੀਆ' ਭਾਵੇਂ 2008 ਵਿਚ ਤਿਆਰ ਹੋ ਗਈ ਸੀ ਪਰ ਇਹ ਰਿਲੀਜ਼ ਹੁਣ ਕੀਤੀ ਗਈ ਹੈ। ਇਹ ਫਿਲਮ 19ਵੀਂ ਸਦੀ ਦੇ ਭਾਰਤੀ ਚਿੱਤਰਕਾਰ ਰਾਜਾ ਰਵੀ ਵਰਮਾ ਦੀ ਜ਼ਿੰਦਗੀ ਉਤੇ ਆਧਾਰਤ ਹੈ। ਇਸ ਫਿਲਮ ਵਿਚ ਨੰਦਨਾ ਦੀ ਚਰਚਾ ਨਗਨ ਦ੍ਰਿਸ਼ਾਂ ਕਰ ਕੇ ਵਧੇਰੇ ਹੋਈ ਹੈ। ਨੰਦਨਾ ਦਾ ਇਸ ਬਾਰੇ ਕਹਿਣਾ ਹੈ ਕਿ ਉਸ ਨੇ ਕਹਾਣੀ ਦੀ ਲੋੜ ਮੁਤਾਬਿਕ ਇਹ ਦ੍ਰਿਸ਼ ਕੀਤੇ ਅਤੇ ਇਹ ਦ੍ਰਿਸ਼ ਕਰਨ ਤੋਂ ਪਹਿਲਾਂ ਉਸ ਨੇ ਆਪਣੇ ਪਿਤਾ (ਅਮਰਿਤਯਾ ਸੇਨ ਜਿਨ੍ਹਾਂ ਦੀ ਗਿਣਤੀ ਸੰਸਾਰ ਦੇ ਚੋਟੀ ਦੇ ਅਰਥ ਸ਼ਾਸਤਰੀਆਂ ਵਿਚ ਹੁੰਦੀ ਹੈ) ਨਾਲ ਬਾਕਾਇਦਾ ਮਸ਼ਵਰਾ ਕੀਤਾ ਸੀ। ਉਹ ਦੱਸਦੀ ਹੈ ਕਿ ਫਿਲਮ ਦਾ ਇਹ ਦ੍ਰਿਸ਼ ਇੰਨਾ ਮਹੱਤਵਪੂਰਨ ਹੈ ਕਿ ਸੈਂਸਰ ਬੋਰਡ ਨੇ ਵੀ ਇਸ ਨੂੰ ਛੇੜਿਆ ਨਹੀਂ ਹੈ। 'ਰੰਗ ਰਸੀਆ' ਫਿਲਮ ਪ੍ਰਸਿੱਧ ਫਿਲਮਸਾਜ਼ ਚੇਤਨ ਮਹਿਤਾ ਨੇ ਬਣਾਈ ਹੈ ਅਤੇ ਇਸ ਵਿਚ ਦੀਪਾ ਸਾਹੀ, ਆਨੰਦ ਮਹੇਂਦਰੂ ਅਤੇ ਰਣਦੀਪ ਹੁੱਡਾ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਫਿਲਮ ਮੇਲਿਆਂ ਵਿਚ ਇਸ ਫਿਲਮ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਹ ਫਿਲਮ ਨਵੰਬਰ ਦੇ ਪਹਿਲੇ ਹਫਤੇ ਰਿਲੀਜ਼ ਕੀਤੀ ਗਈ ਸੀ। ਬਾਕਸ ਆਫਿਸ 'ਤੇ ਇਸ ਫਿਲਮ ਨੇ ਭਾਵੇਂ ਬਹੁਤੀ ਕਮਾਈ ਨਹੀਂ ਕੀਤੀ, ਪਰ ਫਿਲਮ ਆਲੋਚਕਾਂ ਨੇ ਇਸ ਫਿਲਮ ਬਾਰੇ ਚੰਗੇ ਵਿਚਾਰ ਪ੍ਰਗਟ ਕੀਤੇ ਹਨ। ਉਂਜ ਵੀ ਇਸ ਫਿਲਮ ਬਾਰੇ ਉਤਨਾ ਪ੍ਰਚਾਰ ਵੀ ਨਹੀਂ ਸੀ ਕੀਤਾ ਗਿਆ। ਉਂਜ, 2008 ਵਿਚ ਇਹ ਫਿਲਮ ਖੂਬ ਚਰਚਾ ਵਿਚ ਆਈ ਸੀ। ਨੰਦਨਾ ਸੇਨ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਦੀ 'ਦਿ ਡੌਲ' (ਗੁੜੀਆ) ਨਾਲ ਕੀਤੀ ਸੀ। ਇਸ ਤੋਂ ਬਾਅਦ ਉਸ ਨੂੰ ਇਤਾਲਵੀ ਫਿਲਮ 'ਬਰੈਂਚੀ' ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਉਸ ਨੇ ਅੰਗਰੇਜ਼ੀ ਫਿਲਮਾਂ ਵਿਚ ਵੀ ਕੰਮ ਕੀਤਾ। ਉਸ ਦੀਆਂ ਹਿੰਦੀਆਂ ਫਿਲਮਾਂ ਵਿਚ 'ਮਾਈ ਵਾਇਫਜ਼ ਮਰਡਰ', 'ਟੈਂਗੋ ਚਾਰਲੀ', 'ਬਲੈਕ' ਆਦਿ ਸ਼ਾਮਿਲ ਹਨ।


dishworld
NO SATELLITE DISH NEEDED
All packages
Only $14 95 /mo
for 3 months
3 NEW PACKAGES FOR THE BEST IN DESI ENTERTAINMENT!
Hindi-Urdu Package
36 Channels
Hindi-Punjabi Package
38 Channels
Regional Package
48 Channels
and more.
and more.
and more.
+
Watch more than 1000+ BIG FLIX and South Asian Movies FREE!
NO CONTRACT | NO CREDIT CHECK | NO HIDDEN FEES
Ask about our FREE ROKU offer
Turn your regular TV into Internet TV with the Roku Streaming Stick.†
GET IT NOW!
dishworld.com/punjabtimes
1-855-348-3518
*Get 3 months of any language pack at the special introductory price of $14.95. No commitment. Cancel anytime by calling 1-855-350-3703. After 3 months, the then-current everyday price applies. DishWorld is available to view on TV, PC or Mac, Roku, Android, iOS, Sling and Samsung devices with access permitted on up to three devices at any one time per account. Requires compatible Roku box for each TV. Roku box sold separately. Access to the first device is included in the monthly programming package price. For access on each device beyond the first, a $5/mo fee per device will apply (maximum of two). Monthly programming fees are non-refundable. State and local taxes will apply. Service is only available in the U.S. All prices, packages and programming subject to change without notice. Additional restrictions may apply. DishWorld shall determine eligibility for this offer in its sole and absolute discretion. †After 4 months your credit card will be charged for the applicable package until you cancel your service. © 2014 DISH Digital L.L.C. All rights reserved.

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ, ਸੈਕਰਾਮੈਂਟੋ ਵਲੋਂ ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਿਤ ਸਮਾਗਮ




100 ਵਰ੍ਹੇ ਪਹਿਲਾਂ ਕੈਨੇਡਾ ਤੋਂ ਕਾਮਾਗਾਟਾ ਮਾਰੂ ਜਹਾਜ਼ ਨੂੰ ਨਸਲੀ ਭਿੰਨ-ਭੇਦ, ਸਮਾਜਿਕ-ਆਰਥਿਕ ਵਿਤਕਰੇ ਤਹਿਤ ਵਾਪਿਸ ਮੋੜਨ ਦੀ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੀ ਘਟਨਾ, ਬਜਬਜ ਘਾਟ ਕਲਕੱਤਾ ਦਾ ਸਾਕਾ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਧੁਰ ਅੰਦਰੋਂ ਹਿਲਾ ਕੇ ਰੱਖ ਦਿੰਦਾ ਹੈ। ਕਾਮਾਗਾਟਾ ਮਾਰੂ ਜਹਾਜ਼ ਨੂੰ ਗੈਰ-ਜਮਹੂਰੀ ਅਤੇ ਧੱਕੜ ਕਾਰਵਾਈ ਕਰਦਿਆਂ ਵੈਨਕੂਵਰ ਦੇ ਪਾਣੀਆਂ 'ਚੋਂ ਵਾਪਿਸ ਮੋੜਿਆ ਗਿਆ ਸੀ। ਅੱਜ ਵੀ ਦੁਨੀਆਂ ਭਰ ਵਿਚ ਕਈ ਜਹਾਜ਼ ਕਾਮਾਗਾਟਾ ਮਾਰੂ ਦੀ ਹੋਣੀ ਭੁਗਤ ਰਹੇ ਹਨ।

## ਪ੍ਰੋਗਰੈਸਿਵ ਆਰਟਸ ਐਸੋਸੀਏਸ਼ਨ ਆਫ ਅਲਬਰਟਾ ਵਲੋਂ ਕਾਮਾਗਾਟਾ ਮਾਰੂ ਮੁਸਾਫਰਾਂ ਦੀ ਤ੍ਰਾਸਦੀ ਨੂੰ ਬਿਆਨ ਕਰਦਾ ਨਾਟਕ

# "ਕਾਮਾਗਾਟਾ ਮਾਰੂ ਸਫਰ ਜਾਰੀ ਹੈ"

ਲੇਖਕ ਤੇ ਨਿਰਦੇਸ਼ਕ- ਦਵਿੰਦਰ ਦਮਨ

## 6 ਦਸੰਬਰ 2014, ਸਨਿਚਰਵਾਰ *(ਸਵੇਰੇ 11 ਤੋਂ ਸ਼ਾਮ 6 ਵਜੇ ਤੱਕ)*

**ਸਥਾਨ: Cosumnes Oaks High School Performing Art Center**
**8350 Lotz Parkway, Elk Grove, CA**

**ਸਮਾਗਮ ਦੇ ਬੁਲਾਰੇ**
ਡਾ. ਗੁਰਮੇਲ ਸਿੰਘ ਕੈਲੀਫੋਰਨੀਆ ਯੂਨੀਵਰਸਿਟੀ (ਫਰਿਜ਼ਨੋ) ਚਰਨ ਸਿੰਘ ਜੱਜ ਸੈਕਰਾਮੈਂਟੋ, ਕੁਲਵੰਤ ਸਿੰਘ ਢੇਸੀ।

ਗਾਇਕ ਕਲਾਕਾਰ: ਪੰਮੀ ਮਾਨ, ਅਨੂਪ ਚੀਮਾ, ਤਰਲੋਕ ਸਿੰਘ, ਅਮਰਜੀਤ ਸਿੰਘ ਦੁਲਈ, ਸੰਨੀ ਬੱਬਰ; ਸੰਗੀਤ: ਬੱਗਾ ਮਿਊਜ਼ੀਕਲ ਗਰੁਪ, ਸਟੇਜ: ਆਸ਼ਾ ਸ਼ਰਮਾ; ਰਛਪਾਲ ਸਿੰਘ ਫਰਵਾਲਾ ਭੰਗੜਾ ਗਰੁਪ

*ਲੰਗਰ, ਦਾਖਲਾ ਅਤੇ ਪਾਰਕਿੰਗ ਮੁਫਤ*

*ਫਰੂਟ ਦੀ ਸੇਵਾ: ਅਟਵਾਲ ਬ੍ਰਦਰਜ਼, ਮਰਸਡ*

ਸਪਾਂਸਰ: ਡਾ. ਸਤਨਾਮ ਸਿੰਘ ਉਪਲ-ਮਰਸਡ, ਸਰਬਜੀਤ ਸਿੰਘ ਅਟਵਾਲ, ਰਣਬੀਰ ਸਿੰਘ ਮਡੇਰਾ, ਰਵਿੰਦਰ ਸਿੰਘ ਜੌਹਲ, ਮੁਲਖ ਰਾਜ ਸ਼ਰਮਾ, ਸੰਨੀ ਸਮਰਾ-ਯੂਬਾ ਸਿਟੀ, ਲੀਜੈਂਟ ਟਰੱਕਿੰਗ, ਟਹਿਲ ਸਿੰਘ ਥਾਂਦੀ, ਟ੍ਰਾਈਆ ਟਰੱਕਿੰਗ, ਰਛਪਾਲ ਸਿੰਘ ਫਰਵਾਲਾ-ਪੀ ਸੀ ਐਸ, ਗੁਰਮੰਤ ਸਿੰਘ ਗਰੇਵਾਲ, ਮਹਿੰਦਰ ਸਿੰਘ ਬਾਸੀ, ਸੁਦਾਗਰ ਸਿੰਘ ਕੰਦੋਲਾ, ਕੰਦੋਲਾ ਬ੍ਰਦਰਜ਼-ਲਿਵਿੰਗਸਟਨ, ਗੁਰਨੇਕ ਸਿੰਘ ਬਾਗੜੀ-ਫਰਿਜ਼ਨੋ, ਹਰਮਨਦੀਪ ਸਿੰਘ ਸ਼ੇਰਗਿੱਲ-ਯੂਬਾ ਸਿਟੀ, ਗੋਲਡ ਸਟੇਟ ਟਰਾਂਸਪੋਰਟ, ਅਵਤਾਰ ਸਿੰਘ ਅਟਵਾਲ, ਪ੍ਰੋ. ਮੱਖਣ ਸਿੰਘ ਸੰਧੂ, ਨਰਿੰਦਰਪਾਲ ਸਿੰਘ ਹੁੰਦਲ, ਵਿਰਸਾ ਸੰਭਾਲ ਸੁਸਾਇਟੀ, ਪਰਮਜੀਤ ਸਿੰਘ ਜੌਹਲ।

## ਕਮੇਟੀ

ਪ੍ਰਧਾਨ: ਸੁਰਜੀਤ ਸਿੰਘ ਅਟਵਾਲ
ਮੀਤ ਪ੍ਰਧਾਨ: ਸਤਬੀਰ ਸਿੰਘ ਬਾਜਵਾ
ਮੀਤ ਪ੍ਰਧਾਨ: ਜਰਨੈਲ ਸਿੰਘ ਮੰਡੇਰ

ਚੇਅਰਮੈਨ: ਕੁਲਦੀਪ ਸਿੰਘ ਅਟਵਾਲ
ਮੀਤ ਚੇਅਰਮੈਨ: ਯਾਦਵਿੰਦਰ ਸਿੰਘ ਹੈਪੀ
ਸਕੱਤਰ: ਜਗਜੀਤ ਸਿੰਘ ਕੰਦੋਲਾ
ਸਹਾਇਕ ਸਕੱਤਰ: ਰਵਿੰਦਰ ਰਵੀ
ਖਜ਼ਾਨਚੀ: ਹਰਪਾਲ ਸਿੰਘ, ਸਤਿੰਦਰਪਾਲ ਸਿੰਘ ਸਰਹੱਦੀ

ਡਾਇਰੈਕਟਰ:
ਜਥੇਦਾਰ ਬਲਬੀਰ ਸਿੰਘ ਗਿੱਲ
ਜਨਕ ਰਾਜ ਸਿਧਰਾ
ਬਲਦੇਵ ਸਿੰਘ ਬੋਲੀਨਾ
*(ਲੈਂਡ ਸਕੇਪਿੰਗ ਕੰਕਰੀਟ ਸਰਵਿਸ)*